**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 42, October 16, 2010 20451 N Plum Grove Rd. Palatine, IL 60074 Ph:847-359-0746, Fax:847-705-9388

## ਮਨਪ੍ਰੀਤ ਸਿੰਘ ਬਾਦਲ ਅਕਾਲੀ ਦਲ 'ਚੋਂ ਮੁਅੱਤਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਖਾਨਾਜੰਗੀ ਨੇ ਬੀਤੀ 12 ਅਕਤੂਬਰ ਨੂੰ ਉਸ ਵੇਲੇ ਨਵਾਂ ਮੋੜ ਲੈ ਲਿਆ ਜਦੋਂ ਅਨੁਸ਼ਾਸਨੀ ਕਮੇਟੀ ਦੀ ਸਿਫਾਰਸ਼ 'ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਪਾਰਟੀ ਵਿਰੋਧੀ ਸਰਗਰਮੀਆਂ ਦੇ ਦੋਸ਼ ਹੇਠ ਅਕਾਲੀ ਦਲ ਵਿਚੋਂ ਮੁਅੱਤਲ ਕਰ ਦਿੱਤਾ। ਉਨ੍ਹਾਂ ਨੂੰ ਹਫਤੇ ਦਾ ਨੋਟਿਸ ਦੇ ਕੇ 20 ਅਕਤੂਬਰ ਨੂੰ ਕਮੇਟੀ ਅੱਗੇ ਪੇਸ਼ ਹੋ ਕੇ ਆਪਣਾ ਪੱਖ ਸਪਸ਼ਟ ਕਰਨ ਦੀ ਹਦਾਇਤ ਕੀਤੀ ਗਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਕਈ ਹੋਰ ਆਗੂਆਂ ਵੱਲੋਂ ਇਸ ਮਾਮਲੇ ਨੂੰ ਨਿਬੇੜਨ ਦੇ ਯਤਨ ਉਸ ਵੇਲੇ ਹੀ ਖਤਮ ਹੋ ਗਏ ਸਨ ਜਦੋਂ ਵਿੱਤ ਮੰਤਰੀ ਨੇ ਅਨੁਸ਼ਾਸਨੀ ਕਮੇਟੀ ਦੀ ਮੀਟਿੰਗ ਬੁਲਾਉਣ





ਦੇ ਬਾਅਦ ਵੀ ਕਰਜ਼ਾ ਮੁਆਫੀ ਦੇ ਮੁੱਦੇ 'ਤੇ ਮੀਡੀਆ ਲਈ ਬਿਆਨ ਜਾਰੀ ਕਰ ਦਿੱਤਾ। ਸਮਝਿਆ ਜਾਂਦਾ ਹੈ ਕਿ ਮੁੱਖ ਮੰਤਰੀ ਦੇ ਛੋਟੇ ਭਰਾ ਗੁਰਦਾਸ ਸਿੰਘ ਬਾਦਲ ਨੇ ਵੀ ਆਖ ਦਿੱਤਾ ਹੈ ਕਿ (ਮਨਪ੍ਰੀਤ) ਉਨ੍ਹਾਂ ਦੀ ਗੱਲ ਨਹੀਂ ਮੰਨ ਰਿਹਾ। ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਨੇ ਇਸ ਮੁੱਦੇ 'ਤੇ ਪਹਿਲੀ ਮੀਟਿੰਗ ਬੀਤੇ ਦਿਨ ਕੀਤੀ ਸੀ ਪਰ ਫੈਸਲਾ ਕੋਈ ਨਹੀਂ ਲਿਆ ਸੀ। ਅਗਲੀ ਮੀਟਿੰਗ ਵੀ ਦੋ ਦਿਨ ਠਹਿਰ ਕੇ ਹੋਣੀ ਸੀ, ਪਰ ਸੀਨੀਅਰ ਅਕਾਲੀ ਨੇਤਾ ਸੁਖਦੇਵ ਸਿੰਘ ਢੀਂਡਸਾ ਦੇ ਰਾਸ਼ਟਰਮੰਡਲ ਖੇਡਾਂ 'ਤੇ ਜਾਣ ਦੇ ਪ੍ਰੋਗਰਾਮ ਅਤੇ ਦੂਜੀਆਂ ਘਟਨਾਵਾਂ ਨੇ ਕਮੇਟੀ ਦੀ ਮੀਟਿੰਗ ਪਹਿਲਾਂ ਹੀ ਕਰਵਾ ਦਿੱਤੀ।

ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਰਣਜੀਤ ਸਿੰਘ ਬ੍ਰਹਮਪੁਰਾ ਦੀ ਅਗਵਾਈ ਹੇਠ ਇਹ ਮੀਟਿੰਗ ਲੋਕ ਨਿਰਮਾਣ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੀ ਸੈਕਟਰ-2 ਵਿਚਲੀ

(ਬਾਕੀ ਸਫਾ 11 'ਤੇ)

## ਹਾਕੀ:ਭਾਰਤ ਫਾਈਨਲ 'ਚ

**ਨਵੀਂ ਦਿੱਲੀ:** ਸਥਾਨਕ ਮੇਜਰ ਧਿਆਨ ਚੰਦ ਨੈਸ਼ਨਲ ਸਟੇਡੀਅਮ ਵਿਖੇ ਭਾਰਤੀ ਪੁਰਸ਼ ਹਾਕੀ ਟੀਮ ਨੇ ਬੀਤੀ 12 ਅਕਤੂਬਰ ਨੂੰ ਇਤਿਹਾਸ ਸਿਰਜ ਦਿੱਤਾ। ਇੱਥੇ ਖੇਡੇ ਗਏ ਦੂਜੇ ਸੈਮੀਫਾਈਨਲ ਮੁਕਾਬਲੇ ਵਿਚ ਭਾਰਤੀ ਟੀਮ ਨੇ ਇੰਗਲੈਂਡ ਨੂੰ ਇਕ ਬੇਹੱਦ ਰੋਮਾਂਚਕ ਮੁਕਾਬਲੇ ਵਿਚ ਪੈਨੇਲਟੀ ਸ਼ੂਟ ਆਊਟ ਵਿਚ 5-4 ਨਾਲ ਮਾਤ ਦੇ ਦਿੱਤੀ। ਇਸ ਤਰ੍ਹਾਂ ਰਾਸ਼ਟਰਮੰਡਲ ਖੇਡਾਂ ਦੇ ਇਤਿਹਾਸ 'ਚ ਭਾਰਤੀ ਟੀਮ ਪਹਿਲੀ ਵਾਰ ਫਾਈਨਲ 'ਚ ਪਹੁੰਚ ਗਈ। ਭਾਰਤ ਵਲੋਂ ਪੂਰਾ ਸਮਾਂ ਸ਼ਾਨਦਾਰ ਖੇਡ ਦਾ ਮੁਜ਼ਾਹਰਾ ਕੀਤਾ ਗਿਆ ਅਤੇ ਕਾਫੀ ਸਮੇਂ ਬਾਅਦ ਦਰਸ਼ਕਾਂ ਨੂੰ ਭਾਰਤ ਦੀ ਇਸ ਤਰ੍ਹਾਂ ਦੀ ਖੇਡ, ਖਾਸਕਰ ਕਿਸੇ ਯੂਰਪੀ ਟੀਮ ਖਿਲਾਫ ਦੇਖਣ ਨੂੰ ਮਿਲੀ।

(ਬਾਕੀ ਸਫਾ 5 'ਤੇ)

## ਭਾਰਤ ਨੇ ਸਾਰੇ ਧੋਣੇ ਧੋਤੇ, ਦੇਸ਼ ਦੀ ਝੋਲੀ ਤਮਗਿਆਂ ਨਾਲ ਭਰੀ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਰਾਸ਼ਟਰਮੰਡਲ ਖੇਡਾਂ ਵਿਚ ਇਸ ਵਾਰ ਭਾਰਤ ਦੇ ਖਿਡਾਰੀਆਂ ਨੇ ਕਮਾਲ ਦਾ ਪ੍ਰਦਰਸ਼ਨ ਕਰਕੇ ਤਮਗਿਆਂ ਦੀ ਝੜੀ ਲਾ ਦਿੱਤੀ ਹੈ ਅਤੇ ਕਿਹਾ ਜਾ ਲੱਗਾ ਹੈ ਕਿ ਭਾਰਤ ਇਕ ਵਾਰ ਫਿਰ ਸੋਨੇ ਦੀ ਚਿੜੀ ਬਣ ਰਿਹਾ ਹੈ। ਆਖ਼ਰੀ ਦਿਨ ਤੋਂ ਪਹਿਲਾਂ ਭਾਰਤ 89 ਤਮਗੇ ਜਿੱਤ ਕੇ ਦੂਜੇ ਸਥਾਨ 'ਤੇ ਬਰਕਰਾਰ ਰਿਹਾ ਜਦੋਂਕਿ 153 ਤਮਗੇ ਜਿੱਤ ਕੇ ਆਸਟਰੇਲੀਆ ਪਹਿਲੇ ਸਥਾਨ 'ਤੇ ਕਾਬਜ਼ ਹੈ। ਭਾਰਤ ਨੇ 12



ਅਕਤੂਬਰ ਤੱਕ 32 ਸੋਨੇ, 25 ਚਾਂਦੀ ਤੇ 32 ਕਾਂਸੀ ਦੇ ਤਮਗਿਆਂ 'ਤੇ ਕਬਜ਼ਾ ਕਰ ਲਿਆ ਜਦੋਂਕਿ ਆਸਟਰੇਲੀਆ ਨੇ 60 ਸੋਨੇ, 45 ਚਾਂਦੀ ਤੇ 40 ਕਾਂਸ਼ੀ ਦੇ ਤਮਗੇ ਜਿੱਤ ਲਏ। ਇਸ ਤੋਂ ਇਲਾਵਾ ਇੰਗਲੈਂਡ 121 ਤਮਗੇ ਜਿੱਤ ਕੇ ਤੀਜੇ ਸਥਾਨ 'ਤੇ ਹੈ।

ਇਨ੍ਹਾਂ ਖੇਡਾਂ 'ਚ ਪੰਜਾਬ ਤੇ ਹਰਿਆਣਾ ਦੇ ਖਿਡਾਰੀਆਂ ਦੀ ਚੜ੍ਹਤ ਰਹੀ ਤੇ 12 ਅਕਤੂਬਰ ਤਾਂ ਖਾਸਕਰ ਪੰਜਾਬੀਆਂ ਦੇ ਨਾਂ ਹੀ ਰਿਹਾ ਜਦੋਂ ਅਥਲੈਟਿਕਸ 'ਚ

(ਬਾਕੀ ਸਫਾ 2 'ਤੇ)



ਹਾਕੀ ਦੇ ਸੈਮੀਫਾਈਨਲ ਮੈਚ ਵਿਚ ਭਾਰਤ ਦਾ ਇਕ ਫਾਰਵਰਡ ਸਵਰਨਜੀਤ ਪਾਕਿਸਤਾਨ ਨੂੰ ਗੋਲ ਦਾਗਦਾ ਹੋਇਆ

ਇੰਡੀਆ ਕਾਲ ਕਰੋ
$100
125 ਘੰਟੇ
ਬਿਨਾ ਪਿਨ ਤੋਂ ਕੌਲ ਕਰੋ। ਵਧੀਆ ਸਾਫ ਆਵਾਜ਼
Great Rates for :-
UK, Canada & other Countries
ਰੇਟ ਲੋਕਲ ਨੰਬਰ 'ਤੇ ਆਧਾਰਤ ਹਨ
ਹੋਰ ਜਾਣਕਾਰੀ ਲਈ ਕਾਲ ਕਰੋ।
1-800-914-1013
WWW.1EZPIN.COM


Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਬੇਅੰਤ ਸਿੰਘ ਕਤਲ ਕੇਸ:ਜਗਤਾਰ ਸਿੰਘ ਹਵਾਰਾ ਦੀ ਫਾਂਸੀ ਉਮਰ ਕੈਦ 'ਚ ਤਬਦੀਲ, ਬਲਵੰਤ ਸਿੰਘ ਦੀ ਸਜ਼ਾ-ਏ-ਮੌਤ ਬਰਕਰਾਰ

## ਸ਼ਮਸ਼ੇਰ ਸਿੰਘ, ਲਖਵਿੰਦਰ ਸਿੰਘ ਤੇ ਗੁਰਮੀਤ ਸਿੰਘ ਦੀ ਉਮਰ ਕੈਦ ਵੀ ਬਰਕਰਾਰ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਮਾਮਲੇ ਵਿਚ ਬੀਤੀ 12 ਅਕਤੂਬਰ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕਤਲ ਕਾਂਡ ਦੇ ਮੁੱਖ ਦੋਸ਼ੀ ਜਗਤਾਰ ਸਿੰਘ ਹਵਾਰਾ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ ਵਿਚ ਬਦਲ



*ਬੇਅੰਤ ਸਿੰਘ*

ਦਿੱਤਾ ਤੇ ਉਹ ਜ਼ਿੰਦਗੀ ਦੇ ਆਖਰੀ ਸਾਹ ਤਕ ਜੇਲ੍ਹ 'ਚ ਰਹੇਗਾ। ਉਚ ਅਦਾਲਤ ਨੇ ਮਾਮਲੇ ਦੇ ਚਾਰ ਹੋਰ ਦੋਸ਼ੀਆਂ ਨੂੰ ਹੇਠਲੀ ਅਦਾਲਤ ਵਲੋਂ ਸੁਣਾਈ ਸਜ਼ਾ ਨੂੰ ਬਰਕਰਾਰ ਰੱਖਿਆ ਹੈ। ਅਦਾਲਤ ਨੇ ਦੋਸ਼ੀ ਬਲਵੰਤ ਸਿੰਘ ਦੀ ਸਜ਼ਾ-ਏ-ਮੌਤ ਨੂੰ ਬਰਕਰਾਰ ਰੱਖਿਆ ਤੇ ਸ਼ਮਸ਼ੇਰ ਸਿੰਘ, ਗੁਰਮੀਤ ਸਿੰਘ ਤੇ ਲਖਵਿੰਦਰ ਸਿੰਘ ਦੀ ਉਮਰ ਕੈਦ ਤੇ ਨਸੀਬ ਸਿੰਘ ਦੀ 10 ਸਾਲਾਂ ਦੀ ਕੈਦ ਦੀ ਸਜ਼ਾ ਨੂੰ ਵੀ ਬਰਕਰਾਰ ਰੱਖਿਆ। ਹਵਾਰਾ ਨੂੰ 2007 ਵਿਚ ਹੇਠਲੀ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਸੀ।

ਹਾਈ ਕੋਰਟ ਦੇ ਜਸਟਿਸ ਮਹਿਤਾਬ ਸਿੰਘ ਗਿੱਲ ਤੇ ਜਸਟਿਸ ਅਰਵਿੰਦ ਕੁਮਾਰ ਦੇ ਬੈਂਚ ਨੇ ਹਵਾਰਾ ਨੂੰ ਸੁਣਾਈ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦਾ ਫੈਸਲਾ ਦਿੱਤਾ। ਬੈਂਚ ਨੇ ਕਿਹਾ, "ਇਹ ਦੇਖਿਆ ਗਿਆ ਹੈ ਕਿ 30 ਤੇ 31 ਜੁਲਾਈ, 1995 ਨੂੰ ਹਵਾਰਾ ਚੰਡੀਗੜ੍ਹ ਦੇ ਨੇੜੇ-ਤੇੜੇ ਨਹੀਂ ਮਿਲਿਆ ਸੀ। ਬੈਂਚ ਉਸ ਨੂੰ ਹੇਠਲੀ ਅਦਾਲਤ ਵਲੋਂ ਸੁਣਾਈ ਸਜ਼ਾ-ਏ-ਮੌਤ ਨੂੰ ਉਮਰ ਕੈਦ ਵਿਚ ਬਦਲਦਾ ਹੈ ਤੇ ਉਸ ਨੂੰ ਉਦੋਂ ਤਕ ਕੈਦ ਦੀ ਸਜ਼ਾ ਦਿੱਤੀ ਜਾਂਦੀ ਹੈ, ਜਦੋਂ ਤਕ ਉਸ ਦੀ ਮੌਤ ਨਹੀਂ ਹੋ ਜਾਂਦੀ।" ਵਰਨਣਯੋਗ ਹੈ ਕਿ ਦੋਸ਼ੀਆਂ ਵਿਚੋਂ ਬਲਵੰਤ ਸਿੰਘ ਨੂੰ ਛੱਡ ਕੇ ਸਾਰਿਆਂ ਨੇ ਹੇਠਲੀ ਅਦਾਲਤ ਵਲੋਂ ਦਿੱਤੀ ਗਈ ਸਜ਼ਾ ਖਿਲਾਫ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ। ਇਨ੍ਹਾਂ ਸਾਰਿਆਂ ਮਾਮਲਿਆਂ ਦੀ ਸੁਣਵਾਈ ਇਸ ਸਾਲ ਸਤੰਬਰ ਵਿਚ ਮੁਕੰਮਲ ਹੋਈ ਸੀ। ਹਾਈ ਕੋਰਟ ਨੇ ਆਪਣੀ ਘੋਖ ਦੌਰਾਨ ਦੇਖਿਆ ਕਿ ਬਲਵੰਤ ਸਿੰਘ ਨੇ ਕਤਲ ਕਾਂਡ ਵਿਚ ਆਪਣੀ ਸ਼ਮੂਲੀਅਤ ਬਾਰੇ ਤਿੰਨ ਬਿਆਨ ਵੀ ਦਿੱਤੇ ਸਨ। ਅਦਾਲਤ ਨੇ ਸ਼ਮਸ਼ੇਰ ਸਿੰਘ, ਗੁਰਮੀਤ ਸਿੰਘ ਤੇ ਲਖਵਿੰਦਰ ਸਿੰਘ ਵੱਲੋਂ ਬੇਅੰਤ ਸਿੰਘ ਨੂੰ ਕਤਲ ਕਰਨ ਲਈ ਦਿੱਤੀ ਮਦਦ ਦੇ ਮੱਦੇਨਜ਼ਰ ਇਨ੍ਹਾਂ ਨੂੰ ਮਿਲੀ ਉਮਰ ਕੈਦ ਦੀ ਸਜ਼ਾ ਬਰਕਰਾਰ ਰੱਖੀ।

73 ਸਾਲਾ ਬੇਅੰਤ ਸਿੰਘ ਨੂੰ ਚੰਡੀਗੜ੍ਹ 'ਚ 31 ਅਗਸਤ, 1995 ਨੂੰ 10 ਮੰਜ਼ਿਲਾ ਸਿਵਲ ਸਕੱਤਰੇਤ ਦੇ ਗੇਟ 'ਤੇ ਦਿਲਾਵਰ ਸਿੰਘ ਨੇ ਆਤਮਘਾਤੀ ਹਮਲੇ ਵਿਚ ਮਾਰ ਦਿੱਤਾ ਸੀ। ਹਮਲੇ ਵਿਚ 16 ਹੋਰ ਵਿਅਕਤੀ ਮਾਰੇ ਗਏ ਸਨ।

180 ਸਫਿਆਂ ਦੇ ਫੈਸਲੇ ਵਿਚ ਜਸਟਿਸ ਗਿੱਲ ਨੇ ਕਿਹਾ, "ਹਵਾਰਾ ਨੇ ਮੁੱਖ ਮੰਤਰੀ ਨੂੰ ਮਾਰਨ ਦੀ ਸਾਜ਼ਿਸ਼ ਵਿਚ ਮੁੱਖ ਭੂਮਿਕਾ ਨਿਭਾਈ ਅਤੇ ਕਤਲ ਦੀ ਕਾਰਵਾਈ ਦੌਰਾਨ ਆਪਣੇ ਆਪ ਨੂੰ ਪਰ੍ਹੇ ਰੱਖਿਆ। ਅਦਾਲਤ ਸੀ.ਬੀ.ਆਈ. ਦੀ ਇਸ ਦਲੀਲ ਨਾਲ ਸਹਿਮਤ ਹੈ ਕਿ ਹਵਾਰਾ ਨੇ ਪਾਕਿਸਤਾਨ 'ਚ ਬੈਠੇ ਮਹਿਲ ਸਿੰਘ ਤੇ ਵਧਾਵਾ ਸਿੰਘ ਤੋਂ ਮਿਲੇ ਦਿਸ਼ਾ-ਨਿਰਦੇਸ਼ਾਂ ਤਹਿਤ ਸਾਜ਼ਿਸ਼ ਨੂੰ ਅੰਜਾਮ ਦਿੱਤਾ। ਬੱਬਰ ਖਾਲਸਾ ਇੰਟਰਨੈਸ਼ਨਲ ਦਾ ਸਰਗਰਮ ਕਾਰਕੁਨ ਹਵਾਰਾ ਇਸ ਘਿਨੌਣੀ ਕਾਰਵਾਈ ਦਾ ਮੁੱਖ ਕਰਤਾ-ਧਰਤਾ ਸੀ।" ਇਸ ਦੌਰਾਨ ਬਚਾਅ ਪੱਖ ਦੇ ਵਕੀਲ ਬਲਦੇਵ ਸਿੰਘ ਨੇ



*ਬਲਵੰਤ ਸਿੰਘ*

ਅਦਾਲਤ ਤੋਂ ਬਾਹਰ ਦੱਸਿਆ ਕਿ ਉਹ ਅਦਾਲਤ ਦੇ ਫੈਸਲੇ ਦੀ ਘੋਖ ਕਰਨ ਮਗਰੋਂ ਅਗਲੀ ਕਾਰਵਾਈ ਬਾਰੇ ਫੈਸਲਾ ਕਰਨਗੇ।

27 ਜੁਲਾਈ, 2007 ਨੂੰ ਅਦਾਲਤ ਨੇ ਜਗਤਾਰ ਸਿੰਘ ਹਵਾਰਾ, ਬਲਵੰਤ ਸਿੰਘ, ਸ਼ਮਸ਼ੇਰ ਸਿੰਘ, ਲਖਵਿੰਦਰ ਸਿੰਘ ਤੇ ਗੁਰਮੀਤ ਸਿੰਘ ਨੂੰ ਧਾਰਾ 302 ਤੇ 120-ਬੀ ਤਹਿਤ ਤੇ ਨਸੀਬ ਸਿੰਘ ਨੂੰ ਧਮਾਕਾਖੇਜ਼ ਸਮੱਗਰੀ ਐਕਟ ਤਹਿਤ ਦੋਸ਼ੀ ਕਰਾਰ ਦਿੱਤਾ ਸੀ ਜਦਕਿ ਸੱਤਵੇਂ ਮੁਲਜ਼ਮ ਨਵਜੋਤ ਸਿੰਘ ਨੂੰ ਬਰੀ ਕਰ ਦਿੱਤਾ ਸੀ।

### ਬਲਵੰਤ ਨੇ ਦੋਸਤ ਨਾਲ ਕੀਤਾ ਵਾਅਦਾ ਨਿਭਾਇਆ

ਬਲਵੰਤ ਸਿੰਘ, ਜਿਸ ਦੀ ਸਜ਼ਾ-ਏ-ਮੌਤ ਨੂੰ ਬਰਕਰਾਰ ਰੱਖਿਆ ਗਿਆ ਹੈ, ਨੇ ਮਨੁੱਖੀ ਬੰਬ ਦਿਲਾਵਰ ਸਿੰਘ ਨਾਲ ਵਾਅਦਾ ਕੀਤਾ ਸੀ ਕਿ ਉਹ ਵੀ ਉਸ ਵਾਂਗ ਮੌਤ ਨੂੰ ਗਲੇ ਲਾਵੇਗਾ। ਬਲਵੰਤ ਸਿੰਘ ਦੇ ਇਕਬਾਲੇ-ਏ-ਜੁਰਮ ਬਾਰੇ ਦਿੱਤੇ ਤਿੰਨ ਬਿਆਨਾਂ ਤੇ ਉਸ ਦੇ ਹੱਕ ਵਿਚ ਕਿਸੇ ਹੋਰ ਸਬੂਤ ਦੇ ਨਾ ਭੁਗਤਣ ਕਾਰਨ ਹਾਈ ਕੋਰਟ



*ਜਗਤਾਰ ਸਿੰਘ ਹਵਾਰਾ*

ਨੇ ਉਸ ਨੂੰ ਹੇਠਲੀ ਅਦਾਲਤ ਵਲੋਂ ਸੁਣਾਈ ਸਜ਼ਾ-ਏ-ਮੌਤ ਉਪਰ ਬਗੈਰ ਦੇਰੀ ਤੋਂ ਮੋਹਰ ਲਾ ਦਿੱਤੀ। ਬਲਵੰਤ ਸਿੰਘ ਚਾਹੁੰਦਾ ਵੀ ਸੀ ਕਿ ਹਾਈ ਕੋਰਟ ਉਸ ਨੂੰ ਫਾਹੇ ਲਗਾਏ, ਕਿਉਂਕਿ ਦਿਲਾਵਰ ਸਿੰਘ ਨਾਲ ਉਸ ਨੇ ਵਾਅਦਾ ਕੀਤਾ ਸੀ ਕਿ ਉਹ ਆਪਣੇ-ਆਪ ਨੂੰ ਬਚਾਏਗਾ ਨਹੀਂ। ਇਸ ਵਾਅਦੇ ਤੋਂ ਇਲਾਵਾ ਇਕ ਹੋਰ ਗੱਲ ਦੋਵਾਂ ਵਿਚਾਲੇ ਹੋਈ ਸੀ। ਉਹ ਹੈ ਟਾਸ। ਜਦੋਂ ਤੱਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਮਾਰਨ ਦੀ ਸਾਜਿਸ਼ ਤਿਆਰ ਹੋ ਗਈ ਤੇ ਗੱਲ ਇੱਥੇ ਫਸ ਗਈ ਕਿ ਦੋਵਾਂ ਵਿਚ ਸਾਜ਼ਿਸ਼ ਨੂੰ ਅੰਜ਼ਾਮ ਕੌਣ ਦੇਵੇਗਾ ਤਾਂ ਇਸ ਦਾ ਫੈਸਲਾ ਇਕ ਸਿੱਕੇ ਨੂੰ ਉਛਾਲ (ਟਾਸ) ਕੇ ਕੀਤਾ ਗਿਆ। ਦਿਲਾਵਰ ਨੇ ਟਾਸ ਜਿੱਤਿਆ ਤੇ ਜਾਨ ਦੇਣ ਲਈ ਰਾਜ਼ੀ ਹੋ ਗਿਆ। ਇਸ ਮਗਰੋਂ ਦਿਲਾਵਰ ਨੇ ਉਸ ਨੂੰ ਕਿਹਾ ਕਿ ਵਾਰਦਾਤ ਮਗਰੋਂ ਉਹ (ਬਲਵੰਤ) ਇਸ ਕਾਂਡ ਵਿਚ ਆਪਣਾ ਹੱਥ ਹੋਣਾ ਮੰਨ ਲਵੇ। ਬਲਵੰਤ ਨੇ ਸੁਣਵਾਈ ਦੌਰਾਨ ਕਿਹਾ ਸੀ, "ਸੂਬੇ ਵਿਚਲੇ ਅਤਿਵਾਦ ਦਾ ਧਰਮ ਨਾਲ ਕੋਈ ਲੈਣ-ਦੇਣ ਨਹੀਂ ਸੀ, ਮੈਂ ਤਾਂ ਦੋਸਤੀ ਨਿਭਾਈ ਹੈ। ਤੁਹਾਨੂੰ ਕੀ ਪਤਾ ਦੋਸਤੀ ਕਿਵੇਂ ਨਿਭਾਈ ਜਾਂਦੀ ਹੈ।"

### ਪੁੱਤ ਲਈ ਭਲਾ ਕਿਹੜੀ ਮਾਂ ਦਾ ਦਿਲ ਨਹੀਂ ਤੜਫਦਾ...

ਉਧਰ ਖਮਾਣੋਂ ਨੇੜਲੇ ਪਿੰਡ ਹਵਾਰਾ ਦੇ ਖਾੜਕੂ ਜਗਤਾਰ ਸਿੰਘ ਹਵਾਰਾ ਦੀ ਹਾਈਕੋਰਟ ਵਲੋਂ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ 'ਚ ਬਦਲਣ ਤੋਂ ਬਾਅਦ ਉਸ ਦੀ ਬਿਰਧ ਮਾਤਾ ਨਰਿੰਦਰ ਕੌਰ ਸ਼ੁਕਰ ਮਨਾ ਰਹੀ ਹੈ। ਜਦੋਂ ਇਸ ਫ਼ੈਸਲੇ ਬਾਰੇ ਪੁੱਛਿਆ ਤਾਂ ਉਨ੍ਹਾਂ ਇਸ ਪ੍ਰਤੀ ਅਣਜਾਣਤਾ ਪ੍ਰਗਟਾਈ। ਇਸ ਫ਼ੈਸਲੇ ਨੂੰ ਸੁਣਨ ਤੋਂ ਬਾਅਦ ਵੀ ਉਹ ਅਡੋਲ ਤੇ ਸ਼ਾਂਤ ਚਿੱਤ ਸਨ। ਜਦੋਂ ਉਨ੍ਹਾਂ ਨੂੰ ਇਹ ਪੁੱਛਿਆ ਗਿਆ ਕਿ ਜਗਤਾਰ ਦੀ ਫਾਂਸੀ ਦੀ ਸਜ਼ਾ ਉਮਰ ਕੈਦ 'ਚ ਬਦਲਣ 'ਤੇ ਉਨ੍ਹਾਂ ਨੂੰ ਕਿੰਜ ਮਹਿਸੂਸ ਹੋ ਰਿਹਾ ਹੈ ਤਾਂ ਉਨ੍ਹਾਂ ਕਿਹਾ ਕਿ ਕਿਹੜੀ ਮਾਂ ਦਾ ਦਿਲ ਹੈ ਜਿਹੜਾ ਪੁੱਤਰ ਲਈ ਨਾ ਤੜਫਦਾ ਹੋਵੇ। ਉਨ੍ਹਾਂ ਦੱਸਿਆ ਕਿ ਜਗਤਾਰ ਵਾਲੀਬਾਲ ਦਾ ਚੰਗਾ ਖਿਡਾਰੀ ਸੀ ਤੇ ਪਤਾ ਹੀ ਨਹੀਂ ਲੱਗਿਆ ਕਿ ਉਹ ਪੜ੍ਹਦਿਆਂ-ਪੜ੍ਹਦਿਆਂ ਕਿਹੜੇ ਵੇਲੇ ਇਸ ਪਾਸੇ ਚਲਾ ਗਿਆ।

# ਸੰਤ ਫਤਿਹ ਸਿੰਘ ਦੀ ਬਰਸੀ ਅਤੇ ਐਨ ਆਰ ਆਈ ਸਭਾ ਦੀ ਮੀਟਿੰਗ ਲਈ ਤਿਆਰੀ ਮੁਕੰਮਲ

**ਬੇਕਰਜ਼ਫੀਲਡ (ਮਨਦੀਪ ਮਾਨ):** ਐਨ ਆਰ ਆਈ ਸਭਾ ਦੀ ਅਮਰੀਕਾ ਇਕਾਈ ਦੀ ਇਥੇ ਇਕ ਅਹਿਮ ਮੀਟਿੰਗ ਚੇਅਰਮੈਨ ਜੋਬਨਜੀਤ ਸਿੰਘ ਬੌਬੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਐਨ ਆਰ ਆਈ ਸਭਾ ਦੀ ਆਉਂਦੀ 17 ਅਕਤੂਬਰ ਨੂੰ ਸੈਕਰਾਮੈਂਟੋ ਵਿਚ ਹੋ ਰਹੀ ਮੀਟਿੰਗ ਅਤੇ ਸੈਕਰਾਮੈਂਟੋ ਵਿਚ ਹੀ ਮਨਾਈ ਜਾ ਰਹੀ ਸੰਤ ਫਤਿਹ ਸਿੰਘ ਦੀ ਬਰਸੀ ਦੇ ਸਮਾਗਮ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।



ਮੀਟਿੰਗ ਵਿਚ ਸ. ਜੋਬਨਜੀਤ ਸਿੰਘ ਨੇ ਦੱਸਿਆ ਕਿ ਜਲਦੀ ਹੀ ਕੈਲੀਫੋਰਨੀਆ ਐਨ ਆਰ ਆਈ ਸਭਾ ਦਾ ਗਠਨ ਪੰਜਾਬ ਦੇ ਐਨ ਆਰ ਆਈ ਮਾਮਲਿਆਂ ਬਾਰੇ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਐਨ ਆਰ ਆਈ ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਨਾਲ ਸਲਾਹ ਮਸ਼ਵਰੇ ਪਿਛੋਂ ਕੀਤਾ ਜਾਏਗਾ। ਮੀਟਿੰਗ ਵਿਚ ਪ੍ਰਧਾਨ ਜਸਪ੍ਰੀਤ ਸਿੰਘ, ਸਕੱਤਰ ਜਨਰਲ ਤੇਜਪਾਲ ਸਿੰਘ ਨਿਕਸਨ, ਮੁੱਖ ਬੁਲਾਰਾ ਨਰਿੰਦਰਪਾਲ ਸਿੰਘ ਹੁੰਦਲ, ਮੀਡੀਆ ਇੰਚਾਰਜ ਮਨਦੀਪ ਮਾਨ, ਮੇਜਰ ਸਿੰਘ ਚੌਹਾਨ, ਇਕਬਾਲ ਸਿੰਘ ਸਮਰਾ, ਨਾਜਰ ਸਿੰਘ ਕੂਨਰ ਅਤੇ ਭੁਪਿੰਦਰ ਸਿੰਘ ਜੌਹਲ ਹਾਜ਼ਰ ਸਨ।

ਇਥੇ ਜਾਰੀ ਇਕ ਬਿਆਨ ਵਿਚ ਅਟਾਰਨੀ ਜਸਪ੍ਰੀਤ ਸਿੰਘ ਅਤੇ ਜੋਬਨਜੀਤ ਸਿੰਘ ਨੇ ਦੱਸਿਆ ਕਿ ਸੰਤ ਫਤਿਹ ਸਿੰਘ (ਸਾਬਕਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ) ਦੀ ਬਰਸੀ ਅਤੇ ਇਸੇ ਦਿਨ ਹੀ ਸ਼ਾਮ ਨੂੰ ਹੋ ਰਹੀ ਐਨ ਆਰ ਆਈ ਸਭਾ ਦੀ ਮੀਟਿੰਗ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਵਰਕਰਾਂ ਵਿਚ ਭਾਰੀ ਉਤਸ਼ਾਹ ਹੈ। ਪਾਰਟੀ ਨੇ ਦੋਹਾਂ ਹੀ ਸਮਾਗਮਾਂ ਵਿਚ ਸਭਨਾਂ ਨੂੰ ਪਰਿਵਾਰਾਂ ਸਮੇਤ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਹੈ।

ਬਿਆਨ ਅਨੁਸਾਰ ਸੰਤ ਫਤਿਹ ਸਿੰਘ ਦੀ ਬਰਸੀ ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿਖੇ ਸਵੇਰੇ 10:30 ਵਜੇ ਤੋਂ ਬਾਅਦ ਦੁਪਹਿਰ 1:30 ਵਜੇ ਤੱਕ ਮਨਾਈ ਜਾਵੇਗੀ। ਲੰਗਰ ਦੀ ਸੇਵਾ ਬੰਬੇ ਬਾਰ ਐਂਡ ਗਰਿੱਲ ਰੈਸਟੋਰੈਂਟ ਸੈਕਰਾਮੈਂਟੋ ਵਾਲੇ ਭੰਡਾਲ ਬ੍ਰਦਰਜ਼-ਨਵਿੰਦਰਜੀਤ ਸਿੰਘ ਭੰਡਾਲ ਅਤੇ ਨੇਕਬੀਰ ਸਿੰਘ ਭੰਡਾਲ ਵਲੋਂ ਕੀਤੀ ਜਾਵੇਗੀ। 17 ਅਕਤੂਬਰ ਨੂੰ ਹੀ ਸ਼ਾਮ 3 ਵਜੇ ਤੋਂ 6 ਵਜੇ ਤੱਕ ਐਨ ਆਰ ਆਈ ਸਭਾ ਅਮਰੀਕਾ ਦੀ ਮੀਟਿੰਗ ਫੋਰ ਪੁਆਇੰਟਸ ਸ਼ੈਰੇਟਨ (4900 ਡੱਕਹੌਰਨ ਡਰਾਈਵ ਸੈਕਰਾਮੈਂਟੋ 95834) ਵਿਚ ਹੋਵੇਗੀ। ਇਸ ਮੌਕੇ ਮਾਸਟਰ ਮਹਿੰਦਰ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਮੀਟਿੰਗ ਵਿਚ ਪਰਵਾਸੀਆਂ ਨਾਲ ਸਬੰਧਤ ਮਸਲੇ ਵਿਚਾਰੇ ਜਾਣਗੇ ਜਿਨ੍ਹਾਂ ਵਿਚ ਭਾਰਤੀ ਸਫਾਰਤਖਾਨਿਆਂ ਵਿਚ ਅਮਰੀਕਨ ਸਿਟੀਜ਼ਨਾਂ ਨੂੰ ਭਾਰਤੀ ਵੀਜ਼ੇ ਦੀਆਂ ਮੁਸ਼ਕਲਾਂ, ਪੰਜਾਬ ਵਿਚ ਪਰਵਾਸੀਆਂ ਦੀ ਸੁਰੱਖਿਆ, ਪੰਜਾਬ ਵਿਚ ਹੋ ਰਹੇ ਪਰਵਾਸੀਆਂ ਦੇ ਕਤਲ ਆਦਿ ਮਸਲੇ ਵਿਚਾਰੇ ਜਾਣਗੇ।

## ਐਨ ਆਰ ਆਈ ਸਭਾ ਵਿਚ ਮਤਭੇਦਾਂ ਦਾ ਖੰਡਨ

**ਬੇਕਰਜ਼ਫੀਲਡ (ਮਨਦੀਪ ਮਾਨ):** ਐਨ ਆਰ ਆਈ ਸਭਾ ਅਮਰੀਕਾ ਦੇ ਚੇਅਰਮੈਨ ਸ. ਜੋਬਨਜੀਤ ਸਿੰਘ ਬੌਬੀ ਨੇ ਸਭਾ ਵਿਚ ਵਿਵਾਦ ਸਬੰਧੀ ਕੁਝ ਅਖਬਾਰਾਂ ਵਿਚ ਛਪੀਆਂ ਖਬਰਾਂ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਅਜਿਹੀਆਂ ਖਬਰਾਂ ਬੇਬੁਨਿਆਦ ਹਨ ਅਤੇ ਸਵਾਰਥੀ ਹਿੱਤਾਂ ਤੋਂ ਪ੍ਰੇਰਿਤ ਹਨ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਐਨ ਆਰ ਆਈ ਸਭਾ ਵਿਚ ਕਿਸੇ ਤਰ੍ਹਾਂ ਦਾ ਕੋਈ ਵਿਵਾਦ ਨਹੀਂ ਹੈ ਅਤੇ ਸਿਰਫ ਕੁਝ ਸ਼ਰਾਰਤੀ ਕਿਸਮ ਦੇ ਲੋਕ ਕਿਸੇ ਸ਼ਰਾਰਤੀ ਮੰਤਵ ਨਾਲ ਅਜਿਹੀਆਂ ਖਬਰਾਂ ਫੈਲਾਉਂਦੇ ਹਨ। ਇਨ੍ਹਾਂ ਵਿਚ ਕੁਝ ਉਹ ਲੋਕ ਵੀ ਹਨ ਜੋ ਇਸ ਤਰੀਕੇ ਨਾਲ ਸਾਡੇ ਉਤੇ ਦਬਾਅ ਪਾਉਣਾ ਚਾਹੁੰਦੇ ਹਨ।

# ਦੇਸ਼ ਦੀ ਝੋਲੀ ਤਮਗਿਆਂ ਨਾਲ ਭਰੀ

ਮਨਜੀਤ ਕੌਰ ਤੇ ਮਨਦੀਪ ਕੌਰ ਦੀ ਅਗਵਾਈ ਵਾਲੀ ਮਹਿਲਾ ਟੀਮ ਨੇ 4 ਗੁਣਾ 400 ਮੀਟਰ ਰਿਲੇਅ ਵਿਚ ਸੋਨ ਤਮਗਾ ਜਿੱਤ ਕੇ ਇਸ ਖੇਡ ਵਿਚ ਪਹਿਲੀ ਵਾਰ ਦੋ ਸੋਨ ਤਮਗੇ ਜਿੱਤਣ ਦਾ ਰਿਕਾਰਡ ਬਣਾਇਆ। ਇਸ ਤੋਂ ਇਲਾਵਾ ਨਿਸ਼ਾਨੇਬਾਜ਼ੀ ਵਿਚ ਪੰਜਾਬ ਦੀ ਹਿਨਾ ਸਿੱਧੂ ਤੇ ਅਨੂਰਾਜ ਸਿੰਘ ਦੀ ਜੋੜੀ ਨੇ ਸੋਨ ਤਮਗਾ ਜਿੱਤਿਆ। ਹਾਕੀ ਵਿਚ ਪੰਜਾਬੀ ਖਿਡਾਰੀਆਂ ਸਰਵਨਜੀਤ ਸਿੰਘ ਦੀ ਬਿਹਤਰੀਨ ਖੇਡ ਬਦੌਲਤ ਭਾਰਤ ਨੇ ਇੰਗਲੈਂਡ ਨੂੰ ਟਾਈਬ੍ਰੇਕਰ ਵਿਚ ਗਏ ਫਸਵੇਂ ਸੈਮੀਫਾਈਨਲ ਵਿਚ 8-7 (5-4) ਨਾਲ ਹਰਾ ਕੇ ਰਾਸ਼ਟਰਮੰਡਲ ਖੇਡਾਂ ਦੀ ਪੁਰਸ਼ ਹਾਕੀ ਵਿਚ ਪਹਿਲੀ ਵਾਰ ਸੋਨ ਤਮਗਾ ਜਿੱਤਣ ਲਈ ਰਾਹ ਪੱਧਰ ਕਰ ਲਿਆ।

ਭਾਰਤ ਨੇ ਪਹਿਲੀ ਵਾਰ 30 ਦੇ ਅੰਕੜੇ ਨੂੰ ਪਾਰ ਕੀਤਾ ਜਦੋਂਕਿ ਇਸ ਤੋਂ ਪਹਿਲਾਂ ਭਾਰਤ ਨੇ ਸਰਵੋਤਮ ਪ੍ਰਦਰਸ਼ਨ ਕਰਦਿਆਂ 2000 ਦੀਆਂ ਮਾਨਚੈਸਟਰ ਰਾਸ਼ਟਰਮੰਡਲ ਖੇਡਾਂ ਵਿਚ 30 ਸੋਨ ਤਮਗੇ ਜਿੱਤੇ ਸਨ। ਮਾਨਚੈਸਟਰ ਵਿਖੇ ਜਿੱਤੇ ਕੁੱਲ 69 ਤਮਗਿਆਂ ਦੇ ਅੰਕੜੇ ਨੂੰ ਤਾਂ ਭਾਰਤੀ ਖਿਡਾਰੀਆਂ ਨੇ ਪਹਿਲਾਂ ਹੀ ਪਾਰ ਕਰ ਲਿਆ ਹੈ। ਇਸ ਤੋਂ ਇਲਾਵਾ ਨਿਸ਼ਾਨੇਬਾਜ਼ੀ ਵਿਚ ਭਾਰਤ ਦੇ ਸਮਰੇਸ਼ ਜੰਗ ਤੇ ਚੰਦਰਸ਼ੇਖਰ ਕੁਮਾਰ ਚੌਧਰੀ ਦੀ ਜੋੜੀ ਨੇ ਪੇਅਰ 25 ਮੀਟਰ ਸਟੈਂਡਰਡ ਪਿਸਟਲ ਤੇ ਤੇਜਸਵਿਨੀ ਸਾਵੰਤ ਨੇ 50 ਮੀਟਰ ਪ੍ਰੋਨ ਵਿਚ ਚਾਂਦੀ ਦਾ ਤਮਗਾ ਜਿੱਤਿਆ।

ਡਿਸਕਸ ਥਰੋਅ 'ਚ ਵੀ ਭਾਰਤੀ ਕੁੜੀਆਂ ਨੇ ਕਮਾਲ ਕਰਦਿਆਂ ਤਿੰਨਾਂ ਤਗਮਿਆਂ 'ਤੇ ਹੂੰਝਾ ਫੇਰ ਕੇ ਇਤਿਹਾਸ ਰਚਿਆ। ਕ੍ਰਿਸ਼ਨਾ ਪੂਨੀਆ, ਹਰਬੰਤ ਕੌਰ ਤੇ ਸੀਮਾ ਅੰਤਿਲ ਨੇ ਭਾਰਤ ਨੂੰ ਡਿਸਕਸ ਥਰੋ 'ਚ ਕ੍ਰਮਵਾਰ ਸੋਨੇ, ਚਾਂਦੀ ਤੇ ਕਾਂਸੀ ਦਾ ਤਮਗਾ ਦਿਵਾਇਆ। ਤੀਰਅੰਦਾਜ਼ ਦੀਪਿਕਾ ਕੁਮਾਰੀ ਤੇ ਰਾਹੁਲ ਬੈਨਰਜੀ ਨੇ ਤੀਰ ਪੂਰੇ ਨਿਸ਼ਾਨੇ

*(ਬਾਕੀ ਸਫਾ 6 'ਤੇ)*



*ਭਾਰਤ ਦਾ ਹਰਪ੍ਰੀਤ ਸਿੰਘ ਜਿਸ ਨੇ ਮਰਦਾਂ ਦੇ 25 ਮੀਟਰ ਸੈਂਟਰ ਫਾਇਰ ਪਿਸਟਲ ਮੁਕਾਬਲੇ ਵਿਚ ਸੋਨੇ ਦਾ ਤਮਗਾ ਜਿਤਿਆ ਅਤੇ ਵਿਜੇ ਕੁਮਾਰ ਜਿਸ ਨੇ ਇਸੇ ਵਰਗ ਵਿਚ ਚਾਂਦੀ ਦਾ ਤਮਗਾ ਜਿਤਿਆ*

# BAKERSFIELD SIKH TEMPLE

2400 South P Street Bakersfield CA 93304
661.397.8651

## ਗੁਰਦੁਆਰਾ ਸਾਹਿਬ ਬੇਕਰਸਫੀਲਡ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿੱਖ ਪੰਥ ਦੇ ਬਾਨੀ
ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਵਨ ਪ੍ਰਕਾਸ਼ ਦਿਵਸ ਨੂੰ
ਮੁੱਖ ਰਖਦੇ ਹੋਏ ਸਮੂਹ ਸੰਗਤਾਂ ਦੇ ਸਹਿਯੋਗ ਨਾਲ
24 ਅਕਤੂਬਰ ਦਿਨ ਐਤਵਾਰ ਨੂੰ ਬੇਕਰਸਫੀਲਡ ਵਿਖੇ

## ਮਹਾਨ ਨਗਰ ਕੀਰਤਨ

ਨਾਲ ਬੜੀ ਧੂਮ ਧਾਮ ਨਾਲ

### ਪ੍ਰੋਗਰਾਮ


ਸੋਮਵਾਰ 18 ਅਕਤੂਬਰ ਤੋਂ ਸ਼ਨੀਵਾਰ 23 ਅਕਤੂਬਰ ਤੱਕ ਸ਼ਾਮ ਨੂੰ ਰੋਜ਼ਾਨਾ ਦੀਵਾਨ ਸਜਣਗੇ ਅਤੇ 24 ਅਕਤੂਬਰ ਦਿਨ ਐਤਵਾਰ ਸਵੇਰ ਦੇ ਦੀਵਾਨ ਵਿੱਚ ਆਸਾ ਜੀ ਦੀ ਵਾਰ ਦਾ ਕੀਰਤਨ, ਕੀਰਤਨੀ ਜੱਥੇ, ਕਥਾਕਾਰ, ਢਾਡੀ, ਪੰਥਕ ਬੁਲਾਰੇ ਆਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਦੀਵਾਨ ਦੀ ਸਮਾਪਤੀ ਉਪਰੰਤ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ।



| | | | | |
|---|---|---|---|---|
| ਫਲੋਟ ਲਗਵਾਉਣ ਦੀ ਸੇਵਾ | ਸਿਕੰਦਰ ਸਿੰਘ ਜੱਸੜ 661.213.6739 | ਸਿਕੰਦਰ ਸਿੰਘ ਗਰੇਵਾਲ 661.549.8928 | | |
| ਫਲੋਟ ਸਜਾਉਣ ਦੀ ਸੇਵਾ | ਜੋਬਨਜੀਤ ਸਿੰਘ (ਬੌਬੀ) 661.808.7181 | ਹਰਜੀਤ ਸਿੰਘ (ਚੜ੍ਹਦੀਕਲਾ ਨਿਊਜ਼) 661.201.5894 | ਹੰਸ ਸਿੰਘ ਚੀਮਾ 661.302.6301 | ਗੁਰਮੀਤ ਸਿੰਘ ਸਿੱਧੂ 661.343.7749 |
| ਸਟਾਲ ਲਾਉਣ ਦੀ ਸੇਵਾ | ਬਲਵੀਰ ਸਿੰਘ ਸਿੱਧੂ 661.301.8319 | ਸੁਖਵਿੰਦਰ ਸਿੰਘ ਜੱਸੜ 661.301.8319 | | |
| ਗੁਰੂ ਕੇ ਲੰਗਰ ਦੀ ਸੇਵਾ | ਦਲਜੀਤ ਸਿੰਘ ਸੰਧੂ 661.703.1842 | ਹਰਦਿਆਲ ਸਿੰਘ ਮੱਲ੍ਹੀ 661.979.8516 | ਸੁਲੱਖਣ ਸਿੰਘ ਰਾਏ 661.706.9370 | ਤਜਿੰਦਰ ਸਿੰਘ ਗਿੱਲ 661.201.9028 |
| ਦਾਨੀ ਸੱਜਣ ਸੰਪਰਕ ਕਰਨ | ਦਲਜੀਤ ਸਿੰਘ ਢੰਡ 661.835.7914 | ਮੱਸਾ ਸਿੰਘ ਬਾਜਵਾ 661.837.9981 | | |
| ਨਗਰ ਕੀਰਤਨ ਬਾਰੇ ਕਿਸੇ ਕਿਸਮ ਦੀ ਜਾਣਕਾਰੀ ਲਈ ਕਾਲ ਕਰੋ | ਰਜਿੰਦਰ ਸਿੰਘ ਢਿੱਲੋਂ 661.321.6997 | | | |
| ਗੱਤਕਾ ਪਾਰਟੀ | ਜਗਜੀਤ ਸਿੰਘ 661.808.3540 | ਜਲ ਦੀ ਸੇਵਾ | ਮਨਜੋਤ ਸਿੰਘ ਰਾਏ 661.201.7923 | |
| ਮੀਡੀਆ : ਰੇਡੀਓ ਪੰਜਾਬੀ ਸੰਸਾਰ AM-1010, 661.633-1010 ਨਾਜਰ ਸਿੰਘ ਕੂਨਰ ਹਰਜੀਤ ਸਿੰਘ | ਤਲਵਿੰਦਰ ਸਿੰਘ ਢੁੱਡੀਕੇ - 661.201.5696 | | | |



ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਗੁਰਮੇਜ ਸਿੰਘ ਤੇ ਸਾਥੀ



ਢਾਡੀ ਜੱਥੇ
ਕੁਲਜੀਤ ਸਿੰਘ ਦਿਲਬਰ
ਸੁਖਵਿੰਦਰ ਸਿੰਘ ਗਰੇਵਾਲ

MEDIA SPONSOR : PUNJAB TIMES & CHARDIKALA

Quik Signs *661-703-8795 *661-900-7357
www.quiksigns.us
singh_tanjit@yahoo.com or manmit5020@yahoo.com

# ਬੇਕਰਜ਼ਫੀਲਡ ਨਗਰ ਕੀਰਤਨ ਦੀ ਤਿਆਰੀ ਜ਼ੋਰਾਂ 'ਤੇ

**ਬੇਕਰਜ਼ਫੀਲਡ (ਮਨਦੀਪ ਮਾਨ):** ਆਉਂਦੀ 24 ਅਕਤੂਬਰ ਐਤਵਾਰ ਨੂੰ ਇਥੇ ਸਜਾਏ ਜਾ ਰਹੇ ਮਹਾਨ ਨਗਰ ਕੀਰਤਨ ਲਈ ਤਿਆਰੀਆਂ ਜ਼ੋਰਾਂ ਉਪਰ ਹਨ। ਇਸ ਸਬੰਧੀ ਇਕ ਮੀਟਿੰਗ ਲੰਘੇ ਐਤਵਾਰ ਗੁਰਦੁਆਰਾ ਵਿਲਸਨ ਰੋਡ ਵਿਖੇ ਹੋਈ ਜਿਸ ਵਿਚ ਸੇਵਾਦਾਰਾਂ ਨੇ ਦੱਸਿਆ ਕਿ ਇਸ ਵਾਰ ਨਗਰ ਕੀਰਤਨ ਦਾ ਰੂਟ ਬਦਲਨਾ ਹੋਵੇਗਾ ਅਤੇ ਪਿਛਲੇ ਸਾਲ ਤੋਂ ਲੰਮੇਰਾ ਹੋਵੇਗਾ। ਇਸ ਵਾਰ ਨਗਰ ਕੀਰਤਨ ਵਿਲਸਨ ਗੁਰੂ ਘਰ ਤੋਂ ਸ਼ੁਰੂ ਹੋ ਕੇ ਸਾਊਥ ਐਚ ਸਟਰੀਟ ਤੋਂ ਖੱਬੇ ਮੁੜ ਕੇ ਅਤੇ ਫਿਰ ਪਲਾਂਜ ਰੋਡ ਖੱਬੇ ਮੁੜ ਕੇ ਤਕਰੀਬਨ ਦੋ ਘੰਟੇ ਦਾ ਸਫਰ ਤੈਅ ਕਰਨ ਪਿਛੋਂ ਗੁਰਦੁਆਰਾ ਸਾਹਿਬ ਆ ਕੇ ਸਮਾਪਤ ਹੋਵੇਗਾ।

ਨਗਰ ਕੀਰਤਨ ਦੇ ਪ੍ਰਬੰਧਕਾਂ ਨੇ ਸਟਾਲ ਲਾਉਣ ਵਾਲੇ ਸਮੂਹ ਸੱਜਣਾਂ ਨੂੰ ਬੇਨਤੀ ਕੀਤੀ ਹੈ ਕਿ ਕੋਈ ਵੀ ਸਟਾਲ ਐਚ ਸਟਰੀਟ ਉਪਰ ਨਾ ਲਾਇਆ ਜਾਵੇ ਕਿਉਂਕਿ ਇਸ ਸਟਰੀਟ ਉਤੇ ਟਰੈਫਿਕ ਬਹੁਤ ਜ਼ਿਆਦਾ ਹੁੰਦਾ ਹੈ। ਪੁਲਿਸ ਵਲੋਂ ਇਸ ਨੂੰ ਜ਼ਿਆਦਾ ਦੇਰ ਰੋਕਿਆ ਨਹੀਂ ਜਾ ਸਕਦਾ। ਸਟਾਲ ਪਲਾਂਜ ਰੋਡ ਜਾਂ ਫਿਰ ਸਾਊਥ ਚੈਸਟਰ ਐਵਨਿਊ ਉਤੇ ਲਗਾਏ ਜਾ ਸਕਦੇ ਹਨ। ਪ੍ਰਬੰਧਕਾਂ ਨੇ ਸੰਗਤਾਂ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਨਗਰ ਕੀਰਤਨ ਵਿਚ ਕੇਸਰੀ ਜਾਂ ਨੀਲੇ ਰੰਗ ਦੀਆਂ ਦਸਤਾਰਾਂ, ਚੁੰਨੀਆਂ ਅਤੇ ਰੁਮਾਲ ਸਜਾ ਕੇ ਸ਼ਾਮਲ ਹੋਣ। ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ ਤਾਂ ਜੋ ਸਿਟੀ ਵਲੋਂ ਕੋਈ ਸ਼ਿਕਾਇਤ ਨਾ ਆਵੇ।

ਗੁਰੂ ਘਰ ਦੇ ਸਕੱਤਰ ਭਾਈ ਮਨਜੀਤ ਸਿੰਘ ਨੇ ਦੱਸਿਆ ਕਿ 18 ਅਕਤੂਬਰ ਨੂੰ ਸ਼ਾਮ 5 ਵਜੇ ਤੋਂ 8 ਵਜੇ ਤੱਕ ਢਾਡੀ ਦਰਬਾਰ ਲਾਇਆ ਜਾਵੇਗਾ ਅਤੇ ਢਾਡੀ ਜਥੇ ਬੀਰਰਸੀ ਵਾਰਾਂ ਗਾ ਕੇ ਸੰਗਤਾਂ ਨੂੰ ਸਿੱਖ ਯੋਧਿਆਂ ਦੇ ਮਹਾਨ ਇਤਿਹਾਸ ਤੋਂ ਜਾਣੂ ਕਰਵਾਉਣਗੇ। ਹੋਰ ਜਾਣਕਾਰੀ ਲਈ ਮਨਜੀਤ ਸਿੰਘ ਨਾਲ ਫੋਨ 661-817-5988 ਜਾਂ ਬਲਵੀਰ ਸਿੰਘ ਸਿੱਧੂ ਨਾਲ ਫੋਨ 661-301-8319 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਹਰਭਜਨ ਮਾਨ ਦੇ ਸ਼ੋਅ ਮੁਲਤਵੀ

**ਸ਼ਿਕਾਗੋ:** ਲੋਕ ਗਾਇਕ ਹਰਭਜਨ ਮਾਨ ਦੇ ਅਮਰੀਕਾ ਦੇ ਵਖ ਵਖ ਸ਼ਹਿਰਾਂ ਵਿਚ ਇਸ ਹਫਤੇ ਤੋਂ ਹੋਣ ਵਾਲੇ ਸ਼ੋਅ ਮੁਲਤਵੀ ਕਰ ਦਿਤੇ ਗਏ ਹਨ। ਸ਼ੋ ਪ੍ਰੋਮੋਟਰ ਜਸਵਿੰਦਰ ਪੰਮਾ ਅਨੁਸਾਰ ਅਜਿਹਾ ਵੀਜ਼ੇ ਸਬੰਧੀ ਸਮੱਸਿਆਵਾਂ ਕਾਰਨ ਕਰਨਾ ਪਿਆ ਹੈ। ਹੁਣ ਨਿਊ ਯਾਰਕ ਅਤੇ ਸੇਂਟ ਜੋਜ਼ਫ, ਮਿਸ਼ੀਗਨ ਵਿਚ ਇਸ ਵੀਕਐਂਡ 'ਤੇ ਹੋਣ ਵਾਲੇ ਹਰਭਜਨ ਮਾਨ ਦੇ ਸ਼ੋਅ ਨਹੀਂ ਹੋਣਗੇ। ਸੇਂਟ ਜੋਜ਼ਫ (ਮਿਸ਼ੀਗਨ) ਵਿਚ ਹੁਣ ਹਰਭਜਨ ਮਾਨ ਦੇ ਸ਼ੋਅ ਦੀ ਥਾਂ ਗੀਤਾ ਜ਼ੈਲਦਾਰ, ਸੁਖੀ ਗਰੇਵਾਲ, ਇਸਮੀਤ ਨਰੂਲਾ ਅਤੇ ਹੋਰ ਕਲਾਕਾਰਾਂ ਦਾ ਸ਼ੋਅ ਹੋਵੇਗਾ।

ਬੇਅ-ਏਰੀਆ ਕੈਲੀਫੋਰਨੀਆ ਵਿਚ ਜੱਜ ਰੰਧਾਵਾ ਵਲੋਂ ਚਬੋਟ ਕਾਲਜ, ਹੇਵਰਡ ਵਿਚ 24 ਅਕਤੂਬਰ ਨੂੰ ਕਰਵਾਇਆ ਜਾਣ ਵਾਲਾ ਸ਼ੋਅ ਵੀ ਹਾਲ ਦੀ ਘੜੀ ਮੁਲਤਵੀ ਕਰ ਦਿਤਾ ਗਿਆ ਹੈ।

## ਸੀ.ਐਸ.ਐਸ.ਲੂਲਕ ਕੇਸਾਂ ਵਿਚ ਅਪੀਲਾਂ ਲਈ ਫਾਰਮ ਮਿਲਣੇ ਸ਼ੁਰੂ

**ਸੈਕਰਾਮੈਂਟੋ:** 1981 ਵਾਲੇ ਸੀ.ਐਸ. ਐਸ. ਅਤੇ ਲੂਲਕ ਕੇਸਾਂ ਵਾਲੇ ਵਿਅਕਤੀਆਂ ਨੂੰ ਹੁਣ ਇਮੀਗ੍ਰੇਸ਼ਨ ਵਿਭਾਗ ਵਲੋਂ ਅਪੀਲਾਂ ਕਰਨ ਲਈ ਚਿੱਠੀਆਂ ਅਤੇ ਫਾਰਮ ਮਿਲਣੇ ਸ਼ੁਰੂ ਹੋ ਗਏ ਹਨ। ਇਹ ਅਪੀਲਾਂ ਫਾਰਮ ਨੰਬਰ 1-694 ਅਨੁਸਾਰ ਕੀਤੀਆਂ ਜਾ ਸਕਦੀਆਂ ਹਨ। ਇਮੀਗ੍ਰੇਸ਼ਨ ਵਿਭਾਗ ਅਨੁਸਾਰ ਜਿਹੜੇ ਵਿਅਕਤੀ ਅਪੀਲਾਂ ਦੇ ਫਾਰਮ ਮਿਲਣ ਤੋਂ ਬਾਅਦ ਅਪੀਲਾਂ ਦਾਇਰ ਕਰਨਗੇ ਉਨ੍ਹਾਂ ਨੂੰ ਕੰਮ ਕਰਨ ਲਈ ਵਰਕ ਪਰਮਿਟ ਅਤੇ ਟਰੈਵਲ ਡਾਕੂਮੈਂਟ ਵੀ ਦਿੱਤੇ ਜਾ ਸਕਦੇ ਹਨ।

ਇਹ ਜਾਣਕਾਰੀ ਦਿੰਦਿਆਂ ਇਮੀਗਰੇਸ਼ਨ ਵਕੀਲ ਸ. ਜਸਪ੍ਰੀਤ ਸਿੰਘ ਨੇ ਦੱਸਿਆ ਕਿ ਅਮਰੀਕਨ ਸਰਕਾਰ ਵਲੋਂ ਫੈਮਲੀ ਵੀਜ਼ਾ ਕੈਟੇਗਰੀਆਂ ਵਿਚ ਬਹੁਤ ਤੇਜ਼ੀ ਲਿਆਂਦੀ ਗਈ ਹੈ। ਇਸ ਤੇਜ਼ੀ ਦੇ ਸਿੱਟੇ ਵਜੋਂ ਗਰੀਨ ਕਾਰਡ ਹੋਲਡਰ ਹੁਣ ਆਪਣੇ ਪਤੀ ਪਤਨੀਆਂ ਅਤੇ 21 ਸਾਲਾਂ ਤੋਂ ਘੱਟ ਉਮਰ ਵਾਲੇ ਬੱਚਿਆਂ ਨੂੰ ਅੱਠਾਂ ਮਹੀਨਿਆਂ ਦੇ ਅੰਦਰ ਅੰਦਰ ਅਮਰੀਕਾ ਲਿਆ ਸਕਦੇ ਹਨ। ਜਿਹੜੇ ਸਿਟੀਜ਼ਨਾਂ ਨੇ ਆਪਣੇ ਭਰਾਵਾਂ ਭੈਣਾਂ ਦਾ ਅਪਲਾਈ ਕੀਤਾ ਹੋਇਆ ਹੈ ਹੁਣ ਉਨ੍ਹਾਂ ਦੇ ਭਰਾ-ਭੈਣ 12 ਸਾਲਾਂ ਦੀ ਜਗ੍ਹਾ ਅੱਠ ਸਾਲਾਂ ਵਿਚ ਹੀ ਅਮਰੀਕਾ ਆ ਸਕਣਗੇ।

## ਜਗਰਾਵਾਂ ਹੋਟਲ ਸਨੇਹ ਮੋਹਨ 3 ਸਟਾਰ ਬਣਿਆ

**ਜਗਰਾਵਾਂ:** ਇਥੋਂ ਦੇ ਹੋਟਲ ਸਨੇਹ ਮੋਹਨ ਰੀਜੈਂਸੀ ਨੂੰ ਇਸ ਵਲੋਂ ਪੇਸ਼ ਕੀਤੀਆਂ ਜਾਂਦੀਆਂ ਸੇਵਾਵਾਂ ਲਈ ਭਾਰਤੀ ਸੈਰ-ਸਪਾਟਾ ਵਿਭਾਗ ਵਲੋਂ 3 ਸਟਾਰ ਦਰਜਾਬੰਦੀ ਦਿਤੀ ਗਈ ਹੈ। ਹੋਟਲ ਸਨੇਹ ਮੋਹਨ ਦੀ ਐਮ ਡੀ ਸ੍ਰੀਮਤੀ ਸਨੇਹ ਕਟਿਆਲ ਨੇ ਦੱਸਿਆ ਕਿ ਕੁਝ ਵਡੇ ਪੰਜ ਤਾਰਾ ਹੋਟਲਾਂ ਨੂੰ ਛਡ ਕੇ ਪੰਜਾਬ ਦੇ ਦਸ ਜਿਲ੍ਹਿਆਂ ਵਿਚ ਕੋਈ ਵੀ ਹੋਰ ਹੋਟਲ ਸਾਡੇ ਜਿਹੀਆਂ ਸਹੂਲਤਾਂ ਮੁਹੱਈਆ ਨਹੀਂ ਕਰਦਾ।

ਸ੍ਰੀਮਤੀ ਸਨੇਹ ਕਟਿਆਲ ਨੇ ਦੱਸਿਆ ਕਿ ਇਸ ਹੋਟਲ ਦੇ ਨਾਲ ਮੈਰਿਜ ਪੈਲੇਸ ਵੀ ਹੈ ਅਤੇ ਪ੍ਰਵਾਸੀ ਭਾਰਤੀਆਂ ਦੀਆਂ ਲੋੜਾਂ ਦਾ ਖਾਸ ਖਿਆਲ ਕੀਤਾ ਜਾਂਦਾ ਹੈ। ਮੈਰਿਜ ਪੈਲੇਸ ਪੂਰੀ ਤਰ੍ਹਾਂ ਏਅਰ ਕੰਡੀਸ਼ੰਡ ਹੈ ਅਤੇ ਇਸ ਵਿਚ 500 ਤੋਂ ਲੈ ਕੇ 2000 ਮਹਿਮਾਨਾਂ ਲਈ ਬੰਦੋਬਸਤ ਹੋ ਸਕਦਾ ਹੈ। ਇਸ ਵਿਚ ਤਿੰਨ ਤਾਰਾ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਇਸ ਇਲਾਕੇ ਵਿਚ ਹੋਟਲ ਅਤੇ ਮੈਰਿਜ ਪੈਲੇਸ ਦੀ ਇਕੱਠੀ ਇਹੋ ਇਕ ਸਹੂਲਤ ਮੌਜੂਦ ਹੈ। ਹੋਟਲ ਦੇ ਦੋ ਸਾਲ ਪੂਰੇ ਹੋਣ ਉਪਰੰਤ ਕਈ ਨਵੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ ਹੈ। ਪੰਜਾਬੀ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਹਰ ਸਨਿਚਰਵਾਰ ਸ਼ਾਮ 7 ਤੋਂ 10 ਵਜੇ ਤਕ ਗਜ਼ਲ ਅਤੇ ਪੰਜਾਬੀ ਗੀਤ ਸੰਗੀਤ ਦਾ ਵਿਸ਼ੇਸ਼ ਪ੍ਰੋਗਰਾਮ ਪੇਸ਼ ਕੀਤਾ ਜਾਂਦਾ ਹੈ।

# ਧਾਰਾ 295-ਏ ਵਿਚ ਕੀਤੀ ਸੋਧ ਦੀ ਵਰਤੋਂ ਸਿੱਖਾਂ ਵਿਰੁਧ ਹੋਵੇਗੀ:ਦਲਜੀਤ ਸਿੰਘ ਬਿੱਟੂ

**ਫ਼ਤਿਹਗੜ੍ਹ ਸਾਹਿਬ (ਗੁਰਪ੍ਰੀਤ ਮਹਿਕ):** "ਪੰਜਾਬ ਦੀ ਬਾਦਲ ਸਰਕਾਰ ਧਾਰਾ 295-ਏ ਵਿਚ ਸੋਧ ਰਾਹੀਂ ਸਿੱਖੀ ਦੇ ਪ੍ਰਚਾਰ 'ਤੇ ਰੋਕ ਲਗਾ ਕੇ ਸਿੱਖ ਵਿਰੋਧੀ ਸ਼ਕਤੀਆਂ ਤੇ ਡੇਰੇਦਾਰਾਂ ਨੂੰ ਹੱਲਾਸ਼ੇਰੀ ਦੇ ਰਹੀ ਹੈ।" ਇਹ ਦੋਸ਼ ਇੱਥੇ ਜਿਲ੍ਹਾ ਕਚਹਿਰੀ ਕੰਪਲੈਕਸ ਵਿਚ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਪ੍ਰਧਾਨ ਭਾਈ ਬਿੱਟੂ ਨੇ ਕਿਹਾ ਇਸ ਧਾਰਾ ਦੀ ਵਰਤੋਂ ਸਿੱਖ ਕੌਮ ਦੀਆਂ ਭਾਵਨਾਵਾਂ ਭੜਕਾਉਣ ਵਾਲੇ ਡੇਰੇਦਾਰਾਂ ਵਿਰੁਧ ਨਹੀਂ ਹੋਵੇਗੀ ਕਿਉਂਕਿ ਡੇਰੇਦਾਰਾਂ ਅਤੇ ਸੰਘਵਾਦੀਆਂ ਦੇ ਇਸ਼ਾਰੇ 'ਤੇ ਇਸ ਧਾਰਾ ਦੇ ਪਹਿਲੇ ਰੂਪ ਦੀ ਵਰਤੋਂ ਵੀ ਸਿੱਖਾਂ ਅਤੇ ਸਿੱਖ ਪਰਚਿਆਂ ਵਿਰੁਧ ਹੀ ਹੁੰਦੀ ਆਈ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਧਰਮ ਦੇ ਸੱਚੇ ਰੂਪ ਦਾ ਪ੍ਰਚਾਰ



*ਜਿਲ੍ਹਾ ਕਚਹਿਰੀ ਫ਼ਤਿਹਗੜ੍ਹ ਸਾਹਿਬ ਵਿਖੇ ਪੇਸ਼ੀ ਮੌਕੇ ਭਾਈ ਦਲਜੀਤ ਸਿੰਘ ਬਿੱਟੂ ਤੇ ਦਲ ਦੇ ਹੋਰ ਆਗੂ।*

ਦਲਜੀਤ ਸਿੰਘ ਬਿੱਟੂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਲਾਇਆ। ਸੌਦਾ ਸਾਧ ਵਿਰੁਧ ਪੰਥਕ ਸੰਘਰਸ਼ ਦੌਰਾਨ ਪਾਏ ਗਏ ਇੱਕ ਕੇਸ ਦੀ ਤਰੀਕ ਦੇ ਸਬੰਧ ਵਿਚ ਉਨ੍ਹਾਂ ਨੂੰ ਪੁਲਿਸ ਅੰਮ੍ਰਿਤਸਰ ਜੇਲ੍ਹ ਤੋਂ ਇੱਥੇ ਲੈ ਕੇ ਆਈ ਸੀ। ਅਦਾਲਤ ਨੇ ਉਨ੍ਹਾਂ ਦੀ ਅਗਲੀ ਪੇਸ਼ੀ 3 ਨਵੰਬਰ 'ਤੇ ਪਾ ਦਿੱਤੀ ਹੈ।

ਭਾਈ ਬਿੱਟੂ ਨੇ ਇਸ ਮੌਕੇ ਕਿਹਾ ਕਿ ਬਦਲੀ ਗਈ ਇਹ ਧਾਰਾ ਉਨ੍ਹਾਂ ਪੰਥਕ ਪਰਚਿਆਂ ਅਤੇ ਸਿੱਖ ਪ੍ਰਚਾਰਕਾਂ ਵਿਰੁਧ ਵਰਤੀ ਜਾਵੇਗੀ ਜਿਹੜੇ ਗੁਰਬਾਣੀ ਦੇ ਪ੍ਰਚਾਰ ਰਾਹੀਂ ਧਰਮ ਦੇ ਨਾਂ ਹੇਠ ਜਾਰੀ ਕੁਰਹਿਤਾਂ ਦਾ ਖੰਡਨ ਕਰਦੇ ਹਨ। ਭਾਈ ਕਰਨ ਵਾਲਿਆਂ ਲਈ ਬਾਦਲ ਸਰਕਾਰ ਪੰਜਾਬ ਨੂੰ 'ਪੁਲਿਸ ਰਾਜ' ਬਣਾ ਰਹੀ ਹੈ। ਜਿਸ ਮਨੁੱਖੀ ਆਜ਼ਾਦੀ ਲਈ ਪਹਿਲਾਂ ਵਾਲਾ ਅਕਾਲੀ ਦਲ ਮੋਰਚੇ ਲਗਾਉਂਦਾ 'ਤੇ ਕੁਰਬਾਨੀਆਂ ਦਿੰਦਾ ਰਿਹਾ ਹੈ, ਬਾਦਲ ਸਰਕਾਰ ਉਸ ਉਦੇਸ਼ ਦੇ ਬਿਲਕੁਲ ਉਲਟ ਦਿਸ਼ਾ ਵਿਚ ਚਲ ਕੇ ਵਿਚਾਰਾਂ ਦੇ ਪ੍ਰਗਟਾਵੇ ਤੇ ਧਰਮ ਪ੍ਰਚਾਰ ਦੇ ਮੁਢਲੇ ਅਧਿਕਾਰ ਵੀ ਸਿੱਖ ਕੌਮ ਕੋਲੋਂ ਖੋਹ ਰਹੀ ਹੈ।

ਇਸ ਮੌਕੇ ਪੰਚ ਪ੍ਰਧਾਨੀ ਦੇ ਕੌਮੀ ਵਿਸ਼ੇਸ਼ ਸਕੱਤਰ ਸੰਤੋਖ ਸਿੰਘ ਸਲਾਣਾ, ਜਿਲ੍ਹਾ ਯੂਥ ਆਗੂ ਸਰਪੰਚ ਗੁਰਮੁਖ ਸਿੰਘ ਡਡਹੇੜੀ, ਦਰਸ਼ਨ ਸਿੰਘ ਬੈਣੀ ਅਤੇ ਹੋਰ ਆਗੂ ਹਾਜ਼ਰ ਸਨ।


ਬੇ-ਏਰੀਆ ਕਾਲਜ ਆਫ ਨਰਸਿੰਗ

...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* 8 ਮਹੀਨੇ 'ਚ RN ਦਾ ਕੋਰਸ ਕਰੋ-ਦਾਖਲੇ ਅਗਲੇ ਸਾਲ ਦੇ ਸ਼ੁਰੂ ਵਿਚ

BAY AREA COLLEGE OF NURSING 2004



ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888

3 Locations in Bay Area:
- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ
ਸੈਨ ਹੋਜ਼ੇ ਲੋਕੇਸ਼ਨ ਤੇ ਕਮਲਪ੍ਰੀਤ ਟੁਟ ਨੂੰ ਫੋਨ ਕਰੋ ਜੀ।

www.bayareacollege.net

ਲੋੜ ਹੈ SIDHU TRUCK LINE INC.

ਕੈਸ਼ੀਅਰ ਅਤੇ ਡੀਜ਼ਲ ਮਕੈਨਿਕ

ਵੈਗਾ, ਟੈਕਸਸ ਵਿਚ ਟਰੱਕ ਸਟਾਪ ਲਈ ਕੈਸ਼ੀਅਰ ਅਤੇ ਡੀਜ਼ਲ ਮਕੈਨਿਕ ਦੀ ਲੋੜ ਹੈ।

ਪਹਿਲੀ ਤਰਜੀਹ ਕਿਸੇ ਫੈਮਿਲੀ ਨੂੰ ਹੋਵੇਗੀ। ਅਸੀਂ ਚੰਗੀ ਤਨਖਾਹ ਅਤੇ ਰਹਿਣ ਲਈ ਤਿੰਨ ਬੈਡਰੂਮ ਦਾ ਖੁੱਲ੍ਹਾ ਡੁੱਲ੍ਹਾ ਘਰ ਦਿਆਂਗੇ। ਘਰ ਕੰਮ ਤੋਂ ਸਿਰਫ ਡੇਢ-ਦੋ ਬਲਾਕ ਦੂਰ।

ਅੱਜ ਹੀ ਸੰਪਰਕ ਕਰੋ
ਕੁਲਵੰਤ ਸਿੱਧੂ
806-678-3832

Realtor & Mortgage Specialist
Bay Area & Central Valley

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Doing Short Sale is much better than Forclosure home.

RAJ SINGH
Cell:510-452-7370

MISSIONPEAK
46560 Fremont Blvd., Suite #111 Fremont, CA 94538
singhrajpaul@yahoo.com

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

# ਕਾਮਨਵੈਲਥ ਹਾਕੀ:ਭਾਰਤ ਫਾਈਨਲ 'ਚ

*(ਸਫਾ ਇਕ ਦੀ ਬਾਕੀ)*

ਭਾਰਤ ਵਲੋਂ ਪਹਿਲਾ ਗੋਲ ਪਹਿਲੇ ਅੱਧ ਦੇ 17ਵੇਂ ਮਿੰਟ ਦੌਰਾਨ ਸਰਵਨਜੀਤ ਸਿੰਘ ਨੇ ਪੈਨੇਲਟੀ ਕਾਰਨਰ ਰਾਹੀਂ ਦਾਗਿਆ। ਇਸ ਤੋਂ ਬਾਅਦ ਇੰਗਲੈਂਡ ਦੇ ਖਿਡਾਰੀਆਂ ਨੇ ਮੋੜਵਾਂ ਗੋਲ ਕਰਨ ਦੀ ਕਾਫ਼ੀ ਕੋਸ਼ਿਸ਼ ਕੀਤੀ, ਪਰ ਉਹ ਜ਼ਿਆਦਾ ਸਫਲ ਨਾ ਹੋ ਸਕੇ। ਫਿਰ ਐਨ ਪਹਿਲਾ ਅੱਧ ਖਤਮ ਹੋਣ ਦੇ ਆਖ਼ਰੀ ਪਲ 35ਵੇਂ ਮਿੰਟ ਵਿਚ ਇੰਗਲੈਂਡ ਦੀ ਟੀਮ ਨੇ ਗੋਲ ਦਾਗ਼ ਦਿੱਤਾ। ਇਸ ਤੋਂ ਬਾਅਦ ਦੂਜੇ ਅੱਧ ਦੌਰਾਨ ਦੋਵਾਂ ਟੀਮਾਂ ਨੇ 2-2 ਹੋਰ ਗੋਲ ਦਾਗ਼ ਕੇ ਸਮਾਂ ਪੂਰਾ ਹੋਣ ਤੱਕ 3-3 ਦੀ ਬਰਾਬਰੀ ਹਾਸਲ ਕੀਤੀ। ਇਸ ਪਿੱਛੋਂ ਦੋਵਾਂ ਟੀਮਾਂ ਨੂੰ 15 ਮਿੰਟਾਂ ਦਾ ਵਾਧੂ ਸਮਾਂ ਦਿੱਤਾ ਗਿਆ। ਇਸ ਵਿਚ ਵੀ ਜਦੋਂ ਜੇਤੂ ਦਾ ਫ਼ੈਸਲਾ ਨਾ ਹੋਇਆ ਤਾਂ ਗੱਲ ਪੈਨੇਲਟੀ ਸ਼ੂਟ ਆਊਟ 'ਤੇ ਆ ਗਈ। ਇਸ ਵਿਚ ਭਾਰਤ ਵਲੋਂ ਸਰਵਨਜੀਤ ਸਿੰਘ, ਵਿਕਰਮ ਪਿੱਲੇ, ਸੰਦੀਪ ਸਿੰਘ, ਅਰਜੁਨ ਹਲੱਪਾ ਅਤੇ ਸ਼ਿਵੇਂਦਰ ਸਿੰਘ ਨੇ ਗੋਲ ਦਾਗ਼ੇ। ਇੰਗਲੈਂਡ ਦੇ 4 ਖਿਡਾਰੀਆਂ ਨੇ ਤਾਂ ਗੋਲ ਕੀਤੇ, ਪਰ ਗਲੈਨ ਕਿਰਖਮ ਦੀ ਹਿੱਟ ਨੂੰ ਭਾਰਤ ਦੇ ਗੋਲਕੀਪਰ ਭਰਤ ਛੇਤਰੀ ਨੇ ਰੋਕ ਦਿੱਤਾ ਅਤੇ ਭਾਰਤ ਦੀ ਝੋਲੀ 'ਚ ਜਿੱਤ ਪਾ ਦਿੱਤੀ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਸਟੇਡੀਅਮ ਵਿਚ ਮੌਜੂਦ ਸਨ। ਉਨ੍ਹਾਂ ਭਾਰਤੀ ਟੀਮ ਨੂੰ ਇਸ ਜਿੱਤ 'ਤੇ ਤਹਿ ਦਿਲੋਂ ਵਧਾਈ ਵੀ ਦਿੱਤੀ।

# ਹਾਕੀ 'ਚ ਭਾਰਤ ਨੇ ਪਾਕਿਸਤਾਨ ਨੂੰ 7-4 ਨਾਲ ਹਰਾਇਆ

ਇਸ ਤੋਂ ਪਹਿਲਾਂ ਮੇਜਰ ਧਿਆਨ ਚੰਦ ਨੈਸ਼ਨਲ ਹਾਕੀ ਸਟੇਡੀਅਮ ਵਿਚ 20 ਹਜ਼ਾਰ ਦੇ ਕਰੀਬ ਦਰਸ਼ਕਾਂ ਦੀ ਹਾਜ਼ਰੀ ਵਿਚ ਭਾਰਤ ਨੂੰ ਉਸ ਵੇਲੇ ਰਾਸ਼ਟਰਮੰਡਲ ਖੇਡਾਂ ਵਿਚ ਸਭ ਤੋਂ ਵੱਡੀ ਸਫਲਤਾ ਮਿਲੀ ਜਦੋਂ 10 ਅਕਤੂਬਰ ਨੂੰ ਹਾਕੀ ਵਿਚ ਭਾਰਤ ਨੇ ਆਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ ਬੁਰੀ ਤਰ੍ਹਾਂ 7-4 ਨਾਲ ਹਰਾ ਕੇ ਸੈਮੀ ਫਾਈਨਲ ਵਿਚ ਦਾਖਲਾ ਪਾ ਲਿਆ। ਇਸ ਦੇ ਨਾਲ ਹੀ ਭਾਰਤ ਨੇ 28 ਸਾਲ ਪਹਿਲਾਂ 1982 ਵਿੱਚ ਨਵੀਂ ਦਿੱਲੀ ਦੇ ਇਸੇ ਨੈਸ਼ਨਲ ਸਟੇਡੀਅਮ ਵਿਖੇ ਹੋਈਆਂ ਨੌਵੀਆਂ ਏਸ਼ਿਆਈ ਖੇਡਾਂ ਦੇ ਫਾਈਨਲ ਵਿਚ ਪਾਕਿਸਤਾਨ ਹੱਥੋਂ ਹੋਈ 1-7 ਦੀ ਹਾਰ ਦਾ ਬਦਲਾ ਵੀ ਲਿਆ। ਇਸ ਤੋਂ ਇਲਾਵਾ ਇਸੇ ਸਾਲ ਨਵੀਂ ਦਿੱਲੀ ਵਿਖੇ ਹੋਏ ਵਿਸ਼ਵ ਕੱਪ ਅਤੇ ਫਿਰ ਸੁਲਤਾਨ ਅਜ਼ਲਾਨ ਸ਼ਾਹ ਹਾਕੀ ਕੱਪ ਵਿਚ ਪਾਕਿਸਤਾਨ 'ਤੇ ਭਾਰਤ ਦੀ ਜਿੱਤ ਤੋਂ ਬਾਅਦ ਭਾਰਤ ਨੇ ਇਸ ਸਾਲ ਜਿੱਤ ਦੀ ਹੈਟ੍ਰਿਕ ਲਗਾਈ। 23 ਅਗਸਤ 2003 ਨੂੰ ਹਾਲੈਂਡ ਵਿਚ ਚੈਂਪੀਅਨ ਟਰਾਫੀ ਵਿਚ ਪਾਕਿਸਤਾਨ ਨੂੰ ਭਾਰਤ ਨੇ ਇਸੇ ਸਕੋਰ 7-4 ਨਾਲ ਹਰਾਇਆ ਸੀ।

ਭਾਰਤ ਦੀ ਜਿੱਤ ਦੀ ਨੀਂਹ ਉਸ ਵੇਲੇ ਹੀ ਰੱਖੀ ਗਈ ਜਦੋਂ ਤੀਜੇ ਮਿੰਟ ਵਿਚ ਮਿਲੇ ਪਹਿਲੇ ਪੈਨਲਟੀ ਕਾਰਨਰ ਉਪਰ ਸੰਦੀਪ ਸਿੰਘ ਨੇ ਜਬਰਦਸਤ ਡਰੈਗ ਫਲਿੱਕ ਲਗਾ ਕੇ ਗੋਲ ਕਰ ਦਿੱਤਾ। ਸੰਦੀਪ ਸਿੰਘ ਨੇ 11ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਉਪਰ ਦੂਜਾ ਗੋਲ ਕਰ ਕੇ ਲੀਡ ਦੁੱਗਣੀ ਕਰ ਦਿੱਤੀ। ਇਸ ਤੋਂ ਬਾਅਦ ਸ਼ਿਵੇਂਦਰ ਸਿੰਘ ਨੇ 19ਵੇਂ ਅਤੇ ਸਰਵਨਜੀਤ ਸਿੰਘ ਨੇ 20ਵੇਂ ਮਿੰਟ ਵਿੱਚ ਗੋਲ ਕਰ ਕੇ ਭਾਰਤ ਨੂੰ 4-0 ਦੀ ਲੀਡ ਦਿਵਾ ਕੇ ਜਿੱਤ ਲੱਗਭੱਗ ਪੱਕੀ ਕਰ ਦਿੱਤੀ। ਭਾਰਤ ਨੇ ਪਹਿਲੇ 20 ਮਿੰਟਾਂ ਵਿਚ ਹੀ ਚਾਰ ਗੋਲ ਕਰ ਕੇ ਪਾਕਿਸਤਾਨ ਟੀਮ ਨੂੰ ਦਬਾਅ ਹੇਠ ਲੈ ਆਂਦਾ। ਭਾਰਤੀ ਟੀਮ ਪੂਰੇ ਮੈਚ ਵਿਚ ਹਾਵੀ ਰਹੀ।

ਇਸ ਤੋਂ ਬਾਅਦ ਪਾਕਿਸਤਾਨ ਵਲੋਂ 27ਵੇਂ ਮਿੰਟ ਵਿਚ ਪੈਨਲਟੀ ਸਟੋਰਕ ਉਪਰ ਮੁਹੰਮਦ ਇਮਰਾਨ ਅਤੇ 29ਵੇਂ ਮਿੰਟ ਵਿਚ ਰਮਜ਼ਾਨ ਮੁਹੰਮਦ ਨੇ ਗੋਲ ਕਰ ਕੇ ਲੀਡ 2-4 ਨਾਲ ਘਟਾ ਦਿੱਤੀ। ਦੂਜੇ ਅੱਧ ਵਿਚ ਦਾਨਿਸ਼ ਨੇ 41ਵੇਂ ਅਤੇ ਚੰਡੀਗੜ੍ਹ ਦੇ ਧਰਮਵੀਰ ਸਿੰਘ ਨੇ 45ਵੇਂ ਮਿੰਟ ਵਿਚ ਗੋਲ ਕਰ ਕੇ ਭਾਰਤ ਨੂੰ 6-2 ਨਾਲ ਅੱਗੇ ਕਰ ਦਿੱਤਾ। ਪਾਕਿਸਤਾਨ ਦੇ ਮੁਹੰਮਦ ਇਰਫਾਨ ਨੇ 58ਵੇਂ ਮਿੰਟ ਵਿਚ ਗੋਲ ਕਰ ਕੇ ਫਿਰ ਲੀਡ 3-6 ਕਰ ਦਿੱਤੀ। ਸ਼ਿਵੇਂਦਰ ਸਿੰਘ ਨੇ ਅਗਲੇ ਮਿੰਟ ਵਿਚ ਗੋਲ ਕਰ ਕੇ ਭਾਰਤ ਨੂੰ 7-3 ਨਾਲ ਅੱਗੇ ਕਰ ਦਿੱਤਾ। ਇਸ ਤਰ੍ਹਾਂ ਭਾਰਤ ਨੇ ਸੱਤ ਸਾਲਾਂ ਬਾਅਦ ਪਾਕਿਸਤਾਨ ਸਿਰ ਸੱਤ ਗੋਲ ਕੀਤੇ। ਮੈਚ ਸਮਾਪਤੀ ਤੋਂ ਦੋ ਮਿੰਟ ਪਹਿਲਾਂ ਵਿਚ ਪਾਕਿਸਤਾਨ ਦੇ ਸ਼ਕੀਲ ਅੱਬਾਸੀ ਨੇ ਗੋਲ ਕਰ ਕੇ ਲੀਡ ਫਿਰ ਘਟਾਈ ਪਰ ਉਹ ਟੀਮ ਦੀ ਹਾਰ ਨਾ ਟਾਲ ਸਕਿਆ।

ਯੂ.ਪੀ.ਏ. ਦੀ ਚੇਅਰਪਸਰਸਨ ਸ੍ਰੀਮਤੀ ਸੋਨੀਆ ਗਾਂਧੀ ਤੇ ਉਨ੍ਹਾਂ ਦੇ ਸੰਸਦ ਮੈਂਬਰ ਪੁੱਤਰ ਰਾਹੁਲ ਗਾਂਧੀ ਨੇ ਦਰਸ਼ਕ ਗੈਲਰੀ ਵਿਚ ਬੈਠ ਕੇ ਮੈਚ ਦੇਖਿਆ। ਗਾਂਧੀ ਮਾਂ-ਪੁੱਤ ਨੇ ਦੂਜੇ ਦਰਸ਼ਕਾਂ ਵਾਂਗ ਹੀ ਸਾਧਾਰਣ ਕੁਰਸੀਆਂ 'ਤੇ ਬੈਠ ਕੇ ਮੈਚ ਦੇਖਿਆ। ਜਦੋਂ ਵੀ ਭਾਰਤੀ ਟੀਮ ਗੋਲ ਕਰਦੀ ਤਾਂ ਉਹ ਖੂਬ ਤਾੜੀਆਂ ਮਾਰਦੇ। ਵੀ.ਆਈ.ਪੀ. ਗੈਲਰੀ ਵਿਚ ਖੇਡ ਮੰਤਰੀ ਡਾ.ਮਨੋਹਰ ਸਿੰਘ ਗਿੱਲ, ਸੁਰੇਸ਼ ਕਲਮਾਡੀ ਸਮੇਤ ਹੋਰ ਕਈ ਮਹਿਮਾਨ ਬੈਠੇ ਸਨ।

ਓਨਰ ਅਪਰੇਟਰ ਅਤੇ ਡਰਾਈਵਰ
ਚਾਹੀਦੇ ਹਨ
ਰੀਫਰ ਅਤੇ ਡਰਾਈ ਲੋਡ

*Fuel advance
*We pay every 15 days (after complete paper work). Every 1st & 15 of month.
*We pay for toll and help for repair on road
*No forced dispatch

ਸਾਡੇ ਕੋਲ ਮਿਡਵੈਸਟ ਤੋਂ ਕੈਲੀਫੋਰਨੀਆ, ਮਿਡਵੈਸਟ ਤੋਂ ਟੈਕਸਸ, ਮਿਡਵੈਸਟ ਤੋਂ ਨਾਰਥ-ਈਸਟ, ਨਾਰਥ-ਈਸਟ ਤੋਂ ਕੈਲੀਫੋਰਨੀਆ ਰੂਟ ਹਨ

ਸੰਪਰਕ ਕਰੋ-ਫੋਨ:317-702-6452

Somal Trucking Company
Novelsville, IN, Ph:317-702-6452

ਰੇਡੀਓ ਗੀਤ ਸੰਗੀਤ ਦਾ ਨਾਂ ਹੈ ਹੁਣ
"ਰੇਡੀਓ ਚੜ੍ਹਦੀ ਕਲਾ"



*Radio Geet Sangeet*
*is now Radio Chardi Kala*
*Fremont California, in Bay Area*
*Since September 10, 2010.*

ਹੁਣ ਤੁਸੀਂ ਪੰਜਾਬੀ ਰੇਡੀਓ
ਚੜ੍ਹਦੀ ਕਲਾ
ਕੈਲੀਫੋਰਨੀਆ ਦੇ ਪੰਜਾਬੀ ਵਸੋਂ ਵਾਲੇ ਸਾਰੇ
ਸ਼ਹਿਰਾਂ ਅਤੇ ਬੇ-ਏਰੀਆ ਵਿਚ ਸੁਣ ਸਕਦੇ ਹੋ

You can listen Punjabi Radio Chardi Kala in dense Punjabi populated cities in California.
We thanks our advertisers, listeners, supports, will wishers, and every body.



To participate in programs
Call 510-972-0820
*To advertise or for more information:*
Gurcharan Singh Mann 510-557-0061
Lakhbir Singh 510-760-9882

Mailing address: Radio CK, PO Box 296, Fremont, CA 94536

listen live www.radiock.com

# ਮਨਪ੍ਰੀਤ ਬਨਾਮ ਅਕਾਲੀ ਦਲ ਮੈਚ ਜਾਰੀ

**ਬਿੰਦਰ ਬਸਰਾ**

ਪੰਜਾਬ ਸਿਰ ਚੜ੍ਹੇ ਕਰਜ਼ੇ ਦੇ ਬੋਝ ਨੂੰ ਘੱਟ ਕਰਨ ਲਈ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਲੋਂ ਕੇਂਦਰ ਦੀ ਬਾ-ਸ਼ਰਤ ਪੇਸ਼ਕਸ਼ ਨੂੰ ਦ੍ਰਿੜਤਾ ਨਾਲ ਜਨਤਕ ਤੌਰ 'ਤੇ ਉਛਾਲਣ ਕਾਰਨ ਉਭਰੇ ਮਤਭੇਦਾਂ ਪਿੱਛੋਂ ਸਮੁੱਚਾ ਅਕਾਲੀ ਦਲ ਉਨ੍ਹਾਂ ਵਿਰੁਧ ਜਾਬਤਾ ਕਾਰਵਾਈ ਲਈ ਇਕਸੁਰ ਹੋਇਆ ਦਿਖਾਈ ਦੇ ਰਿਹਾ ਹੈ। ਪਾਰਟੀ ਅੰਦਰ ਉਨ੍ਹਾਂ ਵਿਰੁਧ ਸਿਰਜੇ ਜਾ ਰਹੇ ਮਾਹੌਲ ਲਈ ਹੋਈ ਵਿਉਂਤਬੰਦੀ ਨੂੰ ਦੇਖਦਿਆਂ ਲੱਗਦਾ ਹੈ ਕਿ ਇਸ ਵਾਰ ਮਨਪ੍ਰੀਤ ਦੀ ਵਿਰੋਧੀ ਸੁਰ ਦਾ ਮਾਮਲਾ ਕਿਸੇ ਤਣ-ਪੱਤਣ ਲੱਗ ਕੇ ਹੀ ਰਹੇਗਾ। ਮਨਪ੍ਰੀਤ ਜਿਨ੍ਹਾਂ ਸ਼ਰਤਾਂ ਨੂੰ ਕੇਂਦਰ ਦੀ 'ਮਿਹਰ' ਸਮਝ ਰਹੇ ਹਨ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪਾਰਟੀ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਇਨ੍ਹਾਂ ਦੇ ਵਿਰੁਧ ਹਨ। ਦੋਹਾਂ ਧਿਰਾਂ ਦੇ ਤਰਕਾਂ ਦੇ ਆਪਸੀ ਟਕਰਾਓ ਕਾਰਨ ਸਥਿਤੀ ਇਥੋਂ ਤੱਕ ਪਹੁੰਚ ਗਈ ਹੈ ਕਿ ਕਿਸੇ ਵੀ ਸਮੇਂ ਮਨਪ੍ਰੀਤ ਵਿਰੁਧ ਜਾਬਤਾ ਕਾਰਵਾਈ ਹੋ ਸਕਦੀ ਹੈ ਜਾਂ ਉਨ੍ਹਾਂ ਨੂੰ ਅਸਤੀਫਾ ਦੇਣ ਲਈ ਮਜਬੂਰ ਕੀਤਾ ਜਾ ਸਕਦਾ ਹੈ।

ਉਧਰ ਮਨਪ੍ਰੀਤ ਆਪਣੇ ਸਮਰਥਕਾਂ ਦੇ ਮੈਦਾਨੋਂ ਭੱਜਣ ਕਾਰਨ ਜਿਥੇ ਅਲੱਗ-ਥਲੱਗ ਹੋ ਗਏ ਹਨ, ਉਥੇ ਚਾਰੇ ਪਾਸਿਓਂ ਘਿਰ ਗਏ ਵੀ ਜਾਪਦੇ ਹਨ। ਨਵ-ਗਠਿਤ ਜਾਬਤਾ ਕਮੇਟੀ ਵਲੋਂ ਕੀਤੀ ਜਾਣ ਵਾਲੀ ਕੋਈ ਵੀ ਕਾਰਵਾਈ ਅਜਿਹੀ ਹੋ ਸਕਦੀ ਹੈ ਕਿ ਪਾਰਟੀ ਦੀਆਂ ਹੇਠਲੀਆਂ ਸਫਾਂ ਤੱਕ ਇਹ ਸੰਦੇਸ਼ ਪਹੁੰਚੇ ਕਿ ਕੋਈ ਵੀ ਵਿਅਕਤੀ ਪਾਰਟੀ ਤੋਂ ਉਪਰ ਨਹੀਂ ਅਤੇ ਕਿਸੇ ਨੂੰ ਵੀ ਪਾਰਟੀ ਜਾਬਤਾ ਭੰਗ ਕਰਨ ਦੀ ਇਜਾਜ਼ਤ ਨਹੀਂ।

ਕੁਝ ਰਾਜਸੀ ਹਲਕਿਆਂ ਦਾ ਮੰਨਣਾ ਹੈ ਕਿ ਮਨਪ੍ਰੀਤ ਬਾਦਲ ਲਈ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ, ਜਿਹੋ ਜਿਹਾ ਕਦੇ ਟਕਸਾਲੀ ਆਗੂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਪਾਰਟੀ 'ਚੋਂ ਬਾਹਰ ਦਾ ਰਸਤਾ ਦਿਖਾਉਣ ਲਈ ਵਿਉਂਤਿਆ ਗਿਆ ਸੀ। ਪੰਜਾਬ ਸਿਰ ਕੁੱਲ 70 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਕਰਜ਼ਾ ਹੈ। ਕਰਜ਼ਾ ਉਤਾਰਨ ਲਈ ਰਾਜ ਸਰਕਾਰ ਨੂੰ ਇਸ ਸਾਲ 8700 ਕਰੋੜ ਰੁਪਏ ਦਾ ਪ੍ਰਬੰਧ ਕਰਨਾ ਪਿਆ ਹੈ, ਜਿਸ 'ਚੋਂ 2000 ਕਰੋੜ ਰੁਪਏ ਮੂਲ ਅਤੇ ਬਾਕੀ 6700 ਕਰੋੜ ਰੁਪਏ ਵਿਆਜ ਦੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਪਿਛਲੇ ਕਾਰਜ ਕਾਲ ਦੌਰਾਨ (1997-2002) ਤੱਤਕਾਲੀ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਤੇ ਬਾਅਦ 'ਚ ਅਟਲ ਬਿਹਾਰੀ ਵਾਜਪਾਈ ਤੋਂ 6 ਹਜ਼ਾਰ ਕਰੋੜ ਰੁਪਏ ਦਾ ਉਹ ਕਰਜ਼ਾ ਮੁਆਫ ਕਰਾਉਣ ਦਾ ਦਾਅਵਾ ਕੀਤਾ ਸੀ ਜਿਹੜਾ ਪੰਜਾਬ ਸੰਕਟ ਸਮੇਂ ਚੜ੍ਹਿਆ ਸੀ। ਜਦਕਿ ਹੁਣ ਫਿਰ ਕੇਂਦਰ ਵਲੋਂ ਇਸ 70 ਹਜ਼ਾਰ ਕਰੋੜ ਰੁਪਏ 'ਚੋਂ 35 ਹਜ਼ਾਰ ਕਰੋੜ




ਮੁਆਫ ਕਰਨ ਲਈ ਕੀਤੀ ਪੇਸ਼ਕਸ਼ ਨਾਲ ਜੋ ਸ਼ਰਤਾਂ ਰੱਖੀਆਂ ਗਈਆਂ ਹਨ, ਉਹ ਅਕਾਲੀ ਦਲ ਦੀ ਤਾਜ਼ਾ ਖਾਨਾਜੰਗੀ ਦਾ ਸਬੱਬ ਬਣੀਆਂ ਹਨ।

ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਲੰਘੀ 30 ਸਤੰਬਰ ਨੂੰ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ 'ਚ ਕੇਂਦਰ ਸਰਕਾਰ ਵਲੋਂ ਪੰਜਾਬ ਸਿਰ ਚੜ੍ਹੇ ਕਰਜ਼ੇ 'ਚੋਂ 35 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮੁਆਫ ਕਰਨ ਲਈ ਕੁਝ ਸ਼ਰਤਾਂ ਦਾ ਜ਼ਿਕਰ ਕੀਤਾ ਸੀ ਪਰ ਉਦੋਂ ਸੱਤਾ ਪੱਖ ਅਤੇ ਹੋਰਨਾਂ ਪਾਰਟੀਆਂ ਨੇ ਵਿੱਤ ਮੰਤਰੀ ਦੀ ਇਸ ਗੱਲ ਵੱਲ ਕੰਨ ਨਹੀਂ ਸੀ ਧਰਿਆ ਪਰ ਜਦੋਂ ਇਸ ਸਬੰਧੀ ਮਨਪ੍ਰੀਤ ਬਾਦਲ ਦੀ ਇੰਟਰਵਿਊ ਅਖ਼ਬਾਰਾਂ 'ਚ ਛਪੀ ਤਾਂ ਅਕਾਲੀ ਦਲ-ਭਾਜਪਾ ਵਲੋਂ ਵਿਰੋਧ 'ਚ ਤਿੱਖੀ ਪ੍ਰਤੀਕਿਰਿਆ ਜਾਹਰ ਕੀਤੀ ਗਈ ਜਦਕਿ ਕਾਂਗਰਸ ਨੇ ਮਨਪ੍ਰੀਤ ਬਾਦਲ ਦੇ ਵਿਚਾਰਾਂ ਦੀ ਹਮਾਇਤ ਕੀਤੀ।

ਵਿੱਤ ਮੰਤਰੀ ਮਨਪ੍ਰੀਤ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵਿਚਾਲੇ ਕਰਜ਼ੇ ਸਬੰਧੀ ਕੇਂਦਰ ਦੀ ਪੇਸ਼ਕਸ਼ ਨੂੰ ਲੈ ਕੇ ਸ਼ੁਰੂ ਹੋਏ ਕਾਟੋ-ਕਲੇਸ਼ ਪਿੱਛੋਂ ਪੰਜਾਬ ਸਰਕਾਰ ਨੇ ਮਨਪ੍ਰੀਤ ਦੇ ਦਾਅਵੇ ਨੂੰ ਹੀ ਚੁਣੌਤੀ ਦੇ ਦਿੱਤੀ। ਰਾਜ ਸਰਕਾਰ ਦੇ ਮੁੱਖ ਸਕੱਤਰ ਸੁਬੋਧ ਚੰਦਰ ਅਗਰਵਾਲ ਨੇ ਦਾਅਵਾ ਕੀਤਾ ਕਿ ਸਰਕਾਰ ਨੂੰ ਕੇਂਦਰ ਤੋਂ ਲਿਖਤੀ ਰੂਪ ਵਿਚ ਕੋਈ ਪੇਸ਼ਕਸ਼ ਨਹੀਂ ਹੋਈ। ਦੂਜੇ ਪਾਸੇ ਵਿੱਤ ਮੰਤਰੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਲਿਖਤੀ ਦਸਤਾਵੇਜ਼ ਹਨ ਅਤੇ ਉਹ ਇਨ੍ਹਾਂ ਨੂੰ ਮੀਡੀਆ ਕੋਲ ਪਹੁੰਚਾ ਦੇਣਗੇ। ਉਨ੍ਹਾਂ ਕਿਹਾ ਪੰਜਾਬ ਨੂੰ ਕੋਈ ਧੱਕੇ ਨਾਲ ਪੈਸੇ ਨਹੀਂ ਦੇ ਰਿਹਾ, ਜੇਕਰ ਲੈਣੇ ਹਨ ਤਾਂ ਲੈ ਲਓ, ਨਹੀਂ ਜੀਅ ਕਰਦਾ ਤਾਂ ਨਾ ਲਓ। ਉਨ੍ਹਾਂ ਇਹ ਵੀ ਕਿਹਾ ਕਿ ਮੇਰੇ ਨਾਲ ਕਿਸੇ ਦਾ ਕੋਈ ਗਿਲਾ ਹੋ ਸਕਦਾ ਹੈ ਪਰ ਇਸ ਦੀ ਸਜ਼ਾ ਪੰਜਾਬ ਨੂੰ ਨਹੀਂ ਮਿਲਣੀ ਚਾਹੀਦੀ।

ਵਿੱਤ ਮੰਤਰੀ ਵਲੋਂ ਕੇਂਦਰ ਦੀਆਂ ਸ਼ਰਤਾਂ ਮੰਨ ਲੈਣ ਲਈ ਲਏ ਸਖਤ ਸਟੈਂਡ ਅਤੇ ਸੁਖਬੀਰ ਬਾਦਲ ਦੀ ਕਾਰਪੋਰੇਟ ਸਟਾਈਲ ਗਵਰਨੈਂਸ 'ਤੇ ਸਵਾਲੀਆ ਨਿਸ਼ਾਨ ਲਾਉਣ ਪਿੱਛੋਂ ਇਹ ਮਾਮਲਾ ਪੂਰੀ ਤਰ੍ਹਾਂ ਤੂਲ ਫੜ ਗਿਆ। ਅਕਾਲੀ ਦਲ ਦੀ ਲੀਡਰਸ਼ਿਪ ਨੇ ਕਰਜ਼ਾ ਮੁਆਫੀ ਦੇ ਮੁੱਦੇ 'ਤੇ ਪਾਰਟੀ ਅਤੇ ਸਰਕਾਰ ਦੇ ਪੱਧਰ 'ਤੇ ਉਭਰੇ ਮਤਭੇਦਾਂ ਕਾਰਨ ਆਪਣੇ ਅਕਸ ਨੂੰ ਲੱਗੀ ਢਾਹ ਨੂੰ ਸੁਧਾਰਨ ਲਈ ਜਿੱਥੇ ਮੈਦਾਨ ਸਾਂਭ ਲਿਆ, ਉਥੇ ਪਾਰਟੀ ਪ੍ਰਧਾਨ ਨੇ ਪਾਰਟੀ 'ਚ ਅਨੁਸ਼ਾਸਨ ਸਖਤੀ ਨਾਲ ਲਾਗੂ ਕਰਨ ਲਈ ਇਕ ਕਮੇਟੀ ਦਾ ਗਠਨ ਕੀਤਾ ਜਿਸ ਦੀ ਅਗਵਾਈ ਸੀਨੀਅਰ ਅਕਾਲੀ ਆਗੂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਸੌਂਪੀ ਗਈ ਹੈ। ਇਸ ਪੰਜ ਮੈਂਬਰੀ ਜਾਬਤਾ ਕਮੇਟੀ 'ਚ ਜਥੇਦਾਰ ਬ੍ਰਹਮਪੁਰਾ ਤੋਂ ਇਲਾਵਾ ਸ. ਸੁਖਦੇਵ ਸਿੰਘ ਢੀਂਡਸਾ, ਗੁਰਦੇਵ ਸਿੰਘ ਬਾਦਲ, ਜਥੇਦਾਰ ਤੋਤਾ ਸਿਘ ਅਤੇ ਸ. ਬਲਵਿੰਦਰ ਸਿੰਘ ਭੂੰਦੜ ਨੂੰ ਸ਼ਾਮਲ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਅਕਾਲੀ ਦਲ ਵਲੋਂ ਅਜਿਹੀ ਜਾਬਤਾ ਕਮੇਟੀ ਦੀ ਲੋੜ ਬੀਤੇ 4 ਸਾਲਾਂ 'ਚ ਮਹਿਸੂਸ ਨਹੀਂ ਕੀਤੀ ਗਈ ਜਦਕਿ ਮਨਪ੍ਰੀਤ ਵਲੋਂ ਪਹਿਲਾਂ ਵੀ ਸਬਸਿਡੀਆਂ ਨੂੰ ਲੈ ਕੇ ਅਜਿਹੀ ਬਿਆਨਬਾਜ਼ੀ ਕੀਤੀ ਜਾਂਦੀ ਰਹੀ ਹੈ। ਕਮੇਟੀ ਦੇ ਗਠਨ ਦੇ ਫੈਸਲੇ ਤੋਂ ਜਾਪਦਾ ਹੈ ਕਿ ਪਾਰਟੀ ਮਨਪ੍ਰੀਤ ਵਿਰੁਧ ਕੋਈ ਆਰ-ਪਾਰ ਦਾ ਫੈਸਲਾ ਲੈਣ ਦੇ ਮੂਡ 'ਚ ਹੈ।

ਮਨਪ੍ਰੀਤ ਸਿੰਘ ਬਾਦਲ, ਕੇਂਦਰ ਵਲੋਂ ਪੰਜਾਬ ਦੀ ਕਰਜ਼ਾ ਮੁਆਫੀ ਸਬੰਧੀ ਪੇਸ਼ਕਸ਼ ਨੂੰ ਲੈ ਕੇ ਜਿਥੇ ਆਪਣੇ ਸਟੈਂਡ 'ਤੇ ਡਟੇ ਹੋਏ ਹਨ, ਉਥੇ ਉਨ੍ਹਾਂ ਦਾ ਸਾਥ ਦੇਣ ਵਾਲੇ ਹਮਾਇਤੀ ਮੈਦਾਨ ਛੱਡ ਕੇ ਪਾਰਟੀ ਪ੍ਰਤੀ ਵਫਾਦਾਰੀ ਸਾਬਤ ਕਰਨ 'ਚ ਰੁੱਝ ਗਏ ਹਨ। ਮਨਪ੍ਰੀਤ ਨਾਲ ਪ੍ਰੈਸ ਕਾਨਫਰੰਸ ਕਰਨ ਵਾਲੇ ਪਾਰਟੀ ਦੇ ਵਿਧਾਇਕ ਅਮਰਪਾਲ ਸਿੰਘ ਬੋਨੀ, ਜਨਰਲ ਕੌਂਸਲ ਮੈਂਬਰ ਮਾਨ ਸਿੰਘ ਗਰਚਾ ਅਤੇ ਕੁਸ਼ਲਦੀਪ ਸਿੰਘ ਢਿੱਲੋਂ ਨੇ ਮਨਪ੍ਰੀਤ ਦਾ ਸਾਥ ਛੱਡਦੇ ਹੋਏ ਸਪੱਸ਼ਟ ਤੌਰ 'ਤੇ ਕਿਹਾ ਕਿ ਉਹ ਪਾਰਟੀ ਦੇ ਪ੍ਰਤੀ ਮਨਪ੍ਰੀਤ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਕਿਹਾ ਕਿ ਉਹ ਪਾਰਟੀ ਦੇ ਵਫਾਦਾਰ ਸਿਪਾਹੀ ਹਨ ਤੇ ਪਾਰਟੀ ਨਾਲ ਚੱਟਾਨ ਵਾਂਗ ਖੜ੍ਹੇ ਹਨ। ਉਨ੍ਹਾਂ ਕਿਹਾ ਉਹ ਮਨਪ੍ਰੀਤ ਦੀ ਮਿਜਾਜ਼ਪੁਰਸ਼ੀ ਲਈ ਗਏ ਸਨ, ਨਾ ਕਿ ਅਜਿਹੀ ਕਿਸੇ ਗਤੀਵਿਧੀ ਦਾ ਹਿੱਸਾ ਬਣਨ ਲਈ ਜੋ ਪਾਰਟੀ ਅਨੁਸ਼ਾਸਨ ਦੇ ਵਿਰੁਧ ਹੋਵੇ।

ਸੰਕਟ ਦੀ ਇਸ ਘੜੀ 'ਚ ਸਿਰਫ ਇੱਕੋ-ਇਕ ਵਿਅਕਤੀ, ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਗੁਰਦੇਵ ਸਿੰਘ ਬਾਦਲ ਨੇ ਮਨਪ੍ਰੀਤ ਦਾ ਪੱਖ ਲੈਂਦਿਆਂ ਕਿਹਾ ਕਿ ਉਸ ਨੇ ਪਾਰਟੀ ਜ਼ਾਬਤਾ ਭੰਗ ਨਹੀਂ ਕੀਤਾ। ਇਹੋ ਹੀ ਵਿਚਾਰ ਮੁੱਖ ਮੰਤਰੀ ਬਾਦਲ ਦੇ ਵੀ ਸਨ ਪਰ ਮਨਪ੍ਰੀਤ ਵਲੋਂ ਪ੍ਰੈਸ ਕਾਨਫਰੰਸ ਕੀਤੇ ਜਾਣ ਪਿੱਛੋਂ ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਪਾਰਟੀ ਜਾਬਤੇ ਤੋਂ ਉਪਰ ਨਹੀਂ ਹੈ।

ਉਧਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸ. ਮਹਿੰਦਰ ਸਿੰਘ ਕੇ.ਪੀ. ਨੇ ਕਿਹਾ ਹੈ ਕਿ ਸੂਬੇ ਦੇ ਮਨਪ੍ਰੀਤ ਸਿੰਘ ਬਾਦਲ ਇਕ ਸਹੀ ਵਿਅਕਤੀ ਹਨ ਪਰ ਉਹ ਇਕ ਗ਼ਲਤ ਪਾਰਟੀ ਵਿਚ ਕੰਮ ਕਰ ਰਹੇ ਹਨ, ਜਿਸ ਕਾਰਨ ਉਹ ਚਾਹੁੰਦਿਆਂ ਵੀ ਆਜ਼ਾਦਾਨਾ ਢੰਗ ਨਾਲ ਕੰਮ ਨਹੀਂ ਕਰ ਸਕਦੇ। ਜ਼ਿਕਰਯੋਗ ਹੈ ਕਿ ਅਜਿਹੀਆਂ ਟਿੱਪਣੀਆਂ ਰਾਜਸੀ ਆਗੂ ਪਹਿਲਾਂ ਭਾਜਪਾ ਦੇ ਸੀਨੀਅਰ ਨੇਤਾ ਅਤੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਬਾਰੇ ਵੀ ਕਰਦੇ ਰਹੇ ਹਨ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸੀ ਵਿਧਾਇਕ ਸ੍ਰੀ ਜੱਸੀ ਖੰਗੂੜਾ ਨੇ ਵੀ ਵਿੱਤ ਮੰਤਰੀ ਦੇ ਹੱਕ 'ਚ ਆਵਾਜ਼ ਉਠਾਈ ਸੀ।

ਇਸ ਵਿਵਾਦ ਦੇ ਚਲਦਿਆਂ ਸੁਖਬੀਰ ਬਾਦਲ ਨੇ ਆਪਣਾ ਵਿਦੇਸ਼ ਜਾਣ ਦਾ ਪ੍ਰੋਗਰਾਮ ਤਿਆਗ ਦਿੱਤਾ ਹੈ। ਉਨ੍ਹਾਂ ਦੀ ਥਾਂ ਖੇਤੀ ਮੰਤਰੀ ਸੁੱਚਾ ਸਿੰਘ ਲੰਗਾਹ ਦੀ ਅਗਵਾਈ 'ਚ ਵਫਦ ਉਜ਼ਬੇਕਿਸਤਾਨ ਤੇ ਹੋਰ ਦੇਸ਼ਾਂ ਦੇ ਦੌਰੇ 'ਤੇ ਭੇਜਿਆ ਗਿਆ ਹੈ।

## ਓਬਾਮਾ ਨੂੰ ਨਿਸ਼ਾਨਾ ਬਣਾ ਕੇ ਸੁੱਟੀ ਗਈ ਕਿਤਾਬ

**ਵਾਸ਼ਿੰਗਟਨ:** ਫਿਲਾਡੈਲਫੀਆ 'ਚ ਰਾਸ਼ਟਰਪਤੀ ਬਰਾਕ ਓਬਾਮਾ 'ਤੇ ਉਸ ਵੇਲੇ ਇਕ ਕਿਤਾਬ ਸੁੱਟੀ ਗਈ ਜਦੋਂ ਉਹ ਉਥੇ ਇਕ ਚੋਣ ਰੈਲੀ ਵਿਚ ਹਿੱਸਾ ਲੈ ਰਹੇ ਸਨ। ਹਾਲਾਂਕਿ ਕਿਤਾਬ ਓਬਾਮਾ ਨੂੰ ਲੱਗੀ ਨਹੀਂ ਸਗੋਂ ਇਹ ਉਨ੍ਹਾਂ ਦੇ ਸਿਰ ਦੇ ਉਪਰੋਂ ਲੰਘ ਗਈ। ਇਹ ਪਤਾ ਨਹੀਂ ਲੱਗ ਸਕਿਆ ਕਿ ਰਾਸ਼ਟਰਪਤੀ ਵਲ ਕਿਤਾਬ ਕਿਉਂ ਸੁੱਟੀ ਗਈ। ਇਸ ਨੂੰ ਸੁੱਟਣ ਵਾਲੇ ਵਿਅਕਤੀ ਬਾਰੇ ਵੀ ਪਤਾ ਨਹੀਂ ਲੱਗ ਸਕਿਆ।

## ਕਾਮਨਵੈਲਥ ਖੇਡਾਂ

*(ਸਫਾ 2 ਤੋਂ ਜਾਰੀ)*

'ਤੇ ਲਾ ਕੇ ਸੋਨ ਤਮਗੇ ਫੁੰਡੇ ਤੇ ਸਟਾਰ ਨਿਸ਼ਾਨੇਬਾਜ਼ ਹਰਪ੍ਰੀਤ ਸਿੰਘ ਤੇ ਵਿਸ਼ਵ ਚੈਂਪੀਅਨ ਪਹਿਲਵਾਨ ਸੁਸ਼ੀਲ ਕੁਮਾਰ ਨੇ ਵੀ ਸੋਨ ਤਮਗੇ ਭਾਰਤ ਦੀ ਝੋਲੀ ਪਾਏ।

ਟੈਨਿਸ 'ਚ ਭਾਰਤ ਦੇ ਸਾਰੇ ਧੋਣੇ ਧੋਂਦਿਆਂ ਸੋਮਦੇਵ ਦੇਵਬਰਮਨ ਨੇ ਸੋਨੇ ਦਾ ਤਮਗਾ ਜਿੱਤਿਆ। ਇਸ ਤੋਂ ਪਹਿਲਾਂ 9 ਅਕਤੂਬਰ ਵੀ ਭਾਰਤ ਲਈ ਇਤਿਹਾਸਕ ਰਿਹਾ ਜਦੋਂ ਭਾਰਤ ਦੀ ਝੋਲੀ ਨਿਸ਼ਾਨੇਬਾਜ਼ੀ ਤੇ ਕੁਸ਼ਤੀ 'ਚ ਚਾਰ ਹੋਰ ਸੋਨ ਤਮਗੇ ਪਏ। ਨਿਸ਼ਾਨੇਬਾਜ਼ ਗਗਨ ਨਾਰੰਗ ਨੇ ਆਪਣੇ ਸੋਨ ਤਮਗਿਆਂ ਦੀ ਗਿਣਤੀ 4 ਤੱਕ ਪਹੁੰਚਾ ਦਿੱਤੀ। ਦੂਜੇ ਪਾਸੇ ਵਿਜੇ ਕੁਮਾਰ ਤੇ ਹਰਪ੍ਰੀਤ ਸਿੰਘ ਦੀ ਨਿਸ਼ਾਨੇਬਾਜ਼ ਜੋੜੀ ਨੇ ਵੀ ਸੋਨੇ 'ਤੇ ਨਿਸ਼ਾਨਾ ਲਗਾਇਆ ਜਦਕਿ ਕੁਸ਼ਤੀ 'ਚ ਭਾਰਤੀ ਪਹਿਲਵਾਨ ਯੋਗੇਸ਼ਵਰ ਦੱਤ ਤੇ ਨਰਸਿੰਘ ਯਾਦਵ ਨੇ ਸੋਨ ਤਮਗੇ ਭਾਰਤ ਦੀ ਝੋਲੀ ਪਾਏ। ਭਾਰਤ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਟੈਨਿਸ ਦੇ ਸਿੰਗਲਜ਼ ਫਾਈਨਲ ਮੁਕਾਬਲੇ 'ਚ ਭਾਰਤ ਦੀ ਸਾਨੀਆ ਮਿਰਜ਼ਾ ਹਾਰ ਗਈ ਤੇ ਉਸ ਨੂੰ ਚਾਂਦੀ ਦਾ ਤਮਗਾ ਮਿਲਿਆ।

# ਗੁਰਦਾ ਕਾਂਡ 'ਚ ਸ਼ਾਮਿਲ ਡਾ. ਅਮਿਤ ਦੀ ਜਾਇਦਾਦ ਜ਼ਬਤ

**ਨਵੀਂ ਦਿੱਲੀ:** ਗਰੀਬ ਲੋਕਾਂ ਨੂੰ ਧਨ ਦਾ ਲਾਲਚ ਦੇ ਕੇ ਉਨ੍ਹਾਂ ਦੇ ਗੁਰਦੇ ਕੱਢ ਕੇ ਅਮੀਰ ਮਰੀਜ਼ਾਂ ਦੇ ਪਾ ਕੇ ਕਰੋੜਾਂ ਰੁਪਏ ਕਮਾਉਣ ਵਾਲੇ ਡਾ. ਅਮਿਤ ਕੁਮਾਰ ਦੀ ਵਿਦੇਸ਼ਾਂ 'ਚ ਬਣਾਈ ਜਾਇਦਾਦ ਨੂੰ ਭਾਰਤ ਦੇ ਐਨਫੋਰਸਮੈਂਟ ਡਾਇਰੈਕਟੋਰੇਟ ਵਲੋਂ ਜ਼ਬਤ ਕੀਤਾ ਗਿਆ ਹੈ। ਡਾ. ਅਮਿਤ ਦੀ ਜਾਇਦਾਦ ਆਸਟਰੇਲੀਆ ਤੋਂ ਇਲਾਵਾ ਭਾਰਤ ਵਿਚ ਵੀ ਹੈ, ਜੋ ਗੁਰਦਾ ਵੇਚਣ ਦੇ ਧੰਦੇ ਤੋਂ ਬਣਾਈ ਗਈ ਸੀ। ਦੇਸ਼ ਅੰਦਰ ਮਨੁੱਖੀ ਅੰਗਾਂ ਦੀ ਗੈਰ-ਕਾਨੂੰਨੀ ਖਰੀਦੋ-ਫਰੋਖਤ ਦੇ ਧੰਦੇ ਨੂੰ ਚਲਾਉਣ ਵਾਲੇ ਡਾ. ਅਮਿਤ ਕੁਮਾਰ ਨੂੰ 2008 ਵਿਚ ਉਦੋਂ ਕਾਠਮੰਡੂ ਤੋਂ ਗ੍ਰਿਫਤਾਰ ਕੀਤਾ ਗਿਆ ਸੀ, ਜਦੋਂ ਉਹ ਇਸ ਕਾਂਡ ਦੇ ਨਸ਼ਰ ਹੋਣ 'ਤੇ ਭਾਰਤ ਤੋਂ ਭੱਜ ਗਿਆ ਸੀ।

ਡਾ. ਅਮਿਤ ਕੁਮਾਰ ਦੇ ਦਿੱਲੀ, ਹਰਿਆਣਾ ਦੇ ਗੁੜਗਾਉਂ ਵਿਚ ਫਲੈਟਾਂ ਅਤੇ ਨੋਇਡਾ 'ਚ ਪਲਾਟਾਂ ਤੋਂ ਇਲਾਵਾ ਆਸਟਰੇਲੀਆ 'ਚ ਉਸਦੀ 7 ਲੱਖ ਡਾਲਰ ਦੀ ਕੋਠੀ ਅਤੇ ਬੈਂਕ 'ਚ ਜਮ੍ਹਾਂ 2 ਲੱਖ ਡਾਲਰ ਐਨਫੋਰਸਮੈਂਟ ਵਲੋਂ ਜਬਤ ਕੀਤੇ ਗਏ ਹਨ। ਜਦੋਂ ਕਿ ਭਾਰਤ ਵਿਚ ਬਣਾਈ 100 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਪਹਿਲਾਂ ਹੀ ਜ਼ਬਤ ਕੀਤੀ ਜਾ ਚੁੱਕੀ ਹੈ। ਡਾ. ਅਮਿਤ ਨੇ ਹਾਂਗਕਾਂਗ ਅਤੇ ਕੈਨੇਡਾ ਵਿਚ ਵੀ ਮਹਿੰਗੀ ਜਾਇਦਾਦ ਬਣਾਈ ਹੋਈ ਹੈ ਤੇ ਇਨ੍ਹਾਂ ਜਾਇਦਾਦਾਂ ਨੂੰ ਜ਼ਬਤ ਕਰਨ ਲਈ ਵਿਭਾਗ ਵਲੋਂ ਕਾਰਵਾਈ ਕੀਤੇ ਜਾਣ ਦੀ ਸੰਭਾਵਨਾ ਹੈ। 41 ਸਾਲਾਂ ਦੇ ਡਾ. ਅਮਿਤ ਨੇ ਆਪਣੇ ਸਾਥੀ ਡਾ. ਜੀਵਨ ਨਾਲ ਮਿਲ ਕੇ ਗੁੜਗਾਉਂ, ਫਰੀਦਾਬਾਦ ਤੇ ਦਿੱਲੀ ਵਿਚ ਕਰੀਬ 500 ਗਰੀਬਾਂ ਦੇ ਗੁਰਦੇ ਗੈਰ-ਕਾਨੂੰਨੀ ਢੰਗ ਨਾਲ ਅਮੀਰਾਂ ਨੂੰ ਲਾ ਕੇ ਕਰੋੜਾਂ ਰੁਪਏ ਕਮਾਏ ਸਨ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)



**Punjab Times**

**Established in 2000**
**11th Year in Publication**

Published every Saturday by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**



ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਬਾਦਲਾਂ ਖਿਲਾਫ 150 ਵਿਚੋਂ 138 ਗਵਾਹ ਮੁੱਕਰੇ**

-ਚਾਰ ਹੀ ਤਰੀਕਿਆਂ ਨਾਲ ਬੰਦਾ ਕਰੇ ਕੰਮ ਸਦਾ-ਸ਼ੌਕ ਨਾਲ, ਪਿਆਰ ਨਾਲ, ਲਾਲਚ ਜਾਂ ਡੰਡੇ ਨਾਲ।

***ਪੰਜਾਬ ਪੁਲਿਸ ਦਾ ਇੰਸਪੈਕਟਰ 30 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਕਾਬੂ**

-ਹਾਏ ਰੱਬਾ! ਆਹ ਦਿਨ ਵੀ ਦੇਖਣੇ ਸਨ? ਹੁਣ ਪੰਜਾਬ ਪੁਲਿਸ ਵੀ ਰਿਸ਼ਵਤ ਲੈਣ ਲੱਗ ਪਈ?

***ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਨੂੰ ਸਮਰਪਿਤ 300 ਫੁੱਟ ਉਚੀ ਮੀਨਾਰ-ਏ-ਫਤਿਹ ਇਕ ਅਜੂਬਾ ਹੋਵੇਗੀ**

-ਮੀਨਾਰ ਭਾਵੇਂ ਤਿੰਨ ਸੌ ਫੁੱਟ ਉਚੀ ਬਣਾ ਲਵੋ ਭਾਵੇਂ ਪੰਜ ਸੌ, ਪਰ ਭਾਜਪਾ ਵਾਲਿਆਂ ਨੂੰ ਸਿੱਖਾਂ ਨੂੰ ਚਿੜ੍ਹਾਉਣ ਲਈ ਬੰਦਾ ਸਿੰਘ ਬਹਾਦਰ ਨੂੰ 'ਵੀਰ ਵੈਰਾਗੀ' ਕਹਿਣੋਂ ਨਹੀਂ ਹਟਾ ਸਕਦੇ।

***ਕਾਂਗਰਸ ਵਿਚ ਹੁਣ ਚਾਪਲੂਸੀ ਨਹੀਂ ਚੱਲੇਗੀ-ਰਾਹੁਲ ਗਾਂਧੀ**

-ਯਾਨਿ ਤੁਸੀਂ ਬਾਪ-ਦਾਦਿਆਂ ਦੀ ਤੋਰੀ ਰੀਤ ਨੂੰ ਚੁਣੌਤੀ ਦਿਓਂਗੇ?

***ਕੈਪਟਨ ਦੇ ਖਿਲਾਫ ਦਰਜ ਕੇਸ ਵਾਪਿਸ ਹੋਣਗੇ-ਬਾਦਲ**

-ਤਾਂ ਕਿ ਉਹਨੂੰ ਪਲੋਸ ਕੇ ਅੱਗੇ ਤੋਂ ਹੋਣ ਵਾਲੀ ਖਿੱਚ ਧੂਹ ਤੋਂ ਬਚਿਆ ਜਾ ਸਕੇ।

***ਪੰਜਾਬ ਦੀ ਖੇਤੀਬਾੜੀ ਨੂੰ ਦੇਖ ਕੇ ਦੰਗ ਰਹਿ ਗਏ ਪ੍ਰਿੰਸ ਚਾਰਲਸ**

-ਬਈ ਕਰੈਡਿਟ ਪੰਜਾਬੀ ਲਈ ਜਾਂਦੇ ਐ ਤੇ ਕੰਮ ਸਾਰਾ ਕਰਦੇ ਐ ਭੱਈਏ।

***ਕਿਤੇ 'ਕੱਲੀ ਬਹਿ ਕੇ ਸੋਚੀਂ ਨੀ ਅਸੀਂ ਕੀ ਨਹੀਂ ਕੀਤਾ ਤੇਰੇ ਲਈ-ਇਕ ਗੀਤ**

-ਮੈਂ 'ਕੱਲੀ ਬਹਿ ਕੇ ਸੋਚਿਆਂ ਹੈ, ਤੂੰ ਕੱਖ ਨਹੀਂ ਕੀਤਾ ਮੇਰੇ ਲਈ।

## ਮੁਸ਼ੱਰਫ ਦਾ ਸਿਰ ਲਿਆਉਣ ਵਾਲੇ ਨੂੰ 1 ਅਰਬ

**ਇਸਲਾਮਾਬਾਦ :** ਪਾਕਿਸਤਾਨ 'ਚ ਸਾਬਕਾ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ ਦੇ ਸ਼ਾਸਨਕਾਲ ਵਿਚ ਮਾਰੇ ਗਏ ਬਲੋਚ ਰਾਸ਼ਟਰਵਾਦੀ ਨੇਤਾ ਨਵਾਬ ਅਕਬਰ ਬੁਗਤੀ ਦੇ ਪੁੱਤਰ ਅਤੇ ਜਮਹੂਰੀ ਵਤਨ ਪਾਰਟੀ ਦੇ ਮੁਖੀ ਤਲਾਲ ਅਕਬਰ ਬੁਗਤੀ ਨੇ ਮੁਸ਼ੱਰਫ ਦਾ ਸਿਰ ਕੱਟ ਕੇ ਲਿਆਉਣ ਵਾਲੇ ਨੂੰ ਇਕ ਅਰਬ ਰੁਪਏ ਨਕਦ ਅਤੇ ਇਕ ਹਜ਼ਾਰ ਏਕੜ ਜ਼ਮੀਨ ਦੇਣ ਦਾ ਐਲਾਨ ਕੀਤਾ ਹੈ। ਬੁਗਤੀ ਨੇ ਇਹ ਐਲਾਨ ਬੀਤੀ 9 ਅਕਤੂਬਰ ਨੂੰ ਕਵੇਟਾ ਵਿਚ ਇਕ ਪੱਤਰਕਾਰ ਸੰਮੇਲਨ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਸਾਲ 1999 ਵਿਚ ਇਕ ਚੁਣੀ ਹੋਈ ਸਰਕਾਰ ਨੂੰ ਉਖਾੜ ਸੁੱਟਣ ਵਾਲੇ ਨੂੰ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੈਂ ਮੁਸ਼ੱਰਫ ਨੂੰ 'ਵਾਜਿਬ-ਉਲ-ਕਤਲ' ਦੇਣ ਦਾ ਐਲਾਨ ਕਰਦਾ ਹਾਂ, ਜਿਵੇਂਕਿ ਸਾਰੇ ਜਾਣਦੇ ਹਨ ਕਿ ਉਨ੍ਹਾਂ ਨੇ ਸਾਲ 1999 ਵਿਚ ਭਾਰੀ ਬਹੁਮਤ ਨਾਲ ਚੁਣੀ ਗਈ ਲੋਕ ਰਾਜੀ ਸਰਕਾਰ ਨੂੰ ਉਖਾੜ ਸੁੱਟਿਆ ਸੀ।

**ਪਾਕਿ ਪਰਤੇ ਤਾਂ ਮਾਰ ਦਿੱਤੇ ਜਾਣਗੇ ਮੁਸ਼ੱਰਫ-** ਪ੍ਰਵੇਜ਼ ਮੁਸ਼ੱਰਫ ਜਲਦੀ ਹੀ ਵਤਨ ਪਰਤ ਕੇ ਸਿਆਸਤ ਕਰਨ ਦੀ ਤਿਆਰੀ ਵਿਚ ਜੁਟ ਰਹੇ ਹਨ ਤਾਂ ਦੇਸ਼ ਵਿਚ ਉਨ੍ਹਾਂ ਦੇ ਭਵਿੱਖ ਨੂੰ ਲੈ ਕੇ ਚਰਚਾ ਦਾ ਬਾਜ਼ਾਰ ਵੀ ਗਰਮ ਹੋ ਰਿਹਾ ਹੈ। ਮੀਡੀਆ ਵਿਚ ਕਈ ਤਰ੍ਹਾਂ ਦੇ ਡਰ ਪ੍ਰਗਟਾਏ ਜਾ ਰਹੇ ਹਨ। ਇਕ ਡਰ ਇਹ ਵੀ ਪ੍ਰਗਟਾਇਆ ਜਾ ਰਿਹਾ ਹੈ ਕਿ ਪਾਕਿਸਤਾਨ ਪਰਤਣ ਤੇ ਅਲਕਾਇਦਾ ਮੁਸ਼ੱਰਫ ਦੀ ਜਾਨ ਲੈ ਸਕਦਾ ਹੈ। ਅਜਿਹਾ ਵੀ ਡਰ ਹੈ ਕਿ ਦੇਸ਼ ਦੇ ਉਤਰੀ ਪੱਛਮੀ ਸਰਹੱਦੀ ਸੂਬੇ ਵਿਚ ਅਮਰੀਕੀ ਫੌਜੀਆਂ ਹੱਥੋਂ ਮਾਰੇ ਗਏ ਲੋਕਾਂ ਦੇ ਪਰਿਵਾਰਕ ਮੈਂਬਰ ਮੁਸ਼ੱਰਫ ਕੋਲੋਂ ਬਦਲਾ ਲੈ ਸਕਦੇ ਹਨ। ਮੁਸ਼ੱਰਫ 'ਤੇ ਅਜਿਹੇ ਹਮਲਿਆਂ ਦੇ ਕਾਰਨਾਂ ਦਾ ਜ਼ਿਕਰ ਕਰਦੇ ਹੋਏ ਮੀਡੀਆ ਨੇ ਕਿਹਾ ਹੈ ਕਿ ਮੁਸ਼ੱਰਫ ਨੇ ਆਪਣੇ ਰਾਸ਼ਟਰਪਤੀ ਦੇ ਕਾਰਜਕਾਲ ਦੌਰਾਨ ਅਮਰੀਕਾ ਨਾਲ ਇਕ ਸਮਝੌਤਾ ਕੀਤਾ ਸੀ, ਜਿਸ ਅਧੀਨ ਅਮਰੀਕਾ ਪਾਕਿਸਤਾਨ ਦੀ ਹੱਦ ਅੰਦਰ ਅੱਤਵਾਦੀਆਂ ਦੇ ਟਿਕਾਣਿਆਂ 'ਤੇ ਹਮਲੇ ਕਰ ਸਕਦਾ ਹੈ। ਇਸ ਤੋਂ ਬਾਅਦ ਹੀ ਅਮਰੀਕਾ ਵਲੋਂ ਡ੍ਰੋਨ ਹਮਲਿਆਂ ਵਿਚ ਤੇਜ਼ੀ ਲਿਆਂਦੀ ਗਈ ਹੈ।

## ਇਕਬਾਲ ਜੱਬੋਵਾਲੀਏ ਨੂੰ ਸਦਮਾ, ਮਾਤਾ ਜੀ ਸੁਰਗਵਾਸ

**ਨਿਊ ਯਾਰਕ:** ਕੌਮਾਂਤਰੀ ਪ੍ਰਸਿਧੀ ਵਾਲੇ ਖੇਡ ਲੇਖਕ ਇਕਬਾਲ ਸਿੰਘ ਜੱਬੋਵਾਲੀਆ ਨੂੰ ਉਸ ਸਮੇਂ ਸਦਮਾ ਪਹੁੰਚਾ ਜਦੋਂ ਉਨ੍ਹਾਂ ਦੇ ਮਾਤਾ ਠਾਕਰ ਕੌਰ 11 ਅਕਤੂਬਰ ਨੂੰ ਆਪਣੇ ਪਿੰਡ ਜੱਬੋਵਾਲ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਏ। ਉਹ 97 ਵਰ੍ਹਿਆਂ ਦੇ ਸਨ। ਉਨ੍ਹਾਂ ਦਾ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਕਰ ਦਿੱਤਾ ਗਿਆ ਅਤੇ ਉਨ੍ਹਾਂ ਨਮਿੱਤ ਅੰਤਿਮ ਅਰਦਾਸ 24 ਅਕਤੂਬਰ ਐਤਵਾਰ ਨੂੰ ਹੋਵੇਗੀ। ਮਾਤਾ ਠਾਕਰ ਕੌਰ ਆਪਣੇ ਪਿਛੇ ਪੁੱਤਰ ਇਕਬਾਲ ਸਿੰਘ ਤੋਂ ਇਲਾਵਾ ਤਿੰਨ ਧੀਆਂ ਅਤੇ ਪੋਤਰਿਆਂ-ਦੋਹਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੇ ਵੱਡੇ ਪੁੱਤਰ ਹੈਡਮਾਸਟਰ ਗਿਆਨ ਸਿੰਘ ਦਸ ਸਾਲ ਪਹਿਲਾਂ ਵਿਛੋੜਾ ਦੇ ਗਏ ਸਨ।

ਇਥੇ ਜ਼ਿਕਰਯੋਗ ਹੈ ਕਿ ਲੰਘੀ 2 ਜੁਲਾਈ ਨੂੰ ਨਵਾਂ ਸ਼ਹਿਰ ਦੇ ਡਾ. ਅੰਬੇਦਕਰ ਚੌਕ ਵਿਚ ਕੁਝ ਸ਼ਰਾਰਤੀ ਲੋਕਾਂ ਨੇ ਬਦਲੇ ਦੀ ਭਾਵਨਾ ਨਾਲ ਇਕਬਾਲ ਸਿੰਘ ਜੱਬੋਵਾਲ ਦਾ ਪੁਤਲਾ ਸਾੜਿਆ ਸੀ। ਮਾਤਾ ਠਾਕਰ ਕੌਰ ਇਸ ਗੱਲ ਦਾ ਸਦਮਾ ਨਾ ਸਹਾਰ ਸਕੇ ਅਤੇ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ। ਉਹ ਕੁਝ ਸਮਾਂ ਗੁਰੂ ਨਾਨਕ ਮਿਸ਼ਨ ਹਸਪਤਾਲ ਵਿਚ ਜੇਰੇ ਇਲਾਜ ਰਹੇ ਅਤੇ ਉਸ ਪਿਛੋਂ ਘਰ ਵਿਚ ਹੀ ਉਨ੍ਹਾਂ ਦੀ ਦੇਖ ਭਾਲ ਚੱਲ ਰਹੀ ਸੀ। ਪੰਜਾਬ ਟਾਈਮਜ਼ ਇਕਬਾਲ ਜੱਬੋਵਾਲੀਆ ਦੇ ਦੁੱਖ ਵਿਚ ਸ਼ਰੀਕ ਹੈ। ਪਰਮਾਤਮਾ ਵਿਛੜੀ ਆਤਮਾ ਨੂੰ ਸ਼ਾਂਤੀ ਬਖ਼ਸ਼ੇ। ਇਕਬਾਲ ਜੱਬੋਵਾਲ ਨਾਲ ਸੰਪਰਕ ਫੋਨ 917-375-6395 'ਤੇ ਕੀਤਾ ਜਾ ਸਕਦਾ ਹੈ।

## ਭ੍ਰਿਸ਼ਟਾਚਾਰ ਜਾਇਜ਼ ਕਿਉਂ ਨਹੀਂ ਕਰ ਦਿੰਦੇ?

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਸਰਕਾਰੀ ਵਿਭਾਗਾਂ ਖਾਸ ਤੌਰ 'ਤੇ ਆਮਦਨ ਕਰ, ਵਿਕਰੀ ਕਰ ਅਤੇ ਆਬਾਕਾਰੀ ਵਿਭਾਗ ਵਿਚ ਵਧਦੇ ਭ੍ਰਿਸ਼ਟਾਚਾਰ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਥੇ ਪੈਸੇ ਬਗੈਰ ਕੁਝ ਵੀ ਨਹੀਂ ਹੁੰਦਾ। ਜਸਟਿਸ ਮਾਰਕੰਡੇ ਕਾਟਜੂ ਅਤੇ ਜਸਟਿਸ ਟੀ.ਐਸ. ਠਾਕੁਰ ਦੇ ਬੈਂਚ ਨੇ ਕਿਹਾ, "ਇਹ ਬਹੁਤ ਮੰਦਭਾਗਾ ਹੈ ਕਿ ਦੇਸ਼ ਵਿਚ ਭ੍ਰਿਸ਼ਟਾਚਾਰ 'ਤੇ ਕੋਈ ਕੰਟਰੋਲ ਨਹੀਂ। ਖਾਸ ਤੌਰ 'ਤੇ ਆਮਦਨ ਕਰ, ਵਿਕਰੀ ਕਰ ਅਤੇ ਆਬਕਾਰੀ ਵਿਭਾਗ ਵਿਚ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਹੈ।" ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਆਮਦਨ ਕਰ ਇੰਸਪੈਕਟਰ ਮੋਹਨ ਲਾਲ ਸ਼ਰਮਾ ਨੂੰ ਬਰੀ ਕੀਤੇ ਜਾਣ ਨੂੰ ਚੁਣੌਤੀ ਦਿੰਦਿਆਂ ਸੀ.ਬੀ.ਆਈ. ਵਲੋਂ ਦਾਖਲ ਪਟੀਸ਼ਨ ਨੂੰ ਸਵੀਕਾਰ ਕਰਦੇ ਹੋਏ ਸੁਪਰੀਮ ਕੋਰਟ ਨੇ ਇਹ ਟਿੱਪਣੀ ਕੀਤੀ। ਵਧੀਕ ਸਾਲਿਸਟਰ ਜਨਰਲ ਪੀ.ਪੀ. ਮਲਹੋਤਰਾ ਨੇ ਸੀ.ਬੀ.ਆਈ. ਵਲੋਂ ਕਿਹਾ ਕਿ ਹੇਠਲੀ ਅਦਾਲਤ ਨੇ ਸ਼ਰਮਾ ਨੂੰ ਇਕ ਵਿਅਕਤੀ ਤੋਂ 10 ਹਜ਼ਾਰ ਰੁਪਏ ਲੈਣ ਦਾ ਦੋਸ਼ੀ ਪਾਇਆ ਸੀ, ਇਸ ਦੇ ਬਾਵਜੂਦ ਹਾਈ ਕੋਰਟ ਨੇ ਉਸ ਨੂੰ ਬਰੀ ਕਰ ਦਿੱਤਾ। ਬੈਂਚ ਨੇ ਵਿਅੰਗਾਤਮਕ ਲਹਿਜੇ ਵਿਚ ਕਿਹਾ, "ਸਰਕਾਰ ਭ੍ਰਿਸ਼ਟਾਚਾਰ ਨੂੰ ਜਾਇਜ਼ ਕਿਉਂ ਨਹੀਂ ਕਰ ਦਿੰਦੀ ਤਾਂ ਕਿ ਹਰ ਮਾਮਲੇ ਵਿਚ ਇਕ ਰਾਸ਼ੀ ਨਿਰਧਾਰਤ ਕਰ ਦਿੱਤੀ ਜਾਵੇ। ਇਸ ਤਰ੍ਹਾਂ ਹਰ ਆਦਮੀ ਨੂੰ ਪਤਾ ਲੱਗ ਜਾਵੇਗਾ ਕਿ ਉਸ ਨੇ ਕਿੰਨੀ ਰਿਸ਼ਵਤ ਦੇਣੀ ਹੈ। ਅਧਿਕਾਰੀ ਨੂੰ ਵੀ ਮੋਲ-ਤੋਲ ਕਰਨ ਦੀ ਲੋੜ ਨਹੀਂ ਹੋਵੇਗੀ ।" ਬੈਂਚ ਨੇ ਕਿਹਾ, "ਵਧਦੀ ਮਹਿੰਗਾਈ ਕਾਰਨ ਗਰੀਬ ਸਰਕਾਰੀ ਅਧਿਕਾਰੀਆਂ ਨੂੰ ਅਸੀਂ ਜਿੰਮੇਵਾਰ ਨਹੀਂ ਠਹਿਰਾ ਸਕਦੇ।" ਬੈਂਚ ਨੇ ਦੇਸ਼ ਵਿਚ ਭ੍ਰਿਸ਼ਟਾਚਾਰ ਨੂੰ ਜਾਇਜ਼ ਕਰਨ ਸਬੰਧੀ ਆਪਣੀ ਟਿੱਪਣੀ 'ਤੇ ਸੀਨੀਅਰ ਵਕੀਲ ਕੇ.ਕੇ. ਵੇਣੂਗੋਪਾਲ ਨੂੰ ਵੀ ਵਿਚਾਰ ਪ੍ਰਗਟਾਉਣ ਲਈ ਆਖਿਆ। ਵੇਣੂਗੋਪਾਲ ਨੇ ਕਿਹਾ ਕਿ ਬਿਹਤਰ ਹੋਵੇਗਾ ਕਿ ਹਰ ਸਕੂਲ ਵਿਚ ਨੈਤਿਕਤਾ ਵਾਲਾ ਪਾਠ ਪੜ੍ਹਾਇਆ ਜਾਵੇ ਤਾਂ ਕਿ ਭਵਿੱਖ ਦੀ ਪੀੜ੍ਹੀ ਭ੍ਰਿਸ਼ਟਾਚਾਰ ਤੋਂ ਮੁਕਤ ਹੋ ਸਕੇ।

## ਰਾਬੜੀ ਕੋਲ 62 ਗਾਵਾਂ ਤੇ 42 ਵੱਛੇ-ਵੱਛੀਆਂ

**ਪਟਨਾ:** ਭਾਰਤ ਦੇ ਬਹੁਤੇ ਸਿਆਸਤਦਾਨ ਅਜਿਹੀ ਸੰਪਤੀ ਦੇ ਮਾਲਕ ਨਹੀਂ ਹਨ। ਬਿਹਾਰ ਦੀ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ 17.8 ਲੱਖ ਰੁਪਏ ਦੇ ਮੁੱਲ ਦੀਆਂ 62 ਗਾਵਾਂ ਤੇ 42 ਵੱਛੇ-ਵੱਛੀਆਂ ਦੀ ਮਾਣਮੱਤੀ ਮਾਲਕਣ ਹੈ। ਰਾਘੋਪੁਰ ਤੇ ਸੋਨੇਪੁਰ ਵਿਧਾਨ ਸਭਾ ਹਲਕਿਆਂ ਤੋਂ ਆਪਣੇ ਨਾਮਜ਼ਦਗੀ ਕਾਗਜ਼ ਜਮ੍ਹਾਂ ਕਰਾਉਣ ਵੇਲੇ ਸ਼ਨਿੱਚਰਵਾਰ ਨੂੰ ਦਾਇਰ ਹਲਫ਼ਨਾਮੇ 'ਚ ਉਹਨੇ ਇਹ ਖੁਲਾਸਾ ਕੀਤਾ। ਰਾਘੋਪੁਰ ਵੈਸ਼ਾਲੀ ਜ਼ਿਲ੍ਹੇ 'ਚ ਹੈ ਤੇ ਸੋਨੇਪੁਰ ਛਪਰਾ ਜ਼ਿਲ੍ਹੇ 'ਚ ਪੈਂਦਾ ਹੈ।

ਰਾਬੜੀ ਦੇਵੀ ਕੋਲ 7.62 ਲੱਖ ਦੇ ਗਹਿਣੇ ਹਨ। ਉਹਦੇ 2.29 ਲੱਖ ਰੁਪਏ ਬੈਂਕ 'ਚ ਜਮ੍ਹਾਂ ਹਨ। ਹਲਫਨਾਮੇ ਅਨੁਸਾਰ ਉਹਨੇ 11.78 ਲੱਖ ਰੁਪਏ ਬੌਂਡਾਂ 'ਚ ਲਾਏ ਹੋਏ ਹਨ।

ਉਹਦੀ ਅਚੱਲ ਸੰਪਤੀ, ਪਟਨਾ ਤੇ ਉਸਦੇ ਜੱਦੀ ਜ਼ਿਲ੍ਹੇ ਗੋਪਾਲਗੰਜ 'ਚ ਕਰੋੜਾਂ ਰੁਪਏ ਦੀ ਵਾਹੀਯੋਗ ਤੇ ਗੈਰ-ਵਾਹੀਯੋਗ ਜ਼ਮੀਨ ਦੇ ਰੂਪ 'ਚ ਹੈ। ਲਾਲੂ ਪ੍ਰਸਾਦ ਤੇ ਰਾਬੜੀ ਦੇਵੀ, ਗਾਵਾਂ ਤੇ ਘੋੜਿਆਂ ਨੂੰ ਪਿਆਰ ਕਰਨ ਲਈ ਜਾਣੇ ਜਾਂਦੇ ਹਨ। ਮੁੱਖ ਮੰਤਰੀ ਹੁੰਦਿਆਂ ਉਨ੍ਹਾਂ ਦੀ ਐਨ ਮਾਰਗ ਸਥਿਤ ਰਿਹਾਇਸ਼ 'ਚ ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਤਿਆਰ ਸ਼ੈਡਾਂ 'ਚ 100 ਤੋਂ ਵੱਧ ਗਾਵਾਂ ਤੇ ਵੱਛੇ-ਵੱਛੀਆਂ ਰੱਖੇ ਹੋਏ ਸਨ। ਜਦੋਂ 2005 'ਚ ਰਾਬੜੀ ਦੇਵੀ ਤੋਂ ਸੱਤਾ ਖੁੱਸੀ ਤਾਂ ਉਨ੍ਹਾਂ ਨੂੰ ਇਹ ਥਾਂ ਖਾਲੀ ਕਰਨ ਲਈ ਕਿਹਾ ਗਿਆ ਤਾਂ ਇਹ ਗਾਵਾਂ ਦਾਨਾਪੁਰ ਭੇਜੀਆਂ ਗਈਆਂ ਸਨ।

ਦਿਲਚਸਪ ਗੱਲ ਇਹ ਹੈ ਕਿ ਰਾਬੜੀ ਦੇਵੀ, ਲਾਲੂ ਤੇ ਉਨ੍ਹਾਂ ਦੇ ਬੱਚੇ 4.58 ਕਰੋੜ ਰੁਪਏ ਦੀ ਅਚੱਲ ਸੰਪਤੀ ਦੇ ਮਾਲਕ ਹਨ। 2005 ਤੋਂ ਲੈ ਕੇ ਹੁਣ ਤੱਕ ਇਹ ਸੰਪਤੀ ਤਿੰਨ ਕਰੋੜ ਰੁਪਏ ਵਧ ਗਈ ਹੈ। ਪੰਜ ਸਾਲ ਪਹਿਲਾਂ ਵਿਧਾਨ ਸਭਾ ਚੋਣ ਮੌਕੇ ਉਨ੍ਹਾਂ ਕੋਲ ਇਹ ਸੰਪਤੀ 1.58 ਕਰੋੜ ਰੁਪਏ ਦੀ ਸੀ। ਰਾਬੜੀ ਦੇਵੀ ਰਾਘੋਪੁਰ ਤੋਂ ਵਿਧਾਇਕ ਹੈ। ਆਪਣੀ ਉਮਰ ਦੇ 50ਵਿਆਂ 'ਚ ਉਹ 1997 ਤੋਂ 2005 ਤਕ ਮੁੱਖ ਮੰਤਰੀ ਰਹੀ। ਉਹ ਬਿਹਾਰ ਦੀ ਪਹਿਲੀ ਤੇ ਇੱਕੋ-ਇਕ ਮਹਿਲਾ ਮੁੱਖ ਮੰਤਰੀ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

National Truck Driving School



Call For Special Price

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838

Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

Reo-Bankowned Properties
Serving from Bay Area to Sacramento

We Help You Buy/Sell Business & Homes

Multi-Million Dollars Producer-2007-08

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਜਦੋਂ ਮਾਨ ਨੇ ਪੰਜਾਬ ਪੁਲਿਸ ਮੁਖੀ ਨੂੰ ਥਾਪੀ ਦਿੱਤੀ

**ਫਤਿਹਗੜ੍ਹ ਸਾਹਿਬ (ਗੁਰਪ੍ਰੀਤ ਮਹਿਕ):** ਇਥੇ ਪੁਲਿਸ ਸਟੇਸ਼ਨ ਵਿਚ ਉਸ ਸਮੇਂ ਇਕ ਹੈਰਾਨੀਜਨਕ ਘਟਨਾ ਵਾਪਰੀ ਜਦੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਪ੍ਰੈਸ ਕਾਨਫਰੰਸ ਕਰ ਰਹੇ ਪੰਜਾਬ ਪੁਲਿਸ ਦੇ ਮੁਖੀ ਸ. ਪੀ ਐਸ ਗਿੱਲ ਨੂੰ ਆ ਕੇ ਮੋਢੇ 'ਤੇ ਥਾਪੀ ਦਿੱਤੀ।

ਸ. ਗਿੱਲ ਪੱਤਰਕਾਰਾਂ ਨਾਲ ਗੱਲਬਾਤ ਵਿਚ ਮਸ਼ਰੂਫ ਸਨ ਜਦੋਂ ਅਚਾਨਕ ਸ. ਮਾਨ ਇਸ ਪ੍ਰੈਸ ਕਾਨਫਰੰਸ ਵਿਚ ਆ ਗਏ। ਸ. ਗਿੱਲ ਦਾ ਪਹਿਲਾਂ ਤਾਂ ਮਸ਼ਰੂਫ ਹੋਣ ਕਰਕੇ ਸ. ਮਾਨ ਵੱਲ ਧਿਆਨ ਨਾ ਗਿਆ ਅਤੇ ਪੱਤਰਕਾਰਾਂ ਨੂੰ ਪੁਲਿਸ ਦੀ ਪ੍ਰਾਪਤੀਆਂ ਬਾਰੇ ਦੱਸਦੇ ਰਹੇ। ਗੱਲਬਾਤ ਦੇ ਵਿਚੋਂ ਹੀ ਸ. ਮਾਨ ਨੇ ਸ. ਗਿੱਲ ਦਾ ਮੋਢਾ ਆ ਥਾਪਿਆ। ਜਦੋਂ ਸ. ਗਿੱਲ ਨੇ ਦੇਖਿਆ ਕਿ ਇਹ ਸ. ਮਾਨ ਹਨ ਤਾਂ ਉਹ ਤੁਰੰਤ ਆਪਣੀ ਕੁਰਸੀ ਤੋਂ ਖੜ੍ਹੇ ਹੋ ਗਏ ਅਤੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਗਿੱਲ ਕੁਝ ਨਹੀਂ ਬੋਲੇ ਅਤੇ ਕੋਲ ਖੜ੍ਹੇ ਪੁਲਿਸ ਅਤੇ ਹੋਰ ਅਧਿਕਾਰੀ ਮੁਸਕਰਾ ਰਹੇ ਸਨ। ਜ਼ਿਕਰਯੋਗ ਹੈ ਕਿ ਸ. ਮਾਨ ਖੁਦ ਸੀਨੀਅਰ ਪੁਲਿਸ ਅਫਸਰ ਰਹੇ ਹਨ। ਸ. ਮਾਨ ਨੇ ਪੁਲਿਸ ਮੁਖੀ ਨੂੰ ਕੇਵਲ ਏਨਾ ਹੀ ਕਿਹਾ ਕਿ ਉਹ ਇੱਧਰੋਂ ਨਿਕਲ ਰਹੇ ਸਨ ਅਤੇ ਸੋਚਿਆ ਕਿ ਗਿੱਲ ਨੂੰ ਮਿਲ ਹੀ ਲਈਏ। ਕਈ ਪੱਤਰਕਾਰ ਅਤੇ ਫੋਟੋਗ੍ਰਾਫਰ ਅਜੇ ਸਾਬਕਾ ਆਈ ਪੀ ਸੀ ਅਧਿਕਾਰੀ ਸ. ਮਾਨ ਨਾਲ ਸ. ਗਿੱਲ ਦੀ ਫੋਟੋ ਖਿੱਚਣ ਲਈ ਆਪਣੇ ਕੈਮਰੇ ਤਿਆਰ ਹੀ ਕਰ ਰਹੇ ਸਨ ਕਿ ਕੁਝ ਸੈਕਿੰਡਾਂ ਵਿਚ ਹੀ ਸ. ਮਾਨ ਪ੍ਰੈਸ ਕਾਨਫਰੰਸ ਵਾਲੀ ਥਾਂ ਤੋਂ ਚਲੇ ਗਏ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ. ਗਿੱਲ ਨੇ ਸ. ਮਾਨ ਬਾਰੇ ਕੁਝ ਨਹੀਂ ਕਿਹਾ, ਪ੍ਰੰਤੂ ਉਨ੍ਹਾਂ ਦੇ ਚਿਹਰੇ ਤੋਂ ਹੈਰਾਨੀ ਸਾਫ ਨਜ਼ਰ ਆ ਰਹੀ ਸੀ ਕਿ ਮਾਨ ਅਚਾਨਕ ਕਿੱਦਾਂ ਪਹੁੰਚ ਗਏ। ਸ. ਮਾਨ ਨੇ ਵੀ ਮੌਕੇ 'ਤੇ ਆਪਣੀ ਫੇਰੀ ਦਾ ਉਦੇਸ਼ ਪੱਤਰਕਾਰਾਂ ਨੂੰ ਨਹੀਂ ਦੱਸਿਆ।



ਡੀ ਜੀ ਪੀ ਗਿੱਲ ਸ. ਮਾਨ ਨੂੰ ਖੜ੍ਹੇ ਹੋ ਕੇ ਜੀ ਆਇਆਂ ਕਹਿੰਦੇ ਹੋਏ

ਥਾਣਾ ਫਤਿਹਗੜ੍ਹ ਸਾਹਿਬ ਨੂੰ ਕੌਮਾਂਤਰੀ ਪੱਧਰ ਦੀ ਕਾਰਜ ਪ੍ਰਣਾਲੀ ਦਾ ਮਿਆਰ ਹਾਸਲ ਹੋਣ 'ਤੇ ਆਈ.ਐਸ.ਓ. 9001:2008 ਸਰਟੀਫਿਕੇਟ ਪ੍ਰਦਾਨ ਕਰਨ ਆਏ ਸ. ਗਿੱਲ ਨੇ ਕਿਹਾ ਕਿ ਆਉਂਦੇ ਦੋ ਸਾਲਾਂ ਵਿਚ ਪੰਜਾਬ ਦੇ ਸਾਰੇ ਥਾਣਿਆਂ ਦੀ ਕਾਰਜ ਪ੍ਰਣਾਲੀ ਵਿਚ ਵੱਡੇ ਸੁਧਾਰ ਲਿਆ ਕੇ ਕੌਮਾਂਤਰੀ ਪੱਧਰ ਦੇ ਮਿਆਰ ਦੀਆਂ ਸੇਵਾਵਾਂ ਦਿੱਤੀਆਂ ਜਾਣਗੀਆਂ ਅਤੇ ਪੰਜਾਬ ਪੁਲਿਸ ਲੋਕਾਂ ਨੂੰ ਬਿਹਤਰ ਸੇਵਾਵਾਂ ਦੇਣ ਵਾਲੀ ਵਿਸ਼ਵ ਦੀ ਸਭ ਤੋਂ ਉੱਤਮ ਪੁਲਿਸ ਬਣ ਜਾਵੇਗੀ। ਆਉਂਦੇ ਦੋ ਸਾਲਾਂ ਵਿਚ ਪੰਜਾਬ ਦੇ ਸਾਰੇ ਥਾਣਿਆਂ ਨੂੰ ਆਈ.ਐਸ.ਓ. ਦਾ ਮਿਆਰ ਹਾਸਲ ਹੋ ਜਾਵੇਗਾ।

ਸ. ਗਿੱਲ ਨੇ ਆਖਿਆ ਕਿ ਇਸ ਮਿਆਰ ਮੁਤਾਬਿਕ ਪੁਲਿਸ ਦਾ ਲੋਕਾਂ ਪ੍ਰਤੀ ਨਜ਼ਰੀਆ ਦੋਸਤਾਨਾ ਬਣਾਉਣਾ, ਥਾਣਿਆਂ ਵਿਚ ਬੁਨਿਆਦੀ ਸਹੂਲਤਾਂ, ਵਧੀਆ ਇਮਾਰਤਾਂ ਦੀ ਉਸਾਰੀ, ਸਭ ਲੋਕਾਂ ਨਾਲ ਬਰਾਬਰੀ ਦਾ ਵਿਹਾਰ, ਕੰਮ ਕਾਜ ਵਿਚ ਪਾਰਦਰਸ਼ਤਾ ਅਤੇ ਤਫ਼ਤੀਸ਼ੀ ਅਧਿਕਾਰੀਆਂ ਨੂੰ ਲੋਕਾਂ ਪ੍ਰਤੀ ਜ਼ਿੰਮੇਵਾਰ ਬਣਾਉਣਾ, ਪੁਲਿਸ ਹਿਰਾਸਤ ਵਿਚ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਨਾ ਮੁੱਖ ਮੰਤਵ ਹੈ।

ਉਨ੍ਹਾਂ ਆਖਿਆ ਕਿ ਆਮ ਲੋਕਾਂ ਦੀ ਸਹੂਲਤ ਵਾਸਤੇ ਕਿਸੇ ਵੀ ਘਟਨਾ ਸਬੰਧੀ ਤੁਰੰਤ ਸੂਚਨਾ ਦੇਣ ਲਈ ਪਟਿਆਲਾ, ਬਠਿੰਡਾ, ਜਲੰਧਰ, ਲੁਧਿਆਣਾ, ਅੰਮ੍ਰਿਤਸਰ ਵਿਖੇ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ ਜਿੱਥੇ 100 ਨੰਬਰ 'ਤੇ ਇਤਲਾਹ ਦਿੱਤੀ ਜਾ ਸਕਦੀ ਹੈ ਅਤੇ ਕੁਝ ਮਿੰਟਾਂ ਵਿਚ ਹੀ ਪੁਲਿਸ ਹਰਕਤ ਵਿਚ ਆ ਜਾਵੇਗੀ।

ਡੀ.ਆਈ.ਜੀ. ਲੁਧਿਆਣਾ ਰੇਂਜ ਸ. ਪਰਮਰਾਜ ਸਿੰਘ ਉਮਰਾਨੰਗਲ ਅਤੇ ਜ਼ਿਲ੍ਹਾ ਪੁਲਿਸ ਮੁੱਖੀ ਸ. ਰਣਬੀਰ ਸਿੰਘ ਖੱਟੜਾ ਨੇ ਸ. ਗਿੱਲ ਨੂੰ ਭਰੋਸਾ ਦਿਵਾਇਆ ਕਿ ਉਹ ਆਮ ਲੋਕਾਂ ਨੂੰ ਹੋਰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਣਗੇ।

## ਮੱਟੂ ਕੇਸ 'ਚ ਫਾਂਸੀ ਦੀ ਸਜ਼ਾ ਉਮਰ ਕੈਦ 'ਚ ਬਦਲੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਬੀਤੀ 6 ਅਕਤੂਬਰ ਨੂੰ 14 ਸਾਲ ਪੁਰਾਣੇ ਪ੍ਰਿਯਦਰਸ਼ਨੀ ਮੱਟੂ ਬਲਾਤਕਾਰ ਤੇ ਕਤਲ ਕੇਸ ਵਿਚ ਦੋਸ਼ੀ ਸੰਤੋਸ਼ ਕੁਮਾਰ ਸਿੰਘ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਹੈ। ਉਧਰ ਪੀੜਤ ਪਰਿਵਾਰ ਤੇ ਮਰਹੂਮ ਦੇ ਦੋਸਤਾਂ-ਮਿੱਤਰਾਂ ਨੇ ਸਰਵਉਚ ਅਦਾਲਤ ਦੇ ਫ਼ੈਸਲੇ 'ਤੇ ਨਾਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

ਜਸਟਿਸ ਐਚ.ਐਸ. ਬੇਦੀ ਤੇ ਸੀ.ਕੇ. ਪ੍ਰਸਾਦ ਨੇ ਸੰਤੋਸ਼ ਨੂੰ ਹਾਈ ਕੋਰਟ ਵਲੋਂ ਬਲਾਤਕਾਰ ਤੇ ਕਤਲ ਦਾ ਦੋਸ਼ੀ ਕਰਾਰ ਦਿੱਤੇ ਜਾਣ ਦੇ ਫ਼ੈਸਲੇ ਨੂੰ ਤਾਂ ਬਰਕਰਾਰ ਰੱਖਿਆ, ਪਰ ਕੁਝ ਚੀਜ਼ਾਂ ਦੋਸ਼ੀ ਦੇ ਹੱਕ ਵਿਚ ਜਾਣ ਕਰਕੇ ਸਜ਼ਾ-ਏ-ਮੌਤ, ਉਮਰ ਕੈਦ ਵਿੱਚ ਬਦਲ ਦਿੱਤੀ। ਦੋਸ਼ੀ, ਸਾਬਕਾ ਆਈ.ਪੀ.ਐਸ. ਅਧਿਕਾਰੀ ਦਾ ਪੁੱਤਰ ਹੈ ਤੇ ਇਸ ਨੂੰ ਹੇਠਲੀ ਅਦਾਲਤ ਨੇ ਬਰੀ ਕਰ ਦਿੱਤਾ ਸੀ, ਪਰ ਹਾਈ ਕੋਰਟ ਨੇ ਸਜ਼ਾ-ਏ-ਮੌਤ ਸੁਣਾਈ ਸੀ। ਹਾਈ ਕੋਰਟ ਦੇ ਫ਼ੈਸਲੇ ਖ਼ਿਲਾਫ਼ ਉਹ ਸੁਪਰੀਮ ਕੋਰਟ ਜਾ ਪੁੱਜਾ। ਉਧਰ, ਮੱਟੂ ਪਰਿਵਾਰ ਦੇ ਵਕੀਲ ਨੇ ਕਿਹਾ ਹੈ ਕਿ ਉਹ ਇਸ ਫ਼ੈਸਲੇ ਖ਼ਿਲਾਫ਼ ਨਜ਼ਰਸਾਨੀ ਪਟੀਸ਼ਨ ਪਾਉਣਗੇ। ਪ੍ਰਿਯਦਰਸ਼ਨੀ ਮੱਟੂ ਕਾਨੂੰਨ ਦੀ ਵਿਦਿਆਰਥਣ ਸੀ ਤੇ ਸੰਤੋਸ਼ ਦੀ ਜੂਨੀਅਰ ਸੀ। ਸੀ.ਬੀ.ਆਈ. ਦੇ ਵਕੀਲ ਨੇ ਕਿਹਾ ਕਿ ਉਹ 14 ਸਾਲ ਪੁਰਾਣੇ ਕੇਸ ਦੇ ਫ਼ੈਸਲੇ ਤੋਂ ਸੰਤੁਸ਼ਟ ਹਨ, ਕਿਉਂਕਿ ਅਦਾਲਤ ਨੇ ਮੁਜਰਮ ਉਪਰ ਹਾਈ ਕੋਰਟ ਦੇ ਦੋਸ਼ ਬਰਕਰਾਰ ਰੱਖੇ ਹਨ।

## ਚਾਰਲਸ ਦੀ ਨਵੀਂ ਕਿਤਾਬ ਵਿਚ ਧਾਰਾਵੀ ਦੇ ਸੋਹਲੇ

**ਲੰਡਨ :** ਸ਼ਹਿਜ਼ਾਦਾ ਚਾਰਲਸ ਜਿਨ੍ਹਾਂ ਰਾਸ਼ਟਰਮੰਡਲ ਖੇਡਾਂ ਲਈ ਹਾਲ ਹੀ ਵਿਚ ਭਾਰਤ ਦਾ ਦੌਰਾ ਕੀਤਾ ਸੀ, ਨੇ ਕਿਹਾ ਕਿ ਉਨ੍ਹਾਂ ਦੀ ਨਵੀਂ ਕਿਤਾਬ ਵਿਚ ਮੁੰਬਈ ਦੀ ਧਾਰਾਵੀ, ਜੋ ਦੁਨੀਆ ਦੀ ਸਭ ਤੋਂ ਵੱਡੀ ਝੌਂਪੜ-ਪੱਟੀ ਮੰਨੀ ਜਾਂਦੀ ਹੈ, ਟਿਕਾਊ ਜੀਵਨ ਦਾ ਇਕ ਮਾਡਲ ਹੈ ਜਿਸ ਨੂੰ ਬਰਤਾਨਵੀਂ ਕਸਬੇ ਅਪਨਾ ਸਕਦੇ ਹਨ। ਆਪਣੀ ਨਵੀਂ ਕਿਤਾਬ 'ਹਾਰਮਨੀ' ਵਿਚ ਉਨ੍ਹਾਂ ਲਿਖਿਆ ਹੈ ਕਿ ਬਰਤਾਨੀਆ ਧਾਰਾਵੀ ਦੇ ਲੋਕਾਂ ਦੀ ਜ਼ਿੰਦਗੀ ਤੋਂ ਸਬਕ ਸਿੱਖ ਸਕਦਾ ਹੈ। ਇਹ ਕਿਤਾਬ ਅਗਲੇ ਹਫਤੇ ਪ੍ਰਕਾਸ਼ਤ ਹੋਵੇਗੀ। ਉਨ੍ਹਾਂ ਮੁਤਾਬਕ ਧਾਰਾਵੀ ਬਹੁਤ ਸਾਰੇ ਪੱਛਮੀ ਕਸਬਿਆਂ ਅਤੇ ਸ਼ਹਿਰਾਂ ਨਾਲੋਂ ਵੱਧ ਯੋਜਨਾਬੱਧ ਹੈ ਅਤੇ ਉਥੋਂ ਦੇ ਬਾਸ਼ਿੰਦੇ ਆਪਣੀ ਇੱਛਾ ਨਾਲ ਹੰਢਣਸਾਰ ਜੀਵਨ ਜਿਉਂ ਰਹੇ ਹਨ। ਚਾਰਲਸ ਖੁਦ ਵੀ ਹੰਢਣਸਾਰ ਜੀਵਨ ਜਾਚ ਦੇ ਧਾਰਨੀ ਹਨ।

'ਦਿ ਡੇਲੀ ਟੈਲੀਗ੍ਰਾਫ' ਵਿਚ ਛਪੀ ਇਕ ਰਿਪੋਰਟ ਅਨੁਸਾਰ ਸ਼ਹਿਜ਼ਾਦਾ ਦੀ ਇਸ ਗੱਲੋਂ ਨੁਕਤਾਚੀਨੀ ਹੋ ਸਕਦੀ ਹੈ ਕਿ ਉਨ੍ਹਾਂ ਝੌਂਪੜ ਬਸਤੀ ਦੀ ਜੀਵਨ-ਜਾਚ ਦੀ ਕੁਝ ਜ਼ਿਆਦਾ ਹੀ ਸ਼ਲਾਘਾ ਕੀਤੀ ਹੈ। ਉਨ੍ਹਾਂ ਲਿਖਿਆ, ''ਜਦੋਂ ਤੁਸੀਂ ਦਾਖਲ ਹੁੰਦੇ ਹੋ ਤਾਂ ਜੋ ਤੁਹਾਨੂੰ ਬਾਹਰੋਂ ਪਲਾਸਟਿਕ ਅਤੇ ਕੂੜੇ ਦਾ ਇਕ ਵੱਡਾ ਢੇਰ ਨਜ਼ਰ ਆਉਂਦਾ ਹੈ, ਤੁਹਾਨੂੰ ਝਟਪਟ ਸਮਝ ਆ ਜਾਂਦਾ ਹੈ ਕਿ ਇਹ ਗਲੀਆਂ, ਛੋਟੀਆਂ ਦੁਕਾਨਾਂ, ਘਰਾਂ, ਵਰਕਸ਼ਾਪਾਂ ਦਾ ਇਕ ਗੁੰਝਲਦਾਰ ਤਾਣਾ-ਬਾਣਾ ਹੈ।'' ਚਾਰਲਸ ਨੇ ਪੱਛਮੀ ਦੇਸ਼ਾਂ ਦੇ ਖੁੱਲ੍ਹੇ-ਡੁੱਲ੍ਹੇ ਰਿਹਾਇਸ਼ੀ ਅਸਟੇਟਾਂ ਦੀ ਝੌਂਪੜੀਆਂ ਦੀ ਵਿਵਸਥਾ ਤੇ ਇਕਸੁਰਤਾ ਨਾਲ ਤੁਲਨਾ ਕੀਤੀ ਹੈ। ਧਾਰਾਵੀ ਦੇ ਲੋਕ ਆਪਣਾ ਸਾਰਾ ਕੂੜਾ-ਕਰਕਟ ਘਰਾਂ 'ਚ ਹੀ ਵੱਖਰਾ ਕਰ ਲੈਂਦੇ ਅਤੇ ਫਿਰ ਇਸ ਨੂੰ ਮੁੜ ਵਰਤੋਂ ਦੇ ਯੋਗ ਬਣਾਉਂਦੇ ਹਨ। ਉਨ੍ਹਾਂ ਲਿਖਿਆ, ''ਇਹ ਕੰਮ ਸੁਰੱਖਿਅਤ ਹਾਲਤਾਂ ਵਿਚ ਨਹੀਂ ਕੀਤਾ ਜਾਂਦਾ ਅਤੇ ਇਸ ਨੂੰ ਕਰਨ ਵਾਲਿਆਂ ਦੀ ਤਾਦਾਦ ਵੀ ਜ਼ਿਆਦਾ ਨਹੀਂ ਪਰ ਮੇਰਾ ਨੁਕਤਾ ਇਹ ਨਹੀਂ ਹੈ।'' ਅਸਲ ਵਿਚ ਧਾਰਾਵੀ ਇਕ ਸਮੁਦਾਇਕ ਪੂੰਜੀ ਬਣ ਗਈ ਹੈ। ਇਸ ਦਾ ਆਪਣਾ ਵਿੱਤੀ ਖੇਤਰ ਹੈ ਅਤੇ ਸਮੁਦਾਇਕ ਬੈਂਕਿੰਗ ਸੇਵਾ ਹੈ।

## ਕੈਨੇਡਾ 'ਚ ਸਿੱਖ ਇਤਿਹਾਸ ਬਾਰੇ ਮਿਊਜ਼ੀਅਮ ਸਥਾਪਤ

**ਅੰਮ੍ਰਿਤਸਰ :** ਭਾਰਤ ਤੋਂ ਬਾਅਦ ਹੁਣ ਕੈਨੇਡਾ ਦੀ ਧਰਤੀ 'ਤੇ ਸਿੱਖ ਧਰਮ ਤੇ ਇਤਿਹਾਸ, ਗੁਰੂ ਸਾਹਿਬਾਨ, ਸਿੱਖ ਜਰਨੈਲਾਂ ਅਤੇ ਗੁਰਧਾਮਾਂ ਬਾਰੇ ਜਾਣਕਾਰੀ ਦੇਣ ਲਈ ਮਲਟੀਮੀਡੀਆ ਮਿਊਜ਼ੀਅਮ ਸਥਾਪਤ ਕੀਤਾ ਗਿਆ ਹੈ। ਇਸਦਾ ਉਦਘਾਟਨ ਬੀਤੀ 10 ਅਕਤੂਬਰ ਨੂੰ ਖਡੂਰ ਸਾਹਿਬ ਤੋਂ ਬਾਬਾ ਸੇਵਾ ਸਿੰਘ ਕਾਰ ਸੇਵਾ ਵਾਲਿਆਂ ਨੇ ਕੀਤਾ। ਕਰੀਬ ਦੋ ਲੱਖ ਡਾਲਰ ਦੀ ਲਾਗਤ ਨਾਲ ਤਿਆਰ ਇਹ ਮਲਟੀਮੀਡੀਆ ਮਿਊਜ਼ੀਅਮ ਕੈਨੇਡਾ ਦੇ ਮਿਸੀਸਾਗਾ ਸ਼ਹਿਰ ਦੇ ਡਿਕਸੀ ਰੋਡ ਸਥਿਤ ਗੁਰਦੁਆਰਾ ਓਂਟਾਰੀਓ ਖਾਲਸਾ ਦਰਬਾਰ ਵਿਚ ਸਥਾਪਤ ਕੀਤਾ ਗਿਆ ਹੈ। ਇਹ ਆਧੁਨਿਕ ਮਿਊਜ਼ੀਅਮ ਡਾ. ਰਘਬੀਰ ਸਿੰਘ ਬੈਂਸ ਵਲੋਂ ਤਿਆਰ ਕੀਤਾ ਗਿਆ ਹੈ।

ਕੈਨੇਡਾ ਤੋਂ ਗੱਲਬਾਤ ਕਰਦਿਆਂ ਡਾ: ਰਘਬੀਰ ਸਿੰਘ ਬੈਂਸ ਨੇ ਦੱਸਿਆ ਕਿ ਭਾਰਤ ਤੋਂ ਬਾਅਦ ਵਿਦੇਸ਼ੀ ਧਰਤੀ 'ਤੇ ਇਹ ਪਹਿਲਾ ਮਲਟੀਮੀਡੀਆ ਸਿੱਖ ਮਿਊਜ਼ੀਅਮ ਹੈ, ਜਿਸਦਾ 10 ਅਕਤੂਬਰ ਨੂੰ ਬਾਬਾ ਸੇਵਾ ਸਿੰਘ ਵਲੋਂ ਉਦਘਾਟਨ ਕੀਤਾ ਗਿਆ। ਇਸ ਆਧੁਨਿਕ ਮਿਊਜ਼ੀਅਮ ਵਿਚ ਕੁਲ 400 ਘੰਟੇ ਦਾ ਪ੍ਰੋਗਰਾਮ ਹੈ, ਜਿਸ ਵਿਚ 1500 ਸਿੱਖ ਧਰਮ ਨਾਲ ਸੰਬੰਧਤ ਤਸਵੀਰਾਂ ਤੇ ਚਿੱਤਰਕਲਾ, ਦਸ ਗੁਰੂ ਸਾਹਿਬਾਨ ਦਾ ਜੀਵਨ ਬਿਊਰਾ, 60 ਹਜ਼ਾਰ ਸਫਿਆਂ ਦੀ ਪੜ੍ਹਨ ਸਮੱਗਰੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਬਾਰੇ 50 ਘੰਟਿਆਂ ਦਾ ਆਡੀਓ ਪ੍ਰੋਗਰਾਮ ਸ਼ਾਮਲ ਹੈ। 16 ਸੌ ਵਰਗ ਫੁੱਟ ਦੇ ਹਾਲ ਵਿਚ ਸਥਾਪਤ ਕੀਤੇ ਗਏ ਇਸ ਮਲਟੀਮੀਡੀਆ ਮਿਊਜ਼ੀਅਮ ਵਿਚ ਸਿੱਖ ਧਰਮ ਨਾਲ ਸੰਬੰਧਿਤ 15 ਤਸਵੀਰਾਂ ਹਨ। ਤਸਵੀਰਾਂ ਦੇ ਹੇਠਾਂ ਪੰਜਾਬੀ, ਅੰਗਰੇਜ਼ੀ ਅਤੇ ਫਰੈਂਚ ਭਾਸ਼ਾ ਵਿਚ ਵੇਰਵਾ ਦੱਸਿਆ ਹੋਇਆ ਹੈ। ਤਸਵੀਰਾਂ ਦੇ ਨਾਲ ਹੀ ਇਕ ਬਟਨ ਸਥਾਪਤ ਹੈ, ਜਿਸ ਨੂੰ ਦਬਾਉਣ ਨਾਲ ਆਵਾਜ਼ ਦੇ ਰੂਪ ਵਿਚ ਤਸਵੀਰਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਹਾਲ ਵਿਚ ਚਾਰ ਟੱਚ ਸਕਰੀਨਾਂ ਸਥਾਪਤ ਕੀਤੀਆਂ ਗਈਆਂ ਹਨ, ਜਿਨ੍ਹਾਂ ਤੋਂ ਸਿਖ ਧਰਮ ਅਤੇ ਇਤਿਹਾਸ ਬਾਰੇ ਸਮੁੱਚੀ ਜਾਣਕਾਰੀ ਮਿਲੇਗੀ ਅਤੇ ਇਸੇ ਤਰ੍ਹਾਂ ਪੰਜ ਵੱਡੀਆਂ ਟੀ.ਵੀ. ਸਕਰੀਨਾਂ ਲਾਈਆਂ ਗਈਆਂ ਹਨ। ਆਡੀਟੋਰੀਅਮ ਵਿਚ ਵੱਡੀ ਸਕਰੀਨ ਲਾਈ ਗਈ ਹੈ, ਜਿਸ 'ਤੇ ਉਥੋਂ ਦੇ ਲੋਕਾਂ ਨੂੰ ਸਿੱਖ ਧਰਮ ਬਾਰੇ ਮੰਗੀ ਗਈ ਹਰ ਤਰ੍ਹਾਂ ਦੀ ਜਾਣਕਾਰੀ ਆਡੀਓ ਵੀਡੀਓ ਦੇ ਰੂਪ ਵਿਚ ਦਿਖਾਈ ਜਾਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਮੁੱਚੀ ਬਾਣੀ ਨੂੰ 50 ਘੰਟਿਆਂ ਦੇ ਆਡਿਓ ਵੀਡੀਓ ਪ੍ਰੋਗਰਾਮ ਵਿਚ ਦਰਸਾਇਆ ਗਿਆ ਹੈ। ਜਿਸ ਦਾ ਬਟਨ ਇਕ ਵਾਰ ਦੱਬਣ ਨਾਲ ਹਰ ਸਫਾ ਆਪਣੇ-ਆਪ ਬਦਲਦਾ ਜਾਵੇਗਾ ਅਤੇ ਗੁਰਬਾਣੀ ਆਵਾਜ਼ ਦੇ ਰੂਪ ਵਿਚ ਸੁਣਾਈ ਦੇਵੇਗੀ।

ਜ਼ਿਕਰਯੋਗ ਹੈ ਕਿ ਡਾ. ਬੈਂਸ ਵਲੋਂ ਪਹਿਲਾਂ ਅਜਿਹੇ ਦੋ ਆਧੁਨਿਕ ਮਿਊਜ਼ੀਅਮ ਪੰਜਾਬ ਵਿਚ ਖਡੂਰ ਸਾਹਿਬ ਵਿਖੇ ਅਤੇ ਜਲੰਧਰ ਸਥਿਤ ਮਾਡਲ ਟਾਊਨ ਵਿਖੇ ਗੁਰਦੁਆਰਾ ਸਿੰਘ ਸਭਾ ਦੀ ਇਮਾਰਤ ਵਿਚ ਤਿਆਰ ਕੀਤੇ ਗਏ ਹਨ।

## ਡਾ. ਐਡਵਰਡ ਨੂੰ ਨੋਬਲ ਮਾਣ ਦੀ ਗੱਲ-ਡਾ. ਵਿਰਕ

**ਜਲੰਧਰ :** ਇਥੋਂ ਦੇ ਵਿਰਕ ਹਸਪਤਾਲ ਦੇ ਪ੍ਰਸਿਧ ਐਮਬ੍ਰਾਲੋਜਿਸਟ ਡਾ. ਐਸ.ਪੀ.ਐਸ. ਵਿਰਕ ਨੇ ਬੀਤੇ ਦਿਨੀਂ ਬਰਤਾਨਵੀ ਪ੍ਰੋਫੈਸਰ ਡਾ. ਰੌਬਰਟ ਐਡਵਰਡ ਨੂੰ ਨੋਬਲ ਪੁਰਸਕਾਰ ਮਿਲਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਅਤੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਡਾ. ਐਡਵਰਡ ਦਾ ਬਿਔਲਾਦਪਨ ਦੇ ਇਲਾਜ ਵਿਚ ਅਹਿਮ ਯੋਗਦਾਨ ਹੈ।

ਡਾ. ਵਿਰਕ ਨੇ ਦੱਸਿਆ ਕਿ ਟੈਸਟ ਟਿਊਬ ਬੇਬੀ ਤਕਨੀਕ ਦੇ ਪਿਤਾਮਾ ਮੰਨੇ ਜਾਂਦੇ ਡਾ. ਐਡਵਰਡ ਨੂੰ ਉਨ੍ਹਾਂ ਦੀਆਂ ਬੇਮਿਸਾਲ ਉਪਚਾਰ ਸੇਵਾਵਾਂ ਲਈ ਨੋਬਲ ਪੁਰਸਕਾਰ ਦੇ ਕੇ ਸਨਮਾਨਿਤ ਕੀਤੇ ਜਾਣਾ ਮਾਣ ਦੀ ਗੱਲ ਹੈ। ਉਨ੍ਹਾਂ ਕਿਹਾ ਕਿ 2006 ਵਿਚ ਸਿਆਟਲ ਵਿਖੇ ਹੋਈ ਏ.ਐਸ.ਆਰ.ਐਮ. ਕਾਨਫਰੰਸ ਦੌਰਾਨ ਉਨ੍ਹਾਂ ਨੂੰ ਡਾ. ਐਡਵਰਡ ਨਾਲ ਮੁਲਾਕਾਤ ਦਾ ਸੁਨਹਿਰੀ ਮੌਕਾ ਹਾਸਿਲ ਹੋਇਆ ਸੀ।

## ਭਾਰਤ ਬਣੇਗਾ ਸੁਰੱਖਿਆ ਕੌਂਸਲ ਦਾ ਅਸਥਾਈ ਮੈਂਬਰ

**ਨਵੀਂ ਦਿੱਲੀ :** 19 ਸਾਲ ਬਾਅਦ ਭਾਰਤ ਨੂੰ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ 'ਚ ਅਸਥਾਈ ਸੀਟ ਮਿਲਣ ਦੀ ਸੰਭਾਵਨਾ ਬਣ ਰਹੀ ਹੈ। ਕਜ਼ਾਕਿਸਤਾਨ ਵਲੋਂ ਆਪਣੀ ਦਾਅਵੇਦਾਰੀ ਵਾਪਸ ਲੈਣ ਮਗਰੋਂ ਭਾਰਤ ਤੋਂ ਇਲਾਵਾ ਏਸ਼ੀਆ ਖੇਤਰ 'ਚੋਂ 'ਚ ਹੁਣ ਅਸਥਾਈ ਸੀਟ ਲਈ ਕੋਈ ਉਮੀਦਵਾਰ ਨਹੀਂ ਹੈ ਤੇ ਇਸ ਹਾਲਤ 'ਚ ਭਾਰਤ ਦਾ ਦਾਅ ਲੱਗਣਾ ਯਕੀਨੀ ਹੈ।

ਏਸ਼ੀਆ, ਅਫ਼ਰੀਕਾ ਤੇ ਲਾਤੀਨੀ ਅਮਰੀਕਾ ਵਲੋਂ ਜਿੱਥੇ ਮੈਦਾਨ 'ਚ ਸਿਰਫ਼ ਇਕ-ਇਕ ਉਮੀਦਵਾਰ ਹਨ, ਉਥੇ ਪੱਛਮੀ ਯੂਰਪ ਤੇ ਹੋਰਨਾਂ ਖੇਤਰਾਂ ਦੀਆਂ ਦੋ ਸੀਟਾਂ ਲਈ ਜਰਮਨੀ, ਪੁਰਤਗਾਲ ਤੇ ਕੈਨੇਡਾ ਆਪਣੀ ਕਿਸਮਤ ਅਜ਼ਮਾ ਰਹੇ ਹਨ।

ਅਫ਼ਰੀਕਾ ਦੀ ਸੀਟ ਤੋਂ ਦੱਖਣੀ ਅਫ਼ਰੀਕਾ ਤੇ ਲਾਤੀਨੀ ਅਮਰੀਕਾ ਤੋਂ ਬਰਾਜ਼ੀਲ ਦਾ ਚੁਣਿਆ ਜਾਣਾ ਤੈਅ ਹੈ। ਇਹ ਪਹਿਲੀ ਵਾਰ ਹੈ ਕਿ ਭਾਰਤ, ਬਰਾਜ਼ੀਲ ਤੇ ਦੱਖਣੀ ਅਫ਼ਰੀਕਾ ਵਰਗੇ ਵਿਕਾਸਸ਼ੀਲ ਦੇਸ਼ ਸੁਰੱਖਿਆ ਕੌਂਸਲ 'ਚ ਇਕੱਠੇ ਦਾਖਲ ਹੋ ਰਹੇ ਹਨ। ਇਸ ਤੋਂ ਪਹਿਲਾਂ ਭਾਰਤ 1992 ਵਿਚ ਸੁਰੱਖਿਆ ਕੌਂਸਲ ਦਾ ਮੈਂਬਰ ਸੀ।

ਜ਼ਿਕਰਯੋਗ ਹੈ ਕਿ ਅਮਰੀਕਾ, ਫਰਾਂਸ, ਬਰਤਾਨੀਆ, ਚੀਨ ਤੇ ਰੂਸ ਸੁਰੱਖਿਆ ਕੌਂਸਲ ਦੇ ਸਥਾਈ ਮੈਂਬਰ ਹਨ ਅਤੇ ਇਨ੍ਹਾਂ ਕੋਲ ਕੌਂਸਲ ਦੇ ਕਿਸੇ ਵੀ ਫ਼ੈਸਲੇ ਖ਼ਿਲਾਫ਼ ਵੀਟੋ ਕਰਨ ਦਾ ਅਧਿਕਾਰ ਹੈ। ਅਸਥਾਈ ਮੈਂਬਰ ਵਜੋਂ ਚੁਣੇ ਜਾਣ ਵਾਲੇ ਦੇਸ਼ ਆਸਟਰੇਲੀਆ, ਜਪਾਨ, ਮੈਕਸੀਕੋ, ਤੁਰਕੀ ਤੇ ਯੁਗਾਂਡਾ ਦੀ ਥਾਂ ਲੈਣਗੇ। ਮੈਕਸੀਕੋ ਦੀ ਥਾਂ 'ਤੇ ਕੋਲੰਬੀਆ ਦਾ ਆਉਣਾ ਤੈਅ ਮੰਨਿਆ ਜਾ ਰਿਹਾ ਹੈ।

ਇਸੇ ਦਰਮਿਆਨ ਭਾਰਤ ਸੁਰੱਖਿਆ ਕੌਂਸਲ ਦੇ ਢਾਂਚੇ 'ਚ ਹੀ ਬਦਲਾਅ ਦੇ ਯਤਨ ਵੀ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਜੇਕਰ ਪੱਛਮੀ ਯੂਰਪ ਦੇ ਖਾਤੇ 'ਚੋਂ ਜਰਮਨੀ ਚੁਣਿਆ ਜਾਂਦਾ ਹੈ ਤਾਂ ਸੁਰੱਖਿਆ ਕੌਂਸਲ ਦੇ ਸਥਾਈ ਮੈਂਬਰ ਦੀ ਇੱਛਾ ਰੱਖਣ ਵਾਲੇ ਭਾਰਤ, ਬਰਾਜ਼ੀਲ, ਜਰਮਨੀ ਤੇ ਜਪਾਨ ਸੁਰੱਖਿਆ ਕੌਂਸਲ ਦਾ ਹਿੱਸਾ ਹੋਣਗੇ ਅਤੇ ਅਜਿਹੇ 'ਚ ਸੁਰੱਖਿਆ ਕੌਂਸਲ ਦੇ ਢਾਂਚੇ 'ਚ ਬਦਲਾਅ ਕਰਨਾ ਆਸਾਨ ਹੋਵੇਗਾ।

## ਪੰਜਾਬੀ ਤੋਂ ਅਣਜਾਣ ਅਧਿਆਪਕਾਂ ਪ੍ਰਤੀ ਸਖਤੀ


**ਚੰਡੀਗੜ੍ਹ :** ਪੰਜਾਬ ਯੂਨੀਵਰਸਿਟੀ ਦੀ ਸੈਨੇਟ ਵਿਚ ਬੀਤੀ 10 ਅਕਤੂਬਰ ਨੂੰ ਉਪ-ਕੁਲਪਤੀ ਪ੍ਰੋ: ਆਰ.ਸੀ. ਸੋਬਤੀ ਨੇ ਐਲਾਨ ਕੀਤਾ ਕਿ ਖੇਤਰੀ ਕੇਂਦਰਾਂ ਵਿਚ ਪੜ੍ਹਾਉਣ ਵਾਲੇ ਅਧਿਆਪਕਾਂ ਲਈ 10ਵੀਂ ਪੱਧਰ ਤੱਕ ਦੀ ਪੰਜਾਬੀ ਪਾਸ ਕਰਨਾ ਲਾਜ਼ਮੀ ਹੋਵੇਗਾ।

ਮੈਂਬਰਾਂ ਨੇ ਮੰਗ ਕੀਤੀ ਕਿ ਪੰਜਾਬ ਯੂਨੀਵਰਸਿਟੀ ਅਤੇ ਸੰਬੰਧਤ ਕਾਲਜਾਂ, ਖਾਸ ਕਰ ਕੇ ਚੰਡੀਗੜ੍ਹ ਦੇ ਕਾਲਜਾਂ ਵਿਚ ਵੀ ਇਹ ਨਿਯਮ ਲਾਗੂ ਹੋਣੇ ਚਾਹੀਦੇ ਹਨ। ਪੂਟਾ ਦੇ ਸਾਬਕਾ ਪ੍ਰਧਾਨ ਪ੍ਰੋ. ਐਨ. ਕੇ ਓਝਾ ਨੇ ਯੂਨੀਵਰਸਿਟੀ ਵਿਚ ਵੀ ਪੰਜਾਬੀ ਲਾਜ਼ਮੀ ਕਰਨ ਦੀ ਮੰਗ ਰੱਖੀ ਜਦਕਿ ਪ੍ਰੋ. ਆਰ.ਪੀ.ਐਸ. ਜੋਸ਼, ਪ੍ਰਿੰਸੀਪਲ ਤੇਜਿੰਦਰ ਕੌਰ ਆਦਿ ਨੇ ਕਾਲਜਾਂ ਵਿਚ ਪੰਜਾਬੀ ਲਾਗੂ ਕਰਨ ਦੀ ਮੰਗ ਕੀਤੀ।

ਇਕ ਹੋਰ ਮੈਂਬਰ ਪ੍ਰੋ. ਕੁਲਦੀਪ ਸਿੰਘ ਨੇ ਦੱਸਿਆ ਕਿ ਯੂਨੀਵਰਸਿਟੀ ਦੇ ਮੁਕਤਸਰ ਕੇਂਦਰ ਵਿਚ ਤਿੰਨ ਅਧਿਆਪਕ ਅਜਿਹੇ ਹਨ ਜੋ ਪੰਜਾਬੀ ਨਹੀਂ ਜਾਣਦੇ। ਪ੍ਰੋ. ਭੁਪਿੰਦਰ ਤਿਵਾਰੀ ਨੇ ਇਸ ਨੂੰ ਗੰਭੀਰ ਵਿਸ਼ਾ ਦੱਸਿਆ।

ਪ੍ਰਭਜੀਤ ਸਿੰਘ ਨੇ ਮੰਗ ਰੱਖੀ ਕਿ ਜਦੋਂ ਤੱਕ ਅਧਿਆਪਕ ਪੰਜਾਬੀ ਪਾਸ ਨਹੀਂ ਕਰ ਲੈਂਦੇ, ਉਨ੍ਹਾਂ ਤੋਂ ਪੇਪਰ ਚੈਕ ਨਾ ਕਰਵਾਏ ਜਾਣ ਜਦਕਿ ਡੀ.ਏ.ਵੀ. ਕਾਲਜ ਪ੍ਰਬੰਧਕੀ ਕਮੇਟੀ ਦੇ ਡਾਇਰੈਕਟਰ ਕਾਲਜ ਪ੍ਰੋ. ਐਮ.ਐਲ. ਏਰੀ ਨੇ ਕਿਹਾ ਕਿ ਕਿਸੇ 'ਤੇ ਪੰਜਾਬੀ ਠੋਸਣਾ ਗੈਰ-ਵਾਜਿਬ ਹੈ। ਮੈਂਬਰਾਂ ਦੀਆਂ ਮੰਗਾਂ ਪਿੱਛੋਂ ਉਪ ਕੁਲਪਤੀ ਨੇ ਕਿਹਾ ਕਿ ਇਸ ਬਾਰੇ ਧਿਆਨ ਰੱਖਿਆ ਜਾਵੇਗਾ।

## ਸਵਾਮੀ ਰਾਮਦੇਵ ਰਾਜਸੀ ਪਾਰਟੀ ਦੇ ਐਲਾਨ ਲਈ ਤਿਆਰ



**ਗੁਰਦਾਸਪੁਰ :** ਸਵਾਮੀ ਰਾਮਦੇਵ ਨੇ ਸਪੱਸ਼ਟ ਤੌਰ 'ਤੇ ਇਹ ਐਲਾਨ ਕਰ ਦਿੱਤਾ ਕਿ ਉਨ੍ਹਾਂ ਵਲੋਂ ਲੋਕਾਂ ਨੂੰ ਕੇਂਦਰ ਵਿਚ ਸਾਫ ਸੁਥਰੀ ਅਤੇ ਭ੍ਰਿਸ਼ਟਾਚਾਰ ਰਹਿਤ ਸਰਕਾਰ ਦੇਣ ਲਈ ਜਲਦੀ ਹੀ ਇਕ ਰਾਜਨੀਤਿਕ ਪਾਰਟੀ ਦਾ ਗਠਨ ਕੀਤਾ ਜਾ ਰਿਹਾ ਹੈ। ਇਸ ਰਾਜਨੀਤਿਕ ਪਾਰਟੀ ਦੇ ਗਠਨ ਤੋਂ ਬਾਅਦ ਦੇਸ਼ ਭਰ ਵਿਚ ਯੋਗਾ ਦੇ ਨਾਲ-ਨਾਲ ਰਾਜਨੀਤਿਕ ਸਰਗਰਮੀਆਂ ਹੋਰ ਤੇਜ਼ ਕਰਦਿਆਂ 2014 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਬਦਲਵੀਂ ਸਰਕਾਰ ਦੇਣ ਲਈ ਦੇਸ਼ ਭਰ ਵਿਚ ਨਵੀਂ ਪਾਰਟੀ ਵਲੋਂ ਉਮੀਦਵਾਰ ਖੜ੍ਹੇ ਕੀਤੇ ਜਾਣਗੇ। ਸਵਾਮੀ ਰਾਮਦੇਵ ਨੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬੀਤੀ 8 ਅਕਤੂਬਰ ਨੂੰ ਕਰਦਿਆਂ ਕਿਹਾ ਕਿ ਇਸ ਸਮੇਂ ਦੇਸ਼ ਅੰਦਰ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਭੁੱਖਮਰੀ ਸਿਖਰਾਂ 'ਤੇ ਪੁੱਜ ਚੁੱਕੀ ਹੈ। ਸਵਾਮੀ ਰਾਮਦੇਵ ਦੇਸ਼ ਭਰ ਵਿਚ ਸ਼ੁਰੂ ਕੀਤੀ ਸਵੈ-ਅਭਿਮਾਨ ਯਾਤਰਾ ਦੇ ਤਹਿਤ ਗੁਰਦਾਸਪੁਰ ਵਿਖੇ ਆਏ ਹੋਏ ਸਨ। ਸ੍ਰੀ ਰਾਮ ਦੇਵ ਨੇ ਲੋਕਾਂ ਨੂੰ ਜਾਗਰੂਕ ਕਰਨ ਲਈ 2 ਸਤੰਬਰ ਤੋਂ ਇਹ ਯਾਤਰਾ ਸ਼ੁਰੂ ਕੀਤੀ ਹੋਈ ਹੈ।

**ਬਾਬਾ ਰਾਮ ਦੇਵ ਨੂੰ ਬਚਾਇਆ ਲਾਦੇਨ ਨੇ :** ''ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਭਾਰਤੀਆਂ ਦੇ ਕਾਲੇ ਧਨ ਨੂੰ ਵਾਪਸ ਦੇਸ਼ ਲਿਆਉਣ ਦੇ ਦਿੱਤੇ ਗਏ ਸੱਦੇ 'ਤੇ ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਪਰ ਦੁਨੀਆਂ ਦੇ ਬਹੁਤ ਵੱਡੇ ਅੱਤਵਾਦੀ ਨੇ ਮੈਨੂੰ ਮਾਰਨ ਤੋਂ ਮਨ੍ਹਾਂ ਕਰ ਦਿੱਤਾ।'' ਇਹ ਸ਼ਬਦ ਬਾਬਾ ਰਾਮ ਦੇਵ ਨੇ ਬੀਤੀ 8 ਅਕਤੂਬਰ ਨੂੰ ਭਾਰਤ ਸਵਾਭੀਮਾਨ ਯਾਤਰਾ ਦੌਰਾਨ ਦੀਨਾਨਗਰ ਵਿਚ ਕਹੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਬੰਗਾਲ ਯਾਤਰਾ ਦੇ ਦੌਰਾਨ ਇਕ ਅੱਤਵਾਦੀ ਨੇ ਮੇਰੇ ਕੋਲ ਇਕ ਆਦਮੀ ਭੇਜ ਕੇ ਕਿਡਨੀ ਦੇ ਇਲਾਜ ਲਈ ਦਵਾਈ ਮੰਗੀ ਤਾਂ ਮੈਂ ਉਸ ਨੂੰ ਦਵਾਈ ਦੇਣ ਦੀ ਬਜਾਇ ਕਪਾਲਭਾਤੀ ਕਰਨ ਦਾ ਸੁਨੇਹਾ ਭੇਜਿਆ। ਹਾਲਾਂਕਿ ਉਨ੍ਹਾਂ ਨੇ ਇਸ ਅੱਤਵਾਦੀ ਦਾ ਨਾਂ ਨਹੀਂ ਲਿਆ ਪਰ ਉਨ੍ਹਾਂ ਦਾ ਇਸ਼ਾਰਾ ਓਸਾਮਾ ਬਿਨ ਲਾਦੇਨ ਵਲ ਹੋ ਸਕਦਾ ਹੈ। ਬਾਬਾ ਰਾਮ ਦੇਵ ਨੇ ਕਿਹਾ ਕਿ ਇਕ ਅੱਤਵਾਦੀ 'ਚ ਵੀ ਆਤਮਾ ਹੁੰਦੀ ਹੈ, ਜਦ ਉਹ ਆਤਮਾ ਪੁਕਾਰਦੀ ਹੈ ਤਾਂ ਉਹ ਪ੍ਰਮਾਤਮਾ ਦੀ ਆਵਾਜ਼ ਬਣ ਜਾਂਦੀ ਹੈ।

## ਵਪਾਰੀ ਤੋਂ ਲੱਖਾਂ ਲੁੱਟੇ


**ਲੁਧਿਆਣਾ :** ਸਥਾਨਕ ਢੁੱਗਰੀ ਸੜਕ ਤੋਂ ਬੀਤੀ 7 ਅਕਤੂਬਰ ਨੂੰ ਦਿਨ ਦਿਹਾੜੇ ਦੋ ਅਣਪਛਾਤੇ ਹਥਿਆਰਬੰਦ ਲੁਟੇਰੇ ਇਕ ਲੋਹਾ ਵਪਾਰੀ ਤੋਂ ਸਾਢੇ 11 ਲੱਖ ਦੀ ਨਕਦੀ ਲੁੱਟ ਕੇ ਫਰਾਰ ਹੋ ਗਏ। ਘਟਨਾ ਉਸ ਵਕਤ ਵਾਪਰੀ ਜਦੋਂ ਵਪਾਰੀ ਨਵਲ ਕਿਸ਼ੋਰ, ਦੁੱਗਰੀ ਸੜਕ ਸਥਿਤ ਯੂਨੀਅਨ ਬੈਂਕ ਤੋਂ ਨਕਦੀ ਕਢਵਾ ਕੇ ਬਾਹਰ ਨਿਕਲਿਆ। ਲੁਟੇਰਿਆਂ ਦੀ ਗਿਣਤੀ ਤਿੰਨ ਸੀ ਅਤੇ ਉਹ ਇਕ ਮੋਟਸਾਈਕਲ 'ਤੇ ਆਏ ਸਨ। ਇਨ੍ਹਾਂ ਦੀ ਉਮਰ 28 ਤੋਂ 32 ਸਾਲ ਦੇ ਵਿਚਕਾਰ ਸੀ ਤੇ ਇਹ ਪੰਜਾਬੀ ਬੋਲਦੇ ਸਨ।

# ਭਾਈ ਸੁੱਖਾ-ਜਿੰਦਾ ਦੀ ਬਰਸੀ ਸੰਬੰਧੀ ਸਮਾਗਮ ਰੋਕਿਆ

**ਅੰਮ੍ਰਿਤਸਰ:** ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਬਰਸੀ ਮੌਕੇ ਖਾਲਸਾ ਐਕਸ਼ਨ ਕਮੇਟੀ ਦੀ ਅਗਵਾਈ ਹੇਠ ਕੱਢਿਆ ਗਿਆ ਖਾਲਸਾ ਮਾਰਚ 10 ਅਕਤੂਬਰ ਨੂੰ ਉਦੋਂ ਵਿਚਾਲੇ ਹੀ ਰਹਿ ਗਿਆ ਜਦੋਂ ਪੁਲੀਸ ਨੇ ਮਾਰਚ ਕੱਢ ਰਹੇ ਕਾਰੁਕਨਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮਗਰੋਂ ਸਾਰਿਆਂ ਨੂੰ ਜਾਤੀ ਮੁਚੱਲਕੇ 'ਤੇ ਰਿਹਾਅ ਕਰ ਦਿੱਤਾ ਗਿਆ।

ਦੂਜੇ ਪਾਸੇ ਪਿੰਡ ਗਦਲੀ 'ਚ ਭਾਈ ਜਿੰਦਾ ਤੇ ਭਾਈ ਸੁੱਖਾ ਦੀ ਯਾਦ 'ਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਵੱਖ-ਵੱਖ ਆਗੂਆਂ ਨੇ ਸ਼ਰਧਾਂਜਲੀ ਦਿੱਤੀ। ਬਰਸੀ ਸਬੰਧੀ ਖਾਲਸਾ ਐਕਸ਼ਨ ਕਮੇਟੀ ਦੇ ਮੁਖੀ ਭਾਈ ਮੋਹਕਮ ਸਿੰਘ ਦੀ ਅਗਵਾਈ ਹੇਠ ਸ੍ਰੀ ਹਰਿਮੰਦਰ ਸਾਹਿਬ ਤੋਂ ਪਿੰਡ ਗਦਲੀ ਤੱਕ ਖਾਲਸਾ ਮਾਰਚ ਕੱਢਿਆ ਜਾਣਾ ਸੀ। ਇਹ ਖਾਲਸਾ ਮਾਰਚ ਸ੍ਰੀ ਹਰਿਮੰਦਰ ਸਾਹਿਬ ਤੋਂ ਰਵਾਨਾ ਹੋ ਕੇ ਜਿਵੇਂ ਹੀ ਕੋਤਵਾਲੀ ਨੇੜੇ ਪੁੱਜਾ ਤਾਂ ਪੁਲੀਸ ਨੇ ਮਾਰਚ 'ਚ ਸ਼ਾਮਲ ਸੰਗਤਾਂ ਦੁਆਲੇ ਘੇਰਾ ਪਾ ਲਿਆ ਤੇ ਉਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ ਗਿਆ। ਇਨ੍ਹਾਂ 'ਚ ਭਾਈ ਮੋਹਕਮ ਸਿੰਘ ਸਮੇਤ ਦਲ ਖਾਲਸਾ ਦੇ ਕੰਵਰਪਾਲ ਸਿੰਘ, ਸਰਬਜੀਤ ਸਿੰਘ ਘੁਮਾਣ, ਫੈਡਰੇਸ਼ਨ ਭਿੰਡਰਾਂਵਾਲਿਆਂ ਦੇ ਮੁਖੀ ਬਲਵੰਤ ਸਿੰਘ ਗੋਪਾਲਾ, ਟਕਸਾਲ ਆਗੂ ਗੁਰਨਾਮ ਸਿੰਘ ਬੰਡਾਲਾ ਤੇ ਬਲਜੀਤ ਸਿੰਘ ਰਾਗੀ ਸਮੇਤ ਹੋਰ ਸ਼ਾਮਲ ਸਨ। ਪੁਲੀਸ ਉਨ੍ਹਾਂ ਨੂੰ ਥਾਣੇ ਲੈ ਗਈ ਜਿਥੇ ਬਾਅਦ 'ਚ ਇਨ੍ਹਾਂ ਖ਼ਿਲਾਫ਼ ਪੁਲੀਸ ਕੇਸ ਦਰਜ ਕੀਤਾ ਗਿਆ। ਵਧੀਕ ਪੁਲੀਸ ਕਮਿਸ਼ਨਰ ਏ.ਐਸ. ਚਾਹਲ ਨੇ ਦੱਸਿਆ ਕਿ ਇਸ ਖੇਤਰ 'ਚ ਪ੍ਰਸ਼ਾਸਨ ਵਲੋਂ ਧਾਰਾ 144 ਲਾਈ ਹੋਈ ਹੈ ਤੇ ਅਜਿਹੇ ਇਕੱਠ ਤੇ ਜਲੂਸ ਕੱਢਣ ਦੀ ਮਨਾਹੀ ਹੈ । ਇਨ੍ਹਾਂ ਵਿਅਕਤੀਆਂ ਵਲੋਂ ਕਾਨੂੰਨ ਦੀ ਉਲੰਘਣਾ ਕੀਤੀ ਗਈ ਹੈ ਜਿਸ ਕਰਕੇ 17 ਵਿਅਕਤੀਆਂ ਨੂੰ ਧਾਰਾ 188 ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਸੇ ਦੌਰਾਨ ਭਾਈ ਮੋਹਕਮ ਸਿੰਘ ਤੇ ਸ੍ਰੀ ਕੰਵਰਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਵਲੋਂ ਕੱਢੇ ਜਾਣ ਵਾਲੇ ਖਾਲਸਾ ਮਾਰਚ ਤੇ ਇਸਦੇ ਰਾਹ ਬਾਰੇ ਪਹਿਲਾਂ ਹੀ ਪ੍ਰਸ਼ਾਸਨ ਨੂੰ ਜਾਣਕਾਰੀ ਦਿੱਤੀ ਗਈ ਸੀ। ਖਾਲਸਾ ਮਾਰਚ ਦੌਰਾਨ ਸਮੂਹ ਕਾਰਕੁਨ ਸਤਿਨਾਮ-ਵਾਹਿਗੁਰੂ ਦਾ ਜਾਪ ਕਰਦੇ ਹੋਏ ਜਾ ਰਹੇ ਸਨ ਕਿ ਪੁਲੀਸ ਵਲੋਂ ਇਹ ਨਾਦਰਸ਼ਾਹੀ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਵਲੋਂ ਭਾਜਪਾ ਦੇ ਦਬਾਅ ਹੇਠ ਅਜਿਹੀ ਕਾਰਵਾਈ ਕੀਤੀ ਗਈ ਹੈ। ਦੂਜੇ ਪਾਸੇ ਪਿੰਡ ਗਦਲੀ ਵਿਚ ਭਾਈ ਜਿੰਦਾ ਤੇ ਭਾਈ ਸੁੱਖਾ ਦੀ ਯਾਦ ਵਿਚ ਕਰਵਾਇਆ ਗਿਆ ਸ਼ਰਧਾਂਜਲੀ ਸਮਾਰੋਹ ਨਿਰਵਿਘਨ ਸਮਾਪਤ



ਹੋਇਆ। ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਗੁਰਬਾਣੀ ਦਾ ਕੀਰਤਨ ਕੀਤਾ ਗਿਆ।

ਇਸ ਮੌਕੇ ਸ਼ਰਧਾਂਜਲੀ ਦੇਣ ਵਾਲਿਆਂ 'ਚ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂ ਬਲਦੇਵ ਸਿੰਘ ਸਰਸਾ ਤੇ ਸ੍ਰੀ ਦਯਾ ਸਿੰਘ ਕੱਕੜ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਭਾਈ ਰਾਮ ਸਿੰਘ, ਫੈਡਰੇਸ਼ਨ ਪੀਰ ਮੁਹੰਮਦ ਦੇ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ, ਸੰਤ ਬਲਜੀਤ ਸਿੰਘ ਦਾਦੂਵਾਲ, ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਮੁਖੀ ਜਸਟਿਸ ਅਜੀਤ ਸਿੰਘ ਬੈਂਸ (ਸੇਵਾ ਮੁਕਤ), ਦਲ ਖਾਲਸਾ ਤੇ ਡਾਕਟਰ ਦਲਜੀਤ ਸਿੰਘ, ਸ੍ਰੀ ਬਲਵਿੰਦਰ ਸਿੰਘ ਝਬਾਲ, ਸ੍ਰੀ ਨੱਥਾ ਸਿੰਘ, ਸ੍ਰੀ ਕਰਮਜੀਤ ਸਿੰਘ ਸੁਨਾਮ ਤੇ ਹੋਰ ਪਤਵੰਤੇ ਹਾਜ਼ਰ ਸਨ। ਭਾਈ ਜਿੰਦਾ ਦੀ ਮਾਤਾ ਬੀਬੀ ਗੁਰਨਾਮ ਕੌਰ, ਭਰਾ ਨਿਰਭੈਲ ਸਿੰਘ ਤੇ ਭੁਪਿੰਦਰ ਸਿੰਘ ਵਲੋਂ ਆਏ ਪਤਵੰਤਿਆਂ ਨੂੰ ਸਿਰੋਪਾਓ ਦਿੱਤੇ ਗਏ।

## ਭਾਈ ਜਿੰਦੇ-ਸੁੱਖੇ ਦੀ ਸ਼ਹੀਦੀ ਮਨਾ ਰਹੇ ਆਗੂਆਂ ਦੀ ਗ੍ਰਿਫਤਾਰੀ ਦੀ ਨਿਖੇਧੀ

**ਨਿਊ ਯਾਰਕ:** 1984 ਦੇ ਅਪਰੇਸ਼ਨ ਬਲਿਊ ਸਟਾਰ ਸਮੇਂ ਫੌਜ ਦੇ ਕਮਾਂਡਰ ਜਨਰਲ ਵੈਦਿਆ ਦਾ ਕਤਲ ਕਰਨ ਵਾਲੇ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦਾ ਸ਼ਹੀਦੀ ਦਿਹਾੜਾ ਮਨਾਉਣ ਵਾਲੇ ਸਿੱਖਾਂ ਨੂੰ ਪੰਜਾਬ ਸਰਕਾਰ ਵਲੋਂ ਗ੍ਰਿਫਤਾਰ ਕੀਤੇ ਜਾਣ ਦਾ ਅਮੈਰੀਕਨ ਸਿੱਖ ਆਰਗੇਨਾਈਜੇਸ਼ਨ (ਏ ਐਸ ਓ) ਨੇ ਸਖਤ ਵਿਰੋਧ ਕੀਤਾ ਹੈ। ਇਥੇ ਜਾਰੀ ਇਕ ਬਿਆਨ ਵਿਚ ਸੰਸਥਾ ਨੇ ਕਿਹਾ ਹੈ ਕਿ ਉਹ ਇਨੇ ਪ੍ਰਭਾਵੀ-ਗੁਣਾਂ ਦੇ ਮਾਲਕ ਸਨ ਕਿ ਉਨ੍ਹਾਂ ਦੀ ਸ਼ਖਸੀਅਤ ਅਤੇ ਵਿਲੱਖਣਤਾ ਤੋਂ ਪ੍ਰਭਾਵਤ ਹੋ ਕੇ ਉਸ ਸਮੇਂ ਦੇ ਪੁਲਿਸ ਮੁੱਖੀ ਵੇਦ ਮਰਵਾਹਾ ਨੂੰ ਵੀ ਇਹ ਕਹਿਣਾ ਪਿਆ ਸੀ ਕਿ ਇਹ ਕੋਈ ਸਾਧਾਰਨ ਵਿਅਕਤੀ ਨਹੀਂ ਸਨ ਪਰ ਇਹ ਕਿਹੜੀ ਪੰਥਕ ਸਰਕਾਰ ਹੈ ਜਿਸਦੇ ਕਾਰਜਕਾਲ ਦੌਰਾਨ ਕੌਮ ਲਈ ਜਾਨਾਂ ਵਾਰ ਗਏ ਇਨ੍ਹਾਂ ਮਹਾਨ ਯੋਧਿਆਂ ਦੇ ਸ਼ਹੀਦੀ ਦਿਹਾੜੇ ਮਨਾਉਣ ਵਾਲਿਆਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ।

ਜਥੇਬੰਦੀ ਨੇ ਕਿਹਾ ਹੈ ਕਿ ਇਹ ਪੰਥਕ ਆਗੂ ਅਕਾਲ ਤਖਤ ਸਾਹਿਬ ਤੋਂ ਅਰਦਾਸ ਕਰਕੇ ਕਾਫਲੇ ਦੇ ਰੂਪ ਵਿਚ ਭਾਈ ਜਿੰਦੇ ਦੇ ਪਿੰਡ ਗਦਲੀ ਨੂੰ ਬਰਸੀ ਮਨਾਉਣ ਜਾ ਰਹੇ ਸਨ ਕਿ ਰਸਤੇ ਵਿਚ ਗ੍ਰਿਫਤਾਰ ਕਰ ਲਿਆ ਗਿਆ। ਪੰਜਾਬ ਸਰਕਾਰ ਦੀ ਸਖਤ ਆਲੋਚਨਾ ਕਰਦਿਆਂ ਜਥੇਬੰਦੀ ਵਲੋਂ ਜਾਰੀ ਬਿਆਨ ਵਿਚ ਆਖਿਆ ਗਿਆ ਹੈ ਕਿ ਇਸ ਤੋਂ ਪਹਿਲਾਂ ਵੀ ਇਸ ਪੰਥਕ ਸਰਕਾਰ ਨੇ ਨਿਰੋਲ ਗੁਰਮਤਿ ਦਾ ਪ੍ਰਚਾਰ ਕਰਨ ਵਾਲੇ ਗੁਰਸਿੱਖਾਂ ਤੇ ਝੂਠੇ ਕੇਸ ਪਾ ਕੇ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੈ। ਪ੍ਰੈਸ ਅਤੇ ਇਨ੍ਹਾਂ ਵਿਰੁੱਧ ਬੋਲਣ ਵਾਲਿਆਂ ਦੀ ਆਜਾਦੀ ਖੋਹਣ ਲਈ ਇਸ ਅਖੌਤੀ ਪੰਥਕ ਸਰਕਾਰ ਵਲੋਂ ਧਾਰਾ 295-ਏ ਅਤੇ 153-ਏ ਵਿਚ ਸੋਧਾਂ ਕਰਕੇ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਜਾ ਰਿਹਾ ਹੈ।

## ਨਸਲੀ ਈ-ਮੇਲ ਭੇਜਣ ਵਾਲੇ 4 ਪੁਲਸੀਏ ਕੱਢੇ

**ਮੈਲਬਰਨ:** ਨਸਲੀ ਈ-ਮੇਲ ਕਰਨ ਦੇ ਦੋਸ਼ ਵਿਚ ਆਸਟਰੇਲੀਅਨ ਪੁਲਿਸ ਦੇ ਚਾਰ ਅਧਿਕਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ ਅਤੇ ਬਾਕੀ 15 ਵਿਰੁਧ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਰਹੀ ਹੈ। ਭਾਰਤ ਵਿਚ ਕਿਸੇ ਨਾਗਰਿਕ ਦੇ ਰੇਲ ਉਪਰ ਬੈਠ ਕੇ ਸਫਰ ਕਰਨ ਦੌਰਾਨ ਕਰੰਟ ਲੱਗਣ ਨਾਲ ਹੋਈ ਹੋਈ ਮੌਤ 'ਤੇ ਈ-ਮੇਲ ਰਾਹੀਂ ਲਤੀਫ਼ੇ ਕੱਸਣ ਅਤੇ ਇਸ ਰਾਹੀਂ ਇਹ ਦੱਸਣ ਕਿ ਆਸਟਰੇਲੀਆ ਵਿਚ ਭਾਰਤੀ ਵਿਦਿਆਰਥੀਆਂ ਦੀ ਸਮੱਸਿਆ ਦਾ ਵੀ ਇਹ ਹੀ ਹੱਲ ਹੈ, ਦੇ ਦੋਸ਼ ਵਿਚ ਚਾਰ ਪੁਲਿਸ ਅਧਿਕਾਰੀਆਂ ਨੂੰ ਕੱਢ ਦਿੱਤਾ ਗਿਆ ਹੈ। ਇਕ ਦਾ ਰੈਂਕ ਖੋਹ ਲਿਆ ਹੈ ਅਤੇ ਪੰਜ ਨੂੰ 3000 ਡਾਲਰ ਤੱਕ ਜੁਰਮਾਨੇ ਅਤੇ 12 ਮਹੀਨੇ ਚੰਗੇ ਆਚਰਣ ਦੀ ਸ਼ਰਤ ਲਾਈ ਗਈ ਹੈ।

'ਹੈਰਾਲਡ ਸਨ' ਦੀ ਰਿਪੋਰਟ ਅਨੁਸਾਰ ਦੋ ਪੁਲਿਸ ਅਧਿਕਾਰੀ ਸਖ਼ਿਤੀ ਦਾ ਸਾਹਮਣਾ ਕਰਨ ਦੀ ਥਾਂ ਨੌਕਰੀ ਤੋਂ ਹੀ ਅਸਤੀਫ਼ਾ ਦੇ ਗਏ। ਆਸਟਰੇਲੀਆ ਦੇ 'ਐਥੀਕਲ ਸਟੈਂਡਰਡ ਡਿਪਾਰਟਮੈਂਟ' ਵਲੋਂ ਕੀਤੀ ਕਾਰਵਾਈ ਵਿਚ ਇਸ ਈ-ਮੇਲ ਦੀ ਪੁਸ਼ਟੀ ਹੋਈ ਹੈ। ਵਿਕਟੋਰੀਆ ਪੁਲਿਸ ਦੇ ਅਧਿਕਾਰੀਆਂ ਨੇ ਪੁਲਿਸ ਦੇ ਕੰਪਿਊਟਰ ਰਾਹੀਂ ਇਹ ਵੀਡੀਓ ਆਪਣੇ ਸਾਥੀ ਅਧਿਕਾਰੀਆਂ ਨੂੰ ਭੇਜੀ। ਵਿਕਟੋਰੀਆ ਪੁਲੀਸ ਅਨੁਸਾਰ ਇਹ ਨਸਲੀ ਅਤੇ ਭੱਦੀਆਂ ਈ-ਮੇਲਾਂ ਭੇਜਣ ਵਾਲਿਆਂ ਵਿਰੁਧ ਇਸ ਮਹੀਨੇ ਸੁਣਵਾਈ ਸ਼ੁਰੂ ਹੋਵੇਗੀ। ਇਨ੍ਹਾਂ ਫੜੇ ਗਏ ਪੁਲੀਸ ਮੁਲਾਜ਼ਮਾਂ ਵਿਚ ਤਿੰਨ ਸੁਪਰਡੈਂਟ ਵੀ ਸ਼ਾਮਲ ਹਨ ਅਤੇ ਹੋਰ ਉਚ ਅਧਿਕਾਰੀ ਵੀ ਇਸ ਈ-ਮੇਲ ਸਕੈਂਡਲ ਵਿਚ ਫਸ ਸਕਦੇ ਹਨ। ਰਾਜ ਦੇ ਕਮਿਸ਼ਨਰ ਸਿਮੋਨ ਓਵਰਲੈਂਡ ਅਤੇ ਪ੍ਰੀਮੀਅਰ ਜੌਹਨ ਬਰੰਬੇ ਨੇ ਇਸ ਸਕੈਂਡਲ ਦੀ ਨਿੰਦਾ ਕੀਤੀ ਹੈ। ਇਸ ਤੋਂ ਪਹਿਲਾਂ ਬੀਤੀ 9 ਅਕਤੂਬਰ ਨੂੰ ਉਕਤ ਘਟਨਾ ਤੋਂ ਖਫਾ ਭਾਰਤ ਨੇ ਆਸਟਰੇਲੀਆ ਦੇ ਨਵੀਂ ਦਿੱਲੀ 'ਚ ਹਾਈ ਕਮਿਸ਼ਨਰ ਨੂੰ ਸੱਦਿਆ ਅਤੇ ਉਸ ਤੋਂ ਇਸ ਮਾਮਲੇ 'ਤੇ ਪੁੱਛ ਪੜਤਾਲ ਕੀਤੀ। ਭਾਰਤ ਨੇ ਕਿਹਾ ਹੈ ਇਹ ਵਤੀਰਾ ਬਿਲਕੁਲ ਹੈਰਾਨੀਜਨਕ ਹੈ ਅਤੇ ਇਸ ਸਬੰਧੀ ਵਿਸ਼ੇਸ਼ ਬਿਆਨ ਦੇਣ ਦੀ ਜ਼ਰੂਰਤ ਹੈ। ਸਖ਼ਿਤੀ ਨੂੰ ਸਪੱਸ਼ਟ ਕਰਦਿਆਂ ਹਾਈ ਕਮਿਸ਼ਨਰ ਪੀਟਰ ਵਰਗਿਸ ਨੇ ਕਿਹਾ ਕਿ ਅਜਿਹਾ ਹੋਣਾ ਨਹੀਂ ਚਾਹੀਦਾ। ਉਨ੍ਹਾਂ ਦੱਸਿਆ ਕਿ ਮਾਮਲੇ 'ਚ ਸ਼ਾਮਲ ਅਧਿਕਾਰੀਆਂ ਵਿਰੁਧ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਰਹੀ ਹੈ।

Mobile Auto Service
Bay Area & Central Valley
32 Years Experience
ASE Certified
Master Auto Technician
Engine Performance Specialist

Guljender Dhami
>· Brakes
>· Tune Up
>· Timing Belts
>· Water Pump
>· Check Engine Light
>· Electrical
ਵਾਧੂ ਖਰਚਾ ਕਿਉਂ ਕਰਦੇ ਹੋ?
ਵਧੀਆ ਸਰਵਿਸ
ਵਾਜਬ ਕੀਮਤ
Call For Appt.
510-284-9479 & 209-622-9051

Reliable and Experienced
Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869
*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay
We Specialize in Bankowned, Foreclosure and Short Sale Homes
ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।
We Do Loan Modification and Credit Repair to Save Your Home From Forclosure
Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ
Right Time To Buy For Investers And First Time Home Buyers
REALTY WORLD Millennium

Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill 209-815-1869

# ਗੱਭਰੂਆਂ ਨੂੰ ਵੀ ਨਿਗਲ ਗਿਆ ਇਹ ਕਰਜ਼ੇ ਦਾ ਦੈਂਤ

## ਵਿਆਹ ਤੋਂ ਮਹੀਨਿਆਂ ਮਗਰੋਂ ਵਿਧਵਾ ਹੋਈਆਂ ਮੁਟਿਆਰਾਂ

**ਬਲਜਿੰਦਰ ਕੋਟਭਾਰਾ**

ਵਿਆਹਾਂ ਦੇ ਕੇਵਲ ਕੁਝ ਦਿਨਾਂ ਜਾਂ ਮਹੀਨਿਆਂ ਮਗਰੋਂ ਹੀ ਕਰਜ਼ੇ ਦੇ ਦੈਂਤ ਨੇ ਸਜ-ਵਿਆਹੀਆਂ ਦੇ ਘਰ ਉਜਾੜ ਦਿੱਤੇ, ਸ਼ਗਨਾਂ ਦੀ ਮਹਿੰਦੀ ਦੇ ਰੰਗ ਭਾਵੇਂ ਕਾਫੀ ਦੇਰ ਮਗਰੋਂ ਫ਼ਿਕੇ ਪਏ ਪਰ ਬਿਨਾਂ ਕਸੂਰ ਤੋਂ ਸਾਰੀ ਉਮਰ ਵਿਧਵਾਪੁਣੇ ਦੇ ਸਰਾਫ਼ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਵਿਰਾਨ ਬਣਾ ਦਿੱਤਾ ਹੈ। ਦਿਲਜਾਨੀਆਂ ਨਾਲ ਗੱਲਾਂ ਵੀ ਸਾਂਝੀਆਂ ਨਹੀਂ ਕੀਤੀਆਂ ਸਨ ਕਿ ਕਰਜ਼ੇ ਦੇ ਦੈਂਤ ਨੇ ਉਨ੍ਹਾਂ ਨੂੰ ਸਲਫ਼ਾਸ ਦਾ ਆਸਰਾ ਲੈਣ ਲਈ ਮਜਬੂਰ ਕਰ ਦਿੱਤਾ, ਕਈ ਰੇਲ ਗੱਡੀਆਂ ਅੱਗੇ ਕੁੱਦ ਕੇ ਜਾਨਾਂ ਦੇ ਗਏ। ਗੱਲ ਛੇੜਨ ਦੀ ਦੇਰ ਹੈ ਕਿ ਇਨ੍ਹਾਂ ਵਿਧਵਾਵਾਂ ਦੇ ਦੁੱਖ ਪਾਕ ਭਰੇ ਫੋੜੇ ਵਾਂਗ ਫੁੱਟ ਤੁਰਦੇ ਹਨ, ਇਨ੍ਹਾਂ ਦੇ ਹਾਉਕਿਆਂ ਅਤੇ ਹੰਝੂਆਂ ਦਾ ਹਕੂਮਤਾਂ ਕੋਲ ਕੋਈ ਜਵਾਬ ਨਹੀਂ। ਬਠਿੰਡਾ ਜਿਲ੍ਹੇ ਦੇ ਪਿੰਡ ਮੌੜ੍ਹ ਚੜ੍ਹਤ ਸਿੰਘ ਵਾਲਾ ਵਿਚ ਕਰਜ਼ੇ ਦੇ ਦੈਂਤ ਨੇ ਤਿੰਨ ਦਰਜਨ ਦੇ ਕਰੀਬ ਜਾਨਾਂ ਲਈਆਂ, ਜਿਨ੍ਹਾਂ ਵਿਚ ਟੱਬਰਦਾਰ ਨੌਜਵਾਨਾਂ ਤੋਂ ਇਲਾਵਾ ਕਈ ਅਣਵਿਆਹੇ ਗੱਭਰੂ ਵੀ ਸ਼ਾਮਲ ਹਨ। ਇੱਥੇ ਹੀ ਨਹੀਂ ਤਿੰਨ ਕਿਸਾਨਾਂ ਦੇ ਘਰਾਂ ਦਾ ਅਜਿਹਾ ਦੁਖਾਂਤ ਹੈ ਕਿ ਉਨ੍ਹਾਂ ਦੇ ਇੱਕ ਜਾਂ ਦੋ ਜੀਆਂ ਨੇ ਨਹੀਂ ਸਗੋਂ ਤਿੰਨ-ਤਿੰਨ, ਚਾਰ-ਚਾਰ ਜੀਆਂ ਨੇ ਖੁਦਕੁਸ਼ੀਆਂ ਕੀਤੀਆਂ ਹਨ। ਸਥਿਤੀ ਦਾ ਦੁਖਾਂਤਕ ਪੱਖ ਇਹ ਹੈ ਕਿ ਜਿੱਥੇ ਕਿਸਾਨਾਂ ਦੀ ਜਾਨ ਲੈਣ ਦਾ ਕਾਰਨ ਸ਼ਾਹੂਕਾਰਾਂ ਦਾ ਕਰਜ਼ਾ ਬਣਿਆ ਉਥੇ ਮਜ਼ਦੂਰਾਂ ਦੀ ਜਾਨ ਧਨੀ ਕਿਸਾਨੀ ਦੇ ਕਰਜ਼ੇ ਨੇ ਲਈ। ਪੈਸੇ ਦੀ ਭੁੱਖ ਨੇ "ਜੱਟ ਲੱਗ ਕੇ ਸੀਰੀ ਦੇ ਗੱਲ ਰੋਵੇ" ਵਾਲੇ ਸੰਕਲਪ ਨੂੰ ਵੀ ਸੱਟ ਮਾਰੀ ਹੈ। ਇਨ੍ਹਾਂ ਦੁਖੀ ਪਰਿਵਾਰਾਂ ਸਿਰ ਲੱਖਾਂ ਰੁਪਏ ਦੇ ਕਰਜ਼ੇ ਅਮਰਵੇਲ ਵਾਂਗ ਵੱਧ ਰਹੇ ਹਨ, ਨੌਜਵਾਨ ਪੁੱਤਾਂ ਦੇ ਦੁੱਖ, ਜਵਾਨੀ ਵਿਚ ਰੰਡੀਆਂ ਹੋਈਆਂ ਨੌਜਵਾਨ ਨੂੰਹਾਂ, ਚੁੱਲ੍ਹਾ ਤਪਦਾ ਰੱਖਣ ਦੇ ਪਹਾੜ ਜਿੱਡੇ ਦੁੱਖਾਂ ਨੇ ਇਨ੍ਹਾਂ ਪਰਿਵਾਰਾਂ ਦੀ ਜ਼ਿੰਦਗੀ ਤਬਾਹ ਕਰ ਦਿੱਤੀ ਹੈ। ਪਰਿਵਾਰਾਂ ਦੇ ਬਚੇ ਜੀਅ ਧਾਹਾਂ ਮਾਰ ਕੇ ਪੁੱਛਦੇ ਹਨ ਕਿ ਉਨ੍ਹਾਂ ਦਾ ਕਸੂਰ ਕੀ ਹੈ?

ਦੋ ਦਹਾਕੇ ਪਹਿਲਾਂ ਸ਼ੁਰੂ ਹੋਇਆ ਖ਼ੁਦਕੁਸ਼ੀਆਂ ਦਾ ਇਹ ਸਿਲਸਿਲਾ ਜਾਰੀ ਹੈ। ਖ਼ੁਦਕੁਸ਼ੀ ਕਰਨ ਵਾਲਿਆਂ ਵਿਚ ਸੱਤ ਨੌਜਵਾਨ ਕੁਆਰੇ ਹਨ, ਜਿਨ੍ਹਾਂ ਵਿਚ 3 ਮਜ਼ਦੂਰ, 4 ਹੇਠਲੀ ਕਿਸਾਨੀ ਨਾਲ ਸਬੰਧਤ ਅਤੇ ਪੰਜ ਨਵੇਂ ਵਿਆਹੇ ਨੌਜਵਾਨ ਹਨ ਜਿਨ੍ਹਾਂ ਵਿਚ ਦੋ ਸਕੇ ਭਰਾਵਾਂ ਸਮੇਤ ਤਿੰਨ ਲੇਬਰ ਜਮਾਤ ਅਤੇ ਦੋ ਕਿਸਾਨੀ ਨਾਲ ਸਬੰਧਤ ਹਨ। ਆਤਮ ਹੱਤਿਆ ਕਰਨ ਵਾਲਿਆਂ ਵਿਚ ਤਿੰਨ ਔਰਤਾਂ ਵੀ ਹਨ-ਦੋ ਮਜ਼ਦੂਰ ਅਤੇ ਇੱਕ ਕਿਸਾਨੀ ਵਿਚੋਂ ਹੈ। ਖ਼ੁਦਕੁਸ਼ੀ ਪੀੜਤ ਪਰਿਵਾਰ ਨੂੰ ਨਾ ਮਰਨ ਵਾਲਿਆਂ ਦੀਆਂ ਤਰੀਕਾਂ ਦਾ ਪਤਾ ਹੈ ਅਤੇ ਨਾ ਹੀ ਉਨ੍ਹਾਂ ਸਿਰ ਚੜ੍ਹੇ ਕਰਜ਼ੇ ਦਾ ਸਹੀ ਪਤਾ ਹੈ। ਹਾਂ ਇਸ ਦਾ ਕਾਫੀ ਹਿਸਾਬ ਕਿਤਾਬ ਕਿਸਾਨ ਯੂਨੀਅਨ ਦੇ ਕਾਰਕੁਨਾਂ ਕੋਲ ਜਰੂਰ ਹੈ।

ਛੋਟੀ ਕਿਸਾਨੀ ਤੋਂ ਮਜ਼ਦੂਰ ਜਮਾਤ ਵਿਚ ਬਦਲ ਚੁੱਕੇ ਬਿਹਾਰਾ ਸਿੰਘ ਦੇ ਪਰਿਵਾਰ ਦੇ ਖ਼ੁਦਕੁਸ਼ੀ ਕਰ ਚੁੱਕੇ ਤਿੰਨ ਜੀਆਂ ਵਿਚੋਂ ਉਸ ਦੇ ਦੋ ਨੌਜਵਾਨ ਪੁੱਤਰ ਅਤੇ ਇੱਕ ਗੱਭਰੂ ਪੋਤਾ ਹੈ।



ਕਰਜ਼ੇ ਦਾ ਦੈਂਤ:ਆਪਣਾ ਦੁੱਖ ਸੁਣਾਉਂਦੇ ਹੋਏ ਪੀੜਤ ਪਰਿਵਾਰ:ਫੋਟੋ-ਯਾਦਵਿੰਦਰ ਯਾਦ

ਆਪਣੇ ਪੁੱਤਾਂ ਅਤੇ ਪੋਤੇ ਦੀ ਖ਼ੁਦਕੁਸ਼ੀ ਦਾ ਦੁੱਖ ਹਿਰਦੇ ਵਿਚ ਚੁੱਕੀ ਫਿਰਦੇ ਇਸ ਬਾਬੇ ਨੂੰ ਬਹੁਤ ਉਚਾ ਬੋਲਣ 'ਤੇ ਹੀ ਕੁਝ ਸੁਣਾਈ ਦਿੰਦਾ ਹੈ। ਤਿੰਨ ਏਕੜ ਜ਼ਮੀਨ ਵਿਚੋਂ ਕੁਝ ਵਿੱਕ ਚੁੱਕੀ ਹੈ ਅਤੇ ਬਾਕੀ ਗਹਿਣੇ। ਸਿਰ 'ਤੇ ਕਰਜ਼ਾ ਕਿੰਨਾ ਕੁ ਹੈ? ਪੁੱਛਣ 'ਤੇ ਉਹ ਹੰਝੂ ਪੂੰਝਦਾ ਕਹਿੰਦਾ ਹੈ ਕਿ ਇਸ ਦਾ ਹੁਣ ਕੋਈ ਹਿਸਾਬ ਕਿਤਾਬ ਨਹੀਂ ਹੈ। ਨੂੰਹ ਅਤੇ ਪੋਤੀ ਹੁਣ ਲੋਕਾਂ ਦੇ ਦਿਹਾੜੀ ਕਰਕੇ ਪੇਟ ਪਾਲਣ ਦੇ ਯਤਨਾਂ ਵਿਚ ਹਨ। ਇਸ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟਣ ਦੀ ਸ਼ੁਰੂਆਤ ਉਦੋਂ ਹੋਈ ਜਦੋਂ 50 ਹਜ਼ਾਰ ਰੁਪਏ ਦਾ ਕਰਜ਼ਾ ਨਾ ਮੁੜਨ ਕਰਕੇ ਪਹਿਲੀ ਅਪ੍ਰੈਲ 1998 ਨੂੰ ਉਸ ਦਾ 30 ਸਾਲਾਂ ਦੇ ਪੁੱਤਰ ਗੁਰਚਰਨ ਸਿੰਘ ਨੇ ਕੀਟਨਾਸ਼ਕ ਦਵਾਈ ਪੀ ਕੇ ਆਪਣੀ ਜਾਨ ਦੇ ਦਿੱਤੀ। ਕਰਜ਼ੇ ਦੀ ਇਹ ਰਕਮ ਨੇੜਲੀ ਮੌੜ ਮੰਡੀ ਦੇ ਸਾਹੂਕਾਰਾਂ ਦੀ ਸੀ। ਗੁਰਚਰਨ ਦੀ ਪਤਨੀ ਹਰਜੀਤ ਕੌਰ ਜੋ ਕਿਸੇ ਦੇ ਘਰੋਂ ਦੁਪਹਿਰ ਦੀ ਚਾਹ ਲਈ ਦੁੱਧ ਦੀ ਗੜਵੀ ਮੰਗ ਕੇ ਲਈ ਆਉਂਦੀ ਹੈ, ਰੋਂਦਿਆਂ ਦੱਸਦੀ ਹੈ ਕਿ ਉਨ੍ਹਾਂ ਨੇ ਕਰਜ਼ਾ ਲਾਹੁਣ ਖਾਤਰ ਆਪਣੀ ਤਿੰਨ ਕਨਾਲਾਂ ਜਮੀਨ ਵੀ ਵੇਚੀ ਪਰ ਪਤਾ ਨਹੀਂ ਇਹ ਕਿਹੋ ਜਿਹਾ ਭੂਤ ਹੈ ਜਿਹੜਾ ਘਟਣ ਦੀ ਬਜਾਏ ਵੱਧਦਾ ਗਿਆ। ਉਹ ਆਪਣੀ ਜ਼ਿੰਦਗੀ ਦੀ ਦੁੱਖ ਭਰੀ ਵਿਥਿਆ ਸੁਣਾਉਂਦੀ ਦੱਸਦੀ ਹੈ ਕਿ ਹੁਣ ਉਸ ਦੇ ਹਿੱਸੇ ਆਉਂਦੀ ਜ਼ਮੀਨ ਇੱਕ ਲੱਖ ਰੁਪਏ ਵਿਚ ਗਹਿਣੇ ਹੈ ਅਤੇ ਉਸ ਕੋਲ ਕੇਵਲ ਅੱਧਾ ਜਾਂ ਪੌਣਾ ਕੁ ਏਕੜ ਹੀ ਬਾਕੀ ਹੈ। ਉਸ ਨਾਲ ਉਸ ਦੀ ਨੌਜਵਾਨ ਬੇਟੀ ਵੀ ਦਿਹਾੜੀ ਕਰਨ ਜਾਂਦੀ ਹੈ। ਇਸ ਵੱਧਦੇ ਕਰਜ਼ੇ ਤੋਂ ਦੁੱਖੀ ਹੋ ਕੇ ਬਾਬੇ ਦੇ ਦੂਜੇ ਪੁੱਤ ਬਲਕੌਰ ਸਿੰਘ ਨੇ ਵੀ ਪੰਜ ਸਾਲ ਪਹਿਲਾਂ 16 ਅਗਸਤ 2005 ਨੂੰ 38 ਸਾਲ ਦੀ ਉਮਰ ਵਿਚ ਕੀਟਨਾਸ਼ਕ ਦਵਾਈ ਪੀ ਲਈ। ਉਸ ਸਮੇਂ ਬਲਕੌਰ ਸਿੰਘ ਸਿਰ ਆੜਤੀਆਂ ਦਾ ਇੱਕ ਲੱਖ ਰੁਪਏ ਅਤੇ ਬੈਂਕ ਦਾ 60 ਹਜ਼ਾਰ ਰੁਪਏ ਬਾਕੀ ਸੀ। ਇਸ ਗਰੀਬ ਪਰਿਵਾਰ ਦੀ ਜ਼ਮੀਨ ਗਹਿਣੇ ਹੁੰਦੀ ਗਈ ਅਤੇ ਕੁਝ ਵਿਕਦੀ ਗਈ। ਅਜਿਹੀ ਜ਼ਿੰਦਗੀ ਤੋਂ ਤੰਗ ਆ ਕੇ ਬਾਬੇ ਦੇ ਅਣਵਿਆਹੇ ਪੋਤੇ ਸੁਖਦੀਪ ਸਿੰਘ ਨੇ 5 ਕੁ ਮਹਿਨੇ ਪਹਿਲਾਂ ਹੀ 22 ਸਾਲ ਦੀ ਉਮਰ ਵਿਚ ਜਾਨ ਦੇ ਦਿੱਤੀ। ਵਿਧਵਾ ਹਰਜੀਤ ਕੌਰ ਬੇਨਤੀ ਕਰਦੀ ਹੈ ਕਿ ਤੁਸੀਂ ਹੀ ਸਰਕਾਰ ਕੋਲ ਗੱਲ ਪਹੁਚਾਓ ਸਾਡੀ ਕੋਈ ਸੁਣਵਾਈ ਹੋਵੇ।



ਕਿਸੇ ਦਾ ਗੋਹਾ ਕੂੜਾ ਕਰਕੇ ਆਈ 60 ਸਾਲ ਤੋਂ ਵੱਧ ਉਮਰ ਦੀ ਮਜ਼ਦੂਰ ਔਰਤ ਗੁਰਦੇਵ ਕੌਰ ਆਪਣੇ ਹਿਰਦੇ ਵਿਚ ਕੇਵਲ ਤਿੰਨ-ਤਿੰਨ ਮਹੀਨਿਆਂ ਦੀ ਵਿੱਥ 'ਤੇ ਖ਼ੁਦਕੁਸ਼ੀ ਕਰ ਚੁੱਕੇ ਆਪਣੇ ਦੋ ਪੁੱਤਾਂ ਦਾ ਦੁੱਖ ਸਮਾਈ ਬੈਠੀ ਹੈ। ਵਿਆਹ ਤੋਂ ਕੁਝ ਮਹੀਨੇ ਮਗਰੋਂ ਉਸ ਦਾ ਨੌਜਵਾਨ ਪੁੱਤਰ ਵੀਰ ਸਿੰਘ 22 ਸਾਲ ਦੀ ਉਮਰ ਵਿਚ 30 ਹਜ਼ਾਰ ਰੁਪਏ ਨਾ ਮੋੜਨ ਕਾਰਨ ਕੀਟਨਾਸ਼ਕ ਦਵਾਈ ਪੀ ਕੇ ਮਰ ਗਿਆ। ਸਾਲ ਕਿਹੜਾ ਸੀ ਇਹ ਉਸ ਦੇ ਜ਼ਹਿਨ ਵਿਚ ਨਹੀਂ ਹੈ ਕੇਵਲ ਦੇਸੀ ਤਾਰੀਕ 5 ਫ਼ੱਗਣ ਯਾਦ ਹੈ, ਕਿਸਾਨ ਆਗੂਆਂ ਮੁਤਾਬਕ 16 ਫ਼ਰਵਰੀ 1994 ਅਤੇ ਉਸ ਤੋਂ ਮਗਰੋਂ ਵੀਰ ਸਿੰਘ ਦਾ ਦੂਜਾ ਭਰਾ ਵਿਆਹ ਤੋਂ ਕੇਵਲ ਤਿੰਨ ਮਹੀਨੇ ਮਗਰੋਂ ਹੀ 40 ਹਜ਼ਾਰ ਰੁਪਏ ਕਰਜ਼ਾ ਨਾ ਮੋੜਨ ਕਰਕੇ 17 ਜੇਠ (2 ਜੂਨ 1994) ਨੂੰ ਕੀਟਨਾਸ਼ਕ ਦਵਾਈ ਪੀ ਕੇ ਆਤਮ ਹੱਤਿਆ ਕਰ ਗਿਆ। ਵਾਰ-ਵਾਰ ਖਾਮੋਸ਼ ਹੋ ਜਾਂਦੀ ਗੁਰਦੇਵ ਕੌਰ ਦੱਸਦੀ ਹੈ ਕਿ ਕਰਜ਼ੇ ਦਾ ਕੋਈ ਹਿਸਾਬ ਕਿਤਾਬ ਨਹੀਂ ਹੈ।

ਖੇਤ ਮਜ਼ਦੂਰ 20 ਸਾਲਾ ਮਨਜੀਤ ਸਿੰਘ ਦੇ ਅਜੇ ਵਿਆਹ ਦੇ ਸ਼ਗਨ ਵੀ ਪੂਰੇ ਨਹੀਂ ਸੀ ਹੋਏ ਕਿ 50 ਹਜ਼ਾਰ ਦੇ ਕਰਜ਼ੇ ਨੇ ਉਸ ਦੀ ਜਾਨ ਲੈ ਲਈ। ਉਸ ਦਾ ਪਿਤਾ ਦੇਵ ਸਿੰਘ ਦੱਸਦਾ ਹੈ ਕਿ ਇਸੇ ਸਾਲ ਹਾੜੀ ਦੇ ਦਿਨਾਂ 'ਚ ਮਨਜੀਤ ਸਿੰਘ ਨੇ ਗੱਡੀ ਹੇਠ ਆ ਕੇ ਖ਼ੁਦਕੁਸ਼ੀ ਕਰ ਲਈ, ਉਸ ਦੇ ਵਿਆਹ ਨੂੰ ਕੇਵਲ ਤਿੰਨ ਮਹੀਨੇ ਹੀ ਹੋਏ ਸਨ। ਉਸ ਦੇ ਸਹੁਰੇ ਆਪਣੀ ਬੇਟੀ ਦਾ ਸਾਮਾਨ ਚੁੱਕ ਕੇ ਲੈ ਗਏ ਹਨ। ਕੇਵਲ ਅਠਾਰਾਂ ਸਾਲ ਦੀ ਉਮਰ ਵਿਚ ਮਜ਼ਦੂਰ ਮੰਗਾ ਸਿੰਘ ਗੱਡੀ ਹੇਠ ਆ ਕੇ ਆਪਣੀ ਜਾਨ ਦੇ ਗਿਆ। ਮੰਗਾ ਕੁਆਰਾ ਸੀ ਅਤੇ ਇਸ ਪਰਿਵਾਰ ਸਿਰ ਇੱਕ ਲੱਖ ਰੁਪਏ ਦਾ ਕਰਜ਼ਾ ਸੀ। ਉਸ ਦਾ ਪਿਤਾ 65 ਸਾਲਾ ਸਰਜੀਤ ਸਿੰਘ ਦੱਸਦਾ ਹੈ ਕਿ ਇਹ ਕਰਜ਼ੇ ਦਾ ਦੈਂਤ ਕਿੱਥੋਂ ਤੱਕ ਵੱਧ ਗਿਆ ਇਸ ਦਾ ਕੋਈ ਪਤਾ ਨਹੀਂ। ਸੋਟੀ ਆਸਰੇ ਤੁਰਦੇ ਉਹ ਅਤੇ ਉਸਦੀ ਦੀ ਪਤਨੀ ਗੁਰਚਰਨ ਕੌਰ 250-250 ਰੁਪਏ ਸਰਕਾਰੀ ਪੈਨਸ਼ਨ 'ਤੇ ਜ਼ਿੰਦਗੀ ਦਾ ਰਹਿੰਦਾ ਵਕਤ ਪੂਰਾ ਕਰ ਰਹੇ ਹਨ।

ਉਜੜੇ ਘਰ ਵੱਲ ਇਸ਼ਾਰਾ ਕਰਕੇ ਰੋਂਦਿਆਂ ਬਜ਼ੁਰਗ ਬੰਤ ਸਿੰਘ ਦੇ ਬੋਲ ਹਨ, "ਹੁਣ ਟੁੱਟੀਆਂ ਬਾਹਾਂ ਗਾਤਰੇ ਨਹੀਂ ਪੈਂਦੀਆਂ, ਪੁੱਤ।" ਉਸ ਦਾ ਗੱਭਰੂ ਪੁੱਤ ਕੇਵਲ ਸਿੰਘ 22 ਸਤੰਬਰ 1993 ਨੂੰ 25 ਸਾਲ ਦੀ ਉਮਰ ਵਿਚ ਸ਼ਾਹੂਕਾਰਾਂ ਦਾ ਇੱਕ ਲੱਖ ਰੁਪਿਆ ਨਾ ਮੋੜਨ ਕਾਰਨ ਖ਼ੁਦਕੁਸ਼ੀ ਕਰ ਗਿਆ। ਉਸ ਦੇ ਦੋ ਅਪਾਹਿਜ ਬੱਚਿਆਂ ਦੀ ਗਰੀਬੀ ਕਾਰਨ ਇਲਾਜ਼ ਨਾ ਹੋਣ ਕਰਕੇ ਮੌਤ ਹੋ ਚੁੱਕੀ ਸੀ। ਇਨ੍ਹਾਂ ਦੁੱਖਾਂ ਦੇ ਨਾਲ-ਨਾਲ ਇੱਕਲ ਦਾ ਦੁੱਖ ਹੰਢਾ ਰਿਹਾ ਬੰਤਾ ਸਿੰਘ ਦੱਸਦਾ ਹੈ ਕਿ ਉਸ ਤੋਂ ਮਗਰੋਂ ਨੂੰਹ ਵੀ ਚਲੀ ਗਈ। ਹੁਣ ਲੱਖਾਂ ਰੁਪਏ ਦੇ ਕਰਜ਼ੇ ਦਾ ਬੋਝ ਹੈ, ਚੁੱਲ੍ਹਾ ਤੱਪਦਾ ਕਰਨ ਲਈ ਉਸ ਨੂੰ ਦਿਹਾੜੀ ਵੀ ਕਰਨੀ ਪੈਂਦੀ ਹੈ।

ਮਜ਼ਦੂਰ ਰੂਪ ਸਿੰਘ ਦੀ ਪੂਰੀ ਲਾਸ਼ ਵੀ ਪਰਿਵਾਰ ਨੂੰ ਨਸੀਬ ਨਾ ਹੋਈ, 8 ਜੁਲਾਈ 2002 ਨੂੰ ਇਸ ਦਾ ਰੇਲ ਗੱਡੀ ਹੇਠ ਆ ਕੇ ਵੱਢਿਆ ਸਿਰ ਕੁੱਤੇ ਚੁੱਕ ਕੇ ਲੈ ਗਏ। 45 ਸਾਲ ਦੇ ਰੂਪ ਸਿੰਘ ਦੇ ਸਿਰ 'ਤੇ ਇੱਕ ਲੱਖ ਰੁਪਏ ਦਾ ਕਰਜ਼ਾ ਸੀ, ਕੁਝ ਪੈਸੇ ਉਸ ਦੀ ਬਿਮਾਰੀ 'ਤੇ ਵੀ ਲੱਗਦੇ ਰਹੇ। ਪਰਿਵਾਰ ਦੇ 6-7 ਜੀਆਂ ਦੀ ਦਿਨ ਰਾਤ ਇੱਕ ਕਰਕੇ ਘੱਟਾ ਢੋਣ ਦੇ ਬਾਵਜੂਦ ਇਹ ਕਰਜ਼ਾ ਵਧਦਾ ਹੀ ਗਿਆ।

*(ਬਾਕੀ ਅਗਲੇ ਅੰਕ 'ਚ)*


**SUPER TRAVEL**

**847-676-9090, 773-465-5566**

*E-mail: supertravel2003@yahoo.com*

***Lowest Fares With Excellent Service***

***AMERICAN AIR, CONTINENTAL AIR***



***JET AIRWAYS DELTA, AIR INDIA, KLM, LUFTHANSA.***

***For Emergency Call anytime at 847-673-3825***

***EARLY BIRD SALE!!!!***

**India $545**
**London $250**

**ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ**

**ਜਸਪ੍ਰੀਤ ਸਿੰਘ**

**ਅਟਾਰਨੀ ਐਟ ਲਾਅ**

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

***Law Offices Of Jaspreet Singh***

*4491 W. Shaw Ave., Suite 300 B (Near Costco) Fresno, CA 93722*
***Ph: 559-271-5511***

*44790 S. Grimmer Blvd. #204 Fremont CA-94538*
***Ph:510-657-6444***
*Fax: 510-657-6443*


*2945 W. Capitol Ave, Sacramento CA-95691*
***Ph: 916-372-4448***
*Fax: 916-372-4440*

***TAJ***

***INSURANCE SERVICES***

***Local or Long Haul Trucking (48 States)**
***Personal or Commercial Lines**
***Standard or Non Satandard Market**
***Auto and Home package Available**

**To beat your rates, Visit or Call**
**Gurdawar S. Mann Or Pal Rai**
**4 Union Square, Union city, CA 94587**
**Ph:(510) 487-1000, Fax (510)740-3451**
*Note:Also Income Tax filing Available*



**Gurdawar S. Mann**

**Lic#0F34231**

# ਮਨਪ੍ਰੀਤ ਸਿੰਘ ਬਾਦਲ ਅਕਾਲੀ ਦਲ 'ਚੋਂ ਮੁਅੱਤਲ

ਸਰਕਾਰੀ ਰਿਹਾਇਸ਼ 'ਤੇ ਹੀ ਹੋਈ। ਮੀਟਿੰਗ ਵਿਚ ਸ. ਬਲਵਿੰਦਰ ਸਿੰਘ ਭੂੰਦੜ ਨੂੰ ਛੱਡ ਕੇ ਬਾਕੀ ਦੇ ਕਮੇਟੀ ਮੈਂਬਰ ਸੁਖਦੇਵ ਸਿੰਘ ਢੀਂਡਸਾ, ਗੁਰਦੇਵ ਸਿੰਘ ਬਾਦਲ ਅਤੇ ਜਥੇਦਾਰ ਤੋਤਾ ਸਿੰਘ ਹਾਜ਼ਰ ਸਨ।

ਮੀਟਿੰਗ ਤੋਂ ਬਾਅਦ ਕਮੇਟੀ ਮੈਂਬਰਾਂ ਦੀ ਮੌਜੂਦਗੀ ਵਿਚ ਜਥੇਦਾਰ ਬ੍ਰਹਮਪੁਰਾ ਨੇ ਮੀਟਿੰਗ ਦੇ ਫੈਸਲੇ ਪੱਤਰਕਾਰਾਂ ਅੱਗੇ ਪੜ੍ਹ ਕੇ ਸੁਣਾਏ। ਇਨ੍ਹਾਂ ਫੈਸਲਿਆਂ ਵਿਚ ਸਿਫਾਰਸ਼ ਕੀਤੀ ਗਈ ਸੀ ਕਿ ਮਨਪ੍ਰੀਤ ਸਿੰਘ ਬਾਦਲ ਨੂੰ ਪਾਰਟੀ ਵਿਰੋਧੀ ਸਰਗਰਮੀਆਂ ਕਾਰਨ ਪਾਰਟੀ ਵਿਚੋਂ ਫੌਰੀ ਮੁਅੱਤਲ ਕੀਤਾ ਜਾਵੇ। ਕਮੇਟੀ ਨੇ ਦੂਜਾ ਫੈਸਲਾ ਇਹ ਲਿਆ ਹੈ ਕਿ ਮਨਪ੍ਰੀਤ ਸਿੰਘ ਬਾਦਲ 20 ਅਕਤੂਬਰ ਨੂੰ ਸਵੇਰੇ 11 ਵਜੇ ਪਾਰਟੀ ਦੇ ਮੁੱਖ ਦਫਤਰ ਚੰਡੀਗੜ੍ਹ ਵਿਚ ਕਮੇਟੀ ਅੱਗੇ ਪੇਸ਼ ਹੋ ਕੇ ਸਥਿਤੀ ਸਪਸ਼ਟ ਕਰਨ। ਅਨੁਸ਼ਾਸਨੀ ਕਮੇਟੀ ਨੇ ਮਨਪ੍ਰੀਤ ਸਿੰਘ ਬਾਦਲ ਨੂੰ ਸਖਤੀ ਨਾਲ ਹਦਾਇਤ ਕੀਤੀ ਹੈ ਕਿ ਉਹ ਹੁਣ ਕਿਸੇ ਕਿਸਮ ਦੀ ਹੋਰ ਬਿਆਨਬਾਜ਼ੀ ਨਾ ਕਰਨ। ਅਜਿਹਾ ਕਰਨ ਦੀ ਸੂਰਤ ਵਿਚ ਇਹ ਸਮਝਿਆ ਜਾਵੇਗਾ ਕਿ ਉਨ੍ਹਾਂ ਨੂੰ ਪਾਰਟੀ ਅਨੁਸ਼ਾਸਨ ਦੀ ਕੋਈ ਪ੍ਰਵਾਹ ਨਹੀਂ ਹੈ। ਇਨ੍ਹਾਂ ਸਿਫਾਰਸ਼ਾਂ ਦੇ ਆਧਾਰ 'ਤੇ ਹੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਪਾਰਟੀ ਵਿਚੋਂ ਮੁਅੱਤਲ ਕਰ ਦਿੱਤਾ।

ਮੀਟਿੰਗ ਨੇ ਸਰਬਸੰਮਤੀ ਨਾਲ ਪਾਸ ਕੀਤੇ ਮਤੇ ਵਿਚ ਕਿਹਾ ਹੈ ਕਿ ਮਨਪ੍ਰੀਤ ਸਿੰਘ ਬਾਦਲ ਵਲੋਂ ਕੀਤੀ ਜਾ ਰਹੀ ਬਿਆਨਬਾਜ਼ੀ ਪਾਰਟੀ ਨੀਤੀਆਂ ਅਤੇ ਪ੍ਰੋਗਰਾਮ ਦੇ ਖਿਲਾਫ ਹੈ। ਇਹ ਕਿਹਾ ਗਿਆ ਹੈ ਕਿ ਵਿੱਤ ਮੰਤਰੀ ਵਲੋਂ ਸਾਲ 2007 ਤੋਂ ਕੀਤੀ ਜਾ ਰਹੀ ਬਿਆਨਬਾਜ਼ੀ ਨਾਲ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕਿਸੇ ਗਿਣੀ-ਮਿਥੀ ਸਾਜ਼ਿਸ਼ ਅਧੀਨ ਪਾਰਟੀ ਦਾ ਅਕਸ ਖਰਾਬ ਕੀਤਾ ਜਾ ਰਿਹਾ ਹੈ। ਇਸ ਨਾਲ ਵਿਰੋਧੀਆਂ ਨੂੰ ਫਾਇਦਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਮੇਟੀ ਨੇ ਨੋਟਿਸ ਵਿਚ ਕਿਹਾ ਹੈ ਕਿ ਇਹ ਸਮਾਂ ਪਾਰਟੀ ਲਈ ਬਹੁਤ ਅਹਿਮ ਹੈ ਅਤੇ ਇਸ ਵੇਲੇ ਵਿੱਤ ਮੰਤਰੀ ਜੋ ਬਿਆਨਬਾਜ਼ੀ ਕਰ ਰਿਹਾ ਹੈ, ਉਹ ਪਾਰਟੀ ਦਾ ਅਕਸ ਵਿਗਾੜ ਰਹੀ ਹੈ।

ਇਸ ਕਾਰਨ ਸ਼੍ਰੋਮਣੀ ਅਕਾਲੀ ਦਲ 'ਚੋਂ ਮੁਅੱਤਲ ਕੀਤੇ ਗਏ ਮਨਪ੍ਰੀਤ ਸਿੰਘ ਬਾਦਲ ਦੇ ਵਿੱਤ ਮੰਤਰੀ ਬਣੇ ਰਹਿਣ 'ਤੇ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਉਨ੍ਹਾਂ ਕੋਲ ਅਸਤੀਫ਼ਾ ਦੇਣ ਜਾਂ 20 ਅਕਤੂਬਰ ਨੂੰ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਅੱਗੇ ਪੇਸ਼ ਹੋ ਕੇ ਅਨੁਸ਼ਾਸਨਹੀਨਤਾ ਲਈ ਗਲਤੀ ਕਬੂਲ ਕਰਨ ਤੋਂ ਬਿਨਾਂ ਹੋਰ ਚਾਰਾ ਨਹੀਂ ਰਹਿ ਗਿਆ। ਅਕਾਲੀ ਸੂਤਰਾਂ ਅਨੁਸਾਰ ਬੇਸ਼ੱਕ ਤਕਨੀਕੀ ਤੌਰ 'ਤੇ ਮਨਪ੍ਰੀਤ ਸਿੰਘ ਬਾਦਲ ਅਜੇ ਵਿੱਤ ਮੰਤਰੀ ਹਨ ਪਰ ਪਾਰਟੀ 'ਚੋਂ ਮੁਅੱਤਲੀ ਨਾਲ ਉਨ੍ਹਾਂ ਦੇ ਮੰਤਰੀ ਮੰਡਲ 'ਚ ਬਣੇ ਰਹਿਣ ਦੀ ਹਾਲਤ ਕਸੂਤੀ ਹੋ ਗਈ ਹੈ। ਮੰਤਰੀ ਮੰਡਲ 'ਚ ਬਣੇ ਰਹਿਣ ਦਾ ਮਾਮਲਾ ਹੁਣ ਸਿੱਧੇ ਤੌਰ 'ਤੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਦੇ ਵਿਚਕਾਰ ਰਹਿ ਗਿਆ ਹੈ।

ਜ਼ਿਕਰਯੋਗ ਹੈ ਕਿ ਬੀਤੇ ਦਿਨ ਅਨੁਸ਼ਾਸਨੀ ਕਮੇਟੀ ਦੀ ਮੀਟਿੰਗ 'ਚ ਇਹ ਰਾਇ ਵੀ ਭਾਰੂ ਸੀ ਕਿ ਜੇ ਮਨਪ੍ਰੀਤ ਸਿੰਘ ਬਾਦਲ ਵੱਡੇ ਬਾਦਲ ਤੋਂ ਭੁੱਲ ਬਖ਼ਸ਼ਾ ਲੈਂਦੇ ਹਨ ਤਾਂ ਮਾਮਲੇ ਨੂੰ ਖ਼ਤਮ ਕੀਤਾ ਜਾਵੇ। ਪਰ ਮਨਪ੍ਰੀਤ ਸਿੰਘ ਬਾਦਲ ਵਲੋਂ ਹੋਰ ਬਿਆਨ ਜਾਰੀ ਕਰਨ ਅਤੇ ਭਾਜਪਾ ਨਾਲ ਇਸ ਮੁੱਦੇ 'ਤੇ ਤਾਲਮੇਲ ਕਰਨ ਦੀਆਂ ਘਟਨਾਵਾਂ ਨੇ ਸੁਖਾਵੇਂ ਮੋੜ ਦੀਆਂ ਸੰਭਾਵਨਾਵਾਂ ਹੀ ਖ਼ਤਮ ਕਰ ਦਿੱਤੀਆਂ। ਹੁਣ ਉਨ੍ਹਾਂ ਨੂੰ ਅਗਲੇ ਕੁਝ ਦਿਨਾਂ 'ਚ ਆਪਣੇ ਰਾਜਸੀ ਭਵਿੱਖ ਦਾ ਫ਼ੈਸਲਾ ਲੈਣਾ ਹੀ ਪੈਣਾ ਹੈ।

## ਕੈਪਟਨ ਵਲੋਂ ਮੁੱਖ ਮੰਤਰੀ ਤੇ ਵਿੱਤ ਮੰਤਰੀ ਤੋਂ ਅਸਤੀਫੇ ਦੀ ਮੰਗ

ਇਸ ਦੌਰਾਨ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ 'ਤੇ ਵਿਧਾਨ ਸਭਾ ਨੂੰ ਗੁੰਮਰਾਹ ਕਰਨ ਦੇ ਦੋਸ਼ ਲਾਏ ਹਨ। ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਤੋਂ ਅਸਤੀਫੇ ਦੀ ਵੀ ਮੰਗ ਕੀਤੀ ਹੈ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਸਦਨ ਨੂੰ ਗੁੰਮਰਾਹ ਕਰਨ ਦੇ ਦੋਸ਼ਾਂ ਤਹਿਤ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਨੂੰ ਵਿਧਾਨ ਸਭਾ ਦੀ ਮੈਂਬਰੀ ਤੋਂ ਅਯੋਗ ਕਰਾਰ ਦਿੱਤਾ ਜਾਣਾ ਚਾਹੀਦਾ ਹੈ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਿਰ ਚੜ੍ਹੇ ਕਰਜ਼ੇ ਦਾ ਮੁੱਦਾ ਬੜਾ ਗੰਭੀਰ ਹੈ ਪਰ ਸਰਕਾਰ ਵਲੋਂ ਜਿਸ ਤਰੀਕੇ ਨਾਲ ਇਸ ਬਾਰੇ ਲੜਾਈ ਲੜੀ ਜਾ ਰਹੀ ਹੈ, ਉਸ ਤੋਂ ਮੁੱਖ ਮੰਤਰੀ ਦੇ ਸਰਕਾਰ ਚਲਾਉਣ ਦੇ ਢੰਗ ਤਰੀਕਿਆਂ ਦਾ ਪਤਾ ਲਗਦਾ ਹੈ। ਉਨ੍ਹਾਂ ਕਿਹਾ, "ਮੈਂ ਮਨਪ੍ਰੀਤ ਦਾ ਪੱਖ ਨਹੀਂ ਲੈ ਰਿਹਾ, ਪਰ ਸਰਕਾਰ ਨੇ ਆਪਣੇ ਹੀ ਵਿੱਤ ਮੰਤਰੀ ਨੂੰ ਨੀਵਾਂ ਦਿਖਾਉਣ ਲਈ ਜਿਸ ਤਰ੍ਹਾਂ ਦੇ ਪ੍ਰਚਾਰ ਦਾ ਸਹਾਰਾ ਲਿਆ ਅਤੇ ਮੁੱਖ ਸਕੱਤਰ ਤੇ ਵਿੱਤ ਸਕੱਤਰ ਨੂੰ ਵਰਤਿਆ, ਉਸ ਨੂੰ ਸ਼ਲਾਘਾਯੋਗ ਨਹੀਂ ਕਿਹਾ ਜਾ ਸਕਦਾ।"

ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਬਾਦਲ ਵਲੋਂ ਮਾਣਹਾਨੀ ਦੇ ਕੇਸ ਵਾਪਸ ਲੈਣ ਨੂੰ ਰਾਜਸੀ ਢੌਂਗ ਕਰਾਰ ਦਿੰਦਿਆਂ ਕਿਹਾ ਕਿ ਬਾਦਲ ਨਾਲ ਮੇਰੀਆਂ 10 ਪੁਸ਼ਤਾਂ ਸਮਝੌਤਾ ਨਹੀਂ ਕਰਨਗੀਆਂ। ਉਨ੍ਹਾਂ ਮੁੱਖ ਮੰਤਰੀ ਨੂੰ ਮੀਸਣਾ ਕਰਾਰ ਦਿੰਦਿਆਂ ਕਿਹਾ "ਪ੍ਰਕਾਸ਼ ਸਿੰਘ ਬਾਦਲ ਜੋ ਗੱਲ ਕਰਦੇ ਹਨ, ਉਸ ਦੇ ਅਰਥ ਕੁਝ ਹੋਰ ਹੁੰਦੇ ਹਨ। ਅਦਾਲਤੀ ਕੇਸ ਵਾਪਸ ਲੈਣ ਪਿੱਛੇ ਮੁੱਖ ਮੰਤਰੀ ਦੀ ਮਨਸ਼ਾ ਕੋਈ ਹੋਰ ਹੋਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰੀ ਸੰਪਤੀ ਦੇ ਨੁਕਸਾਨ ਅਤੇ ਵਿਸ਼ੇਸ਼ ਸੁਰੱਖਿਆ ਬਲ (ਐਸ.ਐਸ.ਜੀ.) ਬਿਲਾਂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦੇਵੇਗੀ।

## ਬੇਕਰਜ਼ਫੀਲਡ ਵਿਚ ਕਬੱਡੀ ਦਾ ਵੱਡਾ ਮੇਲਾ 31 ਅਕਤੂਬਰ ਨੂੰ

**ਬੇਕਰਜ਼ਫੀਲਡ (ਮਨਦੀਪ ਮਾਨ):** ਬੇਕਰਜ਼ਫੀਲਡ ਸ਼ਹਿਰ ਵਿਚ ਕਬੱਡੀ ਦਾ ਇਕ ਵੱਡਾ ਟੂਰਨਾਮੈਂਟ ਪਹਿਲੀ ਵਾਰ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਕਬੱਡੀ ਓਪਨ ਦਾ ਪਹਿਲਾ ਇਨਾਮ 5100 ਡਾਲਰ ਅਤੇ ਦੂਜਾ ਇਨਾਮ 4100 ਡਾਲਰ ਹੋਵੇਗਾ। ਅੰਡਰ 21 ਮੁਕਾਬਲਿਆਂ ਲਈ ਪਹਿਲਾ ਇਨਾਮ 2100 ਡਾਲਰ ਅਤੇ ਦੂਜਾ ਇਨਾਮ 1100 ਡਾਲਰ ਰੱਖਿਆ ਗਿਆ ਹੈ। ਇਸ ਟੂਰਨਾਮੈਂਟ ਵਿਚ ਕੈਲੀਫੋਰਨੀਆ ਭਰ ਤੋਂ ਨਾਮੀ ਕਬੱਡੀ ਟੀਮਾਂ ਪਹੁੰਚ ਰਹੀਆਂ ਹਨ ਜਿਨ੍ਹਾਂ ਵਿਚ ਬੇ-ਏਰੀਆ, ਮਾਡੈਸਟੋ, ਯੂਬਾ ਸਿਟੀ, ਸੈਕਰਾਮੈਂਟੋ ਅਤੇ ਲੋਡਾਈ ਦੀਆਂ ਟੀਮਾਂ ਸ਼ਾਮਲ ਹਨ। ਖੇਡ ਮੇਲਾ ਗੁਰਦੁਆਰਾ ਅੰਗਦ ਦਰਬਾਰ ਦੇ ਮੈਦਾਨ ਵਿਚ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਚੱਲੇਗਾ।

ਇਸ ਮੇਲੇ ਦੌਰਾਨ ਕਬੱਡੀ ਦੀ ਕੁਮੈਂਟਰੀ ਉਭਰ ਰਹੇ ਕੁਮੈਂਟੇਟਰ ਰਾਜਵਿੰਦਰ ਸਿੰਘ ਰੰਡਿਆਲਾ ਕਰਨਗੇ। ਪ੍ਰਬੰਧਕਾਂ ਵਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਸਮੂਹ ਖੇਡ ਪ੍ਰੇਮੀਆਂ ਨੂੰ ਮੇਲੇ ਵਿਚ ਹੁਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ ਗਈ ਹੈ। ਇਸ ਟੂਰਨਾਮੈਂਟ ਸਬੰਧੀ ਹੋਰ ਜਾਣਕਾਰੀ ਜੱਸੀ ਗਿੱਲ ਫੋਨ 661-331-6766 ਪਾਸੋਂ ਲਈ ਜਾ ਸਕਦੀ ਹੈ।

## Matrimonials

### ਕੰਨਿਆ ਦੀ ਲੋੜ

Jat Sikh parents seek suitable match for their US born, handsome, clean shave, 26/6"-1" Engineer son, manager in a top 50 national corporation. Contact: happy202099@yaho.com

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com

Match for clean shaven, handsome, Saini boy 36, 5'11", US citizen, divorcee , Vetenary doctor. Girl from California will be prefer. Contact at raj@gfbontime.com

### ਵਰ ਦੀ ਲੋੜ

Suitable match for Khatri Sikh pretty girl 28, Canadian born UBC educated l.l.B. honors, currently pursuing at Kingston varsity London. Call 604-261-9555 & email bio data/photo to Dalipmehta @hotmail.com

US citizen vegetarian, professional match for pretty, sincere, honest, obedient and never married girl, in her 30, 5'-2". Only serious inquiries, cast no bar: Singhb1@yahoo.com

Professional Jatt Sikh match, for beautiful Jatt Sikh girl 28, 5'3" Canadian immigrant, registered Nurse in USA.Call 248-974-1131.Send Bio-data with photo to karamjittsandhu@yahoo.com

## Public Notice

**Change of Name**

I, Harjit Singh S/O Surjan Singh previously resident of Village Daulo Nangal, Distt. Amritsar, Punjab, India, now residing at 5220 Fountain Grass Avenue, Bakersfield, CA – 93313 (USA), have changed my name to Harjit Singh Dhillon. All concern please note.

Law Office of Sim Kaur
725 30th Street, Suite 203, Sacramento, CA 95816
*Areas of Practice:*
*Business Law
*Business Formation
*Business Transactions
*Contracts Law
*Corporate Law
Ph:(209) 251-9375
Fax: (916) 596-1092
Email: SimKaur333@gmail.com



*Sim Kaur*

MRP TRAVEL
*Lowest International and Domestic Fares*
FLY ANY AIRLINE OF YOUR CHOICE
*Providing the lowest Air-fare, Cruise and Travel Packages to Asia, Africa, Europe, the Middle East and North America*
408-929-8005
E-mail:mrptravel@gmail.com
2123 Port Way, San Jose, CA 95133
*CST: 2097308-40*



We Also Offer Notary Service

Desi Cuts and Color Plus
For Men, Women & Children
Grand Opening
Ph:510-429-0786



Mandeep
510-200-4415



Tony
(510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Hair cut
Beard Perm
Hair styler
Color
Facial, Threading and Waxing (Special Lady)
34685 Alvarado Niles Rd., Union City, CA 94587 (Behind Tacobell)

FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



Gurcharan Singh Mann
Insurance Agent
License # 0C 70672

# ਰਾਸ਼ਟਰਪਤੀ ਪ੍ਰਤਿਭਾ ਪਾਟਿਲ ਦਿੱਤਾ ਨੇ 'ਕੁੱਖ ਤੇ ਰੁੱਖ' ਬਚਾਉਣ ਦਾ ਹੋਕਾ





*ਇਕ ਅੰਗਹੀਣ ਬੱਚੀ ਤੇ ਹਰਸਿਮਰਤ ਬਾਦਲ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੂੰ ਇਕ ਪੌਦਾ ਭੇਂਟ ਕਰਦੇ ਹੋਏ ਅਤੇ ਰਾਸ਼ਟਰਪਤੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਦੇ ਹੋਏ*

**ਅੰਮ੍ਰਿਤਸਰ:** ਭਾਰਤ ਦੀ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਦੇਵੀਸਿੰਘ ਪਾਟਿਲ ਨੇ ਬੀਤੀ 6 ਅਕਤੂਬਰ ਨੂੰ ਇਥੇ ਇਕ ਸੰਤੁਲਤ ਅਤੇ ਨਰੋਏ ਸਮਾਜ ਦੀ ਸਿਰਜਣਾ ਲਈ ਬਾਲੜੀਆਂ ਅਤੇ ਰੁੱਖਾਂ ਨੂੰ ਬਚਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਔਰਤਾਂ ਨੂੰ ਸੱਦਾ ਦਿੱਤਾ ਕਿ ਉਹ ਕੰਨਿਆ ਭਰੂਣ ਹੱਤਿਆ ਦੇ ਰੁਝਾਨ ਨੂੰ ਰੋਕਣ ਲਈ ਅੱਗੇ ਆਉਣ।

ਨੰਨ੍ਹੀ ਛਾਂ ਮੁਹਿੰਮ ਨੂੰ ਚਲਾ ਰਹੀ ਸੰਸਥਾ 'ਨੰਨ੍ਹੀ ਛਾਂ ਪੰਜਾਬ ਪਬਲਿਕ ਚੈਰੀਟੇਬਲ ਟਰਸੱਟ' ਦੀ ਮੁਖੀ ਅਤੇ ਸੰਸਦ ਮੈਂਬਰ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਵਲੋਂ ਕਰਵਾਏ ਗਏ ਇਸ ਸਮਾਗਮ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਸ੍ਰੀਮਤੀ ਪ੍ਰਤਿਭਾ ਦੇਵੀਸਿੰਘ ਪਾਟਿਲ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੁਰੂ ਘਰ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਖਾਲਸਾ ਕਾਲਜ ਦੇ ਵਿਹੜੇ ਵਿਚ ਕੀਤੇ ਗਏ ਇਸ ਸਮਾਗਮ ਵਿਚ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਨ ਤੋਂ ਪਹਿਲਾਂ ਰਾਸ਼ਟਰਪਤੀ ਨੇ ਫਤਹਿ ਬੁਲਾਈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਕੰਨਿਆ ਭਰੂਣ ਹੱਤਿਆ ਨੂੰ ਰੋਕਣ ਲਈ ਪ੍ਰਣ ਕਰਨਾ ਚਾਹੀਦਾ ਹੈ। ਜੇਕਰ ਔਰਤਾਂ ਇਹ ਫੈਸਲਾ ਕਰ ਲੈਣ ਤਾਂ ਨੰਨ੍ਹੀ ਛਾਂ ਮੁਹਿੰਮ ਨੂੰ ਵੱਡਾ ਹੁੰਗਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਬੁਰਾਈਆਂ ਕਾਰਨ ਨਿਘਾਰ ਵਲ ਜਾ ਰਹੇ ਸਮਾਜ ਨੂੰ ਬਚਾਉਣ ਲਈ ਬਾਲੜੀਆਂ ਅਤੇ ਦਰਖ਼ਤਾਂ ਦੀ ਸੁਰੱਖਿਆ ਤੇ ਸੰਭਾਲ ਜ਼ਰੂਰੀ ਹੈ। ਲੋਕਾਂ ਨੂੰ ਇਸ ਮਾਮਲੇ 'ਤੇ ਡੂੰਘਾਈ ਨਾਲ ਵਿਚਾਰ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਮੇਘਾਲਿਆ ਅਤੇ ਕੇਰਲਾ ਦੀ ਮਿਸਾਲ ਦਿੱਤੀ ਅਤੇ ਦੱਸਿਆ ਕਿ ਇਨ੍ਹਾਂ ਰਾਜਾਂ ਵਿਚ ਅੱਜ ਵੀ ਮਾਂ-ਪ੍ਰਧਾਨ ਸਮਾਜ ਹੈ।

ਕੁੜੀਆਂ ਦੇ ਘੱਟ ਰਹੇ ਅਨੁਪਾਤ ਦੇ ਕਾਰਨ ਬਿਆਨ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਇਸ ਦਾ ਇਕ ਵੱਡਾ ਕਾਰਨ ਦਾਜ ਪ੍ਰਥਾ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਹੁਣ ਵਿਆਹ ਇਕ ਦੂਜੇ ਨਾਲ ਗੱਲ ਕਰਕੇ ਆਪਸ ਵਿਚ ਸਮਝ-ਵਿਚਾਰ ਕੇ ਹੋਣੇ ਚਾਹੀਦੇ ਹਨ, ਜਿਸ ਵਿਚ ਦਾਜ ਦੀ ਕੋਈ ਥਾਂ ਨਾ ਹੋਵੇ। ਇਸ ਮੌਕੇ ਉਨ੍ਹਾਂ ਸਿੱਖ ਇਤਿਹਾਸ ਵਿਚੋਂ ਬੀਬੀ ਭਾਨੀ, ਮਾਈ ਭਾਗੋ, ਰਾਣੀ ਸਦਾ ਕੌਰ, ਰਾਣੀ ਸਾਹਿਬ ਕੌਰ ਤੋਂ ਇਲਾਵਾ ਪੰਜਾਬ ਦੀ ਧਰਤੀ 'ਤੇ ਜੰਮੀਆਂ ਨਾਮਵਰ ਔਰਤਾਂ ਅੰਮ੍ਰਿਤਾ ਸ਼ੇਰਗਿੱਲ, ਅੰਮ੍ਰਿਤਾ ਪ੍ਰੀਤਮ ਤੇ ਨੂਰ ਜਹਾਂ ਵਲੋਂ ਆਪੋ-ਆਪਣੇ ਖੇਤਰ ਵਿਚ ਦਿੱਤੇ ਗਏ ਸਹਿਯੋਗ ਦਾ ਉਨ੍ਹਾਂ ਜ਼ਿਕਰ ਕੀਤਾ। ਉਨ੍ਹਾਂ ਆਸ ਪ੍ਰਗਟਾਈ ਕਿ ਹਰ ਖੇਤਰ ਵਿਚ ਮੋਹਰੀ ਰਹਿਣ ਵਾਲਾ ਪੰਜਾਬ ਕੁੜੀਆਂ ਦੇ ਘੱਟ ਰਹੇ ਅਨੁਪਾਤ ਨੂੰ ਠੀਕ ਕਰਨ ਵਿਚ ਵੀ ਅੱਗੇ ਆਵੇਗਾ। ਇਸ ਮੌਕੇ ਉਨ੍ਹਾਂ ਨੇ ਰੁੱਖ਼ਾਂ ਦੀ ਧੜਾਧੜ ਕਟਾਈ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਰੁਝਾਨ ਵਾਤਾਵਰਣ ਵਿਚ ਅਸੰਤੁਲਨ ਪੈਦਾ ਕਰੇਗਾ।

ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਰਾਸ਼ਟਰਪਤੀ ਦੀ ਆਮਦ ਨਾਲ ਨੰਨ੍ਹੀ ਛਾਂ ਮੁਹਿੰਮ ਨੂੰ ਨਵੀਂ ਸ਼ਕਤੀ ਮਿਲੀ ਹੈ। ਉਨ੍ਹਾਂ ਨੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਨੰਨ੍ਹੀ ਛਾਂ ਮੁਹਿੰਮ ਦੀ ਸੋਚ ਨੂੰ ਘਰ-ਘਰ ਪਹੁੰਚਾਉਣ ਅਤੇ ਔਰਤਾਂ ਭਰੂਣ ਹੱਤਿਆ ਨੂੰ ਰੋਕਣ ਦਾ ਪ੍ਰਣ ਕਰਨ। ਉਨ੍ਹਾਂ ਨੇ ਰਾਸ਼ਟਰਪਤੀ ਨੂੰ ਦੱਸਿਆ ਕਿ ਔਰਤਾਂ ਨੂੰ ਬਰਾਬਰੀ ਦੇਣ ਲਈ ਸਭ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵਲੋਂ ਲੋਕ ਸਭਾ ਵਿਚ ਔਰਤਾਂ ਲਈ 33 ਫੀਸਦੀ ਰਾਖਵੇਂਕਰਨ ਦੀ ਮੰਗ ਕੀਤੀ ਗਈ ਸੀ। ਇਸੇ ਤਹਿਤ ਹੀ ਸ੍ਰੋਮਣੀ ਕਮੇਟੀ ਵਿਚ ਰਾਖਵਾਂਕਰਨ ਲਾਗੂ ਕੀਤਾ ਗਿਆ ਅਤੇ ਪਹਿਲੀ ਵਾਰ ਇਸ ਸੰਸਥਾ ਦੀ ਪ੍ਰਧਾਨ ਇਕ ਇਸਤਰੀ ਨੂੰ ਬਣਾਇਆ ਗਿਆ।

ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਜੇਕਰ ਕੰਨਿਆ ਭਰੂਣ ਹੱਤਿਆ ਦੇ ਰੁਝਾਨ ਨੂੰ ਨਾ ਰੋਕਿਆ ਤਾਂ ਇਸ ਨਾਲ ਵੱਡਾ ਨੁਕਸਾਨ ਹੋਵੇਗਾ। ਸ੍ਰੀਮਤੀ ਹਰਸਿਮਰਤ ਕੌਰ ਬਾਦਲ ਨੇ ਆਪਣੇ ਭਾਵੁਕ ਸੰਬੋਧਨ ਦੌਰਾਨ ਔਰਤਾਂ ਨੂੰ ਕੰਨਿਆ ਭਰੂਣ ਹੱਤਿਆ ਰੋਕਣ ਲਈ ਅੱਗੇ ਆਉਣ ਵਾਸਤੇ ਪ੍ਰਣ ਕਰਵਾਇਆ। ਉਨ੍ਹਾਂ ਨੇ ਕੰਨਿਆ ਭਰੂਣ ਹੱਤਿਆ ਨੂੰ ਗੁਰੂ ਦੇ ਹੁਕਮਾਂ ਦੀ ਉਲੰਘਣਾ ਕਰਾਰ ਦਿੰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਅੰਦਰ ਝਾਤੀ ਮਾਰਨ। ਉਨ੍ਹਾਂ ਨੇ ਲੋਕਾਂ ਨੂੰ ਨੰਨ੍ਹੀ ਛਾਂ ਮੁਹਿੰਮ ਨਾਲ ਜੁੜਣ ਦੀ ਅਪੀਲ ਕਰਦਿਆਂ ਧੀਆਂ ਅਤੇ ਰੁੱਖ਼ਾਂ ਨੂੰ ਬਚਾਉਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

ਇਸ ਮੌਕੇ ਸ. ਪ੍ਰਕਾਸ਼ ਸਿੰਘ ਬਾਦਲ ਨੇ ਰਾਸ਼ਟਰਪਤੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਇਕ ਸੁਨਹਿਰੀ ਮਾਡਲ ਭੇਂਟ ਕੀਤਾ ਜਦੋਂਕਿ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਅਤੇ ਅਪਾਹਜ ਲੜਕੀਆਂ ਨੇ ਰਾਸ਼ਟਰਪਤੀ ਨੂੰ ਇਕ ਬੂਟਾ ਭੇਂਟ ਕੀਤਾ, ਜਿਸ ਨੂੰ ਰਾਸ਼ਟਰਪਤੀ ਭਵਨ ਵਿਚ ਲਾਇਆ ਜਾਵੇਗਾ। ਉਨ੍ਹਾਂ ਨੇ ਇਕ ਲੋਈ ਅਤੇ ਸ਼ਾਲ ਸਮੇਤ ਖਾਲਸਾ ਕਾਲਜ ਦੀ ਤਸਵੀਰ ਵੀ ਭੇਂਟ ਕੀਤੀ। ਸਮਾਗਮ ਵਿਚ ਸ਼ਾਮਲ ਸਾਬਕਾ ਰਾਸ਼ਟਰਪਤੀ ਸ੍ਰੀ ਆਰ. ਵੈਂਕਟਰਾਮਨ ਦੀ ਬੇਟੀ ਸ੍ਰੀਮਤੀ ਵੈਂਕਟਾਰਮਨ, ਜੋ ਇਸ ਵੇਲੇ ਭਾਰਤੀ ਯੁਵਾ ਸ਼ਕਤੀ ਟਰਸੱਟ ਦੀ ਮੁਖੀ ਹਨ, ਨੂੰ ਵੀ ਸਨਮਾਨਿਤ ਕੀਤਾ ਗਿਆ। ਮੁੱਖ ਮੰਤਰੀ ਨੇ ਸਮਾਗਮ ਵਿਚ ਹਾਜ਼ਰ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਦੇ ਪਤੀ ਡਾਕਟਰ ਦੇਵੀ ਸਿੰਘ ਸ਼ੇਖਾਵਤ ਅਤੇ ਰਾਜਪਾਲ ਸ੍ਰੀ ਸ਼ਿਵਰਾਜ ਪਾਟਿਲ ਨੂੰ ਵੀ ਸਨਮਾਨਿਤ ਕੀਤਾ। ਇਸ ਸਮਾਗਮ ਦੀ ਮੁੱਖ ਵਿਸ਼ੇਸ਼ਤਾ ਇਹ ਸੀ ਕਿ ਇਸ ਵਿਚ ਵੱਡੇ ਪੱਧਰ 'ਤੇ ਔਰਤਾਂ ਹੀ ਸ਼ਾਮਲ ਸਨ। ਸਮਾਗਮ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਿਖਿਆ ਮੰਤਰੀ ਡਾ. ਉਪਿੰਦਰਜੀਤ ਕੌਰ, ਲੋਕ ਸੰਪਰਕ ਮੰਤਰੀ ਸੇਵਾ ਸਿੰਘ ਸੇਖਵਾਂ, ਸਾਬਕਾ ਕੈਬਨਿਟ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ, ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ, ਸ. ਮਲਕੀਅਤ ਸਿੰਘ ਏ.ਆਰ. ਪ੍ਰੋ. ਵਿਰਸਾ ਸਿੰਘ ਵਲਟੋਹਾ ਸਮੇਤ ਵੱਡੀ ਗਿਣਤੀ ਵਿਚ ਅਕਾਲੀ ਆਗੂ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

ਸਮਾਗਮ ਤੋਂ ਪਹਿਲਾਂ ਰਾਸ਼ਟਰਪਤੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਗਏ, ਜਿਥੇ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਨੇ ਸਿਰੋਪਾਓ ਬਖ਼ਸ਼ਿਸ਼ ਕੀਤਾ। ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ, ਸਿਰੋਪਾਓ ਅਤੇ ਧਾਰਮਿਕ ਪੁਸਤਕਾਂ ਦਾ ਸੈਟ ਭੇਂਟ ਕੀਤਾ। ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਯਾਤਰੂ ਕਿਤਾਬ ਵਿਚ ਆਪਣੀਆਂ ਭਾਵਨਾਵਾਂ ਦਰਜ ਕਰਦਿਆਂ ਰਾਸ਼ਟਰਪਤੀ ਨੇ ਲਿਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣਾ ਉਨ੍ਹਾਂ ਲਈ ਵੱਡੇ ਮਾਣ-ਸਨਮਾਨ ਦੀ ਗੱਲ ਹੈ ਅਤੇ ਇਥੇ ਆ ਕੇ ਉਨ੍ਹਾਂ ਨੂੰ ਰੂਹਾਨੀ ਸ਼ਾਂਤੀ, ਪਿਆਰ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਪ੍ਰਾਪਤ ਹੋਇਆ ਹੈ। ਇਸ ਦੌਰਾਨ ਉਹ ਜਲ੍ਹਿਆਂਵਾਲਾ ਬਾਗ ਵਿਖੇ ਵੀ ਗਏ ਅਤੇ ਸ਼ਹੀਦੀ ਸਮਾਰਕ 'ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਵਾਪਸੀ ਤੋਂ ਪਹਿਲਾਂ ਉਹ ਦੁਰਗਿਆਣਾ ਮੰਦਰ ਵਿਖੇ ਮੱਥਾ ਟੇਕਣ ਲਈ ਗਏ, ਜਿਥੇ ਪ੍ਰਬੰਧਕਾਂ ਵਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

**ਨਵਜੋਤ ਸਿੱਧੂ ਹਾਜ਼ਰ, ਬਾਕੀ ਭਾਜਪਾਈ ਗ਼ੈਰਹਾਜ਼ਰ**-ਰਾਸ਼ਟਰਪਤੀ ਦੇ ਸਵਾਗਤ ਲਈ ਬਣਾਈ ਸਵਾਗਤੀ ਕਮੇਟੀ ਵਿਚ ਸ਼ਾਮਲ ਕੀਤੇ ਜਾਣ ਤੋਂ ਬਾਅਦ ਹਵਾਈ ਅੱਡੇ ਵਿਖੇ ਪੁੱਜੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਵੀ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਨੂੰ ਜੀ ਆਇਆਂ ਆਖਿਆ। ਦੂਜੇ ਪਾਸੇ ਭਾਜਪਾ ਦੀ ਸੀਨੀਅਰ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਇਥੇ ਨੰਨ੍ਹੀ ਛਾਂ ਸਮਾਗਮ ਵਿਚ ਨਹੀਂ ਆਏ। ਸ. ਸਿੱਧੂ ਨੇ ਵੀ ਰਾਸ਼ਟਰਪਤੀ ਦਾ ਸਵਾਗਤ ਤਾਂ ਕੀਤਾ ਪਰ ਸਮਾਗਮ ਵਿਚ ਸ਼ਾਮਲ ਨਹੀਂ ਹੋਏ। ਸਮਾਗਮ ਵਿਚ ਭਾਜਪਾ ਦੀ ਤਰਫੋਂ ਸਿਰਫ ਸਿਹਤ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਹੀ ਸ਼ਾਮਲ ਹੋਏ। ਹੋਰ ਭਾਜਪਾਈ ਆਗੂ ਗ਼ੈਰਹਾਜ਼ਰ ਦਿਖਾਈ ਦਿੱਤੇ।

## ਸੂਬੇ ਦੇ ਵਿੱਤੀ ਢਾਂਚੇ ਨੂੰ ਡੋਬਣਾ ਹੈ ਤਾਂ ਸੁਖਬੀਰ ਬਾਦਲ ਨੂੰ ਵਿੱਤ ਮੰਤਰੀ ਬਣਾ ਦਿਉ:ਜੱਸੀ ਖੰਗੂੜਾ

**ਲੁਧਿਆਣਾ:** ਕਿਲ੍ਹਾ ਰਾਏਪੁਰ ਤੋਂ ਕਾਂਗਰਸੀ ਵਿਧਾਇਕ ਜੱਸੀ ਖੰਗੂੜਾ ਨੇ ਵਿਧਾਨ ਸਭਾ ਵਿਚ ਰਾਜ ਦੇ ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਵਲੋਂ ਪੇਸ਼ ਕੀਤੇ ਤੱਥਾਂ ਅਤੇ ਵਿੱਤੀ ਹਾਲਤ ਦੇ ਲਗਾਤਾਰ ਡਿੱਗਦੇ ਗ੍ਰਾਫ਼ ਬਾਰੇ ਸਰਕਾਰ ਦੇ ਅਸਫ਼ਲ ਢੰਗ ਤਰੀਕਿਆਂ ਦੇ ਰੋਣੇ ਰੋਣ ਦੇ ਮਾਮਲੇ ਵਿਚ ਕਿਹਾ ਹੈ ਕਿ ਸੱਤਾਧਾਰੀ ਪਾਰਟੀ ਵਿਚ ਪੈਦਾ ਹੋਏ ਅਜਿਹੇ ਹਾਲਾਤ ਸੂਬੇ ਦੀ ਤਰੱਕੀ ਅਤੇ ਭਵਿੱਖ ਲਈ ਵਿਨਾਸ਼ਕਾਰੀ ਸੁਨੇਹਾ ਹਨ।



ਜੱਸੀ ਖੰਗੂੜਾ

ਸ. ਖੰਗੂੜਾ ਨੇ ਕਿਹਾ ਕਿ ਭਾਵੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਅਤੇ ਸ. ਮਨਪ੍ਰੀਤ ਸਿੰਘ ਬਾਦਲ ਵਿਚਕਾਰ ਵਾਕ-ਯੁੱਧ, ਤਾਏ-ਚਾਚੇ ਦੇ ਪੁੱਤਾਂ ਵਿਚਕਾਰਲਾ ਪਰਿਵਾਰਕ ਸ਼ਰੀਕਾ ਹੈ ਪਰ ਅਜਿਹੇ ਸ਼ਰੀਕੇ ਸਿਆਸੀ ਅਖਾੜੇ ਵਿਚ ਪੁੱਜ ਜਾਣ ਕਾਰਨ ਬਣੇ ਹਾਲਾਤ ਜਨਤਾ ਵਿਚ ਨਿਰਾਸ਼ਾਜਨਕ ਸੁਨੇਹਾ ਲੈ ਕੇ ਜਾਣਗੇ। ਇਹ ਸਾਰਾ ਘਟਨਾਕ੍ਰਮ ਸੂਬੇ ਦੇ ਮਾਣ ਸਤਿਕਾਰ 'ਤੇ ਕਾਲਾ ਦਾਗ ਸਾਬਤ ਹੋ ਰਿਹਾ ਹੈ।

ਵਿਧਾਇਕ ਸ. ਖੰਗੂੜਾ ਨੇ ਕਿਹਾ ਕਿ ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਨੇ ਖਜ਼ਾਨਾ ਮੰਤਰੀ ਵਜੋਂ ਆਪਣਾ ਫਰਜ਼ ਨਿਰਪੱਖਤਾ ਨਾਲ ਨਿਭਾਉਣ ਦੀ ਕੋਸ਼ਿਸ਼ ਕੀਤੀ। ਖ਼ੂਨ ਦਾ ਰਿਸ਼ਤਾ ਹੋਣ ਦੇ ਬਾਵਜੂਦ ਦੋਹਾਂ ਭਰਾਵਾਂ ਦੀ ਪਛਾਣ ਵਿਚ ਜ਼ਮੀਨ ਆਸਮਾਨ ਦਾ ਫ਼ਰਕ ਹੈ ਅਤੇ ਦੋਹਾਂ ਦੀਆਂ ਯੋਗਤਾਵਾਂ ਅਤੇ ਕਾਰਜ ਪ੍ਰਣਾਲੀ ਵਿਚ ਅੰਤਰ ਕਾਰਨ ਦੋਹਾਂ ਦੀ ਵਖਰੀ-ਵਖਰੀ ਦਿਖ ਹੈ। ਦੋਹਾਂ ਵਿਚਕਾਰ ਸਿਖਰਾਂ ਉਤੇ ਪੁੱਜੇ ਮਤਭੇਦ ਹੱਲ ਹੋ ਵੀ ਸਕਦੇ ਹਨ ਪਰ ਪਾਰਟੀ ਅੰਦਰ ਸੱਚ ਨੂੰ ਉਜਾਗਰ ਕਰਨ ਵਾਲਿਆਂ ਦਾ ਤ੍ਰਿਸਕਾਰ ਪਾਰਟੀ ਆਗੂਆਂ ਅਤੇ ਵਰਕਰਾਂ ਨੂੰ ਬਹੁਤ ਮਾੜਾ ਸੁਨੇਹਾ ਲੈ ਕੇ ਜਾਵੇਗਾ। ਉਨ੍ਹਾਂ ਕਿਹਾ ਕਿ ਸਾਬਕਾ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਦੀ ਥਾਂ ਲੈਣ ਦੀ ਕਾਬਲੀਅਤ ਰੱਖਣ ਵਾਲੇ ਸ. ਮਨਪ੍ਰੀਤ ਸਿੰਘ ਬਾਦਲ ਦਾ ਅਕਾਲੀਆਂ ਨੂੰ ਕੋਈ ਬਦਲ ਨਹੀਂ ਲੱਭ ਰਿਹਾ। ਉਨ੍ਹਾਂ ਸੂਬੇ ਵਿਚ ਸਰਕਾਰ ਦੀ ਭਾਈਵਾਲ ਭਾਰਤੀ ਜਨਤਾ ਪਾਰਟੀ ਵਿਰੁਧ ਨਿਸ਼ਾਨਾ ਸੇਧਦਿਆਂ ਕਿਹਾ ਕਿ ਬੀ.ਜੇ.ਪੀ. ਵੀ ਆਪਣੇ ਬਣਦੇ ਫ਼ਰਜ਼ ਨਿਭਾਉਣ ਵਿਚ ਪੂਰੀ ਤਰ੍ਹਾਂ ਫ਼ੇਲ੍ਹ ਹੋਈ ਹੈ।

## ਸੀ.ਪੀ.ਐਮ. ਵਲੋਂ ਕਰਜ਼ਾ ਮਾਫੀ ਸ਼ਰਤਾਂ ਦੀ ਨਿੰਦਾ

**ਚੰਡੀਗੜ੍ਹ :** ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰੇਤ ਨੇ ਕੇਂਦਰੀ ਵਿੱਤ ਮੰਤਰੀ ਸ੍ਰੀ ਪ੍ਰਣਬ ਮੁਖਰਜੀ ਵਲੋਂ ਪੰਜਾਬ ਦੇ ਕਰਜ਼ੇ ਨੂੰ ਮੁਆਫ ਕਰਨ ਸਬੰਧੀ ਤਜਵੀਜ਼ ਕੀਤੀਆਂ ਗਈਆਂ ਸ਼ਰਤਾਂ ਦੀ ਸਖਤ ਨਿਖੇਧੀ ਕੀਤੀ ਹੈ, ਕਿਉਂਕਿ ਇਹ ਸੰਘਵਾਦ ਦੇ ਵਿਰੁਧ ਹਨ।

ਇਸ ਸਬੰਧੀ ਇਕ ਬਿਆਨ ਜਾਰੀ ਕਰਦਿਆਂ ਸੀ ਪੀ ਆਈ (ਐਮ) ਦੇ ਸੂਬਾ ਸਕੱਤਰ ਕਾਮਰੇਡ ਚਰਨ ਸਿੰਘ ਵਿਰਦੀ ਨੇ ਬੀਤੀ 8 ਅਕਤੂਬਰ ਨੂੰ ਕਿਹਾ ਕਿ ਰਾਜ ਸਕੱਤਰੇਤ ਪੰਜਾਬ ਸਰਕਾਰ ਤੋਂ ਮੰਗ ਕਰਦਾ ਹੈ ਕਿ ਉਹ ਕੇਂਦਰ ਸਰਕਾਰ ਦੇ ਦਬਾਅ ਹੇਠ ਆਉਣ ਦੀ ਥਾਂ ਕੇਂਦਰ-ਰਾਜ ਸਬੰਧਾਂ ਦਾ ਪੁਨਰਗਠਨ ਕਰਕੇ ਰਾਜਾਂ ਨੂੰ ਵਧੇਰੇ ਆਰਥਿਕ ਖੁਦਮੁਖਤਾਰੀ ਦਿਵਾਉਣ ਲਈ ਸੰਘਰਸ਼ ਕਰੇ। ਰਾਜ ਸਕੱਤਰੇਤ ਨੇ ਇਹ ਵੀ ਨੋਟ ਕੀਤਾ ਹੈ ਕਿ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਵਲੋਂ ਨਵ-ਉਦਾਰਵਾਦ ਨਾਲ ਅੰਧਾਧੁੰਦ ਰੂਪ 'ਚ ਚਿੰਬੜਨਾ ਨਾ ਕੇਵਲ ਲੋਕ ਵਿਰੋਧੀ ਹੈ, ਬਲਕਿ ਪੰਜਾਬ ਦੇ ਹਿੱਤਾਂ ਨੂੰ ਵੀ ਸੱਟ ਮਾਰੇਗਾ। ਰਾਜ ਸਕੱਤਰੇਤ ਨੇ ਆਪਣੀ ਦ੍ਰਿੜ੍ਹ ਰਾਏ ਪ੍ਰਗਟਾਈ ਹੈ ਕਿ ਕਿਸਾਨਾਂ ਨੂੰ ਸਬਸਿਡੀਆਂ ਜਾਰੀ ਰਹਿਣੀਆਂ ਚਾਹੀਦੀਆਂ ਹਨ। ਸਕੱਤਰੇਤ ਨੇ ਇਹ ਵੀ ਕਿਹਾ ਹੈ ਕਿ ਪਾਣੀ, ਸੀਵਰੇਜ ਤੇ ਟਰਾਂਸਪੋਰਟ ਆਦਿ ਦੀਆਂ ਦਰਾਂ ਵਿਚ ਵਾਧਾ ਨਹੀਂ ਕੀਤਾ ਜਾਣਾ ਚਾਹੀਦਾ। ਰਾਜ ਸਕੱਤਰੇਤ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਉਪਰ ਦਹਿਸ਼ਤਗਰਦੀ ਵਿਰੁਧ ਲੜਾਈ ਸਮੇਂ ਚੜ੍ਹਿਆ ਕਰਜ਼ਾ ਮੁਆਫ ਕੀਤਾ ਜਾਵੇ, ਕਿਉਂਕਿ ਇਹ ਲੜਾਈ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਸ਼ਟਰੀ ਲੜਾਈ ਸੀ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਵਲੋਂ ਕੇਂਦਰੀ ਭੰਡਾਰ ਵਿਚ ਵੱਡੀ ਮਾਤਰਾ ਵਿਚ ਕਣਕ ਤੇ ਚੌਲ ਦੇਣ ਲਈ ਵੀ ਢੁਕਵਾਂ ਮੁਆਵਜ਼ਾ ਦੇਵੇ। ਰਾਜ ਸਕੱਤਰੇਤ ਨੇ ਬਾਦਲ ਸਰਕਾਰ ਤੋਂ ਮੰਗ ਕੀਤੀ ਕਿ ਇਸ ਨੂੰ ਚਾਹੀਦਾ ਹੈ ਕਿ ਉਹ ਅਮੀਰਾਂ ਉਪਰ ਟੈਕਸ ਲਾ ਕੇ ਅਤੇ ਅਮੀਰਾਂ ਵਲ ਖੜ੍ਹੇ ਟੈਕਸ ਬਕਾਏ ਉਗਰਾਹ ਕੇ ਵਿੱਤੀ ਵਸੀਲੇ ਜੁਟਾਏ।

## ਸੁਖਬੀਰ-ਮਨਪ੍ਰੀਤ ਝਗੜਾ ਸੱਤਾ ਲਈ-ਖਹਿਰਾ

**ਚੰਡੀਗੜ੍ਹ:** ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਦੇ ਬਿਆਨ ਕਾਰਨ ਪੈਦਾ ਹੋਏ ਮੌਜੂਦਾ ਵਿਵਾਦ ਤੇ ਆਪਣੀ ਟਿੱਪਣੀ ਕਰਦਿਆਂ ਕਿਹਾ ਹੈ ਕਿ ਅਸਲ ਚ ਇਹ ਲੜਾਈ ਸੁਖਬੀਰ ਤੇ ਮਨਪ੍ਰੀਤ 'ਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਥਾਂ ਲੈਣ ਲਈ ਹੈ, ਜੋ ਕਿ ਲੰਬੇ ਸਮੇਂ ਤੋਂ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਮਨਪ੍ਰੀਤ ਕਰਜ਼ਾ ਮਾਫੀ ਤੇ ਆਰਥਿਕਤਾ ਦੇ ਮੁੱਦੇ ਦੋ ਸਾਲ ਤੋਂ ਉਠਾ ਤਾਂ ਰਹੇ ਹਨ ਪ੍ਰੰਤੂ ਉਹ ਪਾਰਟੀ ਲੀਡਰਸ਼ਿਪ ਨੂੰ ਸਬਸਿਡੀਆਂ 'ਚ ਕਟੌਤੀ ਕਰਨ ਦੇ ਮਾਮਲੇ 'ਚ ਸਹਿਮਤ ਕਰਾਉਣ 'ਚ ਅਸਫਲ ਰਹੇ ਹਨ।

ਉਨ੍ਹਾਂ ਕਿਹਾ ਕਿ ਪਾਰਟੀ ਦੇ ਸ਼ਿਮਲਾ ਸੰਮੇਲਨ 'ਚ ਵੀ ਇਹ ਮਾਮਲਾ ਵਿੱਤ ਮੰਤਰੀ ਨੇ ਉਠਾਇਆ ਸੀ ਪ੍ਰੰਤੂ ਬਾਅਦ ਵਿਚ ਵੱਡੇ ਬਾਦਲ ਦੇ ਨਿਰਦੇਸ਼ਾਂ ਨੂੰ ਮੰਨਦਿਆਂ ਚੁੱਪ ਕਰ ਗਏ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਮਨਪ੍ਰੀਤ ਪੇਸ਼ ਕੀਤੇ ਗਏ ਆਪਣੇ ਚਾਰ ਬੱਜਟਾਂ ਦੌਰਾਨ ਅਕਾਲੀ-ਭਾਜਪਾ ਦੀਆਂ ਨੀਤੀਆਂ ਦਾ ਸਮਰਥਨ ਕਰਦੇ ਰਹੇ ਹਨ ਤੇ ਹੁਣ ਆਖਰੀ ਸਮੇਂ ਸਬਸਿਡੀਆਂ ਤੇ ਕਰਜ਼ੇ ਦਾ ਮੁੱਦਾ ਉਠਾ ਕੇ ਆਪਣੀ ਮੁੱਖ ਮੰਤਰੀ ਬਣਨ ਦੀ ਰਾਜਨੀਤਕ ਇੱਛਾ ਦਾ ਹੀ ਪ੍ਰਗਟਾਵਾ ਕਰ ਰਹੇ ਹਨ। ਖਹਿਰਾ ਨੇ ਕਿਹਾ ਕਿ ਮਨਪ੍ਰੀਤ ਵਲੋਂ ਉਠਾਏ ਮੁੱਦੇ ਤਾਂ ਠੀਕ ਹਨ ਪ੍ਰੰਤੂ ਉਨ੍ਹਾਂ ਨੂੰ ਚਾਹੀਦਾ ਹੈ ਕਿ ਆਪਣੇ ਸਟੈਂਡ ਉਪਰ ਕਾਇਮ ਰਹਿ ਕੇ ਸਬਸਿਡੀਆਂ ਖਤਮ ਕਰਾਉਣ ਤੇ ਜੇ ਇਹ ਨਹੀਂ ਹੋ ਸਕਦਾ ਤਾਂ ਉਹ ਅਹੁਦਾ ਛੱਡ ਕੇ ਪਾਸੇ ਹੋ ਜਾਣ ਤਾਂ ਜੋ ਇਸ ਮਾਮਲੇ ਦਾ ਫੈਸਲਾ ਆਉਂਦੀਆਂ ਅਸੈਂਬਲੀ ਚੋਣਾਂ 'ਚ ਲੋਕ ਕਰ ਸਕਣ।

# ਨੀਤੀਆਂ ਦੇ ਸਵਾਲ 'ਤੇ ਏਨੇ ਤਿੱਖੇ ਮੱਤਭੇਦ ਕਦੇ ਜ਼ਾਹਰ ਨਹੀਂ ਹੋਏ

**ਜਤਿੰਦਰ ਪਨੂੰ**

ਪੰਜਾਬ ਇਸ ਵੇਲੇ ਇਕ ਵੱਡੀ ਰਾਜਨੀਤਕ ਖਿੱਚੋਤਾਣ ਦਾ ਅਖਾੜਾ ਬਣਿਆ ਪਿਆ ਹੈ ਜਿਹੜੀ ਉਪਰੀ ਪ੍ਰਭਾਵ ਤੋਂ ਬਾਦਲ ਅਕਾਲੀ ਦਲ ਦੇ ਅੰਦਰ ਦੀ ਰਾਜਸੀ ਵਿਰਾਸਤ ਦੀ ਜੰਗ ਜਾਪਦੀ ਹੈ ਪਰ ਅਸਲ ਵਿਚ ਇਸ ਦਾ ਸੰਬੰਧ ਪੂਰੇ ਰਾਜ ਦੇ ਭਵਿੱਖ ਨਾਲ ਹੈ। ਤਾਜ਼ਾ ਖਿੱਚੋਤਾਣ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਵਜ਼ੀਰੀ ਛੁਡਾਉਂਦੀ ਹੈ ਜਾਂ ਨਹੀਂ, ਇਹ ਤਾਂ ਭਵਿੱਖ ਦੱਸੇਗਾ ਪਰ ਬਹਿਸ ਦਾ ਮੁੱਖ ਮੁੱਦਾ ਸਾਹਮਣੇ ਆ ਗਿਆ ਹੈ।



ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਅਕਾਲੀ ਪਾਰਟੀ ਅੰਦਰ ਵਿਰਾਸਤ ਦੀ ਜੰਗ ਚੱਲ ਰਹੀ ਹੈ। ਬਾਦਲ ਪਰਿਵਾਰ ਅੰਦਰ ਸਪੱਸ਼ਟ ਲਕੀਰਾਂ ਖਿੱਚੀਆਂ ਸਾਫ ਦਿਸਦੀਆਂ ਹਨ। ਇਕ ਪਾਸੇ ਮੁੱਖ ਮੰਤਰੀ ਦਾ ਪੁੱਤਰ ਸੁਖਬੀਰ ਸਿੰਘ ਬਾਦਲ ਅਤੇ ਉਸ ਦਾ ਸਾਲਾ ਬਿਕਰਮ ਸਿੰਘ ਮਜੀਠੀਆ ਹਨ ਤੇ ਦੂਜੇ ਪਾਸੇ ਇਕੱਠੇ ਜਾਂ ਵੱਖੋ-ਵੱਖ ਮੁੱਖ ਮੰਤਰੀ ਦਾ ਭਤੀਜਾ ਮਨਪ੍ਰੀਤ ਬਾਦਲ ਅਤੇ ਦਾਮਾਦ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੱਸੇ ਜਾਂਦੇ ਹਨ। ਆਪਸ ਵਿਚ ਮੱਤਭੇਦ ਏਨੇ ਤਿੱਖੇ ਹਨ ਕਿ ਸੁਖਬੀਰ ਸਿੰਘ ਬਾਦਲ ਦੇ ਡਿਪਟੀ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਵੇਲੇ ਜਦੋਂ ਅਕਾਲੀ-ਭਾਜਪਾ ਸਰਕਾਰ ਕਰੋੜਾਂ ਰੁਪਏ ਫੂਕ ਕੇ ਇਸ ਮਕਸਦ ਲਈ ਅੰਮ੍ਰਿਤਸਰ ਵਿਚ ਵੱਡਾ ਸ਼ਾਹੀ ਸਮਾਗਮ ਕਰਵਾ ਰਹੀ ਸੀ, ਮਨਪ੍ਰੀਤ ਸਿਘ ਬਾਦਲ ਤੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੋਵਾਂ ਵਲੋਂ ਸ਼ਾਮਲ ਨਾ ਹੋਣ ਦੀ ਗੱਲ ਉਭਰ ਕੇ ਆ ਗਈ ਸੀ। ਆਖਰੀ ਵਕਤ ਸੁਖਬੀਰ ਸਿੰਘ ਬਾਦਲ ਨੇ ਆਦੇਸ਼ ਪ੍ਰਤਾਪ ਸਿੰਘ ਦੇ ਘਰ ਜਾ ਕੇ ਉਸ ਨੂੰ ਤਾਂ ਮਨਾ ਲਿਆ ਪਰ ਮਨਪ੍ਰੀਤ ਸਿੰਘ ਬਾਦਲ ਹਾਜ਼ਰ ਨਹੀਂ ਸੀ ਹੋਇਆ ਤੇ ਬਹਾਨਾ ਇਹ ਬਣਾਇਆ ਸੀ ਕਿ ਮੌਸਮ ਸਾਫ ਨਾ ਹੋਣ ਕਾਰਨ ਉਸ ਦਾ ਉਡਣ-ਖਟੋਲਾ ਉਡ ਨਹੀਂ ਸਕਿਆ। ਉਸ ਤੋਂ ਬਾਅਦ ਵੀ ਇਹ ਵਿੱਥ ਨਾ ਸਿਰਫ ਕਾਇਮ ਹੈ, ਸਗੋਂ ਆਏ ਦਿਨ ਵਧਦੀ ਜਾ ਰਹੀ ਹੈ ਤੇ ਹੁਣ ਪੈਦਾ ਹੋਏ ਵਿਵਾਦ ਬਾਰੇ ਵੀ ਕਿਹਾ ਜਾ ਰਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁਕਾਉਣ ਦੀ ਗੱਲ ਹੁੰਦੀ ਸੁਣ ਕੇ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਦੇ ਕਰਜ਼ੇ ਅਤੇ ਕੇਂਦਰ ਦੀਆਂ ਸ਼ਰਤਾਂ ਦੀ ਚਰਚਾ ਛੇੜ ਕੇ ਬਖੇੜਾ ਖੜਾ ਕੀਤਾ ਹੈ। ਸੱਚ ਤਾਂ ਉਹੋ ਦੋਵੇਂ ਜਾਣਦੇ ਹੋਣਗੇ ਪਰ ਗੱਲ ਸਿਰਫ ਵਿਰਾਸਤ ਦੀ ਜੰਗ ਦੀ ਨਹੀਂ, ਨੀਤੀਆਂ ਬਾਰੇ ਵੀ ਬਹੁਤ ਵੱਡੇ ਪਾੜੇ ਦੀ ਹੈ।

ਰਾਜਨੀਤਕ ਵਿਰਾਸਤ ਦੀ ਜੰਗ ਤਾਂ ਹਰਿਆਣੇ ਵਿਚ ਚੌਧਰੀ ਦੇਵੀ ਲਾਲ ਦੇ ਪੁੱਤਰਾਂ ਵਿਚ ਵੀ ਹੋਈ ਸੀ ਤੇ ਓਮ ਪ੍ਰਕਾਸ਼ ਚੌਟਾਲਾ ਨੇ ਦੂਜਿਆਂ ਨੂੰ ਪਛਾੜ ਦਿੱਤਾ ਸੀ ਪਰ ਨੀਤੀਆਂ ਮੁੱਦਾ ਨਹੀਂ ਸਨ ਬਣ ਸਕੀਆਂ। ਆਂਧਰਾ ਪ੍ਰਦੇਸ਼ ਵਿਚ ਐਨ.ਟੀ. ਰਾਮਾਰਾਓ ਦੇ ਪੁੱਤਰ ਤੇ ਜਵਾਈ ਉਸ ਦੇ ਵਿਰੁਧ ਬਗਾਵਤ ਦਾ ਝੰਡਾ ਚੁੱਕ ਖੜੋਤੇ ਸਨ ਪਰ ਨੀਤੀਆਂ ਵਿਚ ਕੋਈ ਫਰਕ ਨਹੀਂ ਸੀ। ਜੰਮੂ-ਕਸ਼ਮੀਰ ਵਿਚ ਵੀ ਫਾਰੂਕ ਅਬਦੁੱਲਾ ਅਤੇ ਉਸ ਦੇ ਭਣੋਈਏ ਗੁੱਲ ਮੁਹੰਮਦ ਵਿਚਾਲੇ ਇਹ ਲੜਾਈ ਛਿੜੀ ਤਾਂ ਗੁੱਲ ਸ਼ਾਹ ਨੇ ਦਿੱਲੀ ਦੀ ਮਦਦ ਨਾਲ ਫਾਰੂਕ ਦੀ ਕੁਰਸੀ ਉਲਟਾ ਦਿੱਤੀ ਸੀ ਪਰ ਨੀਤੀਆਂ ਵਿਚ ਦੋਵਾਂ ਦਾ ਕੋਈ ਵਖਰੇਵਾਂ ਨਹੀਂ ਸੀ। ਇਸ ਤਰ੍ਹਾਂ ਦੀ ਲੜਾਈ ਕਈ ਹੋਰ ਥਾਂ ਵੀ ਹੁੰਦੀ ਰਹੀ ਹੈ ਪਰ ਨੀਤੀਆਂ ਦੇ ਸਵਾਲ 'ਤੇ ਮੱਤਭੇਦ ਏਨੇ ਤਿੱਖੇ ਕਦੇ ਵੀ ਜ਼ਾਹਰ ਨਹੀਂ ਹੋਏ, ਜਿੰਨੇ ਹੁਣ ਪੰਜਾਬ ਵਿਚ ਹੋ ਰਹੇ ਹਨ। ਇਸ ਲਈ ਪਰਿਵਾਰ ਦੀ ਖਿੱਚੋਤਾਣ ਛੱਡ ਕੇ ਬਹਿਸ ਇਨ੍ਹਾਂ ਮੁੱਦਿਆਂ 'ਤੇ ਕੇਂਦਰਿਤ ਹੋਣੀ ਚਾਹੀਦੀ ਹੈ।

ਤਾਜ਼ਾ ਵਿਵਾਦ ਦਾ ਮੁੱਢ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਵਿਧਾਨ ਸਭਾ ਅੰਦਰਲੀ ਉਸ ਤਕਰੀਰ ਨਾਲ ਬੱਝਾ, ਜਿਸ ਵਿਚ ਉਸ ਨੇ ਪੰਜਾਬ ਦਾ ਕਰਜ਼ਾ ਮੁਆਫ ਕਰਨ ਸੰਬੰਧੀ ਕੇਂਦਰ ਸਰਕਾਰ ਦੀ ਪੇਸ਼ਕਸ਼ ਦਾ ਜ਼ਿਕਰ ਕੀਤਾ ਸੀ। ਕਾਂਗਰਸੀਆਂ ਨੇ ਆਪਣੀ ਕੇਂਦਰ ਵਾਲੀ ਸਰਕਾਰ ਦੀ ਸਿਫਤ ਸੁਣ ਕੇ ਤਾੜੀਆਂ ਮਾਰੀਆਂ ਪਰ ਅਕਾਲੀ-ਭਾਜਪਾ ਵਾਲਿਆਂ ਨੂੰ ਇਹ ਜਾਪਿਆ ਕਿ ਜੇ ਕੇਂਦਰ ਦੀ ਇਸ ਅਸਿੱਧੇ ਢੰਗ ਨਾਲ ਸਿਫਤ ਹੁੰਦੀ ਹੈ ਤਾਂ ਸਾਡੀ ਰਾਜਸੀ ਦੁਕਾਨਦਾਰੀ 'ਤੇ ਸੱਟ ਵੱਜ ਸਕਦੀ ਹੈ। ਉਥੇ ਉਹ ਚੁੱਪ ਰਹੇ ਪਰ ਬਾਹਰ ਆ ਕੇ ਇਸ ਤਜਵੀਜ਼ ਦਾ ਵਿਰੋਧ ਕਰਨ ਲੱਗ ਪਏ। ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਨੇ ਵੀ ਇਸ ਨੂੰ ਪਾਰਟੀ ਨੀਤੀ ਤੋਂ ਪਾਸੇ ਦੀ ਗੱਲ ਕਹਿ ਛੱਡਿਆ। ਮਨਪ੍ਰੀਤ ਸਿੰਘ ਬਾਦਲ ਆਪਣੀ ਗੱਲ 'ਤੇ ਅੜਿਆ ਰਿਹਾ ਕਿ ਜੇ ਪੰਜਾਬ ਨੇ ਅੱਗੇ ਵਧਣਾ ਹੈ ਤਾਂ ਉਸ ਨੂੰ ਕਰਜ਼ੇ ਦੀ ਪੰਡ ਤੋਂ ਨਿਜਾਤ ਪਾਉਣੀ ਹੋਵੇਗੀ ਤੇ ਇਹ ਤਦੇ ਸੰਭਵ ਹੈ, ਜੇ ਲੋਕ-ਲੁਭਾਊ ਨੀਤੀਆਂ ਛੱਡ ਕੇ ਖਜ਼ਾਨੇ ਨੂੰ ਪੈਰਾਂ ਸਿਰ ਕਰਨ ਦਾ ਉਪਰਾਲਾ ਕੀਤਾ ਜਾਵੇ।

ਜਨਤਕ ਤੌਰ 'ਤੇ ਕਹੀ ਇਸ ਗੱਲ ਵਿਰੁਧ ਉਹ ਲੋਕ ਵੀ ਉਠ ਤੁਰੇ, ਜਿਨ੍ਹਾਂ ਕੋਲ ਨਾ ਕੋਈ ਵਜ਼ੀਰੀ ਹੈ, ਨਾ ਚੇਅਰਮੈਨੀ, ਸਿਰਫ ਝਾਕ ਹੈ ਕਿ ਸੁਖਬੀਰ ਸਿੰਘ ਬਾਦਲ ਦੀ ਜਦੋਂ ਨਜ਼ਰ ਸਵੱਲੀ ਹੋ ਗਈ ਤਾਂ ਕੁਝ ਨਾ ਕੁਝ ਖੈਰ ਪੈ ਸਕਦਾ ਹੈ। ਮਾਮਲਾ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਤੱਕ ਵੀ ਪੁੱਜਾ ਤੇ ਉਥੋਂ ਇਸ ਮਾਮਲੇ ਵਿਚ ਸਾਰੇ ਅਧਿਕਾਰ ਮੁੱਖ ਮੰਤਰੀ ਸਾਹਿਬ ਨੂੰ ਦੇ ਦਿੱਤੇ ਗਏ। ਜਿਸ ਰਾਤ ਇਹ ਮੀਟਿੰਗ ਬੁਲਾਈ ਗਈ, ਉਸ ਤੋਂ ਅਗਲੀ ਸਵੇਰ ਇਹ ਮਾਹੌਲ ਬਣ ਗਿਆ ਕਿ ਅੱਜ ਜਾਂ ਮਨਪ੍ਰੀਤ ਸਿੰਘ ਬਾਦਲ ਤੋਂ ਅਸਤੀਫਾ ਮੰਗਿਆ ਜਾ ਸਕਦਾ ਹੈ ਜਾਂ ਉਹ ਆਪ ਹੀ ਦੇ ਜਾਵੇਗਾ। ਉਸੇ ਸਵੇਰ ਮੁੱਖ ਮੰਤਰੀ ਬਾਦਲ ਦੇ ਭਰਵੱਟੇ 'ਤੇ ਸੱਟ ਲੱਗ ਜਾਣ ਕਰ ਕੇ ਉਨ੍ਹਾਂ ਨੂੰ ਹਸਪਤਾਲ ਦਾਖਲ ਹੋਣਾ ਪੈ ਗਿਆ ਤੇ ਇਸ ਦੌਰਾਨ ਮਨਪ੍ਰੀਤ ਮੁੱਦਾ ਪਿਛਲੀ ਅੰਗੀਠੀ 'ਤੇ ਚਲਾ ਗਿਆ ਪਰ ਜਿਹੜੀ ਬਹਿਸ ਛਿੜ ਗਈ ਸੀ, ਉਹ ਰੁਕਣ ਦੀ ਥਾਂ ਹੋਰ ਅੱਗੇ ਵਧਦੀ ਗਈ।



ਮਨਪ੍ਰੀਤ ਸਿੰਘ ਬਾਦਲ ਵਜ਼ੀਰੀ ਨਾਲੋਂ ਵੱਧ ਆਪਣੇ ਪੈਂਤੜੇ ਲਈ ਪੱਕਾ ਰਹਿਣ ਵਾਲਾ ਬੰਦਾ ਮੰਨਿਆ ਜਾਂਦਾ ਹੈ। ਜਦੋਂ 2007 ਵਿਚ ਹੁਣ ਵਾਲੀ ਸਰਕਾਰ ਬਣੀ ਸੀ, ਉਸ ਸਾਲ ਵੀ ਉਸ ਨੇ ਖਜ਼ਾਨੇ ਦੀ ਹਾਲਤ ਦੱਸ ਕੇ ਸਬਸਿਡੀਆਂ ਬੰਦ ਕਰਨ ਦੀ ਗੱਲ ਕੀਤੀ ਸੀ। ਉਦੋਂ ਕੁਝ ਕਾਹਲੇ ਫਰਮਾ-ਬਰਦਾਰਾਂ ਦੇ ਕਹਿਣ 'ਤੇ ਮੁੱਖ ਮੰਤਰੀ ਬਾਦਲ ਨੇ ਇਹ ਕਹਿ ਦਿੱਤਾ ਕਿ ਖਜ਼ਾਨਾ ਮੰਤਰੀ ਨੂੰ ਖਜ਼ਾਨੇ ਦੀ ਹਾਲਤ ਵੇਖ ਕੇ ਹੀ ਬੋਲਣਾ ਚਾਹੀਦਾ ਹੈ, ਹਾਲਤ ਏਨੀ ਮਾੜੀ ਨਹੀਂ ਜਿੰਨੀ ਉਹ ਕਹਿ ਰਿਹਾ ਹੈ। ਮਨਪ੍ਰੀਤ ਬਾਦਲ ਨੇ ਇਸ ਨੂੰ ਖਜ਼ਾਨਾ ਮੰਤਰੀ ਵਜੋਂ ਆਪਣੀ ਯੋਗਤਾ 'ਤੇ ਕਿੰਤੂ ਮੰਨ ਲਿਆ ਤੇ ਨਾਰਾਜ਼ ਹੋ ਕੇ ਘਰ ਜਾ ਬੈਠਾ। ਆਖਰ ਵੱਡੇ ਬਾਦਲ ਨੂੰ ਜਨਤਕ ਤੌਰ 'ਤੇ ਬਿਆਨ ਦੇਣਾ ਪਿਆ ਸੀ ਕਿ ਮਨਪ੍ਰੀਤ ਬਾਦਲ ਦੀ ਲਿਆਕਤ 'ਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਅੱਜ ਦੀ ਘੜੀ ਵੀ ਸੁਖਬੀਰ ਸਿੰਘ ਬਾਦਲ ਦੇ ਕਾਹਲੇ ਸਮਰਥਕ ਜੋ ਮਰਜ਼ੀ ਕਹੀ ਜਾਣ, ਪਰਿਵਾਰ ਦੇ ਮੁਖੀ ਅਤੇ ਮੁੱਖ ਮੰਤਰੀ ਨੂੰ ਕਈ ਕੁਝ ਵੇਖ ਕੇ ਚੱਲਣਾ ਪੈ ਰਿਹਾ ਹੈ ਤੇ ਚੱਲਣਾ ਪੈਣਾ ਹੈ।

ਹੁਣ ਆਈਏ ਉਸ ਮੁੱਦੇ ਵਲ ਜਿਸ ਦਾ ਸੰਬੰਧ ਇਕੱਲੇ ਬਾਦਲ ਘਰਾਣੇ ਨਾਲ ਨਹੀਂ ਸਗੋਂ ਸਮੁੱਚੇ ਪੰਜਾਬ ਅਤੇ ਪੰਜਾਬੀਆਂ ਦੇ ਭਵਿੱਖ ਨਾਲ ਹੈ। ਇਹ ਗੱਲ ਮੰਨੇ ਬਿਨਾਂ ਨਹੀਂ ਸਰ ਸਕਦਾ ਕਿ ਪੰਜਾਬ ਦੇ ਖਜ਼ਾਨੇ ਦੀ ਹਾਲਤ ਬਹੁਤ ਮਾੜੀ ਹੈ। ਪਿਛਲੇ ਤਿੰਨ ਸਾਲਾਂ ਤੋਂ ਅਸੀਂ ਮੁੱਖ ਮੰਤਰੀ ਤੋਂ ਲੈ ਕੇ ਸੰਸਦੀ ਸਕੱਤਰਾਂ ਤੇ ਅਕਾਲੀ-ਭਾਜਪਾ ਵਿਧਾਇਕਾਂ ਤੱਕ ਸਭ ਦੇ ਮੂੰਹੋਂ ਇਹੋ ਸੁਣਦੇ ਆਏ ਹਾਂ ਕਿ ਖਜ਼ਾਨਾ ਤਾਂ ਕੈਪਟਨ ਅਮਰਿੰਦਰ ਸਿੰਘ ਵਾਲੀ ਕਾਂਗਰਸੀ ਸਰਕਾਰ ਖਾਲੀ ਕਰ ਗਈ ਸੀ। ਜੇ ਉਹ ਖਾਲੀ ਕਰ ਗਈ ਸੀ ਤਾਂ ਹੁਣ ਵਾਲੀ ਸਰਕਾਰ ਨੂੰ ਭਰਨ ਦੇ ਪ੍ਰਬੰਧ ਕਰਨੇ ਚਾਹੀਦੇ ਸਨ, ਜਿਹੜੇ ਨਹੀਂ ਕੀਤੇ ਗਏ।

ਇਸ ਚਲਦੀ ਬਹਿਸ ਦੌਰਾਨ ਇਹ ਸਵਾਲ ਖੜਾ ਹੋ ਗਿਆ ਹੈ ਕਿ ਕੀ ਇਸ ਮੋੜ 'ਤੇ ਲੋਕਾਂ ਤੋਂ ਸਬਸਿਡੀਆਂ ਅਤੇ ਛੋਟਾਂ ਵਾਪਸ ਲਈਆਂ ਜਾ ਸਕਦੀਆਂ ਹਨ? ਸਾਡੀ ਸਮਝ ਵਿਚ ਇੰਜ ਕਰਨਾ ਜ਼ਰੂਰੀ ਤਾਂ ਹੈ ਪਰ ਹੁਣ ਵਾਲੇ ਮੋੜ 'ਤੇ, ਮੌਜੂਦਾ ਸਰਕਾਰ ਕੀ, ਕੋਈ ਹੋਰ ਸਰਕਾਰ ਵੀ ਹੁੰਦੀ ਤਾਂ ਕਰ ਨਹੀਂ ਸੀ ਸਕਦੀ। ਸਰਕਾਰ ਦਾ ਚੌਥਾ ਸਾਲ ਖਤਮ ਹੋਣ ਵਾਲਾ ਹੈ ਤੇ ਪੰਜਵਾਂ ਸਾਲ ਲੋਕਾਂ 'ਤੇ ਬੋਝ ਪਾਉਣ ਦਾ ਨਹੀਂ, ਛੋਟਾਂ ਦੇਣ ਦਾ ਹੁੰਦਾ ਹੈ। ਇਸ ਸਾਲ ਵਿਚ ਛੋਟਾਂ 'ਤੇ ਕੱਟ ਲਾ ਕੇ ਕੋਈ ਵੀ ਸਰਕਾਰ ਲੋਕਾਂ ਦੀ ਨਾਰਾਜ਼ਗੀ ਦਾ ਖਤਰਾ ਨਹੀਂ ਸਹੇੜ ਸਕਦੀ। ਪਹਿਲੇ ਤਿੰਨ ਸਾਲ ਟੈਕਸ ਲਾ ਕੇ ਜਿਹੜਾ ਕੰਮ ਕਰਨ ਵਾਲਾ ਸੀ, ਉਹ ਹੁਣ ਜੇ ਨਹੀਂ ਹੋ ਸਕਦਾ ਤਾਂ ਘੱਟੋ-ਘੱਟ ਅਗਲੇ ਸਾਲ ਲਈ ਨਵੇਂ ਗੱਫੇ ਵੰਡਣ ਵੇਲੇ ਹੀ ਜ਼ਰਾ ਕੁ ਸੰਜਮ ਨਾਲ ਕੰਮ ਲੈਣਾ ਚਾਹੀਦਾ ਹੈ ਪਰ ਸਰਕਾਰ ਏਨੀ ਸਮਝਦਾਰੀ ਵੀ ਨਹੀਂ ਵਿਖਾ ਰਹੀ।

ਜਿਹੜਾ ਕੰਮ ਕਰਨ ਵਾਲਾ ਹੈ, ਉਹ ਇਹ ਕਿ ਪੰਜਾਬ ਵਿਚ ਬੜਾ ਕੁਝ ਇਹੋ-ਜਿਹਾ ਰੁਲ ਰਿਹਾ ਹੈ ਜਿਸ ਨੂੰ ਸੰਭਾਲ ਕੇ ਪੰਜਾਬ ਦੇ ਲੋਕਾਂ ਨੂੰ ਕਾਰੇ ਲਾਇਆ ਜਾ ਸਕਦਾ ਹੈ। ਲੰਮੇ ਸਮੇਂ ਤੱਕ ਪੰਜਾਬ ਦੇ ਸ਼ੈਲਰਾਂ ਦੇ ਬਾਹਰ ਝੋਨੇ ਦੇ ਫੋਕਟ ਪਦਾਰਥ ਦੇ ਢੇਰ, ਉਡ ਕੇ ਲੋਕਾਂ ਦੀਆਂ ਅੱਖਾਂ ਵਿਚ ਪੈਂਦੇ ਵੇਖਦੇ ਰਹੇ ਹਾਂ, ਹੁਣ ਉਹ ਵਿਕਣ ਲੱਗ ਪਏ ਹਨ ਤਾਂ ਕਿਧਰੇ ਲੱਭਦੇ ਨਹੀਂ। ਇਸ ਵੇਲੇ ਕਣਕ ਅਤੇ ਝੋਨੇ ਦੀ ਵਾਢੀ ਪਿੱਛੋਂ ਨਾੜ ਦੀ ਸਮੱਸਿਆ ਬੜੀ ਵੱਡੀ ਹੈ, ਜਿਸ ਨੂੰ ਜੇ ਰਾਜ ਸਰਕਾਰ ਸੇਧ ਦੇਵੇ ਤਾਂ ਕਾਗਜ਼ ਬਣਾਉਣ ਦੀਆਂ ਮਿੱਲਾਂ ਵਿਚ ਵਰਤਿਆ ਜਾ ਸਕਦਾ ਹੈ। ਆਲੂ ਪੰਜਾਬ ਵਿਚ ਬਹੁਤ ਹੁੰਦਾ ਹੈ ਪਰ ਇਸ ਤੋਂ ਤਿਆਰ ਮਾਲ ਦੀਆਂ ਜਿਹੜੀਆਂ ਸੈਂਕੜੇ ਕਿਸਮਾਂ ਸੰਸਾਰ ਭਰ ਵਿਚ ਡੱਬਾ-ਬੰਦ ਹੋ ਕੇ ਵਿਕ ਰਹੀਆਂ ਹਨ, ਉਹ ਪੰਜਾਬ ਵਿਚ ਬਣਾਉਣ ਦਾ ਪ੍ਰਬੰਧ ਕੋਈ ਸਰਕਾਰ ਨਹੀਂ ਕਰ ਰਹੀ।

ਪੰਜਾਬ ਵਿਚ ਅਨੇਕਾਂ ਟਿਕਾਣੇ ਹਨ ਜਿਨ੍ਹਾਂ ਦੀ ਵਰਤੋਂ ਸੈਰ-ਸਪਾਟਾ ਵਧਾਉਣ ਲਈ ਕੀਤੀ ਜਾ ਸਕਦੀ ਹੈ ਤੇ ਅੱਜ ਦੇ ਯੁੱਗ ਵਿਚ ਸੈਰ-ਸਪਾਟਾ ਸੰਸਾਰ ਭਰ ਵਿਚ ਇਕ ਬਹੁਤ ਵੱਡੀ ਸਨਅਤ ਬਣ ਚੁੱਕਾ ਹੈ ਪਰ ਇਸ ਵੱਲ ਵੀ ਕਿਸੇ ਦਾ ਧਿਆਨ ਨਹੀਂ। ਰਾਜ ਦੀ ਸੈਰ-ਸਪਾਟਾ ਕਾਰਪੋਰੇਸ਼ਨ, ਸੰਬੰਧਤ ਮੰਤਰੀ ਅਤੇ ਉਸਦੇ ਅਮਲੇ-ਫੈਲੇ ਜਾਂ ਚੰਦ ਅਧਿਕਾਰੀਆਂ ਦੀ ਟਹਿਲ-ਸੇਵਾ ਦਾ ਅਦਾਰਾ ਬਣ ਕੇ ਰਹਿ ਜਾਣ ਪਿੱਛੋਂ ਹੁਣ ਦਮ ਤੋੜਦੀ ਲੱਗਦੀ ਹੈ।

ਅਸੀਂ ਇਹ ਸਮਝਦੇ ਹਾਂ ਕਿ ਪੰਜਾਬ ਨੇ ਉਨ੍ਹਾਂ ਨੀਤੀਆਂ ਵੱਲ ਹੀ ਮੂੰਹ ਕਦੇ ਨਹੀਂ ਕੀਤਾ ਜਿਨ੍ਹਾਂ ਨਾਲ ਇਹ ਪੈਰਾਂ ਸਿਰ ਖੜਾ ਹੋ ਸਕੇ। ਇਸ ਦੀਆਂ ਬੁਨਿਆਦੀ ਸਮੱਸਿਆਵਾਂ ਦਾ ਹੱਲ ਕੱਢਣ ਬਾਰੇ ਸੋਚਿਆ ਤੱਕ ਨਹੀਂ ਗਿਆ। ਨਾ ਬੇਰੁਜ਼ਗਾਰੀ ਨੂੰ ਧਿਆਨ ਦੇਣ ਦੇ ਯੋਗ ਸਮਝਿਆ ਗਿਆ ਹੈ, ਨਾ ਨਿੱਘਰ ਰਹੀ ਖੇਤੀ ਨੂੰ। ਜਦੋਂ ਸਮੱਸਿਆਵਾਂ ਦੇ ਹੱਲ ਵੱਲ ਹੀ ਕਿਸੇ ਨੇ ਧਿਆਨ ਨਹੀਂ ਦੇਣਾ, ਫਿਰ ਭਾਵੇਂ ਲੜਾਈ ਦੋ ਰਾਜਸੀ ਧੜਿਆਂ ਦੀ ਹੋਵੇ, ਭਾਵੇਂ ਇੱਕੋ ਪਰਿਵਾਰ ਵਿਚ ਵਿਰਾਸਤ ਨੂੰ ਸਾਂਭਣ ਦੀ, ਇਸ ਨਾਲ ਪੰਜਾਬ ਦੇ ਲੋਕਾਂ ਨੂੰ ਕੋਈ ਵਾਸਤਾ ਨਹੀਂ ਹੋ ਸਕਦਾ। ਇਹੋ ਕਾਰਨ ਹੈ ਕਿ ਸੁਖਬੀਰ-ਮਨਪ੍ਰੀਤ ਲੜਾਈ ਵੀ ਸਿਰਫ ਅਖ਼ਬਾਰਾਂ ਤੱਕ ਸੀਮਤ ਹੈ, ਲੋਕ ਇਸ ਤੋਂ ਨਿਰਲੇਪ ਜਿਹੇ ਜਾਪ ਰਹੇ ਹਨ।

# ਕਰਜ਼ਾ ਮਾਫੀ ਸਾਡਾ ਹੱਕ, ਭੀਖ ਨਹੀਂ ਮੰਗਦੇ-ਸੁਖਬੀਰ

ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ (48), ਆਪਣੇ ਚਚੇਰੇ ਭਰਾ ਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਲੋਂ ਕਰਜ਼ਾ ਮੁਆਫ਼ੀ ਦੇ ਛੇੜੇ ਮੁੱਦੇ ਨੂੰ ਲੈ ਕੇ ਕਸੂਤੀ ਸਥਿਤੀ 'ਚ ਸਨ। ਇਸ ਆਗੂ ਨੇ ਉਦੋਂ ਤੱਕ ਚੁੱਪ ਧਾਰੀ ਰੱਖੀ, ਜਦੋਂ ਤੱਕ ਉਹਨੇ ਆਪਣੇ ਲਈ ਲੋੜੀਂਦੀ ਪਾਰਟੀ ਹਮਾਇਤ ਤੇ ਮਨਪ੍ਰੀਤ ਨੂੰ ਇਕੱਲਿਆਂ ਨਹੀਂ ਕਰ ਲਿਆ। ਸਵੈ-ਭਰੋਸੇ ਨਾਲ ਭਰੇ ਸੁਖਬੀਰ ਨੇ ਅੰਗਰੇਜ਼ੀ ਅਖ਼ਬਾਰ 'ਦੀ ਟ੍ਰਿਬਿਊਨ' ਦੇ ਐਡੀਟਰ-ਇਨ-ਚੀਫ ਰਾਜ ਚੇਂਗੱਪਾ ਨਾਲ ਕਰਜ਼ੇ ਦੇ ਮਾਮਲੇ ਅਤੇ ਰਾਜ ਨੂੰ ਦਰਪੇਸ਼ ਮੁੱਖ ਚੁਣੌਤੀਆਂ 'ਤੇ ਖੁੱਲ੍ਹ ਕੇ ਗੱਲਬਾਤ ਕੀਤੀ। ਪੰਜਾਬ ਟਾਈਮਜ਼ ਦੇ ਪਾਠਕਾਂ ਲਈ ਪੇਸ਼ ਹਨ ਇਸ ਗੱਲਬਾਤ ਦੇ ਅਹਿਮ ਅੰਸ਼:

**ਸਵਾਲ:** ਕੇਂਦਰ ਵਲੋਂ ਰਾਜ ਦੇ ਕਰਜ਼ੇ ਦੀ ਮਾਫ਼ੀ ਦੀ ਪੇਸ਼ਕਸ਼ ਨੂੰ ਲੈ ਕੇ ਵੱਡਾ ਵਿਵਾਦ ਛਿੜਿਆ ਹੋਇਆ ਹੈ, ਤੁਸੀਂ ਇਸ ਬਾਰੇ ਕੀ ਆਖਦੇ ਹੋ?

**ਜਵਾਬ:** ਮੁੱਖ ਮੰਤਰੀ ਨੇ ਇਸ ਮਾਮਲੇ ਨੂੰ ਲੈ ਕੇ ਪ੍ਰਧਾਨ ਮੰਤਰੀਆਂ, ਕੇਂਦਰੀ ਵਿੱਤ ਮੰਤਰੀਆਂ ਤੇ ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨਾਂ ਨਾਲ ਕੇਵਲ ਹੁਣ ਹੀ ਨਹੀਂ, ਬਲਕਿ ਪਿਛਲੇ ਕਾਰਜਕਾਲ ਦੌਰਾਨ ਵੀ ਕਈ ਮੀਟਿੰਗਾਂ ਕੀਤੀਆਂ ਸਨ। ਸਭ ਤੋਂ ਪਹਿਲਾਂ ਅਤਿਵਾਦ ਦੇ ਦਿਨਾਂ 'ਚ, ਜਦੋਂ ਅਸੀਂ ਮੁਲਕ ਲਈ ਲੜੇ, ਸਾਡੇ ਸਿਰ ਭਾਰੀ ਕਰਜ਼ਾ ਚੜ੍ਹ ਗਿਆ। ਦੂਜਾ, ਪੰਜਾਬ ਦੇ ਦੁਆਲੇ ਪਹਾੜੀ ਸੂਬੇ ਹਨ, ਇਨ੍ਹਾਂ ਦਾ ਵੀ ਸਾਨੂੰ ਨੁਕਸਾਨ ਹੀ ਹੋ ਰਿਹਾ ਹੈ। ਭਾਵੇਂ ਜੰਮੂ-ਕਸ਼ਮੀਰ ਹੋਵੇ, ਹਿਮਾਚਲ ਜਾਂ ਉਤਰਾਖੰਡ, ਸਾਰਿਆਂ ਨੂੰ ਕੇਂਦਰ ਤੋਂ ਭਾਰੀ ਰਿਆਇਤਾਂ ਮਿਲਦੀਆਂ ਹਨ। ਸਾਡੀ ਸਨਅਤ ਵੀ ਇਨ੍ਹਾਂ ਰਾਜਾਂ 'ਚ ਜਾ ਰਹੀ ਹੈ। ਕੇਂਦਰ ਨੂੰ ਸਾਡੇ ਵੱਲ ਇਸ ਨਜ਼ਰੀਏ ਤੋਂ ਦੇਖਣਾ ਚਾਹੀਦਾ ਹੈ ਕਿ ਗੁਆਂਢੀ ਰਾਜਾਂ ਨੂੰ ਮਿਲ ਰਹੀਆਂ ਰਿਆਇਤਾਂ ਸਾਡਾ ਨੁਕਸਾਨ ਕਰ ਰਹੀਆਂ ਹਨ।

**ਸਵਾਲ:** ਸੋ ਤੁਸੀਂ ਕਰਜ਼ਾ ਮੁਆਫ਼ੀ ਦੇ ਹੱਕ 'ਚ ਹੋ ਜਾਂ ਵਿਰੋਧ 'ਚ?

**ਜਵਾਬ:** ਕਰਜ਼ਾ ਮੁਆਫ਼ੀ ਦੇ ਕੋਈ ਵੀ ਵਿਰੋਧ 'ਚ ਨਹੀਂ ਹੋ ਸਕਦਾ ਪਰ ਅਸੀਂ ਜਾਨਣਾ ਚਾਹੁੰਦੇ ਹਾਂ ਕਿ ਕੇਂਦਰ ਦੀ ਪੇਸ਼ਕਸ਼ ਕੀ ਹੈ? ਸਾਡੇ ਕੋਲ ਕੋਈ ਲਿਖਤੀ ਪੇਸ਼ਕਸ਼ 35000 ਕਰੋੜ ਜਾਂ ਸਿਰਫ 3000 ਕਰੋੜ ਦੀ ਨਹੀਂ ਆਈ ਅਤੇ ਕੋਈ ਅਗਾਊਂ ਸ਼ਰਤਾਂ ਵੀ ਹਨ ਜਾਂ ਨਹੀਂ। ਇਕ ਵਾਰ ਸਾਨੂੰ ਰਾਸ਼ੀ ਤੇ ਸ਼ਰਤਾਂ ਦਾ ਪਤਾ ਲੱਗੇ, ਅਸੀਂ ਤਾਂ ਹੀ ਪ੍ਰਤੀਕਿਰਿਆ ਕਰ ਸਕਦੇ ਹਾਂ। ਅਸੀਂ ਕੇਵਲ ਸੁਣੀਆਂ-ਸੁਣਾਈਆਂ 'ਤੇ ਹੁੰਗਾਰਾ ਨਹੀਂ ਭਰ ਸਕਦੇ। ਅਸੀਂ ਸਰਕਾਰ ਦਾ ਹਿੱਸਾ ਹਾਂ। ਬਿਨਾਂ ਤੱਥਾਂ ਤੋਂ ਗੱਲ ਨਹੀਂ ਕਰ ਸਕਦੇ।

**ਸਵਾਲ:** ਪਰ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਸੀ ਕਿ ਮੰਤਰੀ ਮੰਡਲ ਦੀ ਇਕ ਵਾਰ ਮੀਟਿੰਗ ਹੋਈ ਸੀ, ਜੋ ਕੇਂਦਰ ਦੀ ਕਰਜ਼ਾ ਮੁਆਫੀ ਦੀ ਪੇਸ਼ਕਸ਼ 'ਤੇ ਵਿਚਾਰ ਸਬੰਧੀ ਸੀ?

**ਜਵਾਬ:** ਮੰਤਰੀ ਮੰਡਲ ਦੀਆਂ ਮੀਟਿੰਗਾਂ ਨਿਯਮਿਤ ਤੌਰ 'ਤੇ ਹੁੰਦੀਆਂ ਰਹਿੰਦੀਆਂ ਹਨ, ਜਿਨ੍ਹਾਂ 'ਚ ਰਾਜ ਦੇ ਵਿੱਤੀ ਮਾਮਲਿਆਂ ਦੇ ਨਾਲ-ਨਾਲ ਹੋਰ ਕਈ ਵਿਸ਼ੇ ਵੀ ਵਿਚਾਰੇ ਜਾਂਦੇ ਹਨ। ਸਿਰਫ ਕਰਜ਼ਾ ਮੁਆਫੀ 'ਤੇ ਗੱਲਬਾਤ ਕਰਨ ਲਈ ਮੰਤਰੀ ਮੰਡਲ ਦੀ ਕੋਈ ਵਿਸ਼ੇਸ਼ ਮੀਟਿੰਗ ਨਹੀਂ ਹੋਈ। ਮੁੱਖ ਮੰਤਰੀ ਨੇ ਕੈਬਨਿਟ ਦੀਆਂ ਕਈ ਮੀਟਿੰਗਾਂ 'ਚ ਜ਼ਿਕਰ ਕੀਤਾ ਹੈ ਕਿ ਉਹ ਕੇਂਦਰ ਨਾਲ ਕਰਜ਼ਾ ਮੁਆਫੀ ਬਾਰੇ ਗੱਲ ਚਲਾ ਰਹੇ ਹਨ। ਉਨ੍ਹਾਂ ਨੇ ਇਸ ਸਬੰਧੀ ਕੇਂਦਰ ਨੂੰ ਕਈ ਵਾਰ ਪੱਤਰ ਵੀ ਲਿਖੇ ਹਨ। ਉਹ ਵਫ਼ਦ ਲੈ ਕੇ ਕੇਂਦਰੀ ਵਿੱਤ ਮੰਤਰੀ ਨੂੰ ਵੀ ਮਿਲੇ ਸਨ। ਕੇਂਦਰ ਵਲੋਂ ਕੁਝ ਸੁਆਲ ਉਠਾਏ ਗਏ ਸਨ ਤੇ ਸਾਡੇ ਅਫਸਰਾਂ ਨੇ ਉਨ੍ਹਾਂ ਦੇ ਜੁਆਬ ਦਿੱਤੇ ਤੇ ਇਹ ਆਪਸੀ ਆਦਾਨ-ਪ੍ਰਦਾਨ ਅਜੇ ਵੀ ਜਾਰੀ ਹੈ।

**ਸਵਾਲ:** ਪਾਰਟੀ ਪ੍ਰਧਾਨ ਦੀ ਹੈਸੀਅਤ 'ਚ, ਕੀ ਮਨਪ੍ਰੀਤ ਬਾਦਲ ਨੇ ਤੁਹਾਨੂੰ ਇਸ ਬਾਰੇ ਸੰਖੇਪ 'ਚ ਜਾਣਕਾਰੀ ਦਿੱਤੀ ਸੀ?

**ਜਵਾਬ:** ਮੁੱਖ ਮੰਤਰੀ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਨ੍ਹਾਂ ਨੂੰ ਕੇਂਦਰ ਤੋਂ ਕਰਜ਼ਾ ਮੁਆਫੀ ਸਬੰਧੀ ਕੋਈ ਲਿਖਤੀ ਸੁਨੇਹਾ ਨਹੀਂ ਮਿਲਿਆ। ਅਸੀਂ ਤਾਂ ਲਗਾਤਾਰ ਕਰਜ਼ਾ ਮੁਆਫੀ ਦੀ ਗੱਲ ਕਰਦੇ ਆ ਰਹੇ ਹਾਂ। ਇਹ ਸਾਡਾ ਹੱਕ ਹੈ। ਅਸੀਂ ਕਰਜ਼ਾ ਮੁਆਫੀ ਲਈ ਭੀਖ ਨਹੀਂ ਮੰਗ ਰਹੇ। ਅਸੀਂ ਖੇਤੀ ਉਤਪਾਦਨ ਰਾਹੀਂ ਕੇਂਦਰ ਦੇ ਮਾਲੀਏ 'ਚ ਵੱਡਾ ਹਿੱਸਾ ਪਾਉਂਦੇ ਆ ਰਹੇ ਹਾਂ। ਕੇਂਦਰ ਇਸ ਪੱਖੋਂ ਸਾਡਾ ਖਿਆਲ ਨਹੀਂ ਕਰ ਰਿਹਾ। ਜੇਕਰ ਪੰਜਾਬ 'ਚ ਕਣਕ ਤੇ ਚੌਲਾਂ ਦੀ ਪੈਦਾਵਾਰ ਘਟਦੀ ਹੈ, ਦੁਨੀਆਂ 'ਚ ਹਿਲਜੁਲ ਹੋ ਜਾਏਗੀ। ਫਿਰ ਅਤਿਵਾਦ ਨਾਲ ਲੜਨ ਦਾ ਵੀ ਸਾਨੂੰ ਸਿਲਾ ਮਿਲਣਾ ਚਾਹੀਦਾ ਹੈ। ਜਦੋਂ ਵੀ ਕੇਂਦਰ ਸਾਨੂੰ ਇਹ ਪੇਸ਼ਕਸ਼ ਭੇਜਦਾ ਹੈ, ਅਸੀਂ ਇਹਦੀ ਪੜਤਾਲ ਕਰਾਂਗੇ। ਸਾਰਾ ਕੁਝ ਤੈਅ ਸ਼ਰਤਾਂ, ਨਿਯਮਾਂ ਅਤੇ ਰਾਸ਼ੀ 'ਤੇ ਨਿਰਭਰ ਕਰਦਾ ਹੈ।

**ਸਵਾਲ:** ਕੀ ਮਨਪ੍ਰੀਤ ਬਾਦਲ ਨਾਲ ਤੁਹਾਡੇ ਕੋਈ ਮੱਤਭੇਦ ਹਨ?

**ਜਵਾਬ:** ਉਹ ਮੇਰਾ ਵੀਰ ਹੈ ਤੇ ਨਿੱਜੀ ਤੌਰ 'ਤੇ ਮੇਰੇ ਮਨ 'ਚ ਉਹਦੇ ਵਿਰੁਧ ਕੁਝ ਨਹੀਂ ਹੈ। ਅਸੀਂ ਵੇਲੇ-ਵੇਲੇ ਮਿਲਦੇ ਹਾਂ ਤੇ ਸਾਡੇ 'ਚ ਕੋਈ ਮੱਤਭੇਦ ਨਹੀਂ ਹਨ।

**ਸਵਾਲ:** ਇਹ ਕਿਹਾ ਜਾਂਦਾ ਹੈ ਕਿ ਜਾਨਸ਼ੀਨੀ ਦੀ ਦੌੜ 'ਚ ਤੁਹਾਡੇ ਪਿਤਾ ਨੇ ਉਹਦੀ ਥਾਂ ਤੁਹਾਨੂੰ ਵੱਧ ਮਹੱਤਵ ਦਿੱਤਾ?

**ਜਵਾਬ:** ਮੇਰੇ ਪਿਤਾ ਜੀ ਹਮੇਸ਼ਾ ਬੜੇ ਨਿਰਪੱਖ ਰਹੇ ਹਨ। ਉਹ ਆਪਣੇ ਪੁੱਤਰ ਨੂੰ ਅੱਗੇ ਵਧਾਉਣ ਵਾਲੇ ਨਹੀਂ ਹਨ। ਉਨ੍ਹਾਂ ਨੇ ਮੈਨੂੰ ਸਪਸ਼ਟ ਦੱਸ ਦਿੱਤਾ ਸੀ ਕਿ ਮੈਨੂੰ ਪਾਰਟੀ 'ਚ ਆਪਣੀ ਥਾਂ ਆਪ ਬਣਾਉਣੀ ਪਏਗੀ ਤੇ ਉਨ੍ਹਾਂ ਅੱਗੇ ਸਾਰੇ ਇਕੋ ਜਿਹੇ ਹਨ ਤੇ ਪਿਤਾ-ਪੁੱਤਰ ਦੇ ਰਿਸ਼ਤੇ ਦਾ ਇੱਥੇ ਕੋਈ ਮਤਲਬ ਨਹੀਂ। ਭਾਵੇਂ ਉਨ੍ਹਾਂ ਦਾ ਪੁੱਤਰ ਹੋਵੇ, ਭਤੀਜਾ ਜਾਂ ਪਾਰਟੀ ਵਰਕਰ, ਉਹ ਸਾਰਿਆਂ ਨਾਲ ਇਕੋ ਜਿਹਾ ਵਰਤਾਓ ਕਰਦੇ ਹਨ। ਉਹ ਹੋਰਾਂ ਨਾਲੋਂ ਮੇਰੇ ਨਾਲ ਹਮੇਸ਼ਾ ਸਖਤ ਰਹੇ ਹਨ।

**ਸਵਾਲ:** ਕੀ ਸਰਕਾਰ ਮਾਲੀਆ ਇਕੱਤਰ ਕਰਨ ਤੇ ਕਰਜ਼ਾ ਘਟਾਉਣ ਲਈ ਕੁਝ ਕਰੇਗੀ?

**ਜਵਾਬ:** ਰਾਜ ਦੇ ਮਾਲੀਆ ਉਗਰਾਹੁਣ ਦੇ ਮੁੱਖ ਸਰੋਤ ਵੈਟ, ਐਕਸਾਈਜ਼, ਸਟੈਂਪ ਡਿਊਟੀ ਅਤੇ ਟਰਾਂਸਪੋਰਟ ਟੈਕਸ ਹਨ। ਜਦੋਂ ਅਸੀਂ ਸੱਤਾ ਵਿਚ ਆਏ ਤਾਂ ਸਾਨੂੰ ਇਹ ਜਾਣ ਕੇ ਬੇਹੱਦ ਧੱਕਾ ਲੱਗਾ ਕਿ ਵੈਟ ਤੋਂ ਪਿਛਲੇ 63 ਸਾਲਾਂ ਵਿਚ ਸਿਰਫ 5000 ਕਰੋੜ ਰੁਪਏ ਇਕੱਤਰ ਹੋਏ ਹਨ ਅਤੇ ਸਾਡੀ ਸਰਕਾਰ ਵਲੋਂ ਚੁੱਕੇ ਕਦਮਾਂ ਸਦਕਾ ਪਿਛਲੇ ਤਿੰਨ ਸਾਲਾਂ ਵਿਚ ਵੈਟ ਰਾਹੀਂ 8000 ਕਰੋੜ ਰੁਪਏ ਇਕੱਤਰ ਹੋਏ ਹਨ। ਐਕਸਾਈਜ਼ ਦੁਆਰਾ ਅਸੀਂ ਮਾਲੀਆ 1500 ਸੌ ਤੋਂ ਵਧਾ ਕੇ 2500 ਕਰੋੜ ਤਕ ਲੈ ਗਏ। ਇਹ ਵਿਭਾਗ ਦੇ ਕੰਪਿਊਟਰੀਕਰਨ ਸਦਕਾ ਸੰਭਵ ਹੋਇਆ, ਜਿਸ ਨਾਲ ਚੋਰ ਮੋਰੀਆਂ ਬੰਦ ਹੋਈਆਂ। ਬਦਕਿਸਮਤੀ ਨੂੰ ਪੰਜਵੇਂ ਪੇਅ ਕਮਿਸ਼ਨ ਕਾਰਨ 2000 ਕਰੋੜ ਰੁਪਏ ਚਲੇ ਗਏ ਪਰ ਵਾਧੂ ਮਾਲੀਆ ਉਗਰਾਹੀ ਦੇ ਸਰੋਤਾਂ ਨਾਲ ਅਸੀਂ ਇਸ ਦੀ ਪੂਰਤੀ ਕਰ ਲਵਾਂਗੇ।

**ਸਵਾਲ:** ਖੇਤੀਬਾੜੀ ਸੈਕਟਰ ਅਤੇ ਬਿਜਲੀ ਸੈਕਟਰ ਵਿਚ ਸਬਸਿਡੀਆਂ ਘਟਾਉਣ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ?

**ਜਵਾਬ:** ਸਬਸਿਡੀਆਂ ਪੰਜਾਬ ਪੱਧਰ ਦੇ ਮਸਲੇ ਨਹੀਂ ਹਨ। ਭਾਰਤ ਸਰਕਾਰ ਨੇ ਕਿਸਾਨਾਂ ਨੂੰ ਕਰਜ਼ੇ ਵਿਚੋਂ ਕੱਢਣ ਲਈ 70,000 ਕਰੋੜ ਰੁਪਏ ਦਿੱਤੇ ਹਨ। ਕੀ ਇਹ ਸਬਸਿਡੀ ਨਹੀਂ ਹੈ? ਅੱਜ ਮਿੱਟੀ ਦੇ ਤੇਲ ਤੇ ਡੀਜ਼ਲ 'ਤੇ ਕੇਂਦਰ ਸਰਕਾਰ ਵਲੋਂ ਸਬਸਿਡੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਯੂਰਪ ਅਤੇ ਅਮਰੀਕਾ ਵਿਚ ਵੀ ਖੇਤੀ ਲਾਗਤਾਂ 'ਤੇ ਸਬਸਿਡੀ ਦਿੱਤੀ ਜਾਂਦੀ ਹੈ।

**ਸਵਾਲ:** ਉਪ ਮੁੱਖ ਮੰਤਰੀ ਬਣ ਕੇ ਤੁਸੀਂ ਪੰਜਾਬ ਦਾ ਕੀ ਸਵਾਰਿਆ?

**ਜਵਾਬ:** ਮੈਂ ਦੋ ਭੂਮਿਕਾਵਾਂ ਨਿਭਾ ਰਿਹਾ ਹਾਂ। ਪਹਿਲੀ ਇਹ ਕਿ ਮੈਂ ਪਾਰਟੀ ਦਾ ਪ੍ਰਧਾਨ ਹਾਂ ਤੇ ਮੇਰਾ ਉਦੇਸ਼ ਹੈ ਕਿ ਮੈਂ ਪਾਰਟੀ ਦੇ ਅਕਸ ਨੂੰ ਹੋਰ ਸੁਧਾਰਾਂ। ਦੂਜੇ, ਮੇਰੀ ਇਹ ਵੀ ਪੂਰੀ ਕੋਸ਼ਿਸ਼ ਹੈ ਕਿ ਸਰਕਾਰ ਦੇ ਅਕਸ ਨੂੰ ਸੁਧਾਰਿਆ ਜਾਵੇ। ਜੇਕਰ ਸਰਕਾਰ ਦਾ ਅਕਸ ਸੁਧਰਦਾ ਹੈ ਤਾਂ ਪਾਰਟੀ ਦਾ ਅਕਸ ਆਪਣੇ-ਆਪ ਹੀ ਸੁਧਰੇਗਾ। ਮੇਰਾ ਧਿਆਨ ਆਰਥਿਕ ਵਿਕਾਸ 'ਤੇ ਕੇਂਦਰਿਤ ਹੈ। ਅਸੀਂ ਇਕ ਅਜਿਹਾ ਮਾਹੌਲ ਉਸਾਰਿਆ ਹੈ, ਜਿਸ ਕਰਕੇ ਨਿਵੇਸ਼ਕ ਪੰਜਾਬ ਵਲ ਵਾਪਸ ਆਉਣਗੇ। ਮੇਰਾ ਏਜੰਡਾ ਸੂਬੇ ਦਾ ਵਿਕਾਸ ਹੈ।

**ਸਵਾਲ:** ਅਕਾਲੀ ਪਾਰਟੀ ਬਾਰੇ ਆਮ ਰਾਇ ਬਣ ਚੁੱਕੀ ਹੈ ਕਿ ਪਾਰਟੀ ਅੰਦਰ ਲੋਕਤੰਤਰੀ ਕਦਰਾਂ-ਕੀਮਤਾਂ ਦੀ ਥਾਂ ਤਾਨਾਸ਼ਾਹੀ ਰਵੱਈਏ ਦਾ ਬੋਲਬਾਲਾ ਹੈ?

**ਜਵਾਬ:** ਤੁਸੀਂ ਮੇਰੇ ਪਿਤਾ ਦੇ ਫੈਸਲਿਆਂ ਵਲ ਵੇਖੋਗੇ ਤਾਂ ਉਹ ਹਮੇਸ਼ਾ ਸਰਬਸੰਮਤੀ ਨਾਲ ਫੈਸਲੇ ਲੈਂਦੇ ਹਨ। ਸਾਡੀ ਕੋਰ ਕਮੇਟੀ ਹੈ ਤੇ ਸੀਨੀਅਰ ਆਗੂ ਹੀ ਅਹਿਮ ਫੈਸਲੇ ਲੈਂਦੇ ਹਨ।

**ਸਵਾਲ:** ਕਰਜ਼ਾ ਮਾਫੀ ਦੇ ਮਾਮਲੇ ਨੇ ਪਾਰਟੀ ਤੇ ਸਰਕਾਰ ਦੀ ਸਾਖ 'ਤੇ ਕਿੰਨਾ ਅਸਰ ਪਾਇਆ?

**ਜਵਾਬ:** ਪਾਰਟੀ ਦਾ ਵਫਾਦਾਰ ਸਿਪਾਹੀ ਹੋਣ ਦੇ ਨਾਤੇ ਮੈਂ ਇਸ 'ਤੇ ਕੋਈ ਟਿੱਪਣੀ ਨਹੀਂ ਕਰਨਾ ਚਾਹਾਂਗਾ। ਮੈਨੂੰ ਪਾਰਟੀ ਦੀ ਲੀਡਰਸ਼ਿਪ 'ਤੇ ਪੂਰਾ ਵਿਸ਼ਵਾਸ ਹੈ।

ਪੰਜਾਬ ਟਾਈਮਜ਼

**ਸਨਿਚਰਵਾਰ, 16 ਅਕਤੂਬਰ 2010**

ਇਨਸਾਫ ਦਿੱਤਾ ਹੀ ਨਹੀਂ ਜਾਣਾ ਚਾਹੀਦਾ ਸਗੋਂ ਇਹ ਵਿਸ਼ਵਾਸ ਵੀ ਹੋਣਾ ਚਾਹੀਦਾ ਹੈ ਕਿ ਇਨਸਾਫ ਦਿੱਤਾ ਗਿਆ ਹੈ। -ਜੇ. ਬੀ. ਮਾਰਟਨ

## ਮਨਪ੍ਰੀਤ-ਸੁਖਬੀਰ ਤਣਾਓ

ਪੰਜਾਬ ਸਿਰ ਕੇਂਦਰ ਦੇ ਚੜ੍ਹੇ 71 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਵਿਚੋਂ 35 ਹਜ਼ਾਰ ਕਰੋੜ ਰੁਪਏ ਦੀ ਸ਼ਰਤਾਂ ਤਹਿਤ ਮੁਕਤੀ ਦੇ ਮਸਲੇ ਨੂੰ ਲੈ ਕੇ ਅਕਾਲੀ-ਭਾਜਪਾ ਸਰਕਾਰ ਵਿਚ ਵਿਵਾਦ ਚੱਲ ਪਿਆ ਹੈ। ਇਨ੍ਹਾਂ ਕਰਜ਼ਾ ਮੁਆਫੀ ਦੀਆਂ ਸ਼ਰਤਾਂ ਕਾਰਨ ਅਕਾਲੀ ਦਲ ਖਾਸ ਕਰ ਬਾਦਲ ਪਰਿਵਾਰ ਅੰਦਰ ਕਲੇਸ਼ ਖੜਾ ਹੋ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੂੰ ਭਰੋਸਾ ਦਿਵਾਇਆ ਹੈ ਕਿ ਜੇਕਰ ਪੰਜਾਬ ਸਰਕਾਰ ਇਹ ਸ਼ਰਤਾਂ ਮੰਨਦੀ ਹੈ ਤਾਂ ਕੇਂਦਰ ਉਸ ਨੂੰ 35000 ਕਰੋੜ ਰੁਪਏ ਤੱਕ ਕਰਜ਼ੇ ਵਿਚ ਰਾਹਤ ਦੇ ਸਕਦਾ ਹੈ ਤੇ ਕੁਝ ਕਰਜ਼ਿਆਂ ਦੀ ਵਸੂਲੀ ਲਈ ਸਮਾਂ ਵੀ ਵਧਾਇਆ ਜਾ ਸਕਦਾ ਹੈ।

ਯਾਦ ਰਹੇ, ਸਬਸਿਡੀਆਂ ਘਟਾਉਣ ਦੇ ਮੁੱਦੇ ਨੂੰ ਲੈ ਕੇ ਮਨਪ੍ਰੀਤ ਸਿੰਘ ਬਾਦਲ ਪਿਛਲੇ ਕਾਫੀ ਸਮੇਂ ਤੋਂ ਮੁਹਿੰਮ ਚਲਾ ਰਹੇ ਹਨ। ਇਸ ਮਸਲੇ ਨੂੰ ਲੈ ਕੇ ਸੁਖਬੀਰ-ਕਾਲੀਆ ਕਮੇਟੀ ਨਾਲ ਉਨ੍ਹਾਂ ਦੇ ਮਤਭੇਦ ਵੀ ਗਾਹੇ-ਬਗਾਹੇ ਸਾਹਮਣੇ ਆਉਂਦੇ ਰਹੇ ਹਨ। ਇਹ ਵੀ ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਰਾਜ ਬਾਰੇ ਵਿੱਤੀ ਰਣਨੀਤੀ ਬਣਾਉਣ ਦਾ ਕਾਰਜ-ਭਾਰ ਖੁਦ ਸੰਭਾਲ ਲਿਆ ਸੀ। ਅਰਥਚਾਰੇ ਬਾਰੇ ਨੀਤੀਆਂ ਬਣਾਉਣ ਦੀ ਵਾਗਡੋਰ ਉਨ੍ਹਾਂ ਆਪਣੇ ਹੱਥ ਲੈ ਲਈ ਸੀ ਤੇ ਆਪਣੇ ਚਚੇਰੇ ਭਰਾ ਮਨਪ੍ਰੀਤ ਨੂੰ ਇਸ ਕੰਮ ਵਿਚ ਭਾਈਵਾਲ ਨਹੀਂ ਸੀ ਬਣਾਇਆ। ਅਖੀਰ ਮਨਪ੍ਰੀਤ ਸਿੰਘ ਬਾਦਲ ਨੇ ਇਸ ਘੁਟਣ ਤੋਂ ਨਿਜਾਤ ਪਾਉਣ ਦੀ ਕੋਸ਼ਿਸ਼ ਕੀਤੀ ਹੈ ਤੇ ਆਪਣੇ ਵਿਚਾਰ ਜਨਤਕ ਤੌਰ 'ਤੇ ਪ੍ਰਗਟ ਕੀਤੇ ਹਨ। ਉਨ੍ਹਾਂ ਨੇ ਬੀਤੇ ਦਿਨੀਂ ਇਕ ਅੰਗਰੇਜ਼ੀ ਅਖ਼ਬਾਰ ਵਿਚ ਸੁਖਬੀਰ-ਕਾਲੀਆ ਕਮੇਟੀ ਸੰਬੰਧੀ ਟਿੱਪਣੀ ਕਰਦਿਆਂ ਕਿਹਾ, ''ਮੈਨੂੰ ਸੁਖਬੀਰ-ਕਾਲੀਆ ਕਮੇਟੀ ਵਿਚ ਨਾ ਲੈਣ ਕਰਕੇ ਮੈਂ ਨਿਰਾਸ਼ ਹਾਂ। ਜੋ ਕੁਝ ਉਨ੍ਹਾਂ ਨੇ ਕਈ ਮਹੀਨਿਆਂ ਵਿਚ ਕੀਤਾ, ਉਹ ਮੈਂ ਕੁਝ ਹੀ ਮਿੰਟਾਂ ਵਿਚ ਕਰ ਦੇਣਾ ਸੀ ਕਿਉਂਕਿ ਮੈਂ ਵਿੱਤੀ ਮਾਮਲਿਆਂ ਨੂੰ ਬਹੁਤ ਨੇੜੇ ਤੋਂ ਸਮਝਦਾ ਹਾਂ।''

ਮਨਪ੍ਰੀਤ ਦੇ ਇਸ ਬਿਆਨ ਤੋਂ ਬਾਅਦ ਅਕਾਲੀ ਦਲ ਦੀ ਰਾਜਨੀਤਕ ਮਾਮਲਿਆਂ ਬਾਰੇ ਕਮੇਟੀ ਦੀ ਮੀਟਿੰਗ ਵੱਡੇ ਬਾਦਲ ਦੀ ਗੈਰਹਾਜ਼ਰੀ ਵਿਚ ਸੱਦੀ ਗਈ ਅਤੇ ਇਸ ਦੌਰਾਨ ਅਕਾਲੀ ਦਲ ਦੇ ਕਈ ਸੀਨੀਅਰ ਆਗੂਆਂ ਨੇ ਮਨਪ੍ਰੀਤ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ। ਮਨਪ੍ਰੀਤ ਦੀ ਖੁੱਲ੍ਹੇਆਮ ਆਲੋਚਨਾ ਕਰਨ ਵਾਲਿਆਂ ਵਿਚ ਮੁੱਖ ਤੌਰ 'ਤੇ ਸ. ਪ੍ਰੇਮ ਸਿੰਘ ਚੰਦੂਮਾਜਰਾ, ਸ. ਗੁਰਦੇਵ ਸਿੰਘ ਬਾਦਲ ਅਤੇ ਸ. ਮਹੇਸ਼ਇੰਦਰ ਸਿੰਘ ਗਰੇਵਾਲ ਸ਼ਾਮਿਲ ਹਨ। ਉਧਰ ਮਨਪ੍ਰੀਤ ਦੇ ਹੱਕ ਵਿਚ ਵੀ ਅਕਾਲੀ ਵਿਧਾਇਕ ਜਗਬੀਰ ਸਿੰਘ ਬਰਾੜ, ਮਨਜਿੰਦਰ ਸਿੰਘ ਕੰਗ, ਚਰਨਜੀਤ ਸਿੰਘ ਚੰਨੀ, ਅਮਰਪਾਲ ਸਿੰਘ ਬੋਨੀ ਅਤੇ ਫਰੀਦਕੋਟ ਤੋਂ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਸਮੇਤ ਮਾਨ ਸਿੰਘ ਗਰਚਾ, ਗੁਰਪਾਲ ਸਿੰਘ ਗੋਰਾ ਤੇ ਹੋਰ ਕਈ ਅਕਾਲੀ ਆਗੂ ਨਿੱਤਰੇ ਹਨ। ਇਸ ਦਰਮਿਆਨ ਬੀਤੀ 7 ਅਕਤੂਬਰ ਨੂੰ ਜਦੋਂ ਵੱਡੇ ਬਾਦਲ ਮਾਮੂਲੀ ਚੋਟ ਕਾਰਨ ਹਸਪਤਾਲ ਦਾਖਲ ਸਨ ਤਾਂ ਮਨਪ੍ਰੀਤ ਸਿੰਘ ਬਾਦਲ ਨੇ ਉਨ੍ਹਾਂ ਕੋਲ ਸਫਾਈ ਪੇਸ਼ ਕੀਤੀ। ਪਹਿਲੀ ਸੱਟੇ ਵੱਡੇ ਬਾਦਲ ਨੇ ਮਨਪ੍ਰੀਤ ਨੂੰ ਕਲੀਨ ਚਿੱਟ ਦੇ ਦਿੱਤੀ ਪਰ ਪਿਛੋਂ ਦੇਰ ਰਾਤ ਨੂੰ ਉਸ ਦੇ ਵਿਰੋਧੀ ਆਗੂਆਂ ਦੇ ਦਬਾਅ ਕਾਰਨ ਅਨੁਸ਼ਾਸਨ ਭੰਗ ਕਰਨ ਵਾਲੇ ਕਿਸੇ ਵੀ ਆਗੂ ਖਿਲਾਫ਼ ਸਖਤ ਕਾਰਵਾਈ ਕਰਨ ਦਾ ਬਿਆਨ ਵੀ ਦੇ ਦਿੱਤਾ। ਇੰਜ ਪ੍ਰਕਾਸ਼ ਸਿੰਘ ਬਾਦਲ ਦੋਨੋਂ ਧਿਰਾਂ ਦੀ ਰੱਖਦੇ ਵਿਖਾਈ ਦਿੱਤੇ। ਉਂਜ ਉਨ੍ਹਾਂ ਆਪਣੇ ਇਕ ਹੋਰ ਬਿਆਨ ਵਿਚ ਇਹ ਵੀ ਆਖ ਦਿੱਤਾ ਕਿ ਕਰਜ਼ੇ ਦਾ ਮਾਮਲਾ ਮੁੱਖ ਮੰਤਰੀ ਵਲੋਂ ਕੇਂਦਰ ਸਰਕਾਰ ਨਾਲ ਕਈ ਵਾਰ ਵਿਚਾਰਿਆ ਗਿਆ ਹੈ ਅਤੇ ਇਸ ਸੰਬੰਧ ਵਿਚ ਜ਼ਿੰਮੇਵਾਰ ਫੈਸਲਾ ਅਕਾਲੀ-ਭਾਜਪਾ ਸਰਕਾਰ ਦੀ ਕੈਬਨਿਟ ਮੀਟਿੰਗ ਤੋਂ ਬਾਅਦ ਹੀ ਲਿਆ ਜਾਵੇਗਾ।

ਇਥੇ ਇਹ ਤੱਥ ਵੀ ਜ਼ਿਕਰਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਅਤੇ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੇਲੇ ਕੇਂਦਰ ਵਲੋਂ ਪੰਜਾਬ ਦਾ ਕਰਜ਼ਾ ਮੁਆਫ ਕਰਨ ਦੀ ਗੱਲ ਢੋਲ-ਢਮੱਕੇ ਨਾਲ ਕੀਤੀ ਜਾਂਦੀ ਰਹੀ ਹੈ। ਪੰਜਾਬ ਦੇ ਅਖ਼ਬਾਰਾਂ ਨੂੰ ਇਸ ਕਰਜ਼ੇ ਦੀ ਮੁਆਫੀ ਕਾਰਨ ਵਧਾਈਆਂ ਨਾਲ ਭਰ ਦਿੱਤਾ ਗਿਆ ਸੀ ਪਰ ਪਿਛੋਂ ਪਤਾ ਲੱਗਾ ਕਿ ਹਾਲੇ ਤਕ ਵੀ ਇਹ ਕਰਜ਼ਾ ਪੰਜਾਬ ਸਿਰ ਖੜ੍ਹਾ ਹੈ। ਉਂਜ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਸਰਕਾਰ ਵੇਲੇ ਇਹ ਗੱਲ ਸਾਫ ਕਰ ਦਿੱਤੀ ਸੀ ਕਿ ਅਕਾਲੀ ਸਰਕਾਰ ਵੇਲੇ ਪੰਜਾਬ ਦਾ ਮੁਕੰਮਲ ਕਰਜ਼ਾ ਮੁਆਫ ਨਹੀਂ ਕੀਤਾ ਗਿਆ। ਸਾਰੇ ਘਟਨਾਕ੍ਰਮ ਨੂੰ ਵੇਖਦਿਆਂ ਮੁੱਖ ਮੰਤਰੀ ਸ. ਬਾਦਲ, ਸਾਬਕਾ ਪ੍ਰਧਾਨ ਮੰਤਰੀ ਗੁਜਰਾਲ ਅਤੇ ਵਾਜਪਾਈ ਵੀ ਲੋਕਾਂ ਦੇ ਕਟਹਿਰੇ 'ਚ ਖੜ੍ਹੇ ਹੁੰਦੇ ਹਨ। ਇਸ ਕਿਸਮ ਦੇ ਸੁਆਲ ਵੀ ਉਠ ਰਹੇ ਹਨ ਕਿ ਜੰਮੂ-ਕਸ਼ਮੀਰ ਵਿਚ ਪਿਛਲੇ 60 ਸਾਲਾਂ ਤੋਂ ਅਤਿਵਾਦ ਖਿਲਾਫ਼ ਲੜਾਈ ਵਿੱਤੀ ਤੌਰ 'ਤੇ ਕੇਂਦਰ ਵਲੋਂ ਆਪ ਹੀ ਲੜੀ ਜਾ ਰਹੀ ਹੈ। ਇਹੋ ਹਾਲਤ ਉਤਰ-ਪੂਰਬੀ ਰਾਜਾਂ ਵਿਚ ਵੀ ਹੈ। ਤਾਂ ਫਿਰ ਪੰਜਾਬ ਵਿਚ ਖਾੜਕੂਵਾਦ ਖਿਲਾਫ਼ ਲੜੀ ਗਈ ਲੜਾਈ ਦਾ ਖਰਚਾ ਕਰਜ਼ੇ ਵਜੋਂ ਕਿਉਂ ਖੜ੍ਹਾ ਹੈ? ਮਨੁੱਖੀ ਅਧਿਕਾਰਾਂ ਨਾਲ ਸੰਬੰਧਤ ਧਿਰਾਂ ਇਸ ਨੂੰ ਕੇਂਦਰ ਵਲੋਂ ਪੰਜਾਬ ਸਿਰ ਪਾਇਆ ਗਿਆ 'ਜੰਗੀ ਤਵਾਨ' ਆਖਦੀਆਂ ਹਨ। ਉਂਜ ਇਸ ਮਸਲੇ 'ਤੇ ਕੇਂਦਰ ਨੂੰ ਘਚੋਲਾ ਸਾਫ ਕਰਨਾ ਚਾਹੀਦਾ ਹੈ ਕਿ ਦੂਜੇ ਰਾਜਾਂ ਵਿਚ ਵਿਸ਼ੇਸ਼ ਸੁਰੱਖਿਆ ਦਸਤਿਆਂ ਦੇ ਖਰਚੇ ਦੀ ਸਥਿਤੀ ਕੀ ਹੈ? ਇਹ ਰਾਜਾਂ ਵਲੋਂ ਕੀਤੇ ਜਾ ਰਹੇ ਹਨ ਜਾਂ ਕੇਂਦਰ ਆਪ ਕਰਦਾ ਹੈ। ਫਿਰ ਇਸੇ ਆਧਾਰ 'ਤੇ ਪੰਜਾਬ ਵਾਲਾ ਕੇਸ ਨਜਿੱਠਿਆ ਜਾਣਾ ਚਾਹੀਦਾ ਹੈ। ਉਧਰ ਇਸ ਮੁੱਦੇ ਨੂੰ ਲੈ ਕੇ ਬਾਦਲ ਧਿਰ ਦਾ ਵਿਚਾਰ ਵੀ ਵਿਚਾਰਨ ਵਾਲਾ ਹੈ। ਉਨ੍ਹਾਂ ਦਾ ਆਖਣਾ ਹੈ ਕਿ ਕਰਜ਼ਾ ਮੁਆਫ ਕਰਨ ਬਹਾਨੇ ਕੇਂਦਰ ਰਾਜ ਦੀ ਖੁਦਮੁਖਤਿਆਰੀ ਨੂੰ ਖੋਰਨ ਦਾ ਇੱਛੁਕ ਹੈ। ਬਹੁਤ ਸਾਰੇ ਵਿੱਤੀ ਅਤੇ ਪ੍ਰਸ਼ਾਸਨਿਕ ਮਾਮਲੇ ਪਹਿਲਾਂ ਹੀ ਕੇਂਦਰ ਨੇ ਆਪਣੇ ਹੱਥ ਹੇਠ ਕਰ ਲਏ ਹਨ। ਜੇ ਉਸ ਨੂੰ ਹੋਰ ਅੱਗੇ ਵਧਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਤਾਂ ਰਾਜਾਂ ਦੀ ਖੁਦਮੁਖਤਿਆਰੀ ਦਾ ਦਾਇਰਾ ਹੋਰ ਤੰਗ ਹੋ ਜਾਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਵਾਲ ਪਾਠਕ?*

ਅੱਧੀ ਰਾਤ ਹੋ ਗਈ ਫਿਰ ਵੀ ਜਾਗਦਾ ਏਂ! ਬੈਠਾ ਕਾਗਜ਼ 'ਤੇ ਕਲਮ ਘਸਾਈ ਜਾਨੈਂ?
ਹੋਣਾ ਜੋ, ਉਹ ਹੋ ਕੇ ਅਵੱਸ਼ ਰਹਿਣਾ, ਕਾਹਨੂੰ ਆਪਣੀ ਟੰਗ ਅੜਾਈ ਜਾਨੈਂ?
ਸੱਚੇ-ਝੂਠੇ ਦੀ ਪਰਖ ਨਾ ਰਹੀ ਇਥੇ, ਫਿਰ ਵੀ ਸੱਚ ਦੀ ਅਲਖ ਜਗਾਈ ਜਾਨੈਂ?
ਚਿੰਤਾ ਪੰਥ ਦੀ, ਪੰਥ ਦਾ ਕਰੇ ਵਾਲੀ, ਕਿਉਂ ਤੂੰ ਆਪਣਾ ਖੂਨ ਸੁਕਾਈ ਜਾਨੈਂ?

# ਏਅਰ ਇੰਡੀਆ ਘਾਟੇ ਵਿਚ ਕਿਉਂ?

**ਡਾ. ਚਰਨਜੀਤ ਸਿੰਘ ਗੁਮਟਾਲਾ***

ਏਅਰ ਇੰਡੀਆ ਦੀ ਨੀਂਹ ਜੇ ਆਰ. ਡੀ. ਟਾਟਾ ਨੇ ਜੁਲਾਈ 1932 ਵਿਚ ਬਤੌਰ ਟਾਟਾ ਏਅਰਲਾਈਨਜ਼ ਰੱਖੀ। ਇਸ ਏਅਰਲਾਈਨ ਨੇ ਪਹਿਲੀ ਉਡਾਣ 15 ਅਕਤੂਬਰ 1932 ਨੂੰ ਕਰਾਚੀ ਤੋਂ ਬੰਬਈ ਬਰਾਸਤਾ ਅਲਾਹਾਬਾਦ ਭਰੀ। ਇਸ ਵਿਚ ਇੰਪੀਰੀਅਲ ਏਅਰਵੇਜ਼ ਦੀ ਡਾਕ ਸੀ। 29 ਜੁਲਾਈ 1946 ਨੂੰ ਟਾਟਾ ਏਅਰਲਾਈਨਜ਼, ਏਅਰ ਇੰਡੀਆ ਦੇ ਨਾਂ ਹੇਠ ਪਬਲਿਕ ਲਿਮਟਿਡ ਕੰਪਨੀ ਬਣ ਗਈ। 8 ਜੂਨ 1948 ਨੂੰ ਇਸ ਨੇ ਏਅਰ ਇੰਡੀਆ ਇੰਟਰਨੈਸ਼ਨਲ ਦੇ ਨਾਂ ਹੇਠ ਬੰਬਈ ਤੋਂ ਲੰਡਨ ਬਰਾਸਤਾ ਕਾਹਿਰਾ ਤੇ ਜਨੇਵਾ ਵਿਦੇਸ਼ੀ ਉਡਾਣ ਭਰੀ। 1950 ਤੋਂ ਇਸ ਨੇ ਨੈਰੋਬੀ ਨੂੰ ਉਡਾਣ ਸ਼ੁਰੂ ਕੀਤੀ। ਅਗਸਤ 1953 ਵਿਚ ਇਸ ਦਾ ਕੌਮੀਕਰਨ ਕਰ ਦਿੱਤਾ ਗਿਆ ਤੇ ਇਸ ਦੀਆਂ ਘਰੇਲੂ ਉਡਾਣਾਂ ਇੰਡੀਅਨ ਏਅਰਲਾਈਨ ਨੂੰ ਸੌਂਪੀਆਂ ਗਈਆਂ। 1954 ਵਿਚ ਇਸ ਨੇ ਬੈਂਕਾਕ, ਸਿੰਗਾਪੁਰ, ਹਾਂਗਕਾਂਗ ਤੇ ਟੋਕੀਓ ਨੂੰ ਉਡਾਣਾਂ ਸ਼ੁਰੂ ਕੀਤੀਆਂ। ਇਸ ਨੇ 1960 ਵਿਚ ਜੈਟ ਯੁੱਗ ਵਿਚ ਪ੍ਰਵੇਸ਼ ਕੀਤਾ, ਜਦੋਂ ਇਸ ਨੇ ਬੋਇੰਗ 707-420 ਪ੍ਰਾਪਤ ਕੀਤਾ ਤੇ 14 ਮਈ 1960 ਨੂੰ ਨਿਊ ਯਾਰਕ ਲਈ ਬਰਾਸਤਾ ਲੰਡਨ ਉਡਾਣ ਭਰੀ। 8 ਜੂਨ 1962 ਨੂੰ ਇਸ ਦਾ ਨਾਂ ਸਰਕਾਰੀ ਤੌਰ 'ਤੇ ਏਅਰ ਇੰਡੀਆ ਰੱਖ ਦਿੱਤਾ ਗਿਆ। 1993 'ਚ ਬੋਇੰਗ 747-400 ਨੇ ਨਿਊ ਯਾਰਕ ਤੇ ਦਿੱਲੀ ਲਈ ਸਿੱਧੀ ਉਡਾਣ ਭਰੀ। 1996 ਵਿਚ ਇਸ ਨੇ ਸ਼ਿਕਾਗੋ ਲਈ ਉਡਾਣ ਸ਼ੁਰੂ ਕੀਤੀ।




2004 ਵਿਚ ਇਸ ਨੇ ਘੱਟ ਕਿਰਾਏ ਵਾਲੀਆਂ ਉਡਾਣਾਂ ਏਅਰ ਇੰਡੀਆ ਐਕਸਪ੍ਰੈਸ ਸ਼ੁਰੂ ਕੀਤੀਆਂ। ਇਸੇ ਸਾਲ ਲਾਸ ਏਂਜਲਸ ਲਈ ਉਡਾਣ ਸ਼ੁਰੂ ਕੀਤੀ ਜੋ ਬਾਦ ਵਿਚ ਬੰਦ ਕਰ ਦਿੱਤੀ ਗਈ, ਅੰਮ੍ਰਿਤਸਰ, ਅਹਿਮਦਾਬਾਦ, ਬੰਗਲੌਰ ਤੇ ਹੈਦਰਾਬਾਦ ਤੋਂ ਉਡਾਣਾਂ ਸ਼ੁਰੂ ਕੀਤੀਆਂ ਗਈਆਂ। 12 ਨਵੰਬਰ 2009 ਨੂੰ ਵਾਸ਼ਿੰਗਟਨ ਬਰਾਸਤਾ ਨਿਊ ਯਾਰਕ ਉਡਾਣ ਸ਼ੁਰੂ ਕੀਤੀ ਗਈ ਜੋ ਬਾਦ ਵਿਚ ਬੰਦ ਕਰ ਦਿੱਤੀ ਗਈ। 2001 'ਚ ਐਨ ਡੀ ਏ ਸਰਕਾਰ ਨੇ ਇਸ ਨੂੰ ਵਿਕਰੀ 'ਤੇ ਲਾ ਦਿੱਤਾ ਪਰ ਇਸ ਦੀ ਖਰੀਦਦਾਰ ਸਿੰਗਾਪੁਰ ਏਅਰਲਾਈਨ ਖਰੀਦਣ ਤੋਂ ਭੱਜ ਗਈ। ਕੌਮਾਂਤਰੀ ਪੱਧਰ 'ਤੇ ਮੰਦੀ ਆ ਜਾਣ ਕਰਕੇ ਇਸ ਨੂੰ ਵੇਚਣ ਦੀ ਤਜਵੀਜ਼ ਤਿਆਗ ਦਿੱਤੀ ਗਈ। 2007 ਵਿਚ ਏਅਰ ਇੰਡੀਆ, ਇੰਡੀਅਨ ਏਅਰਲਾਈਨਜ਼, ਏਅਰ ਇੰਡੀਆ ਐਕਸਪ੍ਰੈਸ ਨੂੰ ਮਿਲਾ ਕੇ ਐਨ. ਏ. ਸੀ. ਆਈ. ਐਲ. (ਨੈਸ਼ਨਲ ਏਵੀਏਸ਼ਨ ਕੰਪਨੀ ਆਫ ਇੰਡੀਆ ਲਿਮਟਿਡ) ਬਣਾ ਦਿੱਤੀ ਗਈ, ਜੋ ਕਿ ਇਸ ਲਈ ਤਬਾਹਕੁਨ ਸਾਬਤ ਹੋਈ।

2006-07 ਵਿਚ ਦੋਵਾਂ ਏਅਰਲਾਈਨਾਂ ਦਾ ਘਾਟਾ 771 ਕਰੋੜ ਰੁਪਏ ਸੀ ਜੋ ਕਿ ਵੱਧ ਕੇ 2007-08 ਵਿਚ 2200 ਕਰੋੜ, 2008-09 ਵਿਚ 5000 ਕਰੋੜ ਤੇ 2009-10 ਵਿਚ 7200 ਕਰੋੜ ਹੋ ਗਿਆ। ਆਪਣੇ ਬਚਾਅ ਲਈ ਇਸ ਕੰਪਨੀ ਨੇ ਤਿੰਨ ਏਅਰ ਬੱਸਾਂ ਏ-300 ਅਤੇ ਇਕ ਬੋਇੰਗ 747-300 ਐਮ ਮਾਰਚ 2009 ਵਿਚ ਵੇਚ ਕੇ 1.75 ਕਰੋੜ ਡਾਲਰ ਕਮਾਏ। ਇਨ੍ਹਾਂ ਦੀ ਹਾਲਤ ਏਨੀ ਮਾੜੀ ਹੋ ਗਈ ਕਿ ਇਨ੍ਹਾਂ ਨੂੰ ਮੁਲਾਜ਼ਮਾਂ ਨੂੰ ਤਨਖਾਹ ਦੇਣੀ ਮੁਸ਼ਕਲ ਹੋ ਗਈ।

ਕੇਂਦਰ ਸਰਕਾਰ ਨੇ ਇਸ ਨਵੀਂ ਕੰਪਨੀ ਨੂੰ ਸੰਕਟ ਵਿਚੋਂ ਕੱਢਣ ਲਈ ਪਿਛਲੇ ਸਾਲ 8 ਅਰਬ ਰੁਪਏ ਦਿੱਤੇ ਤੇ ਇਸ ਸਾਲ ਲਈ 12 ਅਰਬ ਰੱਖੇ ਹਨ। ਕੰਪਨੀ ਦੇ ਚੇਅਰਮੈਨ ਅਰਵਿੰਦ ਯਾਦਵ ਅਨੁਸਾਰ ਆਪਣਾ ਸਰਮਾਇਆ ਵਧਾਉਣ ਲਈ ਕੰਪਨੀ ਬਿਲਡਿੰਗਾਂ ਅਤੇ ਜਮੀਨਾਂ ਵੇਚੇਗੀ ਅਤੇ 2015 ਵਿਚ ਇਹ ਲਾਭਦਾਇਕ ਕੰਪਨੀ ਬਣੇਗੀ। ਸ਼ਹਿਰੀ ਹਵਾਬਾਜੀ ਮੰਤਰੀ ਪ੍ਰਫੁਲ ਪਟੇਲ ਨੇ 9 ਮਾਰਚ 2010 ਨੂੰ ਰਾਜ ਸਭਾ ਵਿਚ ਕਿਹਾ ਕਿ ਏਅਰ ਇੰਡੀਆ ਨੂੰ ਇਸ ਸਾਲ 5400 ਕਰੋੜ ਦਾ ਘਾਟਾ ਪੈਣ ਦੀ ਸੰਭਾਵਨਾ ਹੈ ਤੇ ਇਹ ਘਾਟਾ ਆਉਂਦੇ ਕੁਝ ਸਾਲਾਂ ਵਿਚ ਵੀ ਰਹੇਗਾ।

ਸੀਨੀਅਰ ਕਾਂਗਰਸੀ ਐਮ. ਪੀ. ਵੀ ਕਿਸ਼ੋਰ ਚੰਦਰਾ ਦਿਓ ਦੀ ਪ੍ਰਧਾਨਗੀ ਵਿਚ ਬਣੀ ਸੰਸਦੀ ਕਮੇਟੀ ਨੇ ਇਸ ਸੰਬੰਧੀ ਜੋ ਰਿਪੋਰਟ 12 ਮਾਰਚ 2010 ਨੂੰ ਸੰਸਦ ਅੱਗੇ ਪੇਸ਼ ਕੀਤੀ, ਉਸ ਵਿਚ ਇਸ ਸੰਬੰਧੀ ਸਪੱਸ਼ਟ ਕਿਹਾ ਗਿਆ ਹੈ ਕਿ ਏਅਰ ਇੰਡੀਆ ਤੇ ਇੰਡੀਅਨ ਏਅਰਲਾਈਨਾਂ ਨੂੰ ਇਕੱਠਿਆਂ ਕਰਕੇ ਇਕ ਕੰਪਨੀ ਬਣਾਉਣਾ ਗਲਤ ਫੈਸਲਾ ਸੀ ਤੇ ਜਿਨ੍ਹਾਂ ਨੇ ਇਹ ਫੈਸਲਾ ਲਿਆ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇ ਤਾਂ ਜੋ ਸਰਕਾਰੀ ਅਦਾਰਿਆਂ ਨੂੰ ਅੱਗੇ ਤੋਂ ਘਾਟਾ ਨਾ ਪਵੇ। ਏਕੀਕਰਨ ਨੇ ਲਾਭ ਦੀ ਥਾਂ ਘਾਟਾ ਪਾਇਆ ਕਿਉਂਕਿ ਲਾਹੇਵੰਦ ਅਹਿਮ ਰੂਟ ਪ੍ਰਾਈਵੇਟ ਏਅਰਲਾਈਨਾਂ ਨੂੰ ਦਿੱਤੇ ਗਏ। ਦੂਜਾ, ਪ੍ਰਮੁੱਖ ਕਾਰਨ ਹੈ ਕਿ ਜ਼ਹਾਜ਼ਾਂ ਦੀ ਵਰਤੋਂ ਠੀਕ ਨਹੀਂ ਹੋ ਰਹੀ। ਇਹ ਜ਼ਹਾਜ਼ ਰੋਜ਼ਾਨਾ 9 ਘੰਟੇ ਉਡਦੇ ਹਨ ਤੇ ਔਸਤਨ 16 ਘੰਟੇ ਖੜੇ ਰਹਿੰਦੇ ਹਨ। ਕਮੇਟੀ ਦਾ ਕਹਿਣਾ ਹੈ ਕਿ ਏਅਰ ਇੰਡੀਆ ਨੇ 2001 ਤੋਂ 2006-7 ਤੀਕ ਲਾਭ ਕਮਾਇਆ। ਇਨ੍ਹਾਂ ਛੇ ਸਾਲਾਂ ਵਿਚ ਇੰਡੀਅਨ ਏਅਰਲਾਈਨ ਨੇ ਵੀ ਤਿੰਨ ਵਰ੍ਹੇ ਲਾਭ ਕਮਾਇਆ। ਭਾਵੇਂ ਪ੍ਰਾਈਵੇਟ ਏਅਰਲਾਈਨਾਂ ਵੀ ਘਾਟੇ ਵਿਚ ਗਈਆਂ ਪਰ ਜਿੰਨਾ ਘਾਟਾ ਇਨ੍ਹਾਂ ਦੋਵਾਂ ਨੂੰ ਮਿਲਾਉਣ ਪਿੱਛੋਂ ਹੋਇਆ, ਇਸ ਦਾ ਜੁਆਬ ਕਿਸੇ ਪਾਸ ਨਹੀਂ।

ਇਸ ਕਮੇਟੀ ਨੇ ਸੁਝਾਅ ਦਿੱਤਾ ਹੈ ਕਿ ਮੌਜੂਦਾ ਕੰਪਨੀ ਨੂੰ ਹੋਲਡਿੰਗ ਕੰਪਨੀ ਬਣਾਇਆ ਜਾਵੇ। ਘਰੇਲੂ ਉਡਾਣਾਂ ਅਤੇ ਕੌਮਾਂਤਰੀ ਉਡਾਣਾਂ ਲਈ ਵੱਖ ਵੱਖ ਏਅਰਲਾਈਨਾਂ ਹੋਣ ਜਿਨ੍ਹਾਂ ਦੇ ਵੱਖਰੇ ਵੱਖਰੇ ਡਾਇਰੈਕਟਰ ਹੋਣ। ਘਰੇਲੂ ਉਡਾਣਾਂ ਲਈ ਐਨ. ਏ. ਸੀ. ਆਈ. ਐਲ. ਇੰਡੀਅਨ ਏਅਰਲਾਈਨਜ਼ ਹੋਵੇ, ਜਿਸ ਦਾ ਦਫਤਰ ਦਿੱਲੀ ਵਿਚ ਹੋਵੇ। ਕੌਮਾਂਤਰੀ ਉਡਾਣਾਂ ਲਈ ਐਨ. ਏ. ਸੀ. ਆਈ. ਐਲ. ਏਅਰ ਇੰਡੀਆ ਹੋਵੇ, ਜਿਸ ਦਾ ਮੁੱਖ ਦਫਤਰ ਮੁੰਬਈ ਹੋਵੇ।

ਏਅਰ ਇੰਡੀਆ ਤੇ ਇੰਡੀਅਨ ਏਅਰਲਾਈਨਜ਼ ਇਕ ਦੂਜੇ ਵਿਚ ਮਿਲਾਉਣ ਤੋਂ ਪਿੱਛੋਂ ਇਕ ਪਾਸੇ ਤਾਂ ਨਵੇਂ ਜ਼ਹਾਜ਼ ਖਰੀਦੇ ਗਏ ਜਾਂ ਲੀਜ਼ ਉਪਰ ਲਏ ਗਏ, ਦੂਜੇ ਪਾਸੇ ਦੁਵੱਲੇ ਸਮਝੌਤਿਆਂ ਰਾਹੀਂ ਵਿਦੇਸ਼ੀ ਹਵਾਈ ਕੰਪਨੀਆਂ ਨੂੰ ਤੋਹਫੇ ਵਜੋਂ ਰੂਟ ਦਿੱਤੇ ਗਏ, ਲਾਭਦਾਇਕ ਰੂਟ ਬੰਦ ਕਰ ਦਿੱਤੇ ਗਏ। ਪਾਇਲਟਾਂ ਨੂੰ ਠੀਕ ਢੰਗ ਨਾਲ ਟ੍ਰੇਨਿੰਗ ਲਈ ਨਾ ਭੇਜਿਆ ਗਿਆ। ਹੈਦਰਾਬਾਦ, ਬੰਗਲੌਰ ਤੇ ਹੋਰਨਾਂ ਥਾਂਵਾਂ 'ਤੇ ਸਮਾਨ ਦੀ ਢੋ-ਢੁਆਈ ਤੇ ਹੋਰ ਜ਼ਮੀਨੀ ਕੰਮ ਪ੍ਰਾਈਵੇਟ ਲੋਕਾਂ ਨਾਲ ਸਾਂਝਾ ਕੀਤਾ ਗਿਆ। ਇਨ੍ਹਾਂ ਨੇ ਰੂਟਾਂ ਦਾ ਕੋਈ ਅਧਿਐਨ ਨਹੀਂ ਕੀਤਾ ਤੇ ਨਾ ਹੀ ਲਾਗਤਾਂ ਨੂੰ ਘੱਟ ਕਰਨ ਦਾ ਕੋਈ ਉਪਰਾਲਾ ਕੀਤਾ।

ਦੁਵੱਲੇ ਸਮਝੌਤੇ ਵਿਚ ਵਿਦੇਸ਼ੀ ਕੰਪਨੀਆਂ ਦਿੱਲੀ, ਮੁੰਬਈ ਤੋਂ ਇਲਾਵਾ ਅਹਿਮਦਾਬਾਦ, ਨਾਗਪੁਰ, ਕੋਚੀ, ਹੈਦਰਾਬਾਦ, ਅੰਮ੍ਰਿਤਸਰ ਆ ਰਹੀਆਂ ਹਨ ਜਿਸ ਨਾਲ ਏਅਰ ਇੰਡੀਆ ਦੀਆਂ ਸਵਾਰੀਆਂ ਘੱਟ ਰਹੀਆਂ ਹਨ। ਦਿੱਲੀ, ਜਿੱਥੇ 30% ਪੰਜਾਬੀ ਆਉਂਦੇ ਹਨ, ਦਾ 30% ਕਾਰਗੋ ਪੰਜਾਬ ਤੋਂ ਜਾਂਦਾ ਹੈ, ਨੂੰ ਏਅਰ ਇੰਡੀਆ ਆਪਣੇ ਵੱਲ ਖਿਚਣ ਲਈ ਅੰਮ੍ਰਿਤਸਰ ਤੋਂ ਸਿੱਧੀਆਂ ਉਡਾਣਾਂ ਸ਼ੁਰੂ ਕਰ ਸਕਦੀ ਹੈ, ਪਰ ਇਸ ਦਾ ਵਤੀਰਾ ਹਮੇਸ਼ਾਂ ਅੰਮ੍ਰਿਤਸਰ ਵਿਰੋਧੀ ਰਿਹਾ।

ਅੰਮ੍ਰਿਤਸਰ ਤੋਂ ਪ੍ਰਾਈਵੇਟ ਹਵਾਈ ਕੰਪਨੀਆਂ ਉਡਾਣਾਂ ਵਧਾ ਰਹੀਆਂ ਹਨ ਪਰ ਏਅਰ ਇੰਡੀਆ ਆਪਣੀ ਸਫਲ ਅੰਮ੍ਰਿਤਸਰ-ਲੰਡਨ-ਟੋਰਾਂਟੋ ਉਡਾਣ 31 ਅਕਤੂਬਰ ਤੋਂ ਬਰਾਸਤਾ ਦਿੱਲੀ ਕਰ ਰਹੀ ਹੈ ਤੇ ਅੰਮ੍ਰਿਤਸਰ ਤੋਂ ਦਿੱਲੀ ਲਈ 150 ਸਵਾਰੀਆਂ ਵਾਲਾ ਜਹਾਜ਼ ਲਾ ਰਹੀ ਹੈ, ਜਦਕਿ ਮੌਜੂਦਾ ਜਹਾਜ਼ 300 ਸਵਾਰੀਆਂ ਵਾਲਾ ਹੈ। ਦਿੱਲੀ ਹਵਾਈ ਅੱਡਾ ਪ੍ਰਾਈਵੇਟ ਹੋਣ ਕਰਕੇ ਉਥੋਂ ਦੀ ਆਮਦਨ ਵਧਾਉਣ ਲਈ ਸਾਰੇ ਭਾਰਤ ਦੀਆਂ ਉਡਾਣਾਂ ਬਰਾਸਤਾ ਦਿੱਲੀ ਕੀਤੀਆਂ ਜਾ ਰਹੀਆਂ ਹਨ, ਜਿਸ ਨਾਲ ਏਅਰ ਇੰਡੀਆ ਦੀਆਂ ਸਵਾਰੀਆਂ ਘਟਣਗੀਆਂ। ਅੰਮ੍ਰਿਤਸਰ, ਹੈਦਰਾਬਾਦ, ਅਹਿਮਦਾਬਾਦ, ਮੁੰਬਈ ਤੋਂ ਜੋ ਸਿੱਧੀਆਂ ਉਡਾਣਾਂ ਸਫਲਤਾਪੂਰਵਕ ਚਲ ਰਹੀਆਂ ਹਨ ਉਨ੍ਹਾਂ ਨੂੰ ਚਾਲੂ ਰੱਖਣਾ ਚਾਹੀਦਾ ਹੈ ਤੇ ਜੋ ਸਿੱਧੀਆਂ ਉਡਾਣਾਂ ਚਲ ਸਕਦੀਆਂ ਹਨ ਉਹ ਚਲਾਉਣੀਆਂ ਚਾਹੀਦੀਆਂ ਹਨ। ਜਿਵੇਂ ਅੰਮ੍ਰਿਤਸਰ ਤੋਂ ਬਰਮਿੰਘਮ-ਮਿਲਾਨ, ਅੰਮ੍ਰਿਤਸਰ ਤੋਂ ਵੈਨਕੂਵਰ, ਅੰਮ੍ਰਿਤਸਰ-ਸਿੰਗਾਪੁਰ-ਸੈਨ ਫਰਾਂਸਿਸਕੋ ਚਲ ਸਕਦੀਆਂ ਹਨ ਪਰ ਨਹੀਂ ਚਲਾਈਆਂ ਜਾ ਰਹੀਆਂ। ਦਿੱਲੀ ਤੋਂ ਸ਼ਿਕਾਗੋ, ਨਿਊ ਯਾਰਕ, ਫਰੈਂਕਫਰਟ ਉਡਾਣ 3 ਦਿਨ ਬਰਾਸਤਾ ਅੰਮ੍ਰਿਤਸਰ ਕਰ ਦਿੱਤੀ ਜਾਵੇ ਤਾਂ ਇਸ ਨਾਲ ਏਅਰ ਇੰਡੀਆ ਨੂੰ ਬਹੁਤ ਲਾਭ ਹੋ ਸਕਦਾ ਹੈ, ਕਿਉਂਕਿ ਲੋਕ ਸਿੱਧੀ ਉਡਾਣ ਪਸੰਦ ਕਰਦੇ ਹਨ।

ਜਦ ਕੋਈ ਉਡਾਣ ਸ਼ੁਰੂ ਹੁੰਦੀ ਹੈ ਤਾਂ ਪਹਿਲਾਂ ਘਾਟਾ ਪੈਂਦਾ ਹੈ ਫਿਰ ਸੁਆਰੀਆਂ ਵੱਧਣ ਨਾਲ ਲਾਭ ਹੁੰਦਾ ਹੈ। ਏਅਰ ਇੰਡੀਆ ਵੱਲੋਂ ਜਦ ਰੂਟ ਘਾਟੇ ਤੋਂ ਲਾਹੇਵੰਦ ਹੋਣ ਲਗਦਾ ਹੈ ਤਾਂ ਉਸ ਨੂੰ ਬੰਦ ਕਰ ਦਿੱਤਾ ਜਾਂਦਾ ਹੈ। ਏਅਰ ਇੰਡੀਆ ਨੇ ਤਿੰਨ ਬੀ 747 ਜ਼ਹਾਜ਼ 2006 ਵਿਚ ਲਾਸ ਏਂਜਲਸ ਰੂਟ 'ਤੇ ਲੀਜ਼ 'ਤੇ ਲਾਏ। ਇਸ ਦੀਆਂ 40% ਸੀਟਾਂ ਭਰਦੀਆਂ ਸਨ ਪਰ ਜਦ 2008 ਵਿਚ ਪੂਰੀਆਂ ਸੀਟਾਂ ਭਰਨ ਲੱਗੀਆਂ ਤਾਂ ਇਨ੍ਹਾਂ ਜ਼ਹਾਜ਼ਾਂ ਦੀ ਲੀਜ਼ ਖ਼ਤਮ ਹੋ ਗਈ ਤੇ ਇਹ ਰੂਟ ਬੰਦ ਕਰ ਦਿੱਤਾ ਗਿਆ। ਇਸ ਨਾਲ 2006-07 ਅਤੇ 2007-08 ਵਿਚ 2-2 ਸੌ ਕਰੋੜ ਦਾ ਘਾਟਾ ਪਿਆ। ਇਹੋ ਹਾਲ ਬੈਂਕਾਕ ਤੇ ਕੁਆਲਾਲੰਪੁਰ ਰੂਟ 'ਤੇ 2006 ਵਿਚ ਬੀ 767 ਲੀਜ਼ ਤੇ ਲਏ ਜਹਾਜ਼ ਦਾ ਹੋਇਆ।

2006 ਵਿਚ ਏਅਰ ਇੰਡੀਆ ਨੇ ਚਾਰ ਬੋਇੰਗ 777 ਪੰਜ ਸਾਲ ਲਈ ਲੀਜ਼ ਉਪਰ ਲਏ, ਜਦਕਿ ਜੁਲਾਈ 2007 ਤੇ ਇਸ ਤੋਂ ਬਾਅਦ ਇਸ ਨੂੰ ਆਪਣੇ ਜਹਾਜ਼ ਮਿਲ ਜਾਣੇ ਸਨ, ਜਿਨ੍ਹਾਂ ਦਾ ਕਿ ਇਨ੍ਹਾਂ ਨੇ ਆਰਡਰ ਦਿੱਤਾ ਹੋਇਆ ਸੀ। ਨਤੀਜਾ ਇਹ ਨਿਕਲਿਆ ਕਿ 2007 ਤੋਂ 2009 ਤੀਕ ਪੰਜ ਬੋਇੰਗ 777 ਤੇ ਪੰਜ ਬੋਇੰਗ 737 ਜ਼ਮੀਨ ਉਪਰ ਖੜੇ ਰਹੇ, ਜਿਸ ਨਾਲ 840 ਕਰੋੜ ਦਾ ਘਾਟਾ ਪਿਆ। ਚੰਗੀ ਗੱਲ ਇਹ ਹੋਈ ਕਿ ਬੋਇੰਗ ਕੰਪਨੀ ਏਅਰ ਇੰਡੀਆ ਨੂੰ ਨਵੇਂ ਬੀ 787 ਡਰੀਮ ਲਾਈਨਰ ਸਮੇਂ ਸਿਰ ਦੇ ਨਾ ਸਕੀ। ਜੇ ਇਹ ਸਮੇਂ ਸਿਰ ਆ ਜਾਂਦੇ ਤਾਂ ਇਹ ਵੀ ਖੜੇ ਰਹਿਣੇ ਸਨ।

ਇਕ ਕੰਪਨੀ ਬਣਨ ਪਿੱਛੋਂ ਵੀ ਏਅਰ ਇੰਡੀਆ ਐਕਸਪ੍ਰੈਸ ਅਤੇ ਇੰਡੀਅਨ ਏਅਰਲਾਈਨਜ਼ ਨੇ ਮੁਕਾਬਲੇ ਦੀ ਦੌੜ ਜਾਰੀ ਰੱਖਦੇ ਹੋਏ ਕੋਚੀ, ਚੈਨਈ, ਥੀਰੂਵਨਥਾਪੂਰਮ ਤੋਂ ਸ਼ਾਰਜਾਹ, ਮਸਕਟ ਤੇ ਸਿੰਗਾਪੁਰ ਲਈ ਬਹੁਤ ਹੀ ਘੱਟ ਕਰਾਏ ਤੇ ਟਿਕਟਾਂ ਬੁੱਕ ਕੀਤੀਆਂ।

ਬੋਇੰਗ 747 ਅਤੇ 777 ਦੇ ਯੋਗਤਾ ਪ੍ਰਾਪਤ ਫਸਟ ਅਫਸਰਾਂ ਨੂੰ ਕਮਾਂਡਰ ਬਣਨ ਲਈ ਸਮੇਂ ਸਿਰ ਟ੍ਰੇਨਿੰਗ ਲੈਣ ਲਈ ਨਹੀਂ ਭੇਜਿਆ ਗਿਆ, ਜਿਸ ਨਾਲ ਵੀ ਘਾਟਾ ਪਿਆ। ਹਵਾਈ ਉਦਯੋਗ ਵਿਚ 4 ਸਾਲ ਵਿਚ ਫਸਟ ਅਫਸਰ ਕਮਾਂਡਰ ਬਣ ਜਾਂਦੇ ਹਨ, ਪਰ ਏਅਰ ਇੰਡੀਆ ਵਿਚ ਫਸਟ ਅਫਸਰਾਂ ਨੇ 10-11 ਸਾਲ ਇਸੇ ਅਹੁਦੇ 'ਤੇ ਲਾਏ। 2003 ਤੋਂ ਪਿੱਛੋਂ 160 ਪਾਇਲਟ ਭਾਰਤੀ ਪਾਇਲਟਾਂ ਤੋਂ ਦੂਣੀ ਤਨਖਾਹ 'ਤੇ ਰਖਣੇ ਪਏ, ਜਿਸ ਨਾਲ 2007 ਤੋਂ 2009 ਤੀਕ ਏਅਰ ਇੰਡੀਆ ਨੂੰ 390 ਕਰੋੜ ਰੁਪਏ ਖਰਚ ਕਰਨੇ ਪਏ।

ਘਾਟੇ ਦਾ ਇਕ ਹੋਰ ਕਾਰਨ ਜ਼ਮੀਨੀ ਸਾਮਾਨ ਦੀ ਦੇਖ ਰੇਖ ਪ੍ਰਾਈਵੇਟ ਹੱਥਾਂ ਵਿਚ ਦੇਣਾ ਹੈ। 2007-08 ਵਿਚ ਏਅਰ ਇੰਡੀਆ ਨੇ 900 ਕਰੋੜ ਰੁਪਏ ਕਮਾਏ। ਅਗਲੇ ਸਾਲ ਬੰਗਲੌਰ ਅਤੇ ਹੈਦਰਾਬਾਦ ਹਵਾਈ ਅੱਡਿਆਂ ਨੂੰ ਇਸ ਕੰਮ ਵਿਚ ਸਿੰਗਾਪੁਰ, ਏਅਰਪੋਰਟ ਟਰਮੀਨਲ ਸਰਵਿਸਜ਼ ਨੂੰ ਭਾਈਵਾਲ ਬਣਾ ਲਿਆ ਗਿਆ। ਏਅਰ ਇੰਡੀਆ ਨੂੰ ਆਪਣੇ ਸਾਮਾਨ ਦੀ ਢੋ-ਢੁਆਈ ਲਈ ਵੀ ਇਸ ਕੰਪਨੀ ਨੂੰ ਪੈਸੇ ਦੇਣੇ ਪੈਂਦੇ ਹਨ। ਪਹਿਲੇ ਏਅਰ ਇੰਡੀਆ ਮੁੱਖੀ ਰਘੂ ਮੈਨਨ ਨੇ ਇਸ ਦਾ ਵਿਰੋਧ ਕੀਤਾ ਸੀ, ਜਿਸ ਲਈ ਉਸ ਨੂੰ ਫੌਰੀ ਲਾਹ ਦਿੱਤਾ ਗਿਆ।

ਇੰਜ ਭਾਰਤੀਆਂ ਦੇ ਟੈਕਸਾਂ 'ਤੇ ਚੱਲਣ ਵਾਲੀ ਏਅਰ ਇੰਡੀਆ ਲਾਭ ਦੀ ਥਾਂ 'ਤੇ ਘਾਟੇ ਵਿਚ ਜਾ ਰਹੀ ਹੈ, ਜਿਸ ਲਈ ਪ੍ਰਬੰਧਕ ਜ਼ਿੰਮੇਵਾਰ ਹਨ। ਸੰਸਦੀ ਕਮੇਟੀ ਵੱਲੋਂ 12 ਮਾਰਚ 2010 ਨੂੰ ਰਿਪੋਰਟ ਦੇਣ ਪਿੱਛੋਂ 28 ਜੁਲਾਈ 2010 ਨੂੰ ਚਾਰ ਖੱਬੀਆਂ ਪਾਰਟੀਆਂ ਨੇ ਇਕ ਮੰਗ ਪੱਤਰ ਪ੍ਰਧਾਨ ਮੰਤਰੀ ਨੂੰ ਦਿੱਤਾ, ਜਿਸ ਵਿਚ ਮੰਗ ਕੀਤੀ ਗਈ ਕਿ ਦੋ ਸੰਸਦੀ ਕਮੇਟੀਆਂ ਦੀਆਂ ਸਿਫਾਰਸ਼ਾਂ ਲਾਗੂ ਕੀਤੀਆਂ ਜਾਣ ਤੇ ਇਸ ਦੀ ਪੜਤਾਲ ਕੀਤੀ ਜਾਵੇ ਕਿ ਏਅਰ ਇੰਡੀਆ ਘਾਟੇ 'ਚ ਕਿਉਂ ਗਈ?

ਅਸਲ ਵਿਚ ਸ਼ਹਿਰੀ ਹਵਾਬਾਜੀ ਮੰਤਰੀ ਪ੍ਰਫੁਲ ਪਟੇਲ ਅਤੇ ਖੁਰਾਕ ਮੰਤਰੀ ਸ਼ਰਦ ਪਵਾਰ ਐਨ. ਸੀ. ਪੀ. ਪਾਰਟੀ ਨਾਲ ਸੰਬੰਧਤ ਹਨ। ਇਹ ਦੋਵੇਂ ਮੰਤਰੀ ਕਾਰਗੁਜ਼ਾਰੀ ਨੂੰ ਲੈ ਕੇ ਅਖਬਾਰਾਂ ਦੀਆਂ ਸੁਰਖੀਆਂ ਵਿਚ ਰਹਿੰਦੇ ਹਨ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਯੂ. ਪੀ. ਏ. ਪ੍ਰਧਾਨ ਸੋਨੀਆ ਗਾਂਧੀ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਦਾ ਬਦਲ ਲਭਣ ਨਹੀਂ ਤੇ ਆਉਂਦੀਆਂ ਚੋਣਾਂ ਵਿਚ ਯੂ.ਪੀ.ਏ. ਸਰਕਾਰ ਨੂੰ ਇਸ ਦੀ ਭਾਰੀ ਕੀਮਤ ਚਕਾਉਣੀ ਪੈ ਸਕਦੀ ਹੈ। ਏਅਰ ਇੰਡੀਆ ਦੀ ਬਿਹਤਰੀ ਲਈ ਰਾਜਨੀਤਕ ਪਾਰਟੀਆਂ ਤੇ ਸਮਾਜ ਸੇਵੀ ਸੰਸਥਾਵਾਂ ਨੂੰ ਜਨਤਕ ਲਾਮਬੰਦੀ ਕਰਨੀ ਚਾਹੀਦੀ ਹੈ ਕਿਉਂਕਿ ਇਹ ਜਨਤਾ ਦੇ ਪੈਸੇ ਨਾਲ ਚਲ ਰਹੀ ਹੈ।

*ਫੋਨ:937-573-4843

# ਵਿਸ਼ੇਸ਼ ਪਛਾਣ ਕਾਰਡ ਯੋਜਨਾ ਗੈਰ-ਜਮਹੂਰੀ ਤੇ ਗੈਰ-ਜ਼ਰੂਰੀ ਅਮਲ

**ਪ੍ਰਫੁੱਲ ਬਿਦਵਈ**

ਭਾਰਤ ਵਿਚ 'ਆਧਾਰ' ਦੇ ਨਾਂ ਹੇਠ ਵਿਲੱਖਣ (ਵਿਸ਼ੇਸ਼) ਪਛਾਣ ਅੰਕ ਪ੍ਰਾਜੈਕਟ ਚਾਲੂ ਹੋ ਗਿਆ ਹੈ, ਜਿਸ ਤਹਿਤ ਸਹੂਲਤਾਂ ਤੋਂ ਸੱਖਣੇ ਹਰੇਕ ਸ਼ਹਿਰੀ ਨੂੰ 12 ਅੰਕਾਂ ਰੂਪੀ 'ਵਿਸ਼ੇਸ਼ ਪਛਾਣ' ਕਾਰਡ ਜਾਰੀ ਕੀਤਾ ਜਾਣਾ ਹੈ। ਇਹ ਦਾਅਵਾ ਕੀਤਾ ਗਿਆ ਹੈ ਕਿ ਇਸ ਨਾਲ (ਗਰੀਬ) ਲੋਕਾਂ ਨੂੰ ਭਲਾਈ ਯੋਜਨਾਵਾਂ ਦਾ ਢੁਕਵਾਂ ਫਾਇਦਾ ਮਿਲ ਸਕੇਗਾ ਤੇ ਭ੍ਰਿਸ਼ਟਾਚਾਰ ਨੂੰ ਨੱਥ ਪਵੇਗੀ। ਇਸ ਤਹਿਤ ਮੁਢਲੀ ਜਾਣਕਾਰੀ (ਨਾਂ, ਸਿਰਨਾਵਾਂ, ਮਾਤਾ-ਪਿਤਾ ਦਾ ਨਾਂ, ਜਨਮ ਤਰੀਕ ਆਦਿ) ਅਤੇ ਬਾਇਓਮੀਟਰਕ ਜਾਣਕਾਰੀ (ਫੋਟੋਆਂ, ਪੂਰੀਆਂ 10 ਉਂਗਲੀਆਂ ਦੀਆਂ ਛਾਪਾਂ, ਅੱਖ-ਪੁਤਲੀ ਦੀ ਝਿੱਲੀ ਦੀ ਫੋਟੋ ਆਦਿ) ਹਰੇਕ ਨਿਵਾਸੀ ਦੀ ਇਕੱਠੀ ਕੀਤੀ ਜਾਣੀ ਹੈ।

'ਆਧਾਰ' ਪ੍ਰਾਜੈਕਟ ਦਾ ਮੁੱਢ ਤੇ ਅਸਲੀ ਉਦੇਸ਼ 'ਕੌਮੀ ਸੁਰੱਖਿਆ' ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਸ਼ਹਿਰੀਆਂ ਦੀ ਨਿਗਰਾਨੀ, ਉਨ੍ਹਾਂ ਦਾ ਰਿਕਾਰਡ ਰੱਖਣਾ ਅਤੇ ਉਨ੍ਹਾਂ ਦੀਆਂ ਪੈੜਾਂ ਫੜਨਾ ਵੀ ਸ਼ਾਮਿਲ ਹੈ। ਵਿਸ਼ੇਸ਼ ਪਛਾਣ ਅੰਕਾਂ ਨੂੰ ਡਾਟਾਬੇਸ (ਜੋ ਕੰਪਿਊਟਰ ਵਿਚ ਰਿਕਾਰਡ ਹੋਈ ਜਾਣਕਾਰੀ ਦਾ ਸਮੂਹ ਹੁੰਦਾ ਹੈ) ਵਿਚ ਭਰ ਦਿੱਤਾ ਜਾਵੇਗਾ ਤੇ ਇਸ ਨੂੰ ਨੈਟਗਰਿਡ (National Intelligence Grid) ਨਾਲ ਸਾਂਝਾ ਕੀਤਾ ਜਾਵੇਗਾ। 'ਨੈਟਗਰਿਡ' ਵਿਚ 11 ਸੁਰੱਖਿਆ ਤੇ ਖੁਫੀਆਂ ਏਜੰਸੀਆਂ (ਜਿਵੇਂ ਇੰਟੈਲੀਜੈਂਸ ਬਿਊਰੋ, ਰਿਸਰਚ ਐਂਡ ਅਨਾਇਲਸਿਸ ਵਿੰਗ, ਸੀ.ਬੀ.ਆਈ., ਸੈਂਟਰਲ ਬੋਰਡ ਆਫ ਐਕਸਾਈਜ਼ ਐਂਡ ਡਾਇਰੈਕਟਰ ਟੈਕਸਿਜ਼ ਆਦਿ) ਸ਼ਾਮਿਲ ਹਨ।

'ਨੈਟਗਰਿਡ' ਅਗਲੇ ਮਈ ਮਹੀਨੇ ਵਿਚ ਚਾਲੂ ਹੋਵੇਗੀ ਜੋ 21 ਤਰ੍ਹਾਂ ਦੀ ਡਿਜੀਟਲ (ਕੰਪਿਊਟਰ ਤਕਨੀਕ ਨਾਲ ਸੰਬੰਧਿਤ) ਜਾਣਕਾਰੀ ਮੁਹੱਈਆ ਕਰਾਏਗੀ ਜਿਸ ਵਿਚ ਬੈਂਕ ਖਾਤਾ ਵਿਸਥਾਰ, ਕਰੈਡਿਟ ਕਾਰਡ, ਡਰਾਈਵਿੰਗ ਲਾਇਸੰਸ, ਯਾਤਰਾ ਆਦਿ ਨਾਲ ਸਬੰਧਤ ਜਾਣਕਾਰੀ ਸ਼ਾਮਿਲ ਹੋਵੇਗੀ। ਇਕ ਖੁਫੀਆ ਅਧਿਕਾਰੀ ਨੇ ਕਿਹਾ ਹੈ, 'ਇਕ ਵਾਰ ਤੁਸੀਂ ਕੰਪਿਊਟਰ ਸਕਰੀਨ 'ਤੇ ਇਹ ਅੰਕ ਭਰੋਗੇ, ਤੁਹਾਨੂੰ ਸਬੰਧਤ ਵਿਅਕਤੀ ਬਾਰੇ ਹਰੇਕ ਤਰ੍ਹਾਂ ਦੀ ਜਾਣਕਾਰੀ ਮਿਲ ਜਾਵੇਗੀ।' ਇਸ ਜਾਣਕਾਰੀ ਵਿਚ ਕਿਸੇ ਬੰਦੇ ਦੀ ਕਾਰ ਦਾ ਰੰਗ, ਅਦਾ ਕੀਤੇ ਟ੍ਰੈਫਿਕ ਜੁਰਮਾਨੇ ਅਤੇ ਪਿਛਲੀ ਵਾਰ ਦੇਰ ਰਾਤ ਖਾਧੇ ਗਏ ਰਾਤ ਦੇ ਖਾਣੇ ਦੀ ਕਾਰਡ ਨਾਲ ਕੀਤੀ ਅਦਾਇਗੀ ਦੀ ਜਾਣਕਾਰੀ ਵੀ ਮਿਲ ਜਾਏਗੀ।

ਪਰ 'ਆਧਾਰ' ਪ੍ਰਾਜੈਕਟ ਨੂੰ ਬੇਈਮਾਨੀ ਨਾਲ ਇੰਜ ਪੇਸ਼ ਕੀਤਾ ਜਾ ਰਿਹਾ ਹੈ ਕਿ ਇਹ ਸਮਾਜਿਕ ਸੁਰੱਖਿਆ ਨਾਲ ਸਬੰਧਤ ਯੋਜਨਾਵਾਂ ਨੂੰ ਨੇਪਰੇ ਚੜ੍ਹਾਉਣ ਲਈ ਹੈ। ਉਘੇ ਅਰਥ-ਸ਼ਾਸਤਰੀ ਤੇ ਭੋਜਨ ਦੇ ਅਧਿਕਾਰਾਂ ਸਬੰਧੀ ਕਾਰਕੁੰਨ ਜੀਨ ਡਰੇਜ਼ ਨੇ ਇਸ ਦਾ ਬੁਰਾ ਮਨਾਇਆ ਹੈ ਪਰ ਇੰਟੈਲੀਜੈਂਸ ਬਿਊਰੋ ਦੇ ਸਾਬਕਾ ਡਾਇਰੈਕਟਰ ਨੇ ਇਸ ਕਦਮ ਦਾ ਸਵਾਗਤ ਕੀਤਾ ਹੈ ਤੇ ਕਿਹਾ ਹੈ ਕਿ ਇਹ ਦੱਬੇ-ਕੁਚਲੇ ਲੋਕਾਂ ਨੂੰ ਉਨ੍ਹਾਂ ਦੇ ਹੱਕ ਤੇ ਸਹੂਲਤਾਂ ਦਿਵਾਏਗਾ।

ਪਰ ਅਜਿਹਾ ਫਰੇਬੀ ਕਦਮ ਪਾਰਦਰਸ਼ਤਾ ਦੇ ਅਸੂਲਾਂ ਅਤੇ ਲੋਕ ਵਿਸ਼ਵਾਸ 'ਤੇ ਸੱਟ ਮਾਰਦਾ ਹੈ। ਇਸ ਦੇ ਬਾਵਜੂਦ ਭਾਰਤ ਦੀ ਰਾਸ਼ਟਰੀ ਨਿਸ਼ਾਨਦੇਹੀ ਅਥਾਰਿਟੀ (ਐਨ.ਆਈ.ਏ.ਆਈ.) ਦੇ ਮੁਖੀ ਨੰਦਨ ਨੀਲਕਾਨੀ ਨੇ ਦਾਅਵਾ ਕੀਤਾ ਹੈ ਕਿ ਇਸ ਕਦਮ ਨਾਲ ਸਮੂਹਿਕ ਤੌਰ 'ਤੇ ਲੋਕਾਂ ਨੂੰ ਫਾਇਦਾ ਹੋਵੇਗਾ ਤੇ ਅਜਿਹੇ ਲੋਕਾਂ ਦਾ ਵੀ ਮੁੱਲ ਪਵੇਗਾ ਜਿਨ੍ਹਾਂ ਦੀ ਨਿਸ਼ਾਨਦੇਹੀ ਨਹੀਂ ਹੋ ਸਕੀ।

'ਆਧਾਰ' ਦੇ ਹਮਾਇਤੀ ਇਸ ਦਾਅਵੇ ਨੂੰ ਹੋਰ ਵੀ ਹਾਸੋਹੀਣਾ ਬਣਾ ਦਿੰਦੇ ਹਨ, ਜਿਨ੍ਹਾਂ ਦਾ ਕਹਿਣਾ ਹੈ ਕਿ ਇਸ ਕਦਮ ਨਾਲ ਹੀ ਭਾਰਤ ਦੇ 25 ਕਰੋੜ ਪਰਵਾਸੀ ਕਾਮਿਆਂ ਨੂੰ ਵੀ ਸਮਾਜਿਕ ਸੁਰੱਖਿਆ ਮਿਲੇਗੀ। ਭਾਰਤ ਦੀ ਕੁਲੀਨ ਰਾਜਸੱਤਾ ਨੇ ਆਜ਼ਾਦੀ ਤੋਂ ਲੈ ਕੇ ਹੁਣ ਤੱਕ 4.5 ਕਰੋੜ ਲੋਕਾਂ ਦਾ ਉਜਾੜਾ ਕੀਤਾ ਹੈ, ਦਿੱਲੀ ਵਿਚੋਂ 1 ਲੱਖ ਗਰੀਬ ਪਰਿਵਾਰਾਂ ਨੂੰ ਬਾਹਰ ਕੱਢਿਆ ਹੈ ਤੇ ਰਾਸਟਰ ਮੰਡਲ ਖੇਡਾਂ ਕਾਰਨ ਪਰਵਾਸੀ ਮਜ਼ਦੂਰਾਂ ਨੂੰ ਧੱਕੇ ਨਾਲ ਉਨ੍ਹਾਂ ਉਥੋਂ ਭੇਜਿਆ ਹੈ ਪਰ ਸਾਨੂੰ ਇਹ ਮੰਨਣ ਲਈ ਕਿਹਾ ਜਾ ਰਿਹਾ ਹੈ ਕਿ ਭਾਰਤੀ ਰਾਜਸੱਤਾ ਅਚਾਨਕ ਕਿਰਪਾਲੂ ਬਣ ਗਈ ਹੈ ਤੇ 'ਆਧਾਰ' ਦੇ ਜ਼ਰੀਏ ਗਰੀਬਾਂ ਨੂੰ ਢੁਕਵੇਂ ਰੂਪ 'ਚ ਸੇਵਾਵਾਂ ਮੁਹੱਈਆ ਕਰਾਉਣਾ ਚਾਹੁੰਦੀ ਹੈ।




ਵਿਸ਼ੇਸ਼ ਪਛਾਣ ਅੰਕ 'ਧੋਖਾਧੜੀਆਂ' ਰੋਕਣ 'ਚ ਤਾਂ ਸਹਾਈ ਹੋ ਸਕਦੇ ਹਨ ਪਰ ਸਾਜ਼ਿਸ਼ਾਂ (ਗੰਢ-ਤੁੱਪ) ਜਾਂ ਲੁੱਟ-ਖਸੁੱਟ ਨੂੰ ਨਹੀਂ ਰੋਕ ਸਕਦੇ ਜੋ ਕਿ ਵਧੇਰੇ ਆਮ ਵਰਤਾਰਾ ਹੈ। ਭ੍ਰਿਸ਼ਟਾਚਾਰ ਦਾ ਧੰਦਾ ਉਜਰਤਾਂ ਨਾਲ ਸਬੰਧਤ ਨਹੀਂ ਹੈ, ਸਗੋਂ ਪਦਾਰਥਾਂ ਨਾਲ ਸਬੰਧਤ ਹੈ। ਸਰਪੰਚ ਇਮਾਰਤ ਉਸਾਰੀ ਨਾਲ ਸਬੰਧਤ ਸਮੱਗਰੀ ਦੀ ਸਪਲਾਈ ਦੇ ਰਿਕਾਰਡ ਵਿਚ ਰੱਦੋਬਦਲ ਕਰਨ ਲਈ ਅਧਿਕਾਰੀਆਂ ਨਾਲ ਗੰਢ-ਤੁੱਪ ਕਰ ਲੈਂਦੇ ਹਨ। 'ਆਧਾਰ' ਇਸ ਸਮੱਸਿਆ ਨਾਲ ਨਹੀਂ ਨਿਪਟ ਸਕਦਾ। ਸਿਰਫ ਪਾਰਦਰਸ਼ੀ ਹਿਸਾਬ-ਕਿਤਾਬ ਅਤੇ ਲੋਕਾਂ ਦੀ ਨਿਗਰਾਨੀ ਤੇ ਪੜਤਾਲ ਹੀ ਅਜਿਹਾ ਵਰਤਾਰਾ ਰੋਕ ਸਕਦੀ ਹੈ।

ਇਸ ਕਦਮ 'ਚ ਵਿਰੋਧਾਭਾਸ ਦਿਸਦਾ ਹੈ। ਇਕ ਪਾਸੇ ਤਾਂ ਐਨ.ਆਈ.ਏ.ਆਈ. ਦੇ ਅਧਿਕਾਰੀ ਇਹ ਦਾਅਵਾ ਕਰਦੇ ਹਨ ਕਿ ਇਸ 'ਆਧਾਰ' ਪ੍ਰਾਜੈਕਟ ਦਾ ਮੁੱਖ ਉਦੇਸ਼ ਗਰੀਬਾਂ ਨੂੰ ਜ਼ਰੂਰੀ ਸੇਵਾਵਾਂ ਪ੍ਰਦਾਨ ਕਰਨਾ ਹੈ, ਦੂਜੇ ਪਾਸੇ ਉਹ ਸ਼ਰ੍ਹੇਆਮ ਇਹ ਕਹਿ ਰਹੇ ਹਨ ਕਿ ਗਰੀਬ ਲੋਕਾਂ ਦੀ ਨਿਸ਼ਾਨਦੇਹੀ ਕਰਨਾ, ਉਨ੍ਹਾਂ ਨੂੰ ਲਾਭ ਪਹੁੰਚਾਉਣਾ ਅਤੇ ਸੇਵਾਵਾਂ ਉਪਲਬੱਧ ਕਰਾਉਣਾ ਸਬੰਧਤ ਏਜੰਸੀਆਂ ਦੀ ਹੀ ਜ਼ਿੰਮੇਵਾਰੀ ਰਹੇਗੀ। ਇਹ ਅੰਕ ਸਿਰਫ ਪਛਾਣ ਦੀ ਹੀ ਗਾਰੰਟੀ ਦਿੰਦਾ ਹੈ, ਨਾ ਕਿ ਹੱਕਾਂ-ਲਾਭਾਂ ਜਾਂ ਹੋਰ ਹੱਕਦਾਰੀਆਂ ਦੀ।

ਨਾਗਰਿਕ ਆਜ਼ਾਦੀਆਂ ਲਈ 'ਆਧਾਰ' ਪ੍ਰਾਜੈਕਟ ਘਾਤਕ ਹੈ। ਇਹ ਸਰਕਾਰ ਨੂੰ ਇਸ ਯੋਗ ਬਣਾ ਦੇਵੇਗਾ ਕਿ ਉਹ ਦੇਸ਼ ਦੇ ਨਾਗਰਿਕਾਂ ਦੀ ਪੈੜ ਫੜ ਸਕੇਗੀ ਅਤੇ ਉਨ੍ਹਾਂ ਦੀ ਆਵਾਜਾਈ ਤੇ ਹੋਰ ਹਰ ਤਰ੍ਹਾਂ ਦੇ ਲੈਣ-ਦੇਣ ਨੂੰ ਕਾਬੂ 'ਚ ਕਰ ਸਕੇਗੀ। ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਇਸ ਨਾਲ ਕਿਸੇ ਵਿਅਕਤੀ ਦੀ ਬੇਹੱਦ ਨਿੱਜੀ ਜਾਣਕਾਰੀ ਜਿਵੇਂ ਪੁਰਾਣੀ ਬਿਮਾਰੀ, ਪ੍ਰੇਮ ਸਬੰਧਾਂ, ਗੁਪਤ ਰੂਪ 'ਚ ਦਿੱਤੇ ਦਾਨ ਆਦਿ ਬਾਰੇ ਜਾਣਕਾਰੀ ਕਿਸੇ ਹੋਰ ਏਜੰਸੀ ਨੂੰ ਨਹੀਂ ਦਿੱਤੀ ਜਾਵੇਗੀ।

ਇਨ੍ਹਾਂ ਵਿਚ ਨਿੱਜੀ ਤੇ ਸਰਕਾਰੀ ਦੋਵਾਂ ਤਰ੍ਹਾਂ ਦੀਆਂ ਏਜੰਸੀਆਂ ਆ ਜਾਂਦੀਆਂ ਹਨ। ਇਸ ਵਿਚ ਬਹੁਕੌਮੀ ਕੰਪਨੀਆਂ ਵੀ ਆ ਜਾਂਦੀਆਂ ਹਨ। ਇਸ ਗੱਲ ਦਾ ਕੋਈ ਯਕੀਨ ਨਹੀਂ ਦਿਵਾਇਆ ਗਿਆ ਕਿ ਇਹ ਕੰਪਨੀਆਂ ਅਜਿਹੀ ਜਾਣਕਾਰੀ ਦੀ ਦੁਰਵਰਤੋਂ ਨਹੀਂ ਕਰ ਸਕਣਗੀਆਂ।

ਇਥੇ ਹੀ ਬਸ ਨਹੀਂ, ਐਨ.ਆਈ.ਏ.ਆਈ. ਬਿੱਲ ਦਾ ਖਰੜਾ ਕਹਿੰਦਾ ਹੈ ਕਿ ਅਥਾਰਟੀ, ਪਛਾਣ ਪ੍ਰਮਾਣਿਕਤਾ ਲਈ ਹਰੇਕ ਬੇਨਤੀ ਦਾ ਵਿਸਥਾਰ ਆਪਣੇ ਕੋਲ ਰੱਖੇਗੀ ਅਤੇ ਉਸ ਵਲੋਂ ਪਛਾਣ ਸਬੰਧੀ ਜਾਣਕਾਰੀ 'ਕੌਮੀ ਸੁੱਰਖਿਆ' ਨਾਲ ਜੁੜੇ ਸਰੋਕਾਰਾਂ ਦੇ ਮੱਦੇਨਜ਼ਰ ਨਸ਼ਰ ਵੀ ਕੀਤੀ ਜਾ ਸਕਦੀ ਹੈ। ਇਹ ਮੱਦ ਸ਼ਹਿਰੀਆਂ ਦੀ ਨਿੱਜੀ ਆਜ਼ਾਦੀ ਦੀ ਉਲੰਘਣਾ ਦੀ ਇਜਾਜ਼ਤ ਦਿੰਦੀ ਹੈ। ਤਜਰਬਾ ਦੱਸਦਾ ਹੈ ਕਿ ਜਦੋਂ ਕਦੇ ਵੀ ਸਰਕਾਰ ਕੋਲ ਅਥਾਹ ਸ਼ਕਤੀਆਂ ਆਉਂਦੀਆਂ ਹਨ, ਉਹ ਇਨ੍ਹਾਂ ਦੀ ਦੁਰਵਰਤੋਂ ਕਰਦੀ ਹੈ। ਅਤਿਵਾਦ ਵਿਰੋਧੀ ਕਾਨੂੰਨਾਂ, ਹਥਿਆਰਬੰਦ ਫੌਜਾਂ ਨੂੰ ਵਿਸ਼ੇਸ਼ ਸ਼ਕਤੀਆਂ ਦੇਣ ਵਾਲੇ ਕਾਨੂੰਨ ਅਤੇ ਜਨਤਕ ਸੁਰੱਖਿਆ ਕਾਨੂੰਨ ਤਹਿਤ ਇਹੋ ਕੁਝ ਹੀ ਹੋਇਆ ਹੈ।

ਭ੍ਰਿਸ਼ਟਾਚਾਰ ਜਹੀਆਂ ਵਿਸ਼ੇਸ਼ ਸਮੱਸਿਆਵਾਂ ਨਾਲ ਨਿਪਟਣ ਲਈ ਤਕਨਾਲੋਜੀ 'ਤੇ ਅੰਨ੍ਹੇਵਾਹ ਭਰੋਸਾ ਕਰਨਾ ਨੁਕਸਾਨਦਾਇਕ ਹੋ ਸਕਦਾ ਹੈ। ਤਕਨਾਲੋਜੀ ਅਸਫਲ ਹੋ ਸਕਦੀ ਹੈ। ਬਾਇਓਮੀਟਰਿਕ ਜਾਣਕਾਰੀ ਗਲਤ ਵੀ ਹੋ ਸਕਦੀ ਹੈ, ਜੇਕਰ ਬਿਜਲੀ ਚਲੀ ਜਾਵੇ, ਜਿਵੇਂ ਭਾਰਤ ਵਿਚ ਇਹ ਆਮ ਹੀ ਹੁੰਦਾ ਹੈ।

'ਆਧਾਰ' ਪ੍ਰਾਜੈਕਟ ਵਿਚ ਜਾਣਕਾਰੀ ਦੀ ਸੁਰੱਖਿਆ ਸਬੰਧੀ ਗੰਭੀਰ ਸਮੱਸਿਆਵਾਂ ਪਾਈਆਂ ਜਾਂਦੀਆਂ ਹਨ। 'ਲੰਦਨ ਸਕੂਲ ਆਫ ਇਕਨੌਮਿਕਸ' ਦਾ ਅਧਿਐਨ ਕਹਿੰਦਾ ਹੈ ਕਿ ਇਹ ਤਰੀਕਾ ਅਤੀ ਪੇਚੀਦਾ, ਤਕਨੀਕੀ ਤੌਰ 'ਤੇ ਗ਼ਲਤ ਸਿੱਧ ਹੋਇਆ ਹੈ ਅਤੇ ਅਸੁਰੱਖਿਅਤ ਹੈ। ਇਥੋਂ ਤੱਕ ਕਿ ਭਾਰਤੀ ਰੱਖਿਆ ਮੰਤਰਾਲੇ ਅਤੇ ਪੈਂਟਾਗਨ ਦੀਆਂ ਡਿਜੀਟਲ ਜਾਣਕਾਰੀਆਂ/ਵੈਬਸਾਈਟਾਂ ਜੋ ਅਤੀ ਸੁਰੱਖਿਅਤ ਮੰਨੀਆਂ ਜਾਂਦੀਆਂ ਹਨ, ਵੀ 'ਹੈਕ' ਹੋ ਚੁੱਕੀਆਂ ਹਨ। ਇਸ ਤਰ੍ਹਾਂ ਡਿਜੀਟਲ ਜਾਣਕਾਰੀ ਦੀ ਹੁੰਦੀ ਚੋਰੀ ਅਤੇ ਇਸ ਦੇ ਖੁਫੀਆ ਏਜੰਸੀਆਂ ਜਾਂ ਕਾਰਪੋਰੇਟ ਕੰਪਨੀਆਂ ਦੇ ਹੱਥ ਲੱਗਣ ਦਾ ਵਰਤਾਰਾ ਬੇਹੱਦ ਖਤਰਨਾਕ ਸਿੱਟੇ ਕੱਢ ਸਕਦਾ ਹੈ। ਇਹੀ ਕਾਰਨ ਹੈ ਕਿ ਅਮਰੀਕਾ, ਇੰਗਲੈਂਡ ਤੇ ਆਸਟਰੇਲੀਆ ਸਣੇ ਅਨੇਕਾਂ ਦੇਸ਼ਾਂ ਨੇ ਕੌਮੀ ਪਛਾਣ ਪੱਤਰਾਂ ਨੂੰ ਤਿਆਗ ਦਿੱਤਾ ਹੈ। ਰਿਪੋਰਟ ਅਨੁਸਾਰ 'ਆਧਾਰ' ਪ੍ਰਾਜੈਕਟ ਤੇ ਤਕਰੀਬਨ 1,50,000 ਕਰੋੜ ਰੁਪਏ ਦਾ ਖਰਚਾ ਆਵੇਗਾ। ਇਹ ਖਰਚਾ ਅਜਿਹੀ ਯੋਜਨਾ ਲਈ ਬਹੁਤ ਜ਼ਿਆਦਾ ਹੈ, ਜਿਸ ਬਾਰੇ ਇਹ ਵੀ ਨਹੀਂ ਪਤਾ ਕਿ ਇਸ ਦਾ ਕੋਈ ਲਾਭ ਹੋਣਾ ਹੈ ਕਿ ਨਹੀਂ?

ਆਧਾਰ ਪ੍ਰਾਜੈਕਟ ਨੂੰ ਬਿਨਾਂ ਕਿਸੇ ਕਾਨੂੰਨੀ ਆਧਾਰ 'ਤੇ ਲੋਕ ਜਾਂ ਸੰਸਦੀ ਬਹਿਸ ਤੋਂ ਬਿਨਾਂ ਹੀ ਚਲਾਇਆ ਜਾ ਰਿਹਾ ਹੈ। ਐਨ.ਆਈ.ਏ.ਆਈ. ਦਾ ਗਠਨ ਪ੍ਰਸ਼ਾਸਕੀ ਹੁਕਮਾਂ ਤਹਿਤ ਕੀਤਾ ਗਿਆ ਹੈ ਅਤੇ ਉਸ ਨੂੰ ਇਸ ਦੇ ਲਾਭ-ਹਾਨੀਆਂ ਦਾ ਬਿਨਾਂ ਅਧਿਐਨ ਕੀਤੇ ਇਹ ਪ੍ਰਾਜੈਕਟ ਸੌਂਪ ਦਿੱਤਾ ਗਿਆ ਹੈ। ਇਸ ਸਬੰਧੀ ਕੋਈ ਪ੍ਰਸੰਗਿਕ ਬਿੱਲ ਸੰਸਦ 'ਚ ਪੇਸ਼ ਨਹੀਂ ਕੀਤਾ ਗਿਆ। ਇਹ ਅਮਲ ਪੂਰੀ ਤਰ੍ਹਾਂ ਗੈਰ ਜਮਹੂਰੀ ਹੈ ਅਤੇ ਇਸ ਲਈ ਕੋਈ ਸੋਚ-ਵਿਚਾਰ ਨਹੀਂ ਕੀਤੀ ਗਈ। ਇਸ ਨੂੰ ਫੌਰੀ ਤੌਰ 'ਤੇ ਰੋਕਿਆ ਜਾਣਾ ਚਾਹੀਦਾ ਹੈ।

# ਪੰਜਾਬ ਲਈ ਕੇਂਦਰੀ ਕਰਜ਼ਾ ਮਾਫੀ ਸਕੀਮ ਦੇ ਕੁਝ ਪੱਖ

**ਨਿਰਮਲ ਸੰਧੂ**

ਪੰਜਾਬ ਦੇ ਸਾਹਮਣੇ ਇਹ ਅਹਿਮ ਫੈਸਲੇ ਦੀ ਘੜੀ ਹੈ। ਕੀ ਕੇਂਦਰ ਦੀ ਸਲਾਹ ਮੰਨੀ ਜਾਏ ਕਿ ਨਾ? ਸਲਾਹ ਮੰਨਣ ਨਾਲ 35000 ਕਰੋੜ ਦਾ ਫਾਇਦਾ ਹੈ। ਕਰਜ਼ਾ 71,000 ਕਰੋੜ ਤੋਂ ਘਟ ਕੇ 36,000 ਕਰੋੜ ਰਹਿ ਜਾਊ। ਅੱਗੇ ਤੋਂ ਕਰਜ਼ਾ ਲੈ ਕੇ ਸਰਕਾਰ ਚਲਾਉਣੀ ਨਾ ਪਊ। ਪਰ ਲੋਕਾਂ 'ਤੇ ਟੈਕਸਾਂ ਦਾ ਭਾਰ ਪਏਗਾ।

ਬਹੁਤੇ ਰਾਜਾਂ 'ਚ ਲੋਕ ਇਹ ਟੈਕਸ ਦੇ ਰਹੇ ਨੇ। ਟੈਕਸਾਂ ਦੀ ਉਗਰਾਹੀ ਵੀ ਚੰਗੀ ਹੈ ਤੇ ਚੋਰੀ ਵੀ ਘੱਟ। ਪੰਜਾਬ 'ਚ ਟੈਕਸ ਦੇਣ ਦੀ ਆਦਤ ਨਹੀਂ। ਚੋਰੀ ਆਮ ਹੈ। ਜੇ ਨਵੇਂ ਟੈਕਸ ਲੱਗ ਵੀ ਜਾਣ ਤਾਂ ਸ਼ਰਾਫਤ ਨਾਲ ਟੈਕਸ ਦੇਣ ਵਾਲਿਆਂ 'ਤੇ ਭਾਰ ਹੋਰ ਵਧ ਜਾਏਗਾ। ਇਸ ਲਈ ਸਰਕਾਰ ਨੂੰ ਵੀ ਚੋਰਾਂ ਨੂੰ ਕਾਬੂ ਕਰਨਾ ਪਏਗਾ ਤੇ ਆਪਣੇ ਖਰਚੇ ਘਟਾਉਣੇ ਪੈਣਗੇ। ਜੇ ਸਾਰੇ ਪੰਜਾਬੀ, ਸਿਆਸੀ ਪਾਰਟੀਆਂ ਤੇ ਖੁਦ ਸਰਕਾਰ, ਕੇਂਦਰ ਦੇ ਸੁਝਾਵਾਂ 'ਤੇ ਵਿਚਾਰ ਕਰਨ ਤਾਂ ਪੰਜਾਬ ਦੀ ਵਿਗੜਦੀ ਆਰਥਿਕ ਹਾਲਤ ਸੁਧਰ ਸਕਦੀ ਹੈ।

ਕੇਂਦਰ ਦੀ ਸਲਾਹ ਨਾ ਮੰਨਣ ਨਾਲ ਜਿਵੇਂ ਹੈ, ਉਵੇਂ ਹੀ ਚਲਦਾ ਰਹੂ। ਪਿਛਲੇ ਤਿੰਨ ਸਾਲਾਂ 'ਚ ਕਰਜ਼ਾ 48000 ਕਰੋੜ ਤੋਂ ਵਧ ਕੇ 71,000 ਕਰੋੜ ਹੋ ਗਿਆ ਹੈ। ਯਾਨਿ 7,500-8,000 ਕਰੋੜ ਦਾ ਕਰਜ਼ਾ ਹਰ ਸਾਲ। ਇਸ ਕਰਜ਼ੇ 'ਤੇ ਵਿਆਜ ਦੀ ਕਿਸ਼ਤ ਹੈ 8,000 ਕਰੋੜ। ਸਰਕਾਰੀ ਜ਼ਮੀਨਾਂ ਵੇਚ ਕੇ ਕੰਮ ਚੱਲ ਰਿਹਾ। ਨਾ ਵਿਕਾਸ ਵਾਸਤੇ ਪੈਸੇ ਨੇ, ਨਾ ਸਿੱਖਿਆ ਵਾਸਤੇ ਅਤੇ ਨਾ ਸਿਹਤ ਵਿਭਾਗ ਵਾਸਤੇ।

ਕੇਂਦਰ ਸ਼ਰਤਾਂ ਥੋਪ ਨਹੀਂ ਰਿਹਾ, ਜ਼ੋਰ ਨਹੀਂ ਪਾ ਰਿਹਾ ਕਿ ਜ਼ਰੂਰ ਮੰਨੋ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤਿਵਾਦ ਦੇ ਦੌਰਾਨ ਲਏ ਕਰਜ਼ੇ ਨੂੰ ਮਾਫ ਕਰਾਉਣ ਲਈ ਵਾਰ-ਵਾਰ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੂੰ ਮਿਲਦੇ ਰਹੇ। ਫੇਰ ਕੇਂਦਰ ਨੇ ਇਹ ਸਲਾਹ ਦਿੱਤੀ ਜਾਂ ਕਹਿ ਲਉ ਸ਼ਰਤਾਂ ਰੱਖੀਆਂ। ਅੱਜ ਪ੍ਰਣਬ ਕਰਜ਼ਾ ਮਾਫ ਕਰਨ ਲਈ ਤਿਆਰ ਹੈ। ਕੱਲ੍ਹ ਨੂੰ ਬਦਲ ਵੀ ਸਕਦਾ ਹੈ। ਕੋਈ ਹੋਰ ਵਿੱਤ ਮੰਤਰੀ ਸ਼ਾਇਦ ਇਸ ਲਈ ਵੀ ਨਾ ਮੰਨੇ। ਪੰਜਾਬ ਦਾ ਕੋਈ ਕਾਨੂੰਨੀ ਜਾਂ ਹੋਰ ਹੱਕ ਨਹੀਂ ਬਣਦਾ ਕਿ ਕਰਜ਼ਾ ਮਾਫ ਕਰਵਾ ਸਕੇ। ਹੋਰ ਕਈ ਰਾਜ ਵੀ ਨਕਸਲਵਾਦ ਨਾਲ ਲੜ ਰਹੇ ਨੇ ਬਿਨਾਂ ਕੇਂਦਰ ਦੀ ਮਾਲੀ ਮਦਦ ਤੋਂ। ਕੇਂਦਰ ਤਾਂ ਇਹ ਕਹਿੰਦਾ ਹੈ ਕਿ ਡੁੱਬਦੇ ਹੋ ਤਾਂ ਡੁੱਬੋ। ਸਾਡੀ ਮਦਦ ਲੈਣੀ ਹੈ ਤਾਂ ਸਾਡੀ ਗੱਲ ਮੰਨੋ।

ਅੱਜ ਪੰਜਾਬ ਦੀ ਉਹ ਹਾਲਤ ਹੈ ਜੋ ਦੇਸ਼ ਦੀ 1991 'ਚ ਸੀ। ਉਦੋਂ ਸੋਨਾ ਗਹਿਣੇ ਰੱਖ ਕੇ ਕਰਜ਼ੇ ਦੀ ਕਿਸ਼ਤ ਵਾਪਸ ਕੀਤੀ ਸੀ। ਬੜੀ ਨਮੋਸ਼ੀ ਹੋਈ, ਪਰ ਕਿਸ਼ਤ ਨਹੀਂ ਟੁੱਟਣ ਦਿੱਤੀ। ਜੇ ਕਰਜ਼ੇ ਦੀ ਕਿਸ਼ਤ ਟੁੱਟ ਜਾਂਦੀ ਤਾਂ ਕਰਜ਼ਾ ਦੇਣ ਵਾਲਿਆਂ ਨੇ ਅੱਗੇ ਤੋਂ ਕਰਜ਼ਾ ਨਹੀਂ ਸੀ ਦੇਣਾ। ਜੇ ਕੋਈ ਦਿੰਦਾ ਵੀ ਤਾਂ ਭਾਰੀ ਵਿਆਜ ਦਰ 'ਤੇ।

ਉਸ ਵੇਲੇ ਵਿੱਤ ਮੰਤਰੀ ਡਾ. ਮਨਮੋਹਨ ਸਿੰਘ ਸੀ। ਪੈਸੇ ਦੀ ਘਾਟ ਸੀ। ਦੇਸ਼ ਬੈਂਕਰਪਟ ਹੋ ਗਿਆ ਸੀ ਜਿਵੇਂ ਅੱਜ ਪੰਜਾਬ ਹੈ। ਦੇਸ਼ ਨੇ ਜਦੋਂ ਆਈ.ਐਮ.ਐਫ. ਤੇ ਵਰਲਡ ਬੈਂਕ ਤੋਂ ਕਰਜ਼ਾ ਲਿਆ ਤਾਂ ਉਨ੍ਹਾਂ ਦੀਆਂ ਸ਼ਰਤਾਂ 'ਤੇ। ਬਹੁਤ ਵਿਰੋਧ ਹੋਇਆ, ਖਾਸ ਕਰਕੇ ਕਾਮਰੇਡਾਂ ਵਲੋਂ, ਪਰ ਦੇਸ਼ ਦੀ ਕਾਇਆ ਪਲਟ ਗਈ। ਨਵੀਆਂ ਆਰਥਕ ਨੀਤੀਆਂ ਨਾਲ ਵਿਕਾਸ ਦਰ ਵਧੀ। ਕਰਜ਼ੇ ਵਾਪਸ ਹੋ ਗਏ। ਅੱਜ ਭਾਰਤ ਚੀਨ ਤੋਂ ਬਾਅਦ ਦੁਨੀਆਂ 'ਚ ਸਭ ਤੋਂ ਤੇਜ਼ੀ ਨਾਲ ਵਿਕਸਤ ਕਰ ਰਿਹਾ ਦੇਸ਼ ਹੈ। ਇਸ ਤੋਂ ਉਲਟ ਪੰਜਾਬ ਹੇਠਾਂ ਨੂੰ ਜਾ ਰਿਹਾ ਹੈ।

ਅੱਜ ਮਨਪ੍ਰੀਤ ਸਿੰਘ ਬਾਦਲ ਡੁੱਬਦੇ ਪੰਜਾਬ ਨੂੰ ਬਚਾਉਣ ਲਈ ਕੋਸ਼ਿਸ਼ ਕਰ ਰਿਹਾ ਹੈ, ਪਰ ਉਸ ਨੂੰ ਉਹ ਰਾਜਨੀਤਕ ਹੱਲਾਸ਼ੇਰੀ ਨਹੀਂ ਮਿਲ ਰਹੀ ਜੋ ਨਰਸਿਮਹਾ ਰਾਓ ਨੇ ਡਾ. ਮਨਮੋਹਨ ਸਿੰਘ ਨੂੰ ਦਿੱਤੀ ਸੀ। ਕੇਂਦਰ ਚਾਹੁੰਦਾ ਹੈ ਕਿ ਪੰਜਾਬ ਦੀਆਂ ਤਿੰਨੇ ਸਿਆਸੀ ਪਾਰਟੀਆਂ-ਅਕਾਲੀ ਦਲ, ਭਾਜਪਾ ਤੇ ਕਾਂਗਰਸ, ਇਕ ਸਮਝੌਤੇ 'ਤੇ ਦਸਤਖ਼ਤ ਕਰਨ ਕਿ ਉਹ ਕੇਂਦਰ ਦੀਆਂ ਸ਼ਰਤਾਂ ਮੰਨ ਕੇ ਸਰਕਾਰ ਚਲਾਉਣਗੀਆਂ।

ਜਦੋਂ ਮਨਪ੍ਰੀਤ ਨੇ ਇਹ ਸ਼ਰਤਾਂ ਵਿਧਾਨ ਸਭਾ 'ਚ ਰੱਖੀਆਂ ਤਾਂ ਸਾਰੇ ਚੁੱਪ ਹੋ ਗਏ। ਕਿਸੇ ਨੇ ਹਾਮੀ ਨਾ ਭਰੀ। ਬਾਅਦ 'ਚ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਨੇ ਸ਼ਰਤਾਂ ਦਾ ਵਿਰੋਧ ਕੀਤਾ। ਚੋਣਾਂ ਜਿੱਤਣ ਵਾਲੀ ਸਿਆਸਤ ਕਰਨ ਵਾਲੇ ਨੇਤਾ ਇਹ ਨਹੀਂ ਸਮਝਦੇ ਕਿ ਲੀਡਰ ਲੋਕਾਂ ਦੇ ਅੱਗੇ ਹੋ ਕੇ ਤੁਰਦੇ ਨੇ। ਉਨ੍ਹਾਂ ਦੇ ਭਲੇ ਦੀ ਸੋਚਦੇ ਨੇ। ਸਿਰਫ ਉਨ੍ਹਾਂ ਨੂੰ ਖੁਸ਼ ਕਰਨ 'ਚ ਹੀ ਨਹੀਂ ਲੱਗੇ ਰਹਿੰਦੇ।

ਕੇਂਦਰ ਦੀਆਂ ਛੇ ਮੁੱਖ ਸ਼ਰਤਾਂ ਨੇ-ਪਹਿਲੀ ਇਹ ਕਿ ਮੁਫਤ ਦੀ ਬਿਜਲੀ ਕਿਸੇ ਨੂੰ ਨਹੀਂ। ਦੋ-ਤਿੰਨ ਰਾਜਾਂ ਨੂੰ ਛੱਡ ਕੇ ਕਿਸੇ ਥਾਂ ਵੀ ਬਿਜਲੀ ਮੁਫਤ ਨਹੀਂ ਹੈ। ਬਿਜਲੀ ਮੁਫਤ ਕਰਨ ਨਾਲ ਬੋਰਡ ਦਾ ਭੱਠਾ ਬੈਠ ਗਿਆ। ਜੋ ਕਾਰਖਾਨੇ ਵਾਲੇ, ਸਰਕਾਰੀ ਅਫਸਰ ਤੇ ਨੇਤਾ, ਰਸੂਖ ਵਾਲੇ ਸ਼ਹਿਰੀ ਬਿਜਲੀ ਚੋਰੀ ਕਰਦੇ, ਉਹ ਵੀ ਕਿਸਾਨਾਂ ਦੇ ਖਾਤੇ ਪੈਂਦੀ ਸੀ। ਬਿਜਲੀ ਫਰੀ ਸੀ, ਪਰ ਹੈ ਕਿੱਥੇ ਸੀ?

ਦੂਜੀ ਸ਼ਰਤ ਇਹ ਹੈ ਕਿ ਪਾਣੀ ਵੀ ਮੁਫਤ ਨਾ ਦਿਉ। ਪਾਣੀ ਮੁਫਤ ਜਾਂ ਸਸਤਾ ਹੋਣ ਕਰ ਕੇ ਹਰ ਕੋਈ ਝੋਨਾ ਲਾਈ ਜਾਂਦਾ ਤੇ ਫੇਰ ਸਬਮਰਸੀਬਲ ਪੰਪ। ਜੇ ਮੀਂਹ ਨਾ ਪਏ ਤਾਂ ਸਰਕਾਰ ਦੀ ਬਾਂਹ ਮਰੋੜ ਕੇ 300 ਕਰੋੜ ਡੀਜ਼ਲ ਦਾ ਖਰਚਾ ਕਢਾ ਲਿਆ। ਹਰ ਇਕ ਦੇ ਪੱਲੇ ਭਾਵੇਂ 100-50 ਹੀ ਪੈਣ। ਜੇ ਕਿਸਾਨ ਪਾਣੀ ਦਾ ਬਿੱਲ ਤਾਰਦੇ ਤਾਂ ਨਹਿਰਾਂ ਸਾਫ ਕਰਵਾਉਂਦੇ, ਖਾਲੇ ਪੱਕੇ ਕਰਵਾਉਂਦੇ। ਨਹਿਰਾਂ-ਦਰਿਆਵਾਂ ਦੇ ਬੰਨ੍ਹ ਨਾ ਟੁੱਟਦੇ। ਹੜ੍ਹ ਨਾ ਆਉਂਦੇ ਤੇ ਫਸਲਾਂ ਦਾ ਨੁਕਸਾਨ ਨਾ ਹੁੰਦਾ। ਕੇਂਦਰ ਕਹਿੰਦਾ ਹੈ ਕਿ ਬਿਜਲੀ, ਪਾਣੀ ਦਾ ਖਰਚਾ ਖਪਤਕਾਰਾਂ ਤੋਂ ਲਉ। ਮੁਫਤ ਦਿਉਗੇ ਤਾਂ ਘਾਟਾ ਖਾਉਗੇ। ਕੇਂਦਰ ਤੋਂ ਪੈਸੇ ਮੰਗਣ ਤੁਰ ਪਉਗੇ। ਨਹੀਂ ਤਾਂ ਕਰਜ਼ਾ ਲਈ ਜਾਉਗੇ। ਆਪੇ ਕਮਾਉ ਤੇ ਛਕੋ। ਸਾਨੂੰ ਤੰਗ ਨਾ ਕਰੋ। ਬਾਦਲਾਂ ਦੀ ਸਿਆਸਤ ਹੈ ਕਿ ਹਰ ਸਮੱਸਿਆ ਲਈ ਕੇਂਦਰ ਜ਼ਿੰਮੇਵਾਰ।

ਤੀਜੀ ਸ਼ਰਤ ਹੈ ਕਿ ਜੋ ਖੇਤੀ ਵਾਲੀ ਜ਼ਮੀਨ ਖਰੀਦ ਕੇ ਪਲਾਟ ਕੱਟਦੇ ਨੇ ਜਾਂ ਫਲੈਟ ਵੇਚਦੇ ਨੇ, ਉਨ੍ਹਾਂ 'ਤੇ ਟੈਕਸ ਲਾਉ। ਏਹਦੇ 'ਚ ਕੀ ਗਲਤ ਹੈ? ਬਥੇਰੀ ਕਮਾਈ ਹੈ ਬਿਲਡਰਾਂ ਦੀ। ਜਿਨ੍ਹਾਂ ਕੋਲ ਸ਼ਹਿਰਾਂ 'ਚ ਜਾਇਦਾਦਾਂ ਨੇ ਉਹ ਪ੍ਰਾਪਰਟੀ ਟੈਕਸ ਦੇਣ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸਰਕਾਰ ਨੇ ਇਹ ਟੈਕਸ ਅਜੇ ਤੱਕ ਲਾਏ ਕਿਉਂ ਨਹੀਂ? ਇਹਦੇ ਵਾਸਤੇ ਵੀ ਅਕਲ ਬਾਹਰੋਂ ਲੈਣੀ ਪੈਂਦੀ ਹੈ? ਇਹ ਸਾਰੇ ਬਿਜਲੀ, ਪਾਣੀ ਤੇ ਪ੍ਰਾਪਰਟੀ ਟੈਕਸ ਪੰਜਾਂ ਸਾਲਾਂ 'ਚ ਲੱਗ ਕੇ ਆਮਦਨ ਦਾ ਜ਼ਰੀਆ ਹੋਣੇ ਚਾਹੀਦੇ ਨੇ। ਚੌਥੀ ਸ਼ਰਤ ਹੈ ਕਿ ਲੋਕਲ ਬਾਡੀਜ਼ ਦਾ ਲੇਖਾ-ਜੋਖਾ ਕੈਗ ਤੋਂ ਕਰਵਾਉ। ਸਰਕਾਰੀ ਅਦਾਰਿਆਂ 'ਚ ਏਧਰ-ਉਧਰ ਪਿਆ ਪੈਸਾ ਮੁਰੱਬਾਬੰਦੀ ਫੰਡ 'ਚ ਰੱਖੋ। ਇਸ ਨਾਲ ਸਰਕਾਰੀ ਪੈਸੇ ਦੀ ਕੁਵਰਤੋਂ ਨਹੀਂ ਹੋਵੇਗੀ।

ਪੰਜਵੀਂ ਸ਼ਰਤ ਹੈ ਕਿ ਪੰਜਾਬ ਰੋਡਵੇਜ਼ ਤੇ ਪੈਪਸੂ ਟਰਾਂਸਪੋਰਟ ਦੇ ਘਾਟੇ ਖਤਮ ਕਰ ਕੇ ਇਨ੍ਹਾਂ ਨੂੰ ਮੁਨਾਫੇ 'ਚ ਲਿਆਉਣ ਦੇ ਉਪਰਾਲੇ ਕਰੋ। ਬੱਸਾਂ ਦੇ ਬਿਜਨਸ ਦਾ ਤਾਂ ਬਾਦਲਾਂ ਨੂੰ ਬਹੁਤ ਤਜਰਬਾ ਹੈ। ਜੇ ਚਾਹੁਣ ਤਾਂ ਇਹ ਕੰਮ ਉਨ੍ਹਾਂ ਦੇ ਖੱਬੇ ਹੱਥ ਦਾ ਹੈ। ਛੇਵੀਂ ਸ਼ਰਤ ਹੈ ਕਿ ਮੁਲਾਜ਼ਮਾਂ ਨੂੰ ਪੀ.ਐਫ. 'ਚ ਵਕਤ ਤੋਂ ਪਹਿਲਾਂ ਪੈਸੇ ਕਢਵਾਉਣ ਤੋਂ ਪਾਬੰਦੀ ਲੱਗੇ। ਬੱਚਿਆਂ ਦੇ ਵਿਆਹ ਜਾਂ ਮਕਾਨ ਖਰੀਦਣ ਲਈ ਵੀ ਨਹੀਂ। ਇਸ ਦਾ ਹੱਲ ਹੈ ਬੈਂਕ ਤੋਂ ਕਰਜ਼ਾ। ਜਿੰਨਾ ਕੁ ਪੀ.ਐਫ. ਦਾ ਵਿਆਜ ਹੈ, ਉਨੇ ਕੁ 'ਤੇ ਕਰਜ਼ਾ ਮਿਲ ਜਾਂਦਾ ਹੈ। ਮਿਆਦ ਪੂਰੀ ਹੋਣ 'ਤੇ ਕਰਜ਼ਾ ਚੁਕਾਇਆ ਜਾ ਸਕਦਾ ਹੈ। ਇਹ ਕੁਝ ਮੁਸ਼ਕਿਲ ਹੈ ਪਰ ਕੁਝ ਸ਼ਰਤਾਂ 'ਚ ਢਿੱਲ ਵਾਸਤੇ ਕੇਂਦਰ ਨੂੰ ਮਨਾਇਆ ਜਾ ਸਕਦਾ ਹੈ।


ਇਹ ਸ਼ਰਤਾਂ ਲੋਕ ਤਾਂ ਹੀ ਮਨਜ਼ੂਰ ਕਰਨਗੇ ਜੇ ਸਿਆਸੀ ਪਾਰਟੀਆਂ ਖੁਦ ਵੀ ਖਰਚੇ ਘਟਾਉਣ। ਲੋਕ ਤਾਂ ਹੀ ਇਮਾਨਦਾਰੀ ਨਾਲ ਟੈਕਸ ਦੇਣਗੇ ਜੇ ਸਰਕਾਰ ਉਨ੍ਹਾਂ ਦਾ ਪੈਸਾ ਸਹੀ ਤਰੀਕੇ ਨਾਲ ਲੋਕ ਹਿੱਤਾਂ ਲਈ ਖਰਚੇ। ਸਰਕਾਰੀ ਖਰਚੇ ਘੱਟ ਕਰਨ ਲਈ ਹੇਠ ਲਿਖੇ ਕਦਮ ਚੁੱਕੇ ਜਾ ਸਕਦੇ ਹਨ:

1. ਸਾਰੇ ਪਾਰਲੀਮੈਂਟਰੀ ਸੈਕਟਰੀਆਂ ਦੀ ਛੁੱਟੀ।
2. ਬੋਰਡਾਂ ਤੇ ਕਾਰਪੋਰੇਸ਼ਨ 'ਚ ਸਿਆਸੀ ਨਿਯੁਕਤੀਆਂ ਖਤਮ। ਜਿਹੜੇ ਬੋਰਡਾਂ ਦੀ ਲੋੜ ਨਹੀਂ, ਉਹ ਬੰਦ।
3. ਸਿਰਫ ਇੱਕੋ ਹੀ ਡੀ.ਜੀ.ਪੀ. ਤੇ ਇੱਕੋ ਹੀ ਚੀਫ ਸੈਕਟਰੀ ਦੇ ਰੈਂਕ ਦਾ ਅਫਸਰ। ਵਾਧੂ ਆਈ.ਏ.ਐਸ. ਤੇ ਆਈ.ਪੀ.ਐਸ. ਅਫਸਰ ਕੇਂਦਰ ਨੂੰ ਵਾਪਸ।
4. ਵੀ.ਆਈ.ਪੀ. ਸੁਰੱਖਿਆ ਸਿਰਫ ਗਵਰਨਰ, ਮੁੱਖ ਮੰਤਰੀ ਤੇ ਹਾਈ ਕੋਰਟ ਦੇ ਜੱਜਾਂ ਤੱਕ ਸੀਮਤ। ਬਾਕੀ ਜਿਸ ਨੂੰ ਜਿੰਨੇ ਗੰਨਮੈਨ ਚਾਹੀਦੇ ਹੋਣ, ਉਨ੍ਹਾਂ ਦੀ ਤਨਖਾਹ ਦੇਵੇ।
5. ਸਰਕਾਰੀ ਖਰਚੇ 'ਤੇ ਵਿਦੇਸ਼ਾਂ ਦੇ ਦੌਰੇ, ਹੈਲੀਕਾਪਟਰਾਂ ਦੀ ਵਰਤੋਂ, ਵਿਦੇਸ਼ਾਂ 'ਚ ਇਲਾਜ-ਸਭ ਬੰਦ।

ਜੇ ਪੰਜਾਬ ਨੂੰ ਆਰਥਿਕ ਤਬਾਹੀ ਤੋਂ ਬਚਾਉਣਾ ਹੈ ਤਾਂ ਇਹ ਇਕ ਮੌਕਾ ਹੈ ਕੁਝ ਠੋਸ ਕਦਮ ਚੁੱਕਣ ਦਾ। ਜੇ ਹਾਲਾਤ ਨਾ ਬਦਲੇ ਤਾਂ ਪੰਜਾਬ ਦਾ ਕਰਜ਼ਾ ਵਧਦਾ ਜਾਏਗਾ। ਕਿਸ਼ਤਾਂ ਦਿੱਤੀਆਂ ਨਹੀਂ ਜਾਣੀਆਂ ਤੇ ਪ੍ਰਦੇਸ਼ ਵਿਚ ਮਾਲੀ ਸੰਕਟ ਦੇ ਆਧਾਰ 'ਤੇ ਰਾਸ਼ਟਰਪਤੀ ਰਾਜ ਲਾਗੂ ਹੋਏਗਾ। ਫੇਰ ਕੇਂਦਰ ਉਹ ਸਭ ਕਰੇਗਾ ਜੋ ਅੱਜ ਕਰਨ ਲਈ ਕਹਿ ਰਿਹਾ ਹੈ।

# ਬੜਾ ਵੱਡਾ ਗੁਨਾਹ ਹੈ ਕਿਸੇ ਦੀ ਲਿਖਤ ਨਾਲ ਛੇੜਛਾੜ ਕਰਨਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਸਕੂਲੀ ਵਿਦਿਆਰਥੀਆਂ ਦਾ ਗੀਤ-ਗ਼ਜ਼ਲ-ਕਵਿਤਾ ਗਾਇਨ ਦਾ ਮੁਕਾਬਲਾ ਚੱਲ ਰਿਹਾ ਸੀ। ਜੱਜਾਂ ਦੀ ਟੀਮ ਵਿਚ ਮੇਰਾ ਬੇਟਾ ਵੀ ਸ਼ਾਮਲ ਸੀ। ਕੁੜੀਆਂ-ਮੁੰਡੇ ਆਪੋ-ਆਪਣੀਆਂ ਆਈਟਮਾਂ ਮਾਈਕ 'ਤੇ ਪੇਸ਼ ਕਰ ਰਹੇ ਸਨ। ਜੱਜ ਸਾਹਿਬਾਨ ਆਪਣੀਆਂ ਨੋਟ-ਬੁੱਕਾਂ 'ਤੇ ਨਾਲੋ-ਨਾਲ ਨੋਟ ਕਰੀ ਜਾ ਰਹੇ ਸਨ। ਇਕ ਵਿਦਿਆਰਥੀ ਸਟੇਜ 'ਤੇ ਆ ਕੇ ਕਵਿਤਾ ਪੜ੍ਹਨ ਲੱਗਾ। ਬਾਕੀ ਜੱਜਾਂ ਨਾਲੋਂ ਮੇਰੇ ਬੇਟੇ ਨੇ ਕੁਝ ਜ਼ਿਆਦਾ ਹੀ 'ਕੰਨ ਚੁੱਕ' ਲਏ। ਮੁੰਡਾ ਕਵਿਤਾ ਪੜ੍ਹਦਾ ਗਿਆ। ਮੇਰੇ ਬੇਟੇ ਦੇ ਤੇਵਰ ਤਿੱਖੇ ਹੁੰਦੇ ਗਏ।

ਕਵਿਤਾ ਖਤਮ ਕਰਕੇ ਜਦੋਂ ਮੁੰਡਾ ਆਪਣੇ ਥਾਂ ਵਲ ਜਾਣ ਲੱਗਾ ਤਾਂ ਇਸ਼ਾਰਾ ਕਰਕੇ ਮੇਰੇ ਬੇਟੇ ਨੇ, ਉਸਨੂੰ ਆਪਣੇ ਕੋਲ ਬੁਲਾ ਲਿਆ। ਇਕ ਪਾਸੇ ਲਿਜਾ ਕੇ ਪੁੱਛਣ ਲੱਗਾ, ''ਤੈਨੂੰ ਪਤਾ ਇਹ ਕਵਿਤਾ ਕਿਸਦੀ ਲਿਖੀ ਹੋਈ ਹੈ?'' ਮੁੰਡਾ ਵਿਚਾਰਾ ਘਬਰਾ ਗਿਆ ਤੇ ਉਸਨੇ ਡਰਦੇ-ਡਰਦੇ ਨੇ 'ਸਰ ਪਤਾ ਨਹੀਂ' ਕਹਿ ਦਿੱਤਾ। ਉਹਦੇ ਹੱਥੋਂ ਪੇਪਰ ਫੜ ਕੇ ਬੇਟਾ ਕਹਿੰਦਾ, ''ਇਹ ਕਵਿਤਾ ਇੱਥੋਂ ਤੱਕ ਮੇਰੇ ਡੈਡੀ ਜੀ ਦੀ ਲਿਖੀ ਹੋਈ ਹੈ, ਆਹ ਵਾਧੂ ਸਤਰਾਂ ਕਿਸਨੇ ਜੋੜੀਆਂ ਨੇ ਅਤੇ ਕਿਹਨੂੰ ਪੁੱਛ ਕੇ ਜੋੜੀਆਂ ਹਨ?'' ਰੋਣ ਹਾਕਾ ਹੋਏ ਮੁੰਡੇ ਨੇ ਆਪਣੇ ਡੈਡੀ ਦਾ ਨਾਂ ਲਿਆ।

ਸਰੋਤਿਆਂ ਵਿਚ ਬੈਠਾ 'ਡੈਡੀ' ਵੀ ਆਪਣੇ ਮੁੰਡੇ ਨਾਲ 'ਜੱਜ' ਦੀ 'ਘੁਸਰ-ਮੁਸਰ' ਦੇਖ ਕੇ ਸਟੇਜ ਦੇ ਪਿੱਛੇ ਨੂੰ ਆ ਗਿਆ। ਕਵਿਤਾ ਪੜ੍ਹਨ ਵਾਲੇ ਮੁੰਡੇ ਨੇ ਆਪਣੇ ਬਾਪ ਨੂੰ ਸਾਰੀ ਗੱਲ ਦੱਸੀ। ਮੁੰਡੇ ਦੇ ਬਾਪ ਨੇ ਮੁਸਕਰਾਉਂਦਿਆਂ ਮੇਰੇ ਬੇਟੇ ਨੂੰ ਗਲਵਕੜੀ 'ਚ ਲੈਂਦਿਆਂ ਕਹਿ ਕੇ ਸ਼ਾਂਤ ਕਰ ਦਿੱਤਾ, ''ਬੱਚੂ, ਤੇਰਾ ਡੈਡੀ ਸਿਰਫ ਤੇਰਾ ਇਕੱਲੇ ਦਾ ਹੀ ਨਹੀਂ, ਮੇਰਾ ਉਹ ਵੱਡੇ ਭਰਾਵਾਂ ਵਰਗਾ ਦੋਸਤ ਹੈ... ਮੇਰੇ ਬੱਚੇ ਆਪਣੇ ਤਾਏ ਦੀਆਂ ਲਿਖੀਆਂ ਕਵਿਤਾਵਾਂ ਪੜ੍ਹ ਸਕਦੇ ਹਨ।'' ਇੰਨੀ ਸੁਣ ਕੇ ਮੇਰੇ ਬੇਟੇ ਦਾ ਗੁੱਸਾ ਢੈਲਾ ਹੋ ਗਿਆ।

ਅਸਲ ਵਿਚ ਕੁਝ ਮਹੀਨੇ ਪਹਿਲਾਂ ਮੇਰਾ ਇਹੀ ਬੇਟਾ ਖੁਦ ਅਜਿਹੀ 'ਚੋਰੀ' ਕਰਦਾ ਪਕੜਿਆ ਗਿਆ ਸੀ। ਤਾਜ਼ੇ-ਤਾਜ਼ੇ 'ਹੱਥ ਲੱਗੇ' ਹੋਣ ਕਾਰਨ ਉਹ ਵੀ ਉਤਨਾ ਹੀ ਤੈਸ਼ 'ਚ ਆ ਗਿਆ, ਜਿੰਨਾ ਗਰਮ ਉਹ ਕਵੀ ਹੋਇਆ ਸੀ, ਜਿਸ ਨੇ ਇਸ ਨੂੰ ਰੰਗੇ ਹੱਥੀਂ ਫੜਿਆ ਸੀ। ਹੋਇਆ ਇਸ ਤਰ੍ਹਾਂ ਕਿ ਸਾਡੇ ਕੋਲ ਇਕ ਕੈਸਿਟ ਪਈ ਸੀ ਸੰਨ 80-82 ਵੇਲੇ ਦੀ। ਬੰਗਾ ਕਾਲਜ ਦੇ ਫੰਕਸ਼ਨ ਸਮੇਂ ਕਿਸੇ ਚਲਦੇ-ਫਿਰਦੇ ਕਵੀ ਦੀ ਗਰਜਵੀਂ ਆਵਾਜ਼ ਵਿਚ ਗਾਈ ਹੋਈ ਕਵਿਤਾ, ਇਸ ਕੈਸਿਟ ਵਿਚ ਰਿਕਾਰਡ ਸੀ। ਮੇਰੇ ਬੇਟੇ ਨੇ ਸੋਚਿਆ ਕਿ ਇਹ ਕਵੀ ਕਿਤੇ ਹੁਣ ਤੱਕ ਜਿਉਂਦਾ ਹੋਣੈ? ਸੋ ਉਸਨੇ ਬੜੀ ਟੌਹਰ ਨਾਲ ਕੈਸਿਟ ਵਿਚਲੀ ਕਵਿਤਾ ਦੀਆਂ ਸਤਰਾਂ ਕੁਝ ਅਦਲਾ-ਬਦਲੀ ਕਰਕੇ, ਅਖਬਾਰ ਵਿਚ ਛਪਵਾ ਦਿੱਤੀਆਂ। ਥੱਲੇ ਆਪਣਾ ਨਾਂ ਤੇ ਫੋਨ ਨੰਬਰ ਵੀ ਲਿਖ ਦਿੱਤਾ।

ਇਧਰ ਮੇਰਾ ਬੇਟਾ ਹਾਲੇ ਅਖ਼ਬਾਰ ਵਿਚ ਆਪਣਾ ਨਾਮ ਛਪਣ ਦੀਆਂ ਖੁਸ਼ੀਆਂ ਹੀ ਮਨਾ ਰਿਹਾ ਸੀ ਕਿ ਉਸ ਕਵਿਤਾ ਦੇ ਲੇਖਕ-ਕਵੀ ਸਾਹਿਬ ਦਾ ਫੋਨ ਆ ਗਿਆ। ਫੋਨ ਕਾਹਦਾ, ਉਹ ਤਾਂ ਕ੍ਰੋਧ 'ਚ ਆ ਕੇ ਅੰਗਿਆਰ ਵਰਸਾਉਣ ਲੱਗਾ। ਕੋਰਟ-ਕਚਹਿਰੀਆਂ ਵਿਚ ਘੜੀਸਣ ਦੀਆਂ ਧਮਕੀਆਂ ਦੇਣ ਲੱਗਾ। ਛਿੱਥੇ ਪਏ ਮੇਰੇ ਬੇਟੇ ਨੂੰ ਹੋਰ ਤਾਂ ਕੁਝ ਨਾ ਸੁੱਝਾ, ਉਸ ਨੇ 'ਸੌਰੀ' ਕਹਿ ਕੇ ਮੇਰਾ ਹਵਾਲਾ ਦਿੱਤਾ ਕਿ ਸਰ, ਮੈਂ ਉਨ੍ਹਾਂ ਦਾ ਬੇਟਾ ਹਾਂ। ਮਾੜਾ-ਮੋਟਾ ਪੱਤਰਕਾਰਾਂ 'ਚ ਗਿਣਿਆ ਜਾਂਦਾ ਹੋਣ ਕਾਰਨ ਮੇਰੇ ਨਾਂ ਤੋਂ ਵਾਕਿਫ ਉਹ ਕਵੀ ਝੱਟ ਠੰਢਾ ਹੋ ਗਿਆ।



ਲਿਖਾਰੀ, ਖਾਸ ਕਰਕੇ ਕਵੀ ਆਪਣੇ ਘਰ ਚੋਰੀ ਹੋ ਜਾਣ 'ਤੇ ਸ਼ਾਇਦ ਏਨੇ ਪ੍ਰੇਸ਼ਾਨ ਨਾ ਹੁੰਦੇ ਹੋਣ, ਜਿੰਨਾ ਗੁੱਸਾ ਉਨ੍ਹਾਂ ਨੂੰ ਆਪਣੀਆਂ ਰਚਨਾਵਾਂ ਚੁਰਾਏ ਜਾਣ 'ਤੇ ਚੜ੍ਹਦਾ ਹੈ। ਜਦ ਕਿਤੇ ਉਨ੍ਹਾਂ ਨੂੰ ਇਹ 'ਸੂਹ' ਮਿਲਦੀ ਹੈ ਕਿ ਫਲਾਣਾ ਕਵੀ ਜਾਂ ਗਾਇਕ ਤੁਹਾਡੇ ਲਿਖੇ ਹੋਏ ਗੀਤ-ਗਜ਼ਲ ਦੀ ਮਨਮਰਜ਼ੀ ਦੀ ਭੰਨ-ਤੋੜ ਕਰਕੇ ਵਰਤ ਰਿਹਾ ਹੈ, ਬੱਸ ਉਨ੍ਹਾਂ ਦਾ ਗੁੱਸਾ ਸੱਤਵੇਂ ਅਸਮਾਨ ਨੂੰ ਵੀ ਟੱਪ ਜਾਂਦਾ ਹੈ। ਐਸਾ ਹੋਵੇ ਵੀ ਕਿਉਂ ਨਾ? ਦੁਨਿਆਵੀ ਜਾਂ ਸਰੀਰਕ ਦੁੱਖਾਂ-ਸੁੱਖਾਂ ਤੋਂ ਬੇਪ੍ਰਵਾਹ ਹੋ ਕੇ ਲਿਖਣ ਵਾਲੇ ਕਵੀਆਂ-ਲੇਖਕਾਂ ਦੀ ਰਚਨਾ-ਕਾਲ ਵੇਲੇ ਦੀ ਹਾਲਤ ਬਿਆਨਦਾ ਇਕ ਸ਼ੇਅਰ ਹੈ:

'ਕਿੰਨਾ ਫਿਕਰ ਗਜ਼ਲਗੋ ਕਰਦੇ ਨਿੱਕੀ ਜਿਹੀ ਸਿਹਰੀ ਦਾ।
ਐਪਰ ਚੇਤਾ ਭੁੱਲ ਜਾਂਦੇ ਨੇ ਦਿਲ 'ਤੇ ਚਲਦੀ ਆਰੀ ਦਾ।'

ਇਲਮ, ਹੁਨਰ ਅਤੇ ਕਲਪਨਾ ਦੀ ਕਾਨੀ ਨਾਲ, ਜਿਗਰ ਦੇ ਖੂਨ ਦੀ ਸਿਆਹੀ ਦੇ ਡੋਬੇ ਲੈ ਕੇ ਜਜ਼ਬਾਤ ਦੀ ਤਰਜ਼ਮਾਨੀ ਕਿਸੇ ਦੀ, ਪਰ ਨਾਮ ਕੋਈ ਹੋਰ ਚਮਕਾਉਂਦਾ ਫਿਰੇ? ਅੱਖਾਂ ਦੇ ਦੀਦੇ ਰਾਤ-ਰਾਤ ਭਰ ਕੋਈ ਹੋਰ ਗਾਲੇ, ਸਟੇਜਾਂ 'ਤੇ ਬੱਲੇ-ਬੱਲੇ ਕਿਸੇ ਹੋਰ ਦੀ ਹੋਈ ਜਾਵੇ? ਇਹ ਕਿਵੇਂ ਕੋਈ ਬਰਦਾਸ਼ਤ ਕਰ ਸਕਦਾ ਹੈ? ਇਸੇ ਕਰਕੇ ਸਾਹਿਤਕ ਚੋਰੀ ਕਰਨ ਵਾਲੇ ਜਾਂ ਬੌਧਿਕ-ਬੇਈਮਾਨੀ ਕਰਨ ਵਾਲੇ, ਕਾਨੂੰਨ ਦੀਆਂ ਨਜ਼ਰਾਂ ਵਿਚ ਦੋਸ਼ੀ ਮੰਨੇ ਜਾਂਦੇ ਹਨ। ਅਜਿਹੇ ਚੋਰਾਂ ਨੂੰ ਲੱਖਾਂ-ਕਰੋੜਾਂ ਦੇ ਹਰਜਾਨੇ ਵੀ ਭਰਨੇ ਪੈ ਸਕਦੇ ਹਨ।

ਦੇਸ਼-ਵਿਦੇਸ਼ ਵਿਚ ਸੂਫੀ ਗਾਇਕ ਵਜੋਂ ਪ੍ਰਸਿਧੀ ਪਾਉਣ ਵਾਲੇ ਸਤਿੰਦਰ ਸਰਤਾਜ ਨੂੰ ਵੀ ਅਜਿਹੀ ਸਥਿਤੀ ਵਿਚੋਂ ਗੁਜ਼ਰਨਾ ਪਿਆ। ਅਖ਼ਬਾਰਾਂ ਵਿਚ ਛਪੀ ਜਾਣਕਾਰੀ ਅਨੁਸਾਰ ਜਦੋਂ ਉਹ ਬੀਤੇ ਦਿਨੀਂ ਕੈਨੇਡਾ-ਅਮਰੀਕਾ ਵਿਚ ਧੁੰਮਾਂ ਪਾ ਰਿਹਾ ਸੀ, ਪਿੱਛੇ ਪੰਜਾਬ ਵਿਚ ਸ. ਤਰਲੋਕ ਸਿੰਘ ਜੱਜ ਨਾਂ ਦੇ ਸ਼ਾਇਰ ਨੇ ਸਰਤਾਜ 'ਤੇ ਦੋਸ਼ ਲਾਇਆ ਕਿ ਉਹ ਮੇਰੀ ਲਿਖੀ ਗਜ਼ਲ ਦੀ ਬਿਨਾਂ ਇਜਾਜ਼ਤ ਲਏ ਭੰਨ-ਤੋੜ ਕਰਕੇ ਗਾ ਰਿਹਾ ਹੈ। ਸ. ਜੱਜ ਨੇ ਇਹ ਵੀ ਐਲਾਨ ਕੀਤਾ ਕਿ ਜੇ ਸਰਤਾਜ ਨੇ ਫਲਾਂ ਤਰੀਕ ਤੱਕ ਇਸ ਗੁਨਾਹ ਦੀ ਮੁਆਫੀ ਨਾ ਮੰਗੀ ਤਾਂ ਮੈਂ ਅਦਾਲਤ ਵਿਚ ਕੇਸ ਦਾਇਰ ਕਰ ਦਿਆਂਗਾ। ਮੀਡੀਏ ਵਿਚ ਇਹ ਮੁੱਦਾ ਕਈ ਮਹੀਨੇ ਛਾਇਆ ਰਿਹਾ। ਇਹ ਵੀ ਸੁਣਿਆ ਗਿਆ ਕਿ ਤਰਲੋਕ ਸਿੰਘ ਜੱਜ ਵਲੋਂ ਸਰਤਾਜ ਨੂੰ ਢਾਈ ਕਰੋੜ ਰੁਪਏ ਹਰਜਾਨੇ ਦਾ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ।

ਹੁਣ ਖ਼ਬਰ ਆਈ ਹੈ ਕਿ ਸਰਤਾਜ ਨੇ ਸਿਆਣਪ ਵਰਤਦਿਆਂ ਸ. ਜੱਜ ਦੇ ਘਰ ਜਾ ਕੇ ਲਿਖਤੀ ਮੁਆਫੀ ਮੰਗ ਲਈ ਹੈ। ਉਸ ਨੇ ਸ਼ਾਇਰ ਜੱਜ ਦੇ ਘਰ ਦੁਪਹਿਰ ਦਾ ਪ੍ਰਸ਼ਾਦਾ ਵੀ ਛਕਿਆ ਅਤੇ ਉਸਦੇ ਦਿਲ ਨੂੰ ਲੱਗੀ ਠੇਸ ਦੀ ਵੀ ਖਿਮਾ-ਯਾਚਨਾ ਕੀਤੀ। ਸਰਤਾਜ ਨੇ ਲਿਖਤੀ ਮੁਆਫੀਨਾਮੇ ਵਿਚ ਇਹ ਵਿਸ਼ਵਾਸ ਵੀ ਦੁਆਇਆ ਕਿ ਉਹ ਭਵਿੱਖ ਵਿਚ ਅਜਿਹੀ ਕੁਤਾਹੀ ਕਦੇ ਨਹੀਂ ਕਰੇਗਾ ਭਾਵ ਕਿ ਕਿਸੇ ਵੀ ਸ਼ਾਇਰ ਦੀ ਲਿਖਤ ਨਾਲ ਛੇੜਛਾੜ ਨਹੀਂ ਕਰੇਗਾ।

ਇਹ ਗੁਨਾਹ ਭਰੀ ਛੇੜਛਾੜ ਭਲਾ ਸਰਤਾਜ ਨੇ ਕਿੰਨੀ ਕੁ ਕੀਤੀ ਸੀ? ਤਰਲੋਕ ਜੱਜ ਦੇ ਕਹਿਣ ਅਨੁਸਾਰ ਮੇਰੀ 32 ਸਾਲ ਪਹਿਲਾਂ ਲਿਖੀ ਗਜ਼ਲ ਦੇ ਇਕ ਸ਼ੇਅਰ ''ਮੈਨੂੰ ਸ਼ੀਸ਼ੇ ਨੇ 'ਠੁਕਰਾ' ਕੇ ਜ਼ਖ਼ਮੀ ਕੀਤਾ ਏ'' ਵਿਚ ਅਦਲਾ-ਬਦਲੀ ਕਰਕੇ ਸਰਤਾਜ ਨੇ ਗਾਇਆ, 'ਮੈਨੂੰ ਸ਼ੀਸ਼ੇ ਨੇ 'ਤਿੜਕਾ' ਕੇ ਜ਼ਖ਼ਮੀ ਕੀਤਾ ਏ।' ਯਾਨਿ ਕਿ 'ਠੁਕਰਾ' ਨੂੰ 'ਤਿੜਕਾ' ਬਣਾਉਣ ਦਾ ਢਾਈ ਕਰੋੜ ਹਰਜਾਨਾ।

ਆਮ ਜਿਹੇ ਇਕ ਕਵੀ ਅਤੇ ਇਕ ਦੁਨਿਆਵੀ ਗਾਇਕ ਵਿਚਾਲੇ ਪੈਦਾ ਹੋਏ ਇਸ ਮੁੱਦੇ ਨੂੰ ਵਿਚਾਰਦਿਆਂ ਜ਼ਰਾ ਗੰਭੀਰ ਹੋ ਕੇ ਸਿੱਖ ਇਤਿਹਾਸ ਦੇ ਉਹ ਪੱਤਰੇ ਫਰੋਲੀਏ, ਜਿੱਥੇ ਸੱਤਵੇਂ ਗੁਰੂ ਜੀ ਦੇ ਬੇਟੇ ਨੇ ਦਿੱਲੀ ਵਿਚ ਸਿਰਫ ਇੰਨਾ ਹੀ ਕਿਹਾ ਸੀ ਕਿ 'ਮਿੱਟੀ ਮੁਸਲਮਾਨ ਕੀ' ਨਹੀਂ ਜੀ 'ਮਿੱਟੀ ਬੇਈਮਾਨ ਕੀ' ਹੈ। ਕਿਹਾ ਵੀ ਸਿਰਫ ਇਕ ਵਾਰ ਸੀ। ਉਹ ਸਟੇਜਾਂ 'ਤੇ ਨਹੀਂ ਸੀ ਗਾਉਂਦਾ ਫਿਰਿਆ ਅਤੇ ਨਾ ਹੀ ਕਿਤੇ ਲਿਖਤੀ ਬਾਣੀ ਵਿਚ ਛੇੜਛਾੜ ਹੀ ਕੀਤੀ ਸੀ। ਕੇਵਲ 'ਮੁਸਲ' ਸ਼ਬਦ ਦੀ ਥਾਂ 'ਬੇਈ' ਬੋਲਣ 'ਤੇ ਗੁਰੂ ਪਿਤਾ ਸ੍ਰੀ ਰਾਮ ਰਾਇ ਵਲੋਂ ਦੁਰਕਾਰਿਆ ਗਿਆ। ਗੁਰੂ-ਪਿਤਾ ਨੇ ਉਸੇ ਵੇਲੇ ਇਲਾਹੀ ਬਾਣੀ ਦੇ ਸਿਰਫ ਤਿੰਨ ਅੱਖਰ ਬਦਲ ਕੇ ਬੋਲਣ ਵਾਲੇ ਸਕੇ ਪੁੱਤਰ ਨੂੰ ਜਿਉਂਦੇ ਜੀਅ ਮੱਥੇ ਨਾ ਲੱਗਣ ਦਾ ਸਖਤ ਹੁਕਮ ਸੁਣਾ ਦਿੱਤਾ। ਮੁਆਫੀ ਮੰਗਣ ਜਾਂ ਮੁਆਫੀਨਾਮਾ ਲਿਖਣ ਦੀ ਕੋਈ ਗੁੰਜਾਇਸ਼ ਨਹੀਂ ਰੱਖੀ ਗੁਰੂ-ਪਾਤਸ਼ਾਹ ਨੇ। ਗੁਰਬਾਣੀ ਦੇ ਤਿੰਨ ਅੱਖਰ ਬਦਲ ਕੇ ਬੋਲਣ ਨੂੰ ਬੱਜਰ ਗੁਨਾਹ ਮੰਨਿਆ ਗਿਆ।

ਗੁਰਬਾਣੀ-ਕੀਰਤਨ ਦੇ ਸ਼ਰਧਾਲੂ ਇਕ ਵੀਰ ਵਲੋਂ ਭੇਜੀ ਸੀ. ਡੀ. ਸੁਣ ਰਿਹਾ ਸਾਂ। ਕੀਰਤਨ ਕਰਨ ਵਾਲੇ ਬਾਬਾ ਜੀ ਮਧੁਰ-ਕੰਠ ਨਾਲ ਵੈਰਾਗ ਦੇ ਵਿਸ਼ੇ ਨਾਲ ਸੰਬੰਧਤ ਸਾਖੀ ਸੁਣਾ ਕੇ ਆਸਾ ਦੀ ਵਾਰ ਵਿਚੋਂ ਸਲੋਕ ਬੋਲਦੇ ਹਨ:

'ਕੂੜ ਰਾਜਾ ਕੂੜ ਪਰਜਾ ਕੂੜ ਸਭ ਸੰਸਾਰ॥
ਕਿਸ ਨਾਲ ਕੀਚੈ ਦੋਸਤੀ ਸਭ ਜਗ ਚਲਣਹਾਰ॥'

ਇਸ ਸਲੋਕ ਤੋਂ ਬਾਅਦ ਵਾਜਾ ਇਕ ਦਮ ਬੀਨ ਦੇ ਭਾਅ ਵੱਜਦਾ ਹੈ ਅਤੇ ਤਿੰਨ ਢੋਲਕੀਆਂ, ਤੇਰਾਂ ਚਿਮਟਿਆਂ ਦੀ ਘਨਘੋਰ ਵਿਚ ਬਾਬਾ ਜੀ ਦੀ ਆਵਾਜ਼ ਉਭਰਦੀ ਹੈ:

'ਪਾਉਣੀ ਕਿਹਦੇ ਨਾਲ ਦੋਸਤੀ ਤੂੰ ਪਿਆਰਿਆ, ਓ ਦੁਨੀਆਂ ਮੁਸਾਫਰਾਂ ਦੀ...।'

ਅੱਗੇ ਜਾ ਕੇ ਇਕ ਥਾਂ ਹੋਰ ਆਸਾ ਦੀ ਵਾਰ ਵਿਚ ਹੀ ਗਾਇਆ ਜਾਂਦਾ ਇਕ ਛੰਤ (ਹਰਿ ਜੁਗ ਜੁਗ ਭਗਤਿ ਉਪਾਇਆ ਪੈਜ ਰੱਖਦਾ ਆਇਆ ਰਾਮ ਰਾਜੇ) ਬੋਲ ਕੇ, ਫਿਰ ਚਿਮਟਿਆਂ ਦੀ ਗੜਗੱਜ ਵਿਚ ਧਾਰਨਾ ਪੜ੍ਹੀ ਜਾਂਦੀ ਹੈ:

'ਪੈਜ ਜੁੱਗੋਂ-ਜੁਗ ਰੱਖਦਾ ਆਇਆ, ਜੀ ਆਪਣਿਆਂ ਸੇਵਕਾਂ ਦੀ।'

ਯਾਦ ਰਹੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਆਸਾ ਦੀ ਵਾਰ' ਦੇ ਉਪਰ ਲਿਖੇ ਹੋਏ ਸਿਰਲੇਖ ਅਨੁਸਾਰ ਗੁਰੂ ਪਾਤਸ਼ਾਹ ਨੇ ਹਦਾਇਤ ਦਿੱਤੀ ਹੋਈ ਹੈ ਕਿ ਇਸ 'ਵਾਰ' ਨੂੰ ਟੁੰਡੇ ਅਸਰਾਜੇ ਕੀ ਧੁਨੀ ਅਨੁਸਾਰ ਗਾਉਣਾ ਹੈ। ਏਨੀ ਸਪੱਸ਼ਟ ਹਦਾਇਤ ਦੇ ਬਾਵਜੂਦ ਗੁਰਬਾਣੀ ਦੀਆਂ ਪੰਕਤੀਆਂ ਗਾਉਣ ਵੇਲੇ ਘੋਰ ਅਣਗਹਿਲੀ?

ਸਿਤਮ ਦੀ ਗੱਲ ਹੈ ਕਿ ਧਾਰਨਾ ਵਾਲਾ 'ਕੀਰਤਨ' ਕਰਨ ਵਾਲੇ ਮਹਾਪੁਰਸ਼ ਬਾਬੇ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਰਬਉਚ ਆਖਦੇ ਹੋਏ, ਉਥੋਂ ਪੰਥ ਪ੍ਰਵਾਨਤ ਰਹਿਤ-ਮਰਯਾਦਾ ਵਲ ਦੇਖਦੇ ਹੀ ਨਹੀਂ, ਜਿਸ ਦੇ ਸਫਾ 15 ਉਪਰ 'ਕੀਰਤਨ' ਸਿਰਲੇਖ ਦਾ (ਸ) ਭਾਗ ਸਪੱਸ਼ਟ ਹੈ:

'(ਸ) ਸ਼ਬਦਾਂ ਨੂੰ ਜੋਟੀਆਂ ਦੀਆਂ ਧਾਰਨਾ ਜਾਂ ਰਾਗ ਨਾਲ ਪੜ੍ਹਦਿਆਂ, ਬਾਹਰ ਦੀਆਂ ਮਨਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਉਣੀ ਜਾਂ ਗਾਉਣਾ ਅਯੋਗ ਹੈ। ਸ਼ਬਦ ਦੀ ਤੁਕ ਹੀ ਧਾਰਨਾ ਬਣਾਈ ਜਾਵੇ।'

ਸੰਨ 1945 ਵਿਚ ਪੰਥ ਪ੍ਰਸਿੱਧ ਬੁੱਧੀਜੀਵੀਆਂ, ਸਾਧੂਆਂ, ਵਿਦਵਾਨਾਂ, ਲਿਖਾਰੀਆਂ ਅਤੇ ਅਨੇਕਾਂ ਗੁਰਸਿੱਖਾਂ ਵਲੋਂ ਬਣਾਈ ਅਤੇ ਸਮੁੱਚੇ ਪੰਥ ਵਲੋਂ ਪ੍ਰਵਾਨੀ ਗਈ ਇਸ ਮਰਿਆਦਾ ਦਾ ਵਾਸਤਾ ਪਾ ਕੇ, ਜਦ ਕੋਈ ਧਰਮੀ ਪੁਰਖ ਧਾਰਨਾ ਲਾਉਣ ਵਾਲੇ ਬਾਬਿਆਂ ਜਾਂ ਉਨ੍ਹਾਂ ਦੇ ਸ਼ਰਧਾਲੂਆਂ ਨੂੰ ਉਕਤ ਹਦਾਇਤ ਬਾਰੇ ਦੱਸਦਾ ਹੈ ਤਾਂ ਅੱਗਿਓਂ ਘੜਿਆ-ਘੜਾਇਆ ਇਕੋ ਉਤਰ ਮਿਲਦਾ ਹੈ, ''ਜੀ, ਸਾਡੇ ਵੱਡੇ ਮਹਾਂਪੁਰਖ ਵੀ ਇੰਜ ਹੀ ਕਰਦੇ ਹੁੰਦੇ ਸਨ।''

ਇਹ ਜਵਾਬ ਦਿੰਦੇ ਵਕਤ ਉਹ ਇਕ ਗੁਰਵਾਕ ਭੁੱਲ ਹੀ ਜਾਂਦੇ ਹਨ ਕਿ ਸੰਸਾਰ ਵਿਚ ਗੁਰੂ ਅਤੇ ਪਰਮਾਤਮਾ ਹੀ ਅਭੁੱਲ ਹਨ, ਬਾਕੀ ਸਭ ਭੁੱਲਣਹਾਰ ਹਨ।

ਕੱਚੀਆਂ ਧਾਰਨਾ ਲਾਉਣ ਜਾਂ ਗਾਉਣ ਦੇ ਹਮਾਇਤੀ ਸੰਤ-ਬਾਬਿਆਂ ਦੀ ਇਸੇ ਵਿਸ਼ੇ ਬਾਰੇ ਦਿਲਚਸਪ ਗੱਲ ਹੋਰ ਸੁਣ ਲਓ। ਖੁਦ ਤਾਂ ਗੁਰਬਾਣੀ-ਤੁਕਾਂ ਦੇ ਉਚਾਰਨ ਦੀ ਤੋੜ-ਮਰੋੜ ਕਰਕੇ ਲੋਕ ਗੀਤਾਂ ਵਰਗੀਆਂ ਧਾਰਨਾ ਗਾਉਣ ਤੋਂ ਗੁਰੇਜ਼ ਨਹੀਂ ਕਰਦੇ ਪਰ ਜਦੋਂ ਸਿੱਖ ਮਿਸ਼ਨਰੀ ਕਾਲਜ ਵਾਲੇ ਵੀਰ ਗੁਰਬਾਣੀ ਉਚਾਰਨ ਵੇਲੇ ਬਿੰਦੀਆਂ-ਟਿੱਪੀਆਂ ਬੁਲਾਉਣ ਦੀ ਵਕਾਲਤ ਕਰਦੇ ਹਨ ਤਾਂ ਉਦੋਂ ਇਹੀ ਸੰਤ-ਸਮਾਜ, ਉਨ੍ਹਾਂ ਨਿਸ਼ਕਾਮ ਪ੍ਰਚਾਰਕਾਂ ਨੂੰ 'ਨਾਸਤਿਕ' ਕਹਿਣ ਤੱਕ ਚਲਾ ਜਾਂਦਾ ਹੈ।

ਕੋਈ ਸ਼ਾਇਰ ਕਿਸੇ ਗਾਇਕ ਹੱਥੋਂ ਆਪਣੇ ਗੀਤਾਂ ਦੀ ਹੋਈ ਟੁੱਟ-ਭੱਜ ਨੂੰ ਸਹਿਣ ਨਹੀਂ ਕਰਦਾ। ਕਰੋੜਾਂ ਦੇ ਹਰਜਾਨੇ ਪਾਉਣ ਤੱਕ ਜਾਂਦਾ ਹੈ। ਗੁਨਾਹਗਾਰ ਗਾਇਕ ਦਾ ਲਿਖਤੀ ਮੁਆਫੀ ਮੰਗਣ ਬਗੈਰ ਛੁਟਕਾਰਾ ਨਹੀਂ ਹੁੰਦਾ। ਗੁਰੂ ਦਾ ਦਰਜਾ ਪ੍ਰਾਪਤ ਬਾਣੀ ਦੀਆਂ ਕੱਚੀਆਂ ਧਾਰਨਾ ਸੁਣ ਕੇ, ਕੀ ਗੁਰੂ ਬਾਬਾ ਜੀ ਖੁਸ਼ ਹੁੰਦੇ ਹੋਣਗੇ?

# ਅਹਿਸਾਸ-ਏ-ਕਮਤਰੀ ਕਰਵਾ ਕੇ ਲੋਕ ਪਤਾ ਨਹੀਂ ਕੀ ਜਿੱਤਣਾ ਚਾਹੁੰਦੇ

ਮਲਕੀਅਤ ਬਸਰਾ

ਮੇਰੀ ਵੱਡੀ ਭੈਣ ਨੇ ਜਦੋਂ ਪੰਜਵੀਂ ਪਾਸ ਕੀਤੀ ਤਾਂ ਉਸ ਨੇ ਇਕਦਮ ਕੱਦ ਖਿੱਚ ਲਿਆ ਤੇ ਉਹ ਜੁਆਨ ਜਿਹੀ ਲੱਗਣ ਲੱਗ ਪਈ। ਪਿੰਡ ਵਿਚ ਸਕੂਲ ਸਿਰਫ ਪੰਜਵੀਂ ਤੱਕ ਹੀ ਸੀ। ਛੇਵੀਂ ਵਿਚ ਦਾਖਲੇ ਲਈ ਨਾਲ ਦੇ ਪਿੰਡ ਜਾਣਾ ਪੈਣਾ ਸੀ, ਜਿਸ ਲਈ ਮੇਰੇ ਬਾਬਾ ਜੀ ਨਾ ਮੰਨੇ ਕਿ 'ਜੁਆਨ ਕੁੜੀ ਨੂੰ ਅਸੀਂ ਨਹੀਂ ਨਾਲ ਦੇ ਪਿੰਡ ਭੇਜਣਾ।' ਪਰ ਜਦੋਂ ਮੈਂ ਪੰਜਵੀਂ ਪਾਸ ਕੀਤੀ ਤਾਂ ਕੱਦ ਦੀ ਕੰਜੂਸੀ ਕਰਕੇ ਮਸਾਂ ਤੀਜੀ 'ਚ ਪੜ੍ਹਦੀ ਹੀ ਲਗਦੀ ਸੀ, ਜਿਸ ਕਰਕੇ ਮੈਨੂੰ ਨਾਲ ਦੇ ਪਿੰਡ ਛੇਵੀਂ ਵਿਚ ਪੜ੍ਹਨ ਲਾ ਦਿੱਤਾ ਗਿਆ ਜਿੱਥੋਂ ਮੈਂ ਹਾਇਰ ਸੈਕੰਡਰੀ ਕੀਤੀ ਤੇ ਛੋਟੀ ਉਮਰੇ ਵਿਆਹ ਹੋ ਜਾਣ ਕਰਕੇ ਬਾਕੀ ਪੜ੍ਹਾਈ ਮੈਂ ਵਿਆਹ ਤੋਂ ਬਾਅਦ ਪੂਰੀ ਕੀਤੀ।

ਮੇਰੀਆਂ ਦੋਵਾਂ ਭੈਣਾਂ ਦਾ ਕੱਦ ਸਾਢੇ ਪੰਜ ਫੁੱਟ ਹੈ। ਹਾਂ, ਜਦੋਂ ਵਿਆਹ ਤੋਂ ਪਹਿਲਾਂ ਮੇਰੀ ਵੱਡੀ ਭੈਣ ਕਦੇ ਗਿੱਧੇ 'ਚ ਬੋਲੀ ਪਾ ਕੇ ਮੈਨੂੰ ਚਿੜਾਉਂਦੀ ਸੀ...'ਲੰਮੀਆਂ (ਲੰਬੀਆਂ) ਨੇ ਬੇਰ ਤੋੜ ਲਏ ਮੇਰੀ ਮਧਰੋ ਹੱਥਾਂ ਵਲ ਦੇਖੇ'। ਮੈਂ ਉਦੋਂ ਹੀ ਉਸ ਨੂੰ ਮੋੜਵਾਂ ਉਤਰ ਦੇ ਦਿੰਦੀ...'ਲੰਬੀਏ ਨਾ ਜਾਈਂ ਸਾਗ ਨੂੰ ਤੇਰੀ ਅੱਖ ਮਧਰੇ ਵਿਚ ਰਹਿੰਦੀ।' ਮੇਰੀ ਮਾਂ ਵੀ ਲੱਗਦੇ ਹੱਥ ਹੀ ਮੇਰੀ ਵੱਡੀ ਭੈਣ ਨੂੰ ਸੰਬੋਧਨ ਹੋ ਜਾਂਦੀ...'ਲੰਮੀਆਂ ਦੀਆਂ ਦੇਵੇਂ ਥੰਮ੍ਹੀਆਂ...ਮੇਰੀ ਮਧਰੋ ਪਤਾਸੇ ਵਰਗੀ।'

ਜਦੋਂ ਮੈਂ ਸਹੁਰੇ ਪਿੰਡ ਗਈ ਤਾਂ ਮੈਨੂੰ ਕਿਸੇ ਘੁੰਡ ਨਾ ਕੱਢਣ ਦਿੱਤਾ। ਉਨ੍ਹਾਂ ਦਾ ਖਿਆਲ ਸੀ ਕਿ ਕੱਦ ਛੋਟਾ ਹੋਣ ਕਰਕੇ ਘੁੰਡ ਕੱਢਿਆ ਚੰਗਾ ਨਹੀਂ ਲੱਗਣਾ। ਛੋਟੇ ਕੱਦ ਨਾਲ ਉਮਰ ਵੀ ਨਿਆਣੀ ਹੋਣ ਕਰਕੇ ਮੇਰੇ ਮਲਿਆਹੁਰਾ ਸਾਹਿਬ ਤਾਂ ਮੈਨੂੰ 'ਨਾਣੀ ਵਹੁਟੀ' (ਨਿਆਣੀ ਵਹੁਟੀ) ਹੀ ਕਹਿੰਦੇ ਸਨ। ਮੈਨੂੰ ਯਾਦ ਹੈ ਕਿ ਜਦੋਂ ਮੈਂ ਨਣਾਨਾਂ ਨਾਲ ਬਾਹਰ ਖੇਤਾਂ ਨੂੰ ਨਿਕਲਦੀ ਤਾਂ ਮੇਰੀ ਕੰਨੀਂ ਕਈ ਤਰ੍ਹਾਂ ਦੀਆਂ ਆਵਾਜ਼ਾਂ ਪੈਂਦੀਆਂ। ਕੋਈ ਮੇਰੀ ਸੱਸ ਦਾ ਨਾਂ ਲੈ ਕੇ ਕਹਿੰਦਾ ਕਿ 'ਉਹਨੇ ਤਾਂ ਮੋਤੀ ਪੁੰਨ ਕੀਤੇ ਹੋਣੇ ਆ' ਤੇ ਕੋਈ ਹੌਲੀ ਜਿਹੀ ਨਾਲ ਇਹ ਵੀ ਕਹਿ ਦਿੰਦਾ 'ਲੈ ਇਹਨੂੰ ਗੁੱਡੀ ਜਿਹੀ ਨੂੰ ਕੌਣ ਜ਼ਨਾਨੀਆਂ 'ਚ ਗਿਣੂ?'

ਇਕ ਵਾਰੀ ਮੇਰੀ ਮਾਂ ਵੀ ਨਾਲ ਸੀ। ਅਸੀਂ ਖੇਤਾਂ ਨੂੰ ਜਾ ਰਹੀਆਂ ਸਾਂ ਤਾਂ ਰਸਤੇ 'ਚ ਇਕ ਚਾਲੀ ਕੁ ਸਾਲਾਂ ਦੀ ਕੁੜੀ ਮਿਲ ਪਈ ਜਿਹਦੀ ਸ਼ਕਲ-ਸੂਰਤ ਪੱਖੋਂ ਤਾਂ ਹਮਾਤੜ ਸਾਥੀ ਹੀ ਸੀ ਪਰ ਕੱਦ ਮੇਰੇ ਨਾਲੋਂ ਤਿੰਨ ਕੁ ਇੰਚ ਉਚਾ ਸੀ। ਉਹ ਮੇਰੀ ਨਣਾਨ ਨੂੰ ਕਹਿੰਦੀ... ''ਕੁੜੇ ਤੇਰੀ ਭਾਬੀ ਤਾਂ ਜਮ੍ਹਾ ਹੀ ਛੋਟੀ ਜਿਹੀ ਆ।'' ਮੈਂ ਤਾਂ ਕੀ ਬੋਲਣਾ ਸੀ ਪਰ ਮੇਰੀ ਮਾਂ ਨੂੰ ਬਹੁਤ ਬੁਰਾ ਲੱਗਾ।

ਜਦੋਂ ਮੈਂ ਚੰਡੀਗੜ੍ਹ ਆਈ ਤਾਂ ਮੇਰਾ ਵੱਡਾ ਬੇਟਾ ਸਾਲ ਕੁ ਦਾ ਸੀ। ਮੈਂ ਨੌਕਰੀ ਕਰਨੀ ਸ਼ੁਰੂ ਕੀਤੀ ਤਾਂ ਜਿਹੜਾ ਵੀ ਕੋਈ ਮੈਨੂੰ ਦੇਖਦਾ, ਉਹ ਆਪਣੇ ਸਾਥੀ ਨੂੰ ਜ਼ਰੂਰ ਜਾ ਕੇ ਸੱਦ ਕੇ ਲਿਆਉਂਦਾ, ''ਆ ਤੈਨੂੰ ਇਕ ਚੀਚ ਵਹੁਟੀ ਵਿਖਾਵਾਂ...।''

ਕੱਦ ਮੇਰਾ ਛੋਟਾ ਸੀ ਤੇ ਸੀ ਮੈਂ ਪਤਲੀ ਪਤੰਗ ਜਿਹੀ। ਭਾਰ ਮਸਾਂ ਛੱਤੀ ਕਿਲੋ। ਰੰਗ ਗੋਰਾ ਤੇ ਨਕਸ਼ ਤਰਾਸ਼ੇ ਜਿਹੇ। ਕੋਈ ਵਿਚੋਂ ਹੀ ਕਹਿ ਦਿੰਦਾ... ''ਯਾਰ ਜੇ ਕੱਦ ਜ਼ਰਾ ਕੁ ਰੱਬ ਹੋਰ ਦੇ ਦਿੰਦਾ ਤਾਂ ਕੀ ਕਮਾਲ ਸੀ।'' ਮੈਂ ਸੁਣ ਕੇ ਅਣਸੁਣਿਆ ਕਰ ਦਿੰਦੀ। ਮੇਰੀਆਂ ਸਹੇਲੀਆਂ ਤਾਂ ਅਜੇ ਵੀ ਕਹਿ ਦਿੰਦੀਆਂ ਹਨ, 'ਜੇ ਤੇਰਾ ਕੱਦ ਥੋੜ੍ਹਾ ਜਿਹਾ ਹੋਰ ਹੁੰਦਾ?' ਮੈਂ ਹਮੇਸ਼ਾ ਦੀ ਤਰ੍ਹਾਂ ਮੁਸਕਰਾ ਕੇ ਚੁੱਪ ਕਰ ਜਾਂਦੀ ਹਾਂ ਪਰ ਜੇ ਕੋਈ ਬਹੁਤਾ ਹੀ ਖਹਿੜੇ ਪੈ ਜਾਏ ਤਾਂ ਹੱਸ ਕੇ ਕਹਿ ਛੱਡਦੀ ਹਾਂ, 'ਫਿਰ ਕਿਹੜਾ ਅੰਗੂਰ ਲੱਗਣੇ ਸੀ।'

ਕੋਈ ਮੇਰੇ ਨਿੱਕੇ ਹੱਥਾਂ ਨਾਲ ਆਪਣੇ ਹੱਥ ਨਾਪਦੀ ਤਾਂ ਮੈਂ ਆਪਣੇ ਹੱਥਾਂ ਬਾਰੇ ਕਹਿੰਦੀ 'ਕੋਈ ਮੇਰੇ ਨਿੱਕੇ ਹੱਥਾਂ ਦੇ ਬਣਾਏ ਫੁਲਕਿਆਂ ਜਿੱਡੇ ਫੁਲਕੇ ਪਕਾ ਕੇ ਦਿਖਾਵੇ, ਮੈਂ ਤਾਂ, ਤਾਂ ਤੁਹਾਡੇ ਹੱਥ ਵੱਡੇ ਮੰਨਾਂ'। ਕਿਉਂਕਿ ਮੈਂ ਇਨ੍ਹਾਂ ਹੱਥਾਂ ਨਾਲ ਪਿੰਡਾਂ 'ਚ ਗੁਰਦੁਆਰਿਆਂ 'ਚ ਬਣਦੇ ਵੱਡੇ-ਵੱਡੇ ਫੁਲਕੇ (ਮੰਡੇ) ਵੀ ਬਣਾ ਲੈਂਦੀ ਹਾਂ।

ਕੋਈ ਮੇਰੇ ਪੈਰਾਂ ਦਾ ਮੇਚਾ ਦੇਖਦੀ। ਮੈਂ ਕਹਿੰਦੀ...'ਇਨ੍ਹਾਂ ਪੈਰਾਂ ਦੀ ਗੱਲ ਕਰਦੇ ਹੋ? ਇਨ੍ਹਾਂ ਪੈਰਾਂ ਦੀ ਕਿਆ ਬਾਤ ਹੈ। ਇਨ੍ਹਾਂ ਪੈਰਾਂ ਨਾਲ ਆਪਣੇ ਪੈਰਾਂ ਨੂੰ ਤੋਰ ਕੇ ਦਿਖਾਓ। ਅੱਗੇ ਨਹੀਂ ਲੰਘਣ ਦਿੰਦੇ।'

ਕਈ ਮੈਨੂੰ ਮੇਰੇ ਛੋਟੇ ਕੱਦ ਦਾ ਅਹਿਸਾਸ ਕਰਾ ਕੇ ਪਤਾ ਨਹੀਂ ਕੀ ਜਤਾਉਣਾ ਚਾਹੁੰਦੇ ਹਨ, ਹਮਦਰਦੀ ਜਾਂ ਵਿਅੰਗ? ਸਾਡੇ ਵਿਭਾਗ ਵਿਚ ਮੇਰਾ ਇਕ ਡਿਪਟੀ ਡਾਇਰੈਕਟਰ ਹੁੰਦਾ ਸੀ। ਜ਼ਰਾ ਲੰਗੜਾ ਕੇ ਚੱਲਦਾ ਸੀ, ਉਸਦਾ ਸ਼ਾਇਦ ਕੋਈ ਐਕਸੀਡੈਂਟ ਹੋਇਆ ਸੀ। ਮੈਂ ਜਦੋਂ ਵੀ ਕਿਸੇ ਦਫਤਰੀ ਕੇਸ ਬਾਰੇ ਗੱਲ ਕਰਕੇ ਉਸ ਕੋਲੋਂ ਉਠਣ ਲੱਗਣਾ ਤਾਂ ਉਸ ਨੇ ਜ਼ਰੂਰ ਕਹਿਣਾ, ''ਤੁਹਾਡਾ ਕੱਦ ਬਹੁਤ ਛੋਟਾ ਹੈ।'' ਮੈਂ ਕਦੇ 'ਹਾਂ ਜੀ' ਕਹਿ ਦੇਣਾ ਤੇ ਕਦੇ ਮੁਸਕਰਾ ਕੇ ਕਮਰੇ ਤੋਂ ਬਾਹਰ ਆ ਜਾਣਾ ਪਰ ਹਰ ਵਾਰੀ ਇੱਕੋ ਗੱਲ ਤੋਂ ਮੈਂ ਉਕਤਾ ਜਿਹੀ ਗਈ। ਇਕ ਦਿਨ ਫਿਰ ਜਦੋਂ ਤੁਰਨ ਲੱਗੀ ਨੂੰ ਉਸ ਨੇ ਆਖਿਆ, ''ਤੁਹਾਡਾ ਕੱਦ ਬਹੁਤ ਛੋਟਾ ਹੈ।'' ਮੈਂ ਤੁਰਦੀ-ਤੁਰਦੀ ਰੁਕ ਗਈ ਤੇ ਕਿਹਾ, ''ਸਰ, ਮੈਂ ਇਸ ਵਿਚ ਕੁਝ ਕਰ ਸਕਦੀ ਹਾਂ?'' ਤਾਂ ਉਸ ਨੇ ਕਿਹਾ, 'ਨਹੀਂ'। ''ਤਾਂ ਤੁਸੀਂ ਕੁਝ ਕਰ ਸਕਦੇ ਹੋ?'' ਉਸ ਨੂੰ ਸ਼ਾਇਦ ਮੇਰੇ ਇਸ ਸਵਾਲ ਦੀ ਉਮੀਦ ਨਹੀਂ ਸੀ। ਉਹ ਘਬਰਾ ਜਿਹਾ ਗਿਆ। ਇਸ ਤੋਂ ਅੱਗੇ ਮੈਂ ਕੁਝ ਨਾ ਕਿਹਾ ਪਰ ਉਸ ਦਿਨ ਤੋਂ ਬਾਅਦ ਉਸ ਨੇ ਮੁੜ ਕਦੇ ਨਾ ਕਿਹਾ ਕਿ 'ਤੁਹਾਡਾ ਕੱਦ ਬਹੁਤ ਛੋਟਾ ਹੈ।'

ਮੇਰੇ ਬੇਟੇ ਸੋਹਣੇ-ਸੁਨੱਖੇ ਸੰਧੂਰੀ ਰੰਗ ਦੇ ਹਨ, ਜਿਨ੍ਹਾਂ ਵਿਚ ਬੈਠੀ ਨੇ ਮੈਂ ਕਦੇ ਆਪਣੇ ਛੋਟੇ ਕੱਦ ਨੂੰ ਮਹਿਸੂਸ ਹੀ ਨਹੀਂ ਕੀਤਾ ਪਰ ਲੋਕ ਹਨ ਕਿ ਤੁਹਾਨੂੰ ਅਜਿਹਾ ਮਹਿਸੂਸ ਕਰਵਾਉਣ ਲਈ ਪੂਰੀ ਜੱਦੋਜਹਿਦ ਕਰਦੇ ਹਨ। ਕਿਸੇ ਨੂੰ ਕੁਝ ਮਿਲਣਾ ਵੀ ਨਹੀਂ ਹੁੰਦਾ ਫਿਰ ਵੀ ਦੂਜੇ ਨੂੰ ਦੁੱਖ ਦੇ ਕੇ ਖੁਸ਼ ਹੁੰਦੇ ਹਨ। ਤਕਦੀਰਾਂ ਲਿਖਣ ਵਾਲੇ ਨੇ ਇਹ ਸਾਰਾ ਕੁਝ ਇੰਜ ਕਿਉਂ ਬਣਾਇਆ ਹੈ?

# ਸਾਹਿਬ ਕਾਸ਼ੀ ਰਾਮ ਨੂੰ ਸ਼ਰਧਾਂਜਲੀਆਂ

**ਪਿਟਸਬਰਗ, ਕੈਲੀਫੋਰਨੀਆ:** ਇਥੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਵਿਚ ਸਾਹਿਬ ਸ੍ਰੀ ਕਾਸ਼ੀ ਰਾਮ ਦੇ ਪ੍ਰੀਨਿਰਵਾਣ ਦਿਵਸ ਮੌਕੇ






ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸੁਖਮਨੀ ਸਾਹਿਬ ਦੇ ਪਾਠ ਦੀ ਸਮਾਪਤੀ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਹਰਬਲਾਸ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਦੀ ਲੜੀਵਾਰ ਕਥਾ ਨਾਲ ਨਿਹਾਲ ਕੀਤਾ।

ਭਾਈ ਗਿਆਨ ਸਿੰਘ, ਹਰਦੇਵ ਸਿੰਘ, ਭਾਈ ਪ੍ਰਮਿੰਦਰ ਅਤੇ ਭਾਈ ਦਸ਼ਵਿੰਦਰ ਪਾਲ ਨੇ ਸੰਗਤਾਂ ਨੂੰ ਕੀਰਤਨ ਅਤੇ ਧਾਰਮਿਕ ਇਨਕਲਾਬੀ ਗੀਤਾਂ ਨਾਲ ਨਿਹਾਲ ਕਰਕੇ ਸ੍ਰੀ ਕਾਸ਼ੀ ਰਾਮ ਦੇ ਪ੍ਰੀਨਿਰਵਾਣ ਦਿਵਸ ਦੇ ਮੌਕੇ ਸ਼ਰਧਾਂਜਲੀਆਂ ਭੇਟ ਕੀਤੀਆਂ। ਗੁਰੂ ਘਰ ਦੇ ਸੈਕਟਰੀ ਕਮਲ ਦੇਵ ਪਾਲ ਅਤੇ ਗੁਰੂ ਘਰ ਦੇ ਵਜੀਰ ਗਿਆਨੀ ਹਰਬਲਾਸ ਸਿੰਘ, ਖਜਾਨਚੀ ਰਾਮ ਲੁਭਾਇਆ ਰੱਲ੍ਹ ਅਤੇ ਪ੍ਰਧਾਨ ਰਾਮ ਪ੍ਰਕਾਸ਼ ਰਾਜੂ ਨੇ ਸ੍ਰੀ ਕਾਸ਼ੀ ਰਾਮ ਦੇ ਜੀਵਨ, ਸ਼ਖਸੀਅਤ ਤੇ ਸੰਘਰਸ਼ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸਵਰਗੀ ਬਾਬੂ ਕਾਸ਼ੀ ਰਾਮ ਨੇ ਅਪਣੇ ਜੀਵਨ ਦੌਰਾਨ ਔਕੜਾਂ ਦੀ ਪ੍ਰਵਾਹ ਨਾ ਕਰਦੇ ਹੋਏ ਮਹਾਨ ਦਲੇਰੀ, ਦ੍ਰਿੜ ਵਿਸ਼ਵਾਸ, ਹੌਸਲੇ, ਸੇਵਾ ਭਾਵਨਾ, ਸੁਤੰਤਰ ਸੋਚ ਲੈ ਕੇ ਬਹੁਜਨ ਸਮਾਜ ਦੀ ਸਥਾਪਨਾ ਅਤੇ ਸੇਵਾ ਕੀਤੀ। ਦਲਿਤ ਸਮਾਜ ਦੇ ਵਿਹੜਿਆਂ ਨੂੰ ਰੋਸ਼ਨ ਕੀਤਾ ਅਤੇ ਦੱਸਿਆ ਕਿ ਦਲਿਤ ਸਮਾਜ ਨੂੰ ਆਪਣੀ ਗਰੀਬੀ ਅਤੇ ਗੁਲਾਮੀ ਆਪ ਹੀ ਦੂਰ ਕਰਨੀ ਪਵੇਗੀ ਅਤੇ ਆਪਣੇ ਵੋਟ ਦੇ ਹੱਕ ਨਾਲ ਰਾਜਨੀਤਕ ਸੱਤਾ ਪ੍ਰਾਪਤ ਕਰਨੀ ਹੋਵੇਗੀ। ਸਾਰੇ ਬੁਲਾਰਿਆਂ ਨੇ ਸਮੁਚੇ ਦਲਿਤ ਸਮਾਜ ਨੂੰ ਇਕੱਠੇ ਹੋ ਕੇ ਰਾਜਨੀਤਕ ਆਜ਼ਾਦੀ ਪ੍ਰਾਪਤ ਕਰਨ ਲਈ ਬੇਨਤੀ ਕੀਤੀ।

## ਫਿਲਮ ਸ਼ਹੀਦ ਤਾਰੂ ਸਿੰਘ ਸੈਨ ਹੋਜ਼ੇ ਗੁਰੂ ਘਰ 'ਚ 16 ਨੂੰ

**ਸੈਨ ਹੋਜੇ:** ਸ਼ਹੀਦ ਭਾਈ ਤਾਰੂ ਸਿੰਘ ਬਾਰੇ ਬਾਰੇ ਬਣਾਈ ਗਈ ਫਿਲਮ ਭਾਈ ਤਾਰੂ ਸਿੰਘ ਇਥੇ ਗੁਰਦੁਆਰਾ ਸੈਨ ਹੋਜੇ ਵਿਖੇ 16 ਅਕਤੂਬਰ ਰਾਤ 8 ਵਜੇ ਦਿਖਾਈ ਜਾਏਗੀ।

ਇਹ ਜਾਣਕਾਰੀ ਦਿੰਦਿਆਂ ਭਾਈ ਸੁਖਦੇਵ ਸਿੰਘ ਬੈਣੀਵਾਲ ਨੇ ਦੱਸਿਆ ਕਿ ਇਸ ਮੌਕੇ ਫਿਲਮ ਦੀ ਡੀ ਵੀ ਡੀ ਵੀ ਰਿਲੀਜ਼ ਕੀਤੀ ਜਾਏਗੀ।

## ਪੰਜਾਬੀ ਸਾਹਿਤ ਸਭਾ ਕੈਲੀਫਰਨੀਆ ਦੀ ਕਾਨਫਰੰਸ 24 ਨੂੰ

**ਸੈਕਰਾਮੈਂਟੋ:** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ 15ਵੀਂ ਅੰਤਰ-ਰਾਸ਼ਟਰੀ ਪੰਜਾਬੀ ਕਾਨਫਰੰਸ ਏ. ਕੇ. ਸਕੂਲ ਯੂਬਾ ਸਿਟੀ ਵਿਚ 24 ਅਕਤੂਬਰ ਐਤਵਾਰ ਨੂੰ ਸਵੇਰੇ 9 ਤੋਂ ਸ਼ਾਮ 9 ਵਜੇ ਤੱਕ ਹੋਵੇਗੀ ਜਿਸ ਵਿਚ ਪੰਜਾਬੀ ਭਾਸ਼ਾ ਦੇ ਖੋਜੀ ਤੇ ਚਿੰਤਕ ਡਾ. ਸਵਰਾਜ ਸਿੰਘ, ਗਜ਼ਲਗੋ ਸ. ਹਰਭਜਨ ਸਿੰਘ ਬੈਂਸ ਤੇ ਹੋਰ ਬਹੁਤ ਸਾਰੇ ਬੁਧੀਜੀਵੀ ਸ਼ਾਮਲ ਹੋਣਗੇ।

ਕਾਨਫਰੰਸ ਦੌਰਾਨ ਕਹਾਣੀ ਤੇ ਕਵੀ ਦਰਬਾਰ ਹੋਣਗੇ ਅਤੇ ਸਭਾ ਵਲੋਂ ਪ੍ਰਕਾਸ਼ਿਤ ਪੁਸਤਕਾਂ ਦੀ ਨੁਮਾਇਸ਼ ਵੀ ਲਾਈ ਜਾਏਗੀ।

# ਯੂਨਾਈਟਿਡ ਸਿੱਖਸ ਨੇ ਅਫਗਾਨ ਪਰਿਵਾਰ ਨੂੰ ਸਿਆਸੀ ਸ਼ਰਣ ਦੁਆਈ

**ਵਿਨੀਪੈਗ, ਕੈਨੇਡਾ:** ਇਕ ਅਫਗਾਨ ਸਿੱਖ ਔਰਤ ਅਤੇ ਉਸ ਦੀ ਧੀ ਨੂੰ ਪਿਛਲੇ ਹਫਤੇ ਇਥੇ ਪਹੁੰਚਣ ਉਤੇ ਕੈਨੇਡੀਅਨ ਸਰਕਾਰ ਵਲੋਂ ਸਿਆਸੀ ਸ਼ਰਣ ਦੇ ਦਿੱਤੀ ਗਈ। ਇਸ ਔਰਤ ਦੇ ਪਤੀ ਨੂੰ ਕੋਈ ਦੋ ਸਾਲ ਪਹਿਲਾਂ ਸ਼ੱਕੀ ਤਾਲਿਬਾਨ ਨੇ ਪੇਸ਼ਾਵਰ ਨਜ਼ਦੀਕ ਕਤਲ ਕਰ ਦਿੱਤਾ ਸੀ।

ਮਾਨਵ ਸਹਾਇਤਾ ਸੰਸਥਾ ਯੂਨਾਈਟਿਡ ਸਿੱਖਸ ਨੂੰ ਇਹ ਪਰਿਵਾਰ ਪਿਛਲੇ ਸਾਲ ਗੁਰਦੁਆਰਾ ਪੰਜਾ ਸਾਹਿਬ ਵਿਚ ਮਿਲਿਆ ਸੀ ਹੋ ਗਏ ਅਤੇ ਉਨ੍ਹਾਂ ਆਪਣੇ ਸ਼ਹਿਰ ਤੋਂ ਸਵਾ ਸੌ ਕਿਲੋਮੀਟਰ ਦੂਰ ਪੈਂਦੇ ਗੁਰਦੁਆਰਾ ਪੰਜਾ ਸਾਹਿਬ ਜਾ ਸ਼ਰਣ ਲਈ। ਪਿਛਲੇ ਸਾਲ ਜੁਲਾਈ ਮਹੀਨੇ ਯੂਨਾਈਟਿਡ ਸਿੱਖਸ ਦੇ ਵਾਲੰਟੀਅਰ ਜੋ ਕਿ ਉਥੇ ਉਜਾੜੇ ਦਾ ਸ਼ਿਕਾਰ ਹੋਏ ਲੋਕਾਂ ਦੀ ਮਦਦ ਲਈ ਗਏ ਹੋਏ ਸਨ, ਨੂੰ ਹਰਿੰਦਰ ਕੌਰ ਦੇ ਮਾੜੇ ਹਾਲਾਤ ਦਾ ਪਤਾ ਲੱਗਾ। ਉਨ੍ਹਾਂ ਦਾ ਕੋਈ ਵੀ ਰਿਸ਼ਤੇਦਾਰ ਪਾਕਿਸਤਾਨ ਵਿਚ ਨਹੀਂ ਸੀ ਅਤੇ ਉਹ ਇੰਗਲੈਂਡ ਰਹਿੰਦੇ ਆਪਣੇ ਬਾਕੀ ਰਿਸ਼ਤੇਦਾਰਾਂ ਪਾਸ ਜਾਣਾ



ਜਿਥੋਂ ਯੂਨਾਈਟਿਡ ਸਿੱਖਸ ਨੇ ਉਨ੍ਹਾਂ ਦੋਹਾਂ ਮਾਂਵਾਂ-ਧੀਆਂ 42 ਸਾਲਾ ਹਰਿੰਦਰ ਕੌਰ ਅਤੇ 14 ਸਾਲਾ ਇਲਮਿਦ ਕੌਰ ਦੇ ਕੈਨੇਡਾ ਆਉਣ ਦਾ ਬੰਦੋਬਸਤ ਕੀਤਾ। ਹਰਿੰਦਰ ਕੌਰ ਦੇ ਪਤੀ ਬਲਵੰਤ ਸਿੰਘ ਨੂੰ 23 ਨਵੰਬਰ 2008 ਨੂੰ ਤਾਲਿਬਾਨ ਸਮਝੇ ਜਾਂਦੇ ਇਕ ਖਾੜਕੂ ਗਰੁਪ ਨੇ ਪਾਕਿਸਤਾਨ ਦੇ ਉਤਰੀ ਸੂਬਾ ਸਰਹੱਦ ਵਿਚ ਪੇਸ਼ਾਵਰ ਨੇੜੇ ਉਸ ਦੀ ਦੁਕਾਨ ਵਿਚੋਂ ਅਗਵਾ ਕਰ ਲਿਆ ਸੀ। ਖਾੜਕੂਆਂ ਨੇ ਉਸ ਨੂੰ ਦੋ ਦਿਨ ਬੰਦੀ ਬਣਾਈ ਰੱਖਿਆ ਅਤੇ ਫਿਰ ਪੇਸ਼ਾਵਰ ਤੋਂ ਕੋਈ ਵੀਹ ਕਿਲੋਮੀਟਰ ਦੂਰ ਉਸ ਦੀ ਲਾਸ਼ ਬਰਾਮਦ ਹੋਈ। ਇਸ ਘਟਨਾ ਪਿਛੋਂ ਹਰਿੰਦਰ ਕੌਰ ਅਤੇ ਉਸ ਦੀ ਧੀ ਬੇਸਹਾਰਾ ਚਾਹੁੰਦੇ ਸਨ। ਯੂਨਾਈਟਿਡ ਸਿੱਖਸ ਨੇ ਇਸ ਪਰਿਵਾਰ ਨੂੰ ਇੰਗਲੈਂਡ ਉਨ੍ਹਾਂ ਦੇ ਰਿਸ਼ਤੇਦਾਰਾਂ ਨਾਲ ਮਿਲਾਉਣ ਦੀ ਕੋਸ਼ਿਸ਼ ਕੀਤੀ ਪਰ ਹਾਂ-ਪੱਖੀ ਹੁੰਗਾਰਾ ਨਾ ਮਿਲਣ 'ਤੇ ਅਖੀਰ ਉਨ੍ਹਾਂ ਦੇ ਕੈਨੇਡਾ ਆਉਣ ਦਾ ਬੰਦੋਬਸਤ ਕੀਤਾ ਗਿਆ।

ਜਦੋਂ ਇਹ ਪਰਿਵਾਰ ਪਿਛਲੇ ਹਫਤੇ ਕੈਨੇਡਾ ਪਹੁੰਚਿਆ ਤਾਂ ਟੋਰਾਂਟੋ ਵਿਚ ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਰਣਬੀਰ ਸਿੰਘ ਉਨ੍ਹਾਂ ਨੂੰ ਵਿਨੀਪੈਗ ਲੈਣ ਗਏ ਅਤੇ ਉਨ੍ਹਾਂ ਦੇ ਰਹਿਣ ਦਾ ਬੰਦੋਬਸਤ ਕੀਤਾ। ਵਿਨੀਪੈਗ ਵਿਚ ਮੈਨੀਟੋਬਾ ਦੇ ਉਪ ਪ੍ਰਧਾਨ ਮੰਤਰੀ ਐਰਿਕ ਰਾਬਨਸਨ ਨੇ ਵੀ ਉਨ੍ਹਾਂ ਦਾ ਖਾਸ ਖਿਆਲ ਕੀਤਾ।

# ਬਾਠ ਬਾਦਲ ਦਲ ਦੀ ਕੈਲੀਫੋਰਨੀਆ ਇਕਾਈ ਦੇ ਜਨਰਲ ਸਕੱਤਰ ਨਿਯੁਕਤ

**ਨਿਊ ਯਾਰਕ:** ਸ. ਕਸ਼ਮੀਰ ਸਿੰਘ ਬਾਠ ਨੂੰ ਸ਼੍ਰੋਮਣੀ ਅਕਾਲੀ ਦਲ (ਬਾਦਲ), ਕੈਲੀਫੋਰਨੀਆ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਪਾਰਟੀ ਇਕਾਈ ਦੇ ਪ੍ਰਧਾਨ ਸ. ਮਨਜੀਤ ਸਿੰਘ ਦਸੂਹਾ ਵਲੋਂ ਇਕ ਪੱਤਰ ਜਾਰੀ ਕਰਕੇ ਕੀਤੀ ਗਈ ਹੈ।

ਇਹ ਜਾਣਕਾਰੀ ਦਿੰਦਿਆਂ ਅਕਾਲੀ ਦਲ (ਬਾਦਲ) ਅਮਰੀਕਾ ਦੇ ਸੀਨੀਅਰ ਮੀਤ ਪ੍ਰਧਾਨ ਸ੍ਰੀ ਕਰਨੈਲ ਸਿੰਘ ਬਾਠ ਨੇ ਦੱਸਿਆ ਕਿ ਪਾਰਟੀ ਆਗੂਆਂ ਦੀਦਾਰ ਸਿੰਘ ਬੈਂਸ, ਹੈਰੀ ਗਿੱਲ, ਰਘਬੀਰ ਸਿੰਘ ਸੁਭਾਨਪੁਰ, ਮੋਹਨ ਸਿੰਘ ਖਟੜਾ, ਸੁਰਜੀਤ ਸਿੰਘ ਮੂਸਲ ਅਤੇ ਸ. ਸੁਖਵੰਤ ਸਿੰਘ ਬੱਲ ਨੇ ਇਸ ਨਿਯੁਕਤੀ ਲਈ ਅਕਾਲੀ ਦਲ ਦੇ ਐਨ ਆਰ ਆਈ ਵਿੰਗ ਦੇ ਪ੍ਰਧਾਨ ਸ. ਸੁਰਜੀਤ ਸਿੰਘ ਰੱਖੜਾ ਦਾ ਧੰਨਵਾਦ ਕੀਤਾ ਹੈ।

San Jose ਤੋਂ Sacramento, Yuba City ਅਤੇ Bakersfield ਵਿੱਚ ਸੁਣਿਆ ਜਾਣ ਵਾਲਾ

ਜਿੰਨ੍ਹਾਂ ਕੋਲ ਚਿਪ ਵਾਲਾ "ਰੇਡੀਓ ਹਮਸਫਰ" (94.1FM Berkeley) ਹੈ ਪੰਜਾਬੀ ਰੇਡੀਓ ਉਸ ਉਪਰ ਹੁਣ ਵੀ ਸੁਣਿਆ ਜਾ ਸਕਦਾ ਹੈ

ਪੰਜਾਬੀ ਰੇਡੀਓ
Punjabi RADIO
ON THE AIR

Bay Area ਵਿਚ ਜਿਨ੍ਹਾਂ ਕੋਲ ਚਿਪ ਵਾਲਾ Voice of Punjab ਜਾਂ Punjab Radio ਹੈ, ਉਹ ਪ੍ਰੋਗਰਾਮ ਹੁਣ ਵੀ ਸੁਣ ਸਕਦੇ ਹਨ।

24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ

ਕੀਮਤ $25

ਖ਼ਬਰਾਂ
ਹਰ ਘੰਟੇ ਬਾਅਦ ਸਟੂਡੀਓ ਤੋਂ
ਪੰਜਾਬ ਇੰਡੀਆ ਅਤੇ ਪੰਜਾਬ ਪਾਕਿਸਤਾਨ ਤੋਂ
ਦੁਨੀਆਂ 'ਚ ਕਿਤੇ ਵੀ ਆਨਲਾਈਨ, ਆਈ ਫੋਨ, ਬਲੈਕ ਬੇਰੀ ਉਪਰ ਲਾਈਵ ਸੁਣ ਸਕਦੇ ਹੋ।
www.punjabiradiousa.com

ਗੁਰਬਾਣੀ ਪ੍ਰੋਗਰਾਮ
ਸਵੇਰ ਨੂੰ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਗੁਰਦੁਆਰਾ ਸਾਹਿਬ ਫਰੀਮਾਂਟ ਤੋਂ
ਸ਼ਾਮ ਨੂੰ ਗੁਰਦੁਆਰਾ ਸਾਹਿਬ ਸੈਨਹੋਜ਼ੇ ਤੋਂ

ਸਪੈਸ਼ਲ ਟਾਕ ਸ਼ੋਅ
ਹਰ ਰੋਜ
ਸ਼ਾਮ 8.00 ਤੋਂ 9.00 ਵਜੇ ਤੱਕ

ਨੌਜਵਾਨਾਂ ਦੇ ਦਿਲਾਂ ਦੀ ਧੜਕਣ
ਡੀ ਜੇ ਪ੍ਰੀਤ
25 ਅਕਤੂਬਰ ਤੋਂ
ਹਰ ਰੋਜ ਸ਼ਾਮ 4.00 ਵਜੇ ਤੋਂ 6.00 ਵਜੇ ਤੱਕ
ਫਰਮਾਈਸ਼ੀ ਗੀਤ ਸੁਣਾਇਆ ਕਰਨਗੇ।

ਪੰਜਾਬੀ ਰੇਡੀਓ Sacramento ਅਤੇ Bakersfield Area ਵਿਚ Nov.1st, 2010 ਨੂੰ ਸ਼ੁਰੂ ਹੋ ਰਿਹਾ ਹੈ। ਰੇਡੀਓ ਪ੍ਰਾਪਤ ਕਰਨ ਲਈ ਸਟੋਰਾਂ ਦੇ ਨਾਮ ਬਹੁਤ ਜਲਦੀ ਦਿੱਤੇ ਜਾਣਗੇ

Bay Area ਵਿਚ ਰੇਡੀਓ ਇਨ੍ਹਾਂ ਸਟੋਰਾਂ ਤੋਂ ਪ੍ਰਾਪਤ ਕਰੋ ਜੀ

Royal Fabrics - Union City, 510.429.0122 • Singh Video - Santa Clara, 408.746.0758 • Mckee Liquors - San Jose, 408.929.1111
Bhai Khushminder Singh, 408.406.9135 • Roshni Fabrics & Grocery - Union City, 510.487.514 • Kash Fabrics - Hayward, 510.538.1138

ਹੋਰ ਜਾਣਕਾਰੀ ਲਈ Phone : 408.722.7698
Email: punjabiradiousa@yahoo.com
3750 McKee Road, # B, San Jose CA 95127

# ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ, ਸੈਕਰਾਮੈਂਟੋ

## ਗਦਰੀ ਬਾਬਿਆਂ ਦੀ ਯਾਦ 'ਚ 11ਵਾਂ ਮੇਲੇ:ਤਸਵੀਰਾਂ ਦੀ ਜ਼ੁਬਾਨੀ




















ਫੋਟੋਆਂ: ਸ਼ਿਆਰਾ ਢੀਂਡਸਾ
ਫੋਨ: 661-703-6664

ਸੈਕਰਾਮੈਂਟੋ ਦੇ ਗਦਰੀ ਬਾਬਿਆਂ ਦੇ ਇਸ ਮੇਲੇ ਦੀਆਂ ਹੋਰ ਤਸਵੀਰਾਂ ਲਈ ਹੇਠਾਂ ਦਿੱਤੇ ਵੈਬਸਾਈਟ 'ਤੇ ਕਲਿੱਕ ਕਰੋ

www.omnivideousa.com

# ਧੀਆਂ ਦਾ ਕਤਲ ਅਤੇ ਪੰਜਾਬੀ ਮਾਂ ਤੋਂ ਮੂੰਹ ਮੋੜਨਾ ਸਾਡੇ ਲਈ ਘਾਤਕ: ਡਾ. ਹਰਸ਼ਿੰਦਰ ਕੌਰ

**ਫਰਿਜ਼ਨੋ:** "ਅਸੀਂ ਆਪ ਹੀ ਆਪਣੇ ਹੱਥੀਂ ਪੰਜਾਬੀ ਮਾਂ ਬੋਲੀ ਅਤੇ ਧੀਆਂ ਨੂੰ ਖਤਮ ਕਰ ਰਹੇ ਹਾਂ ਅਤੇ ਇਹ ਸੱਚਮੁੱਚ ਸਾਡੇ ਲਈ ਬਹੁਤ ਮਾੜੀ ਗੱਲ ਹੈ। ਧੀਆਂ ਦਾ ਗਲ ਘੁੱਟ ਕੇ ਅਤੇ ਪੰਜਾਬੀ ਬੋਲੀ ਤੋਂ ਮੂੰਹ ਮੋੜ ਕੇ ਅਸੀਂ ਕਿਸੇ ਵੀ ਤਰ੍ਹਾਂ ਇਕ ਚੰਗਾ ਪੰਜਾਬੀ ਸਮਾਜ ਨਹੀਂ ਸਿਰਜ ਸਕਦੇ।" ਇਹ ਸ਼ਬਦ ਸੰਯੁਕਤ ਰਾਸ਼ਟਰ ਵਿਚ ਪੰਜਾਬੀ ਵਿਚ ਭਾਸ਼ਣ ਦੇਣ ਕਰਕੇ ਪੰਜਾਬੀ ਭਾਈਚਾਰੇ ਵਿਚ ਸਨਮਾਨਿਤ ਡਾ. ਹਰਸ਼ਿੰਦਰ ਕੌਰ ਨੇ ਇਥੇ ਉਨ੍ਹਾਂ ਦੇ ਮਾਣ ਵਿਚ ਰੱਖੇ ਗਏ ਇਕ ਸਮਾਗਮ ਵਿਚ ਸੰਬੋਧਨ ਕਰਦਿਆਂ ਆਖੇ।



ਡਾ. ਹਰਸ਼ਿੰਦਰ ਕੌਰ ਨਾਲ ਤਾਜ ਰੰਧਾਵਾ, ਵਿਨੇ ਵੋਹਰਾ ਅਤੇ ਹੋਰ

ਆਸਟ੍ਰੇਲੀਆ ਵਿਚ ਪੰਜਾਬੀ ਕੁੜੀਆਂ ਦੀ ਮੰਦੀ ਹਾਲਤ ਬਾਰੇ ਲਿਖਣ ਕਰਕੇ ਚਰਚਿਤ ਹੋਈ ਡਾ. ਹਰਸ਼ਿੰਦਰ ਕੌਰ ਨੇ ਕਿਹਾ ਕਿ ਮੈਂ ਉਥੇ ਜੋ ਅੱਖੀਂ ਦੇਖਿਆ ਤੇ ਕੰਨੀਂ ਸੁਣਿਆ ਉਹੀ ਮੈਂ ਲਿਖਿਆ ਅਤੇ ਉਸ ਦੇ ਮੇਰੇ ਕੋਲ ਸਬੂਤ ਵੀ ਮੌਜਦੂ ਹਨ। ਉਨ੍ਹਾਂ ਸਾਰੇ ਹੀ ਪਰਵਾਸੀ ਪੰਜਾਬੀਆਂ ਨੂੰ ਕਿਹਾ ਕਿ ਜਦੋਂ ਕੋਈ ਨੇਤਾ ਇੰਡੀਆ ਤੋਂ ਅਮਰੀਕਾ ਪਹੁੰਚਦਾ ਹੈ ਤਾਂ ਉਸ ਤੋਂ ਬੇਝਿਜਕ ਹੋ ਕੇ ਸਵਾਲ ਜ਼ਰੂਰ ਪੁੱਛਿਆ ਕਰੋ ਤਾਂ ਹੀ ਆਪਾਂ ਰਲ ਕੇ ਭਰੂਣ ਹੱਤਿਆ ਅਤੇ ਹੋਰ ਸਮਾਜਿਕ ਬਰਾਈਆਂ ਦੇ ਖਿਲਾਫ ਲੜ ਸਕਦੇ ਹਾਂ।

ਡਾ. ਹਰਸ਼ਿੰਦਰ ਕੌਰ ਇਨ੍ਹੀਂ ਦਿਨੀਂ ਆਪਣੇ ਪਰਿਵਾਰ ਨਾਲ ਕੈਨੇਡਾ-ਅਮਰੀਕਾ ਦੇ ਦੌਰੇ 'ਤੇ ਹਨ। ਉਹ ਫਰਿਜ਼ਨੋ ਡਾ. ਹਰਮੇਸ਼ ਕੁਮਾਰ ਅਤੇ ਬਿਜਨਸਮੈਨ ਤਾਜ ਰੰਧਾਵਾ ਦੇ ਸੱਦੇ 'ਤੇ ਪਹੁੰਚੇ ਸਨ। ਇਸ ਸਮਾਗਮ ਵਿਚ ਤਾਜ ਰੰਧਾਵਾ, ਵਿਨੇ ਵੋਹਰਾ, ਡਾ. ਹਰਮੇਸ਼ ਕੁਮਾਰ, ਡਾ. ਲੁਹਾਨ, ਹਰਪ੍ਰੀਤ ਸਿੰਘ, ਰੇਡੀਓ ਹੋਸਟ ਸੁੱਖੀ ਹੇਅਰ, ਗੁਰਨੇਕ ਸਿੰਘ ਬਾਗੜੀ, ਸਮਰਬੀਰ ਸਿੰਘ ਵਿਰਕ, ਵਿਕਰਮ ਵੋਹਰਾ, ਮਨਪ੍ਰੀਤ ਗਿੱਲ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਨਾਮਵਰ ਸ਼ਖਸੀਅਤਾਂ ਹਾਜ਼ਰ ਸਨ।

# 'ਧਰਤੀ' ਨਾਲ ਨਿਰਮਾਤਾ ਬਣੇਗਾ ਜਿੰਮੀ

**ਨਵੀਂ ਦਿੱਲੀ :** ਜਿੰਮੀ ਸ਼ੇਰਗਿੱਲ ਵੀ ਨਿਰਮਾਤਾ ਬਣ ਰਿਹਾ ਹੈ। ਉਹ ਪੰਜਾਬੀ-ਹਿੰਦੀ ਦੋ ਭਾਸ਼ੀ ਫਿਲਮ 'ਧਰਤੀ' ਰਾਹੀਂ ਫਿਲਮ ਨਿਰਮਾਣ ਦੇ ਖੇਤਰ 'ਚ ਪੈਰ ਪਾ ਰਿਹਾ ਹੈ। ਜਿੰਮੀ ਨੇ ਦੱਸਿਆ ਕਿ 'ਧਰਤੀ' ਦੀ ਸ਼ੂਟਿੰਗ ਦੀ ਤਿਆਰੀ ਹੈ। ਇਸਦੀ ਕਹਾਣੀ ਤੇ ਪਿਛੋਕੜ ਪੰਜਾਬ ਨਾਲ ਸਬੰਧਤ ਹਨ ਤੇ ਇਹਦਾ ਹਿੰਦੀ ਰੂਪ ਬੋਨਸ ਵਾਂਗ ਹੋਵੇਗਾ। ਜ਼ਿਕਰਯੋਗ ਹੈ ਕਿ 'ਮੇਲ ਕਰਾ ਦੇ ਰੱਬਾ', 'ਮੁੰਡੇ ਯੂ.ਕੇ. ਦੇ' ਤੇ 'ਤੇਰਾ ਮੇਰਾ ਕੀ ਰਿਸ਼ਤਾ' ਮਗਰੋਂ ਉਹ ਪੰਜਾਬੀ 'ਚ ਮਕਬੂਲ ਅਦਾਕਾਰ ਬਣ ਚੁੱਕਿਆ ਹੈ।



ਜਿੰਮੀ ਅਨੁਸਾਰ ਜੇਕਰ ਸਹੀ ਢੰਗ ਨਾਲ ਫਿਲਮਾਂ ਬਣਾ ਕੇ ਇਨ੍ਹਾਂ ਦੀ ਮਾਰਕੀਟਿੰਗ ਵੀ ਸਿਆਣਪ ਨਾਲ ਕੀਤੀ ਜਾਵੇ ਤਾਂ ਭਾਰਤ ਤੇ ਵਿਦੇਸ਼ਾਂ 'ਚ ਇਨ੍ਹਾਂ ਦੀ ਚੰਗੀ ਮਾਰਕੀਟ ਹੈ। ਉਹ ਦੱਸਦਾ ਹੈ ਕਿ ਹਰ ਸਾਲ ਕੋਈ ਬਹੁਤੀਆਂ ਪੰਜਾਬੀ ਫਿਲਮਾਂ ਨਹੀ ਬਣਦੀਆਂ। 13 ਸਾਲ ਪਹਿਲਾਂ ਗੁਲਜ਼ਾਰ ਦੀ ਫਿਲਮ 'ਮਾਚਿਸ' ਨਾਲ ਫਿਲਮੀ ਕੈਰੀਅਰ ਦਾ ਆਗਾਜ਼ ਕਰਨ ਵਾਲੇ ਸ਼ੇਰਗਿੱਲ ਨੇ ਦੱਸਿਆ ਕਿ ਹੁਣ ਉਹ ਆਪਣੀਆਂ ਫਿਲਮਾਂ ਬਣਾਏਗਾ ਤੇ ਪ੍ਰੋਡਕਸ਼ਨ ਮਿਆਰ ਦਾ ਵੀ ਧਿਆਨ ਰੱਖੇਗਾ।










# 60ਵਿਆਂ ਦੀ ਪੀੜ੍ਹੀ ਹੋ ਰਹੀ ਹੈ ਜਵਾਨ ਤੇ ਸੋਹਣੀ

**ਨਵੀਂ ਦਿੱਲੀ :** ਸੋਨੀਆ ਗਾਂਧੀ, ਅਮਿਤਾਭ ਬਚਨ, ਸ਼ਬਾਨਾ ਆਜ਼ਮੀ, ਅਜ਼ੀਮ ਪ੍ਰੇਮਜੀ ਤੇ ਸ਼ੋਭਨਾ ਡੇ 'ਚ ਆਪਣੇ-ਆਪਣੇ ਖੇਤਰਾਂ 'ਚ ਬੇਹੱਦ ਸਫ਼ਲ ਹੋਣ ਤੋਂ ਇਲਾਵਾ ਹੋਰ ਕੀ ਸਾਂਝਾ ਹੈ? ਇਹ ਸਾਰੀਆਂ ਹਸਤੀਆਂ 60 ਸਾਲ ਤੋਂ ਉਪਰ ਹਨ। ਇਸ ਕਲੱਬ 'ਚ ਜੈਲਲਿਤਾ, ਹਿਲੇਰੀ ਕਲਿੰਟਨ, ਹੇਮਾ ਮਾਲਿਨੀ, ਟੌਮ ਆਲਟਰ ਤੇ ਕਈ ਹੋਰ ਵੀ ਸ਼ੁਮਾਰ ਹਨ। ਬਹੁਤੇ ਲੋਕ, ਜ਼ਿੰਦਗੀ ਦੇ ਪੰਧ ਦੇ 60 ਸਾਲ ਮੁਕਾ ਕੇ ਆਪਣੇ ਆਪ ਨੂੰ 'ਵਿਹਾ ਗਏ' 'ਬੀਤ ਚੁੱਕੇ' ਜਾਂ 'ਬੁੱਢੇ' ਮੰਨਣ ਲੱਗ ਪੈਂਦੇ ਹਨ ਪਰ ਮੂੰਹ ਜ਼ੋਰ ਤੇ ਜ਼ਿੰਦਾਦਿਲ ਡੇ ਲਈ ਜ਼ਿੰਦਗੀ ਇਸ ਤਰ੍ਹਾਂ ਨਹੀਂ ਹੈ।





ਉਹਦੇ ਲਈ ਤਾਂ ਜ਼ਿੰਦਗੀ ਸ਼ੁਰੂ ਹੀ 60 ਤੋਂ ਹੁੰਦੀ ਹੈ। ਉਹ 60 ਸਾਲ ਨੂੰ ਨਵੇਂ ਪਰ ਨਿਕਲੇ ਆਖਦਿਆਂ ਤਰੋ-ਤਾਜ਼ਗੀ ਦੀਆਂ ਅਕਸੀਰਾਂ ਬਿਆਨਣ ਲਗਦੀ ਹੈ ਤੇ ਗਿਣਾਉਂਦੀ ਹੈ ਕਿ ਕਿਵੇਂ 60ਵਿਆਂ ਨੂੰ ਟੱਪ ਚੁੱਕੇ ਲੋਕਾਂ ਨੂੰ ਪੇਸ਼ ਆਉਂਦੀਆਂ ਸਰੀਰਕ ਤੇ ਭਾਵਨਾਤਮਕ ਤਕਲੀਫ਼ਾਂ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ। ਆਪਣੀ ਨਵੀਂ ਪੁਸਤਕ 'ਸ਼ੋਭਨਾ ਐਟ ਸਿਕਸਟੀ, ਸੀਕਰੇਟਸ ਆਫ ਗੈਟਿੰਗ ਇਟ ਰਾਈਟ' ਵਿਚ ਉਹ ਪਰਿਵਾਰਕ ਕਦਰਾਂ-ਕੀਮਤਾਂ ਅਤੇ ਸਬੰਧਾਂ 'ਤੇ ਜ਼ੋਰ ਦਿੰਦੀ ਹੈ ਅਤੇ ਨਾਲ ਹੀ ਅਧਿਆਤਮਕ ਤਲਾਸ਼ ਦੀ ਵੀ ਗੱਲ ਕਰਦੀ ਹੈ ਜਿਸ ਨਾਲ ਬੀਤ ਰਿਹਾ ਹਰ ਦਹਾਕਾ ਵਧੇਰੇ ਅਰਥ ਭਰਪੂਰ ਤੇ ਖੂਬਸੂਰਤ ਹੋ ਨਿੱਬੜਦਾ ਹੈ। ਡੇ ਦੀਆਂ 16 ਪੁਸਤਕਾਂ ਅੰਗਰੇਜ਼ੀ ਦੇ 'ਐਸ' ਅੱਖਰ ਨਾਲ ਸ਼ੁਰੂ ਹੁੰਦੀਆਂ ਹਨ। ਉਹਨੇ ਇਕ ਟੀ.ਵੀ. ਇੰਟਰਵਿਊ 'ਚ ਕਿਹਾ ਹੈ ਕਿ ਕੁਝ ਲੋਕ ਉਮਰ ਤੋਂ ਪਾਰ ਦੇ ਹੁੰਦੇ ਹਨ। ਬੀਤਦੇ ਵਰ੍ਹੇ ਉਨ੍ਹਾਂ 'ਤੇ ਕੋਈ ਅਸਰ ਨਹੀਂ ਪਾਉਂਦੇ। ਉਹ ਆਖਦੀ ਹੈ ਕਿ ਉਹ ਇਹ ਨਹੀਂ ਕਹਿ ਰਹੀ ਕਿ ਉਹ ਉਨ੍ਹਾਂ 'ਚੋਂ ਇਕ ਹੈ। ਪਰ ਕੁਝ ਲੋਕ ਅਜਿਹੇ ਹਨ ਜਿਵੇਂ ਐਮ.ਐਫ. ਹੁਸੈਨ 95 ਸਾਲ ਦੇ ਹੋ ਗਏ ਹਨ ਤੇ ਸ਼ਾਨਦਾਰ ਲਗਦੇ ਹਨ। ਇਸੇ ਤਰ੍ਹਾਂ ਦੇਵ ਆਨੰਦ ਨੂੰ ਦੇਖੋ। ਉਹ ਖੁਸ਼ਵੰਤ ਸਿੰਘ ਨੂੰ ਗਲੈਮਰਸ ਨਹੀਂ ਕਹਿੰਦੀ ਪਰ ਮੰਨਦੀ ਹੈ ਕਿ ਉਨ੍ਹਾਂ ਦੀ ਗੱਲ ਵਜ਼ਨ ਰੱਖਦੀ ਹੈ।

ਉਹ ਕਹਿੰਦੀ ਹੈ ਕਿ ਆਦਮੀ ਲਈ ਉਮਰ ਕੋਈ ਮੁੱਦਾ ਨਹੀਂ ਹੈ, ਪਰ ਜਦੋਂ ਗੱਲ ਔਰਤ ਦੀ ਆਉਂਦੀ ਹੈ ਤਾਂ ਕੁਝ ਆਤਮ ਪ੍ਰੇਮ ਤਾਂ ਚਲਦਾ ਹੈ। ਪਰ ਜਦੋਂ ਕੁਝ ਅਜਿਹੀਆਂ ਔਰਤਾਂ ਨੂੰ ਦੇਖੋ, ਜੋ ਰਵਾਇਤੀ ਤੌਰ 'ਤੇ ਗਲੈਮਰ ਜਮਾਤ ਨਾਲ ਨਹੀਂ ਜੁੜੀਆਂ ਹੋਈਆਂ। ਉਹ ਵੀ ਬੜੀਆਂ ਪ੍ਰੇਰਨਾਦਾਇਕ ਹਨ ਜਿਵੇਂ ਸੋਨੀਆ ਗਾਂਧੀ, ਜੈਲਲਿਤਾ, ਹਿਲੇਰੀ ਕਲਿੰਟਨ, ਸ਼ਬਾਨਾ ਆਜ਼ਮੀ ਵਗੈਰਾ-ਵਗੈਰਾ। ਡੇ ਅਨੁਸਾਰ 60ਵਿਆਂ ਵਿਚ ਵੀ ਇਸ ਸਾਰੀ ਦਿੱਖ ਤੇ ਸਰਗਰਮੀ ਲਈ ਅਜਿਹੇ ਅਕਸ ਪਿੱਛੇ ਕਰੜਾ ਅਨੁਸ਼ਾਸਨ ਹੈ। ਪਿਛਲੇ ਮਹੀਨੇ 60 ਸਾਲ ਦੀ ਹੋ ਗਈ ਸ਼ਬਾਨਾ ਆਜ਼ਮੀ ਦਾ ਕਹਿਣਾ ਹੈ ਕਿ ਉਹਨੇ ਬੜੀ ਤਸੱਲੀ ਭਰੀ ਭਰਪੂਰਤਾ ਤੇ ਖੁਸ਼ੀ ਨਾਲ ਇਸ ਵਰੇਸ ਨੂੰ ਗਲ ਲਾਇਆ ਹੈ।













## ਬਿਨਾਂ ਕੁਝ ਖਾਧੇ ਜਿੰਦਾ 205 ਸਾਲ ਦਾ ਬਾਬਾ

**ਲਖਨਊ:** ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ 'ਚ ਇਕ ਇਸ ਤਰ੍ਹਾਂ ਦੇ ਇਨਸਾਨ ਦਾ ਨਾਂ ਜੁੜਨ ਜਾ ਰਿਹਾ ਹੈ ਜੋ ਪੂਰੇ 205 ਬਸੰਤ ਦੇਖ ਚੁੱਕਿਆ ਹੈ ਅਤੇ ਹੁਣ 206ਵੇਂ ਸਾਲ 'ਚ ਪੈਰ ਪਾਉਣ ਜਾ ਰਿਹਾ ਹੈ। ਭਾਰਤ-ਨਿਪਾਲ ਸਰਹੱਦ 'ਤੇ ਸ਼ਰਾਵਤੀ ਜ਼ਿਲ੍ਹੇ ਦੇ ਸਵਾਮੀ ਦਿਆਲ ਜੀ ਮਹਾਰਾਜ ਪੂਰੇ ਸੌ ਸਾਲ ਤੋਂ ਭੋਜਨ ਨਹੀਂ ਖਾ ਰਹੇ। ਜਗਪਤੀ ਨਾਥ ਮੰਦਿਰ ਦੇ ਬਾਬਾ ਆਜ਼ਾਦੀ ਦੀਆਂ ਦੋਵੇਂ ਲੜਾਈਆਂ ਦੇਖ ਚੁੱਕੇ ਹਨ ਅਤੇ ਗਾਂਧੀ-ਨਹਿਰੂ ਦੇ ਨਾਲ ਜੇਲ੍ਹ ਵੀ ਜਾ ਚੁੱਕੇ ਹਨ।

ਬਹਿਰਾਈਚ ਦੇ ਇਕ 102 ਸਾਲ ਦੇ ਬਜ਼ੁਰਗ ਨੇ ਕਿਹਾ ਕਿ ਜਦੋਂ ਉਹ 10 ਸਾਲ ਦਾ ਸੀ ਤਾਂ ਉਸ ਦੇ ਘਰ ਵਾਲਿਆਂ ਨੇ ਬਾਬਾ ਜੀ ਦੀ ਉਮਰ 92 ਸਾਲ ਦੱਸੀ ਸੀ। ਕਾਸ਼ੀ ਦੇ ਜੂਨਾ-ਅਖਾੜੇ ਨਾਲ ਜੁੜੇ ਬਾਬਾ ਨੇਪਾਲ ਦੇ ਬਾਗੇਸ਼ਵਰੀ ਹਨੂਮਾਨ ਮੰਦਿਰ ਦੇ ਅੱਜ ਵੀ ਮਹੰਤ ਹਨ ਜਿਨ੍ਹਾਂ ਨੂੰ ਪੰਜ ਏਕੜ ਜ਼ਮੀਨ ਦੇ ਨਾਲ ਨੇਪਾਲ ਸਰਕਾਰ ਭੱਤਾ ਦੇ ਰਹੀ ਹੈ। ਭਗਵਾਨ ਦੱਤਾਤ੍ਰੇਹ ਦੇ ਉਪਾਸ਼ਕ ਬਾਬਾ ਦਿਆਲ ਜੀ ਮਹਾਰਾਜ ਦਾ ਜਨਮ ਨੇਪਾਲ ਦੇ ਕਠਮੰਡੂ ਵਿਖੇ 20 ਮਾਰਚ, 1805 ਨੂੰ ਹੋਇਆ ਸੀ। ਆਜ਼ਾਦੀ ਦੀ ਲੜਾਈ ਤੋਂ ਪਹਿਲਾਂ ਹੀ ਬਾਬਾ ਜੀ ਭਾਰਤ ਆ ਗਏ ਸਨ। ਉਨ੍ਹਾਂ ਦੇ ਕਰੀਬੀਆਂ ਦਾ ਕਹਿਣਾ ਹੈ ਕਿ 1910 ਤੋਂ ਬਾਬਾ ਜੀ ਨੇ ਭੋਜਨ ਨਹੀਂ ਖਾਧਾ ਹੈ।

District LUDHIANA'S Top Most




Three Star Hotel with Banquet Hall

* Marriage Palace
* Honeymoon Suites
* Conference Hall
* Kitty Hall
* Three Banquet Halls
* Well Furnished Rooms
* Multi Cuisine Restaurant
* Well Equipped Bar
* N.R.I. Spl. Rooms

HOTEL Snehmohan REGENCY

G.T. Road, Ludhiana-Moga Highway, (Jagraon) Ludhiana. Punjab, INDIA.
Phone: +91-1624-258100-200-300
Cell : +91-9988410707, 9988410701
Email : contact@hotelsnehmohanregency.com
Website: www.hotelsnehmohanregency.com



ਇਮੀਗ੍ਰੇਸ਼ਨ ਮਸਲਾ ਹੈ?

ਅਸੀਂ ਇਮੀਗ੍ਰੇਸ਼ਨ ਪ੍ਰੈਕਟਿਸ ਹੀ ਕਰਦੇ ਹਾਂ

We only practice Immigration Law

Cases published in the 9th Circuit Court of Appeals

Law Office of Inna Lipkin

Over 11 years of experience

By appointment only

ਪੰਜਾਬੀ ਜਾਂ ਹਿੰਦੀ ਵਿਚ ਗੱਲ ਕਰਨ ਲਈ ਕਾਲ ਕਰੋ
ਧਰਮ ਪਾਲ ਸ਼ਰਮਾ
ਫੋਨ:510-410-8382

For appointment call
Tel:415-672-3261
Fax: 650-364-3988

www.innalipkinimmigrationattorney.com
1690 Woodside Rd., Ste. 103, Redwood City, CA 94061

ਵਾਰਡ ਨੰਬਰ 7 ਤੋਂ
ਸਿਟੀ ਕਾਊਂਸਲ ਲਈ ਉਮੀਦਵਾਰ
ਰਸਲ ਜਾਹਨਸਨ
ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ
ਬੇਕਰਸਫੀਲਡ ਵਿੱਚ ਰਸਲ ਜਾਹਨਸਨ ਦਾ ਏਰੀਆ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਜ਼ਿਪ ਕੋਡ 93313 ਅਤੇ 93307 ਵਿੱਚ ਪੈਂਦਾ ਹੈ ਜੋ ਕਿ ਗੁਰਦੁਆਰਾ ਗੁਰੂ ਅੰਗਦ ਦਰਬਾਰ ਨਾਲ ਲਗਦਾ ਹੈ

VOTE ☑ NOVEMBER 2nd

Russell Johnson
CITY COUNCIL WARD 7
RussellJohnsonForCouncil.com
LEADERSHIP AND QUAILIFCATIONS

VISION AND PRIORITIES
- Improve Public Safety
- Keep the City Fiscally Sound
- Promote Jobs and Business Growth

LEADERSHIP
- President/Owner, Common Sense Consulting
- Former Chief of Staff to Supervisor Mike Maggard (2007-2009)
- Catalog Sales Manager, Ameripride Uniform Services (2005-2006)
- District Representative, State Senator 18th District (2002-2005)

COMMUNITY COMMITMENTS
- Bakersfield Planning Commission (2005-2009)
- Bakersfield Breakfast Rotary
- Board member Boys and Girls Club of Kern County



Paid for by Russell Johnson for council 2010
ID #1325514
P.O. Box 2664, Bakersfield CA 93303
Ph : (661) 203-1838
Email : russjohnson77@yahoo.com

Are Worries Keeping You Awake?
Watch Your Business AnyTime Any Place.




Attention Business Owners!!

Are You Worried About Your Business When You're Not There?

Watch your business from anywhere on iPhone with our new technology

QuikStop Shell am pm 7 ELEVEN 76 Holiday Inn Denny's Arby's

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

Financing & Lease Options For 12, 24, 36 Months Available.

ਵਾਜਬ ਕੀਮਤ ਸਹੀ ਕੰਮ

DVR UNLIMITED

Call:1-800-780-0032 www.dvrunlimited.com

# ਪੰਥ ਤੇਰੇ ਦੀਆਂ ਗੂੰਜਾਂ ਜੁਗੋ ਜੁਗ ਪੈਂਦੀਆਂ ਰਹਿਣਗੀਆਂ

# ਵਿਚ ਦੁਨੀਆਂ ਸੇਵਿ ਕਮਾਈਐ, ਤਾ ਦਰਗਹਿ ਬੈਸਣਿ ਪਾਈਐ



ਸਿੱਖ ਪੰਥ ਦੀ ਮਹਾਨ ਤਪੱਸਵੀ ਸਖਸ਼ੀਅਤ, ਗੁਰਦੁਆਰਾ ਬੁੱਢਾ ਜੌਹੜ ਗੰਗਾਨਗਰ (ਰਾਜਸਥਾਨ) ਦੇ ਨਿਰਮਾਤਾ, ਪੰਜਾਬੀ ਸੂਬੇ ਦੇ ਸੰਸਥਾਪਕ, ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਪਹਿਲੀ ਸਰਕਾਰ ਬਣਾਉਣ ਵਾਲੇ

## ਸੰਤ ਬਾਬਾ ਫਤਿਹ ਸਿੰਘ ਜੀ

(ਸਾਬਕਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ)
ਦੀ ਯਾਦ ਵਿਚ ਸਲਾਨਾ ਬਰਸੀ ਸਮਾਗਮ

**ਮਿਤੀ 17 ਅਕਤੂਬਰ 2010 ਦਿਨ ਐਤਵਾਰ**

ਨੂੰ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ ਵਿਖੇ 10:30 ਤੋਂ 1:30 ਤੱਕ

**ਐਨ ਆਰ ਆਈ ਸਭਾ ਅਮਰੀਕਾ**

ਵਲੋਂ ਬੜੀ ਹੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।

## ਮਾਸਟਰ ਮਹਿੰਦਰ ਸਿੰਘ

ਪ੍ਰਧਾਨ ਐਨ ਆਰ ਆਈ ਸਭਾ ਨਿਊਯਾਰਕ
ਦਾ ਪੰਥ ਪ੍ਰਤੀ ਨਿਸ਼ਕਾਮ ਸੇਵਾਵਾਂ ਬਦਲੇ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ

### ਪ੍ਰੋਗਰਾਮ

10:30 ਤੋਂ 11:30 (ਸਵੇਰੇ) ਤੱਕ ਕੀਰਤਨ ਪ੍ਰਵਾਹ ਚੱਲਣਗੇ
11:30 ਤੋਂ 1:30 (ਬਾਅਦ ਦੁਪਹਿਰ) ਤੱਕ ਵੱਖ ਵੱਖ ਬੁਲਾਰੇ ਸੰਤ ਜੀ ਦੀ ਜੀਵਨੀ 'ਤੇ ਰੋਸ਼ਨੀ ਪਾਉਣਗੇ।

**ਸਮੂਹ ਸੰਗਤਾਂ ਨੂੰ ਪਰਿਵਾਰਾਂ ਸਮੇਤ ਦਰਸ਼ਨ ਦੇਣ ਦੀ ਅਪੀਲ**

ਇਸ ਸਮਾਗਮ ਦੇ ਲੰਗਰ ਦੀ ਸੇਵਾ ਬੰਬੇ ਬਾਰ ਐਂਡ ਗਰਿਲ ਸੈਕਰਾਮੈਂਟੋ ਦੇ ਮਾਲਕ ਭੰਡਾਲ ਭਰਾਵਾਂ ਵਲੋਂ ਕੀਤੀ ਜਾਵੇਗੀ।

ਵਲੋਂ:- ਜੋਬਨਜੀਤ ਸਿੰਘ ਚੇਅਰਮੈਨ, ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਪ੍ਰਧਾਨ, ਨਾਜਰ ਸਿੰਘ ਕੂਨਰ ਵਾਈਸ ਚੇਅਰਮੈਨ, ਪ੍ਰੀਤਮ ਸਿੰਘ ਗਰੇਵਾਲ ਵਾਈਸ ਚੇਅਰਮੈਨ, ਜਰਨੈਲ ਸਿੰਘ ਗਿਲਜੀਆਂ ਸੀਨੀਅਰ ਵਾਈਸ ਪ੍ਰਧਾਨ , ਗੁਰਨਾਮ ਸਿੰਘ ਪੰਮਾਂ ਸੀਨੀਅਰ ਵਾਈਸ ਪ੍ਰਧਾਨ, ਅਮਰਬੀਰ ਸਿੰਘ ਘੁਮਾਣ ਸੀਨੀਅਰ ਵਾਈਸ ਪ੍ਰਧਾਨ , ਤੇਜਪਾਲ ਸਿੰਘ ਨਿਕਸਨ ਸਕੱਤਰ ਜਨਰਲ, ਭੁਪਿੰਦਰ ਸਿੰਘ ਬੋਪਾਰਾਏ ਵਾਈਸ ਪ੍ਰਧਾਨ, ਗੁਰਮੇਜ ਸਿੰਘ ਵਾਈਸ ਪ੍ਰਧਾਨ, ਰੌਣਕ ਸਿੰਘ ਵਾਈਸ ਪ੍ਰਧਾਨ , ਦਲਵੀਰ ਸਿੰਘ ਨਿੱਝਰ ਜਨਰਲ ਸਕੱਤਰ , ਗੁਰਦੇਵ ਸਿੰਘ ਕੰਗ ਜਨਰਲ ਸਕੱਤਰ, ਮਨਜੀਤ ਸਿੰਘ ਜਰਨਲ ਸਕੱਤਰ, ਰਘੁਬੀਰ ਸਿੰਘ ਘੋੜੇਵਾਨ ਖਜਾਨਚੀ , ਗੁਰਦੀਪ ਸਿੰਘ ਸੰਧੂ ਸਕੱਤਰ, ਮਨਦੀਪ ਸਿੰਘ ਮਾਨ ਮੀਡੀਆ ਸਲਾਹਕਾਰ ,ਦਵਿੰਦਰ ਸਿੰਘ ਰਣੀਆ, ਹਰਿੰਦਰ ਸਿੰਘ ਹੁੰਦਲ, ਪਰਗਣ ਸਿੰਘ ਬੈਂਸ, ਸੁਖਵਿੰਦਰ ਸਿੰਘ ਅਬਲੋਵਾਲ, ਕੈਨੀ ਵਿਰਕ, ਜਰਨੈਲ ਸਿੰਘ ਸੰਧੂ, ਗੁਰਦੇਵ ਸਿੰਘ ਕੰਗ, ਹਰਦੇਵ ਸਿੰਘ ਪੱਡਾ, ਕੁਲਵੀਰ ਹੇਅਰ, ਗੁਰਦੀਪ ਸਿੰਘ ਨਿੱਝਰ, ਪ੍ਰੀਤਮ ਸਿੰਘ ਨਾਹਲ, ਦਲਜਿੰਦਰ ਸਿੰਘ ਅਟਵਾਲ, ਅਮਰੀਕ ਸਿੰਘ ਪਰਹਾਰ, ਨਵਿੰਦਰ ਸਿੰਘ ਭੰਡਾਲ, ਰਾਣਾ ਸੰਧੂ, ਸੁਖਵਿੰਦਰ ਸਿੰਘ ਸੰਘੇੜਾ, ਰਘਬੀਰ ਸਿੰਘ ਗਿਲਜੀਆਂ, ਦਲਜੀਤ ਸਿੰਘ ਸੰਧੂ , ਅਵਤਾਰ ਸਿੰਘ ਦੁਸਾਂਝ , ਮੋਹਣ ਲਾਲ ਸਾਬਕਾ ਸਰਪੰਚ ਕੋਟ ਫਤੂਹੀ (ਯੂਬਾ ਸਿਟੀ), ਜਤਿੰਦਰਪਾਲ ਸਿੰਘ ਰੰਧਾਵਾ ਹੂਸਟਨ, ਸਵਰਨ ਸਿੰਘ ਗਿੱਲ, ਰੁਲਦਾ ਸਿੰਘ ਸੇਖੋਂ, ਅਸ਼ੋਕ ਕੁਮਾਰ ਰਾਏ , ਕਰਨੈਲ ਸਿੰਘ ਸੈਣੀ, ਜੋਗਿੰਦਰ ਸਿੰਘ ਨਾਹਲ, ਨਰਿੰਦਰ ਸਿੰਘ ਥਾਂਦੀ ਦੋਲਤਪੁਰ, ਸੁਖਦੇਵ ਸਿੰਘ ਗਿੱਲ ਗੋਬਿੰਦਪੁਰ, ਮੇਜਰ ਸਿੰਘ ਚੌਹਾਨ ਭੂੰਦੜ (ਬਠਿੰਡਾ) ਫੋਲਸਮ , ਡਾ: ਹਰਚਰਨ ਸਿੰਘ ਕਾਹਲੋਂ ਸੈਕਰਾਮੈਂਟੋ (6 ਸੀ. ਸੀ. ਗੰਗਾਨਗਰ), ਰੁਪਿੰਦਰ ਸਿੰਘ ਪਿੰਡ ਢੋਲਣ ਸੈਕਰਾਮੈਂਟੋ , ਪ੍ਰੋ: ਮੁਖਤਾਰ ਸਿੰਘ ਗਿੱਲ, ਬੌਬੀ ਗੋਸਲ, ਦਵਿੰਦਰਜੀਤ ਸਿੰਘ ਭੰਡਾਲ, ਬਲਿਹਾਰ ਸਿੰਘ ਸਰਪੰਚ, ਬਲਜਿੰਦਰ ਸਿੰਘ ਪੁਰੇਵਾਲ, ਅਵਤਾਰ ਸਿੰਘ ਦੁਸਾਂਝ, ਇਕਬਾਲ ਸਿੰਘ ਸਮਰਾ, ਜਗਤਾਰ ਸਿੰਘ ਸਮਰਾ (ਐਲ.ਏ.) ਤੇ ਮਲਕੀਤ ਸਿੰਘ।

ਜਾਰੀ ਕਰਤਾ: ਨਰਿੰਦਰਪਾਲ ਸਿੰਘ ਹੁੰਦਲ ਚੀਫ ਸਪੋਕਸਮੈਨ ਐਨ ਆਰ ਆਈ ਸਭਾ ਅਮਰੀਕਾ, 916-416-1251

# ਐਨ ਆਰ ਆਈ ਸਭਾ ਅਮਰੀਕਾ ਦੀ ਮੀਟਿੰਗ



ਸ. ਪ੍ਰਕਾਸ਼ ਸਿੰਘ ਬਾਦਲ
ਚੀਫ ਪੈਟਰਨ
ਐਨ ਆਰ ਆਈ ਸਭਾ



ਸ. ਸੁਖਬੀਰ ਸਿੰਘ ਬਾਦਲ
ਉੱਪ ਮੁੱਖ ਮੰਤਰੀ
ਪੰਜਾਬ



ਸ. ਸੇਵਾ ਸਿੰਘ ਸੇਖਵਾਂ
ਐਨ ਆਰ ਆਈ
ਮੰਤਰੀ ਪੰਜਾਬ



ਸ. ਸੁਰਜੀਤ ਸਿੰਘ ਰੱਖੜਾ
ਪੈਟਰਨ
ਐਨ ਆਰ ਆਈ ਸਭਾ



ਸ. ਕਮਲਜੀਤ ਸਿੰਘ ਹੇਅਰ
ਪ੍ਰਧਾਨ
ਐਨ ਆਰ ਆਈ ਸਭਾ



ਸ. ਜਸਪ੍ਰੀਤ ਸਿੰਘ ਅਟਾਰਨੀ
ਪ੍ਰਧਾਨ ਐਨ ਆਰ ਆਈ ਸਭਾ
ਅਮਰੀਕਾ

## ਐਨ ਆਰ ਆਈ ਸਭਾ ਅਮਰੀਕਾ ਦੀ ਮੀਟਿੰਗ

**ਸ਼ਾਮ 3 ਵਜੇ ਤੋਂ 6 ਵਜੇ ਤੱਕ**

Hotel Four Point
4900 Duckhorn Drive
Sacramento CA 95834
Ph:-(916) 263-9000

**ਵਿਖੇ ਹੋਵੇਗੀ**

ਮੀਟਿੰਗ ਉਪਰੰਤ ਰਾਤ ਦੇ ਖਾਣੇ ਦਾ ਪ੍ਰਬੰਧ ਹੋਵੇਗਾ



ਸ. ਜੋਬਨਜੀਤ ਸਿੰਘ ਚੇਅਰਮੈਨ
ਐਨ ਆਰ ਆਈ ਸਭਾ
ਅਮਰੀਕਾ

## ਹੇਠ ਲਿਖੇ ਮਸਲੇ ਵਿਚਾਰੇ ਜਾਣਗੇ

* ਵੀਜ਼ਾ, ਪਾਸਪੋਰਟ ਲੈਣ ਸਬੰਧੀ ਭਾਰਤੀ ਸਫਾਰਤਖਾਨੇ ਵਿਚ ਖੱਜਲ ਖੁਆਰੀ ਸਬੰਧੀ
* ਪੰਜਾਬ ਵਿਚ ਪ੍ਰਵਾਸੀਆਂ ਦੀ ਹੋ ਰਹੀ ਲੁੱਟ ਖਸੁੱਟ ਅਤੇ ਕਤਲਾਂ ਖਿਲਾਫ ਕਾਰਵਾਈ ਕਰਵਾਉਣ ਸਬੰਧੀ
* ਪੰਜਾਬ ਵਿਚ ਪ੍ਰਵਾਸੀਆਂ ਦੀਆਂ ਜਾਇਦਾਦਾਂ ਦੀ ਸੁਰੱਖਿਆ ਸਬੰਧੀ ਅਮ੍ਰਿਤਸਰ ਏਅਰਪੋਰਟ ਨੂੰ ਬਚਾਉਣ ਸਬੰਧੀ

**ਵਲੋਂ:-**

ਨਾਜਰ ਸਿੰਘ ਕੂਨਰ ਵਾਈਸ ਚੇਅਰਮੈਨ, ਪ੍ਰੀਤਮ ਸਿੰਘ ਗਰੇਵਾਲ ਵਾਈਸ ਚੇਅਰਮੈਨ, ਜਰਨੈਲ ਸਿੰਘ ਗਿਲਜ਼ੀਆਂ ਸੀਨੀਅਰ ਵਾਈਸ ਪ੍ਰਧਾਨ , ਗੁਰਨਾਮ ਸਿੰਘ ਪੰਮਾਂ ਸੀਨੀਅਰ ਵਾਈਸ ਪ੍ਰਧਾਨ, ਅਮਰਬੀਰ ਸਿੰਘ ਘੁਮਾਣ ਸੀਨੀਅਰ ਵਾਈਸ ਪ੍ਰਧਾਨ , ਤੇਜਪਾਲ ਸਿੰਘ ਨਿਕਸਨ ਸਕੱਤਰ ਜਨਰਲ, ਭੁਪਿੰਦਰ ਸਿੰਘ ਬੋਪਾਰਾਏ ਵਾਈਸ ਪ੍ਰਧਾਨ, ਗੁਰਮੇਜ ਸਿੰਘ ਵਾਈਸ ਪ੍ਰਧਾਨ, ਰੌਣਕ ਸਿੰਘ ਵਾਈਸ ਪ੍ਰਧਾਨ , ਦਲਵੀਰ ਸਿੰਘ ਨਿੱਝਰ ਜਨਰਲ ਸਕੱਤਰ , ਗੁਰਦੇਵ ਸਿੰਘ ਕੰਗ ਜਨਰਲ ਸਕੱਤਰ, ਮਨਜੀਤ ਸਿੰਘ ਜਰਨਲ ਸਕੱਤਰ, ਰਘੁਬੀਰ ਸਿੰਘ ਘੋੜੇਵਾਨ ਖਜਾਨਚੀ , ਗੁਰਦੀਪ ਸਿੰਘ ਸੰਧੂ ਸਕੱਤਰ, ਮਨਦੀਪ ਸਿੰਘ ਮਾਨ ਮੀਡੀਆ ਸਲਾਹਕਾਰ ,ਦਵਿੰਦਰ ਸਿੰਘ ਰਣੀਆ, ਹਰਿਦਰ ਸਿੰਘ ਹੁੰਦਲ, ਪਰਗਣ ਸਿੰਘ ਬੈਂਸ, ਸੁਖਵਿੰਦਰ ਸਿੰਘ ਅਬਲੋਵਾਲ, ਕੈਨੀ ਵਿਰਕ, ਜਰਨੈਲ ਸਿੰਘ ਸੰਧੂ, ਗੁਰਦੇਵ ਸਿੰਘ ਕੰਗ, ਹਰਦੇਵ ਸਿੰਘ ਪੱਡਾ, ਕੁਲਵੀਰ ਹੇਅਰ, ਗੁਰਦੀਪ ਸਿੰਘ ਨਿੱਝਰ, ਪ੍ਰੀਤਮ ਸਿੰਘ ਨਾਹਲ, ਦਲਜਿੰਦਰ ਸਿੰਘ ਅਟਵਾਲ, ਅਮਰੀਕ ਸਿੰਘ ਪਰਹਾਰ, ਨਵਿੰਦਰ ਸਿੰਘ ਭੰਡਾਲ, ਰਾਣਾ ਸੰਧੂ, ਸੁਖਵਿੰਦਰ ਸਿੰਘ ਸੰਘੇੜਾ, ਰਘਬੀਰ ਸਿੰਘ ਗਿਲਜ਼ੀਆਂ, ਦਲਜੀਤ ਸਿੰਘ ਸੰਧੂ , ਅਵਤਾਰ ਸਿੰਘ ਦੁਸਾਂਝ , ਮੋਹਣ ਲਾਲ ਸਾਬਕਾ ਸਰਪੰਚ ਕੋਟ ਫਤੂਹੀ (ਯੂਬਾ ਸਿਟੀ), ਜਤਿੰਦਰਪਾਲ ਸਿੰਘ ਰੰਧਾਵਾ ਹੂਸਟਨ, ਸਵਰਨ ਸਿੰਘ ਗਿੱਲ, ਰੁਲਦਾ ਸਿੰਘ ਸੇਖੋਂ, ਅਸ਼ੋਕ ਕੁਮਾਰ ਰਾਏ , ਕਰਨੈਲ ਸਿੰਘ ਸੈਣੀ, ਜੋਗਿੰਦਰ ਸਿੰਘ ਨਾਹਲ, ਨਰਿਦਰ ਸਿੰਘ ਥਾਂਦੀ ਦੋਲਤਪੁਰ, ਸੁਖਦੇਵ ਸਿੰਘ ਗਿੱਲ ਗੋਬਿੰਦਪੁਰ, ਮੇਜਰ ਸਿੰਘ ਚੋਹਾਨ ਭੂੰਦੜ (ਬਠਿੰਡਾ) ਫੋਲਸਮ , ਡਾ: ਹਰਚਰਨ ਸਿੰਘ ਕਾਹਲੋਂ ਸੈਕਰਾਮੈਂਟੋ (6 ਸੀ . ਸੀ . ਗੰਗਾਨਗਰ), ਰੁਪਿੰਦਰ ਸਿੰਘ ਪਿੰਡ ਢੋਲਣ ਸੈਕਰਾਮੈਂਟੋ , ਪ੍ਰੋ: ਮੁਖਤਾਰ ਸਿੰਘ ਗਿੱਲ, ਬੌਬੀ ਗੋਸਲ, ਦਵਿੰਦਰਜੀਤ ਸਿੰਘ ਭੰਡਾਲ, ਬਲਿਹਾਰ ਸਿੰਘ ਸਰਪੰਚ, ਬਲਜਿੰਦਰ ਸਿੰਘ ਪੁਰੇਵਾਲ, ਅਵਤਾਰ ਸਿੰਘ ਦੁਸਾਂਝ, ਇਕਬਾਲ ਸਿੰਘ ਸਮਰਾ, ਜਗਤਾਰ ਸਿੰਘ ਸਮਰਾ (ਐਲ.ਏ.) ਤੇ ਮਲਕੀਤ ਸਿੰਘ।

**ਜਾਰੀ ਕਰਤਾ: ਨਰਿੰਦਰਪਾਲ ਸਿੰਘ ਹੁੰਦਲ ਚੀਫ ਸਪੋਕਸਮੈਨ ਐਨ ਆਰ ਆਈ ਸਭਾ ਅਮਰੀਕਾ, 916-416-1251**

# ਰਾਜਾਂ ਦੀ ਖੁਦਮੁਖਤਾਰੀ ਦੇ ਮਸਲੇ ਨਾਲ ਜੁੜੀ ਹੈ ਕਰਜ਼ਾ ਮੁਕਤੀ

**-ਡਾ.ਜਸਪਾਲ ਸਿੰਘ**

ਚੰਡੀਗੜ੍ਹ : ਕੇਂਦਰੀ ਸਰਕਾਰ ਨੇ ਪੰਜਾਬ ਦੇ 70000 ਕਰੋੜ ਰੁਪਏ ਦੇ ਸਰਕਾਰੀ ਕਰਜ਼ੇ 'ਚੋਂ 35000 ਕਰੋੜ ਰੁਪਏ ਦਾ ਕਰਜ਼ਾ ਮੁਆਫ ਕਰਨ ਦੀ ਪੇਸ਼ਕਸ਼ ਕੀਤੀ ਹੈ, ਜੇਕਰ ਰਾਜ ਸਰਕਾਰ ਕੇਂਦਰ ਵਲੋਂ ਇਸ ਰਾਹਤ ਲਈ ਲਗਾਈਆਂ ਸ਼ਰਤਾਂ ਪੂਰੀਆਂ ਕਰ ਦੇਵੇ। ਇਨ੍ਹਾਂ ਸ਼ਰਤਾਂ 'ਚ ਮਹੱਤਵਪੂਰਨ ਸ਼ਰਤਾਂ ਇਹ ਹਨ ਕਿ ਰਾਜ ਸਰਕਾਰ ਖੇਤੀ ਖੇਤਰ ਨੂੰ ਦਿੱਤੀਆਂ ਸਬਸਿਡੀਆਂ ਘਟਾ ਦੇਵੇ, ਜਨਤਕ ਖੇਤਰ ਦੇ ਘਾਟੇ 'ਚ ਜਾ ਰਹੇ ਅਦਾਰਿਆਂ ਨੂੰ ਨਿੱਜੀ ਹੱਥਾਂ 'ਚ ਸੌਂਪ ਦੇਵੇ, ਰਾਜ 'ਚ ਜਾਇਦਾਦ ਟੈਕਸ ਲਗਾਵੇ ਤੇ ਜਿੱਥੇ ਜ਼ਮੀਨ ਦੀ ਵਰਤੋਂ 'ਚ ਤਬਦੀਲੀ ਦੀ ਪ੍ਰਵਾਨਗੀ ਦਿੱਤੀ ਹੈ, ਉਥੋਂ ਪਾਣੀ 'ਤੇ ਹੋਰ ਟੈਕਸ ਲਗਾਵੇ, ਟਰਾਂਸਪੋਰਟ ਵਿਭਾਗ ਕਿਰਾਏ ਵਧਾ ਕੇ ਆਪਣਾ ਘਾਟਾ ਘਟਾਵੇ, ਮੁਲਾਜ਼ਮਾਂ ਦੇ ਪ੍ਰਾਵੀਡੈਂਟ ਫੰਡ 'ਚੋਂ ਸੇਵਾ ਮੁਕਤੀ ਤੋਂ ਪਹਿਲਾਂ ਕਢਵਾਈ ਜਾਂਦੀ ਰਾਸ਼ੀ 'ਤੇ ਪਾਬੰਦੀ ਲਗਾਵੇ ਤੇ ਮਿਊਂਸਿਪਲ ਅਦਾਰਿਆਂ ਦਾ ਆਡਿਟ ਭਾਰਤ ਦੇ ਆਡੀਟਰ ਜਨਰਲ ਤੋਂ ਕਰਵਾਏ।

ਕੇਂਦਰ ਸਰਕਾਰ ਵਲੋਂ ਲਗਾਈਆਂ ਜਾ ਰਹੀਆਂ ਇਨ੍ਹਾਂ ਸ਼ਰਤਾਂ 'ਚੋਂ ਕਈ ਪਹਿਲੀ ਨਜ਼ਰੇ ਹੀ ਲੋਕ ਵਿਰੋਧੀ ਜਾਪਦੀਆਂ ਹਨ। ਹਰ ਕੋਈ ਜਾਣਦਾ ਹੈ ਕਿ ਖੇਤੀ ਸੈਕਟਰ ਦੁਨੀਆ 'ਚ ਕਿਤੇ ਵੀ ਬਿਨ੍ਹਾਂ ਸਬਸਿਡੀਆਂ ਤੋਂ ਚਲ ਨਹੀਂ ਸਕਦਾ। ਅਮਰੀਕਾ ਤੇ ਜਪਾਨ ਵਰਗੇ ਅਮੀਰ ਦੇਸ਼ਾਂ 'ਚ ਵੀ ਭਾਰਤ ਨਾਲੋਂ ਕਈ ਗੁਣਾ ਵਧ ਸਬਸਿਡੀਆਂ ਖੇਤੀ ਖੇਤਰ ਨੂੰ ਦਿੱਤੀਆਂ ਜਾ ਰਹੀਆਂ ਹਨ। ਜਪਾਨ 'ਚ ਤਾਂ ਇਨ੍ਹਾਂ ਦੀ ਮਾਤਰਾ 65 ਫੀਸਦੀ ਤੱਕ ਦੱਸੀ ਜਾਂਦੀ ਹੈ। ਅਮਰੀਕਾ 'ਚ ਵੀ ਇਹ ਸਬਸਿਡੀਆਂ ਭਾਰਤ ਨਾਲੋਂ ਢਾਈ ਗੁਣਾ ਤੋਂ ਵੱਧ ਹਨ। ਇਸੇ ਤਰ੍ਹਾਂ ਯੂਰਪੀ ਯੂਨੀਅਨ ਦੇ ਸਾਰੇ ਵਿਕਸਿਤ ਦੇਸ਼ਾਂ 'ਚ ਲੋਕਾਂ ਨੂੰ ਖੇਤੀ ਨਾਲ ਜੋੜੀ ਰੱਖਣ ਲਈ ਭਾਰੀ ਸਬਸਿਡੀਆਂ ਦੇਣੀਆਂ ਪੈਂਦੀਆਂ ਹਨ। ਇਹ ਠੀਕ ਹੈ ਕਿ ਭਾਰਤ ਵਿਚ ਇਹ ਸਬਸਿਡੀਆਂ ਧਨੀ ਕਿਸਾਨਾਂ ਤੋਂ ਹਟਾ ਲੈਣੀਆਂ ਚਾਹੀਦੀਆਂ ਹਨ, ਪਰ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਸਬਸਿਡੀਆਂ ਬੰਦ ਕਰਨ ਦਾ ਅਰਥ ਹੋਵੇਗਾ ਕਿ ਦੇਸ਼ ਦੀ ਬਹੁਤ ਵੱਡੀ ਵਸੋਂ, ਜਿਸ ਨੂੰ ਹੁਣ ਖੇਤੀ ਖੇਤਰ ਸਾਂਭੀ ਬੈਠਿਆ ਹੈ, ਉਹ ਇਸ ਨੂੰ ਤਿਆਗ ਕੇ ਸ਼ਹਿਰਾਂ ਵਲ ਮਜ਼ਦੂਰੀ ਦੀ ਤਲਾਸ਼ 'ਚ ਪਲਾਇਨ ਕਰ ਲਵੇਗੀ ਤੇ ਸਾਰੇ ਦੇਸ਼ 'ਚ ਭਾਰੀ ਅਸੰਤੁਲਨ ਪੈਦਾ ਹੋ ਜਾਵੇਗਾ।

ਪਹਿਲਾਂ ਹੀ ਖੇਤੀ ਖੇਤਰ ਭਾਰੀ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਜੇਕਰ ਇਸ ਨੂੰ ਹੋਰ ਨਪੀੜਿਆ ਗਿਆ ਤਾਂ ਇਹ ਤਹਿਸ-ਨਹਿਸ ਹੋ ਸਕਦਾ ਹੈ। ਜਿੱਥੋਂ ਤੱਕ ਜਾਇਦਾਦ 'ਤੇ ਕਰ ਲਗਾਉਣ ਦਾ ਸਬੰਧ ਹੈ, ਇਹ ਇਕ ਸੀਮਾਂ ਤੋਂ ਉਪਰ ਲਗਾ ਦੇਣਾ ਚਾਹੀਦਾ ਹੈ, ਪਰ ਸਧਾਰਨ ਲੋਕਾਂ 'ਤੇ ਅਜਿਹਾ ਕਰ ਲਗਾਉਣਾ ਉਨ੍ਹਾਂ ਨੂੰ ਹੋਰ ਸੰਕਟ ਵਿਚ ਪਾਉਣ ਦੇ ਬਰਾਬਰ ਹੋਵੇਗਾ।

ਭਾਰਤ ਸਰਕਾਰ ਨੇ ਮੁਲਾਜ਼ਮਾਂ ਦੇ ਪ੍ਰਾਵੀਡੈਂਟ ਫੰਡ 'ਚੋਂ ਰਾਸ਼ੀ ਕਢਵਾਉਣ 'ਤੇ ਪਾਬੰਦੀ ਲਗਾਉਣ ਦੀ ਜੋ ਸ਼ਰਤ ਲਗਾਈ ਹੈ, ਉਹ ਬਹੁਤ ਹੀ ਹਾਸੋਹੀਣੀ ਹੈ। ਪ੍ਰਾਵੀਡੈਂਟ ਫੰਡ ਮੁਲਾਜ਼ਮਾਂ ਦਾ ਆਪਣਾ ਪੈਸਾ ਹੁੰਦਾ ਹੈ। ਜੇਕਰ ਉਹ ਕਿਸੇ ਬੱਚੇ ਦੀ ਸਿੱਖਿਆ, ਵਿਆਹ ਜਾਂ ਮਕਾਨ ਬਣਾਉਣ ਲਈ ਇਸ ਫੰਡ ਵਿਚੋਂ ਪੈਸਾ ਨਹੀਂ ਕਢਵਾ ਸਕਦੇ ਤਾਂ ਫਿਰ ਉਨ੍ਹਾਂ ਨੂੰ ਇਹ ਕਟੌਤੀ ਕਰਵਾਉਣ ਦਾ ਫ਼ਾਇਦਾ ਨਹੀਂ ਮਿਲ ਸਕਦਾ। ਸੁਆਲ ਪੁੱਛਿਆ ਜਾ ਸਕਦਾ ਹੈ ਕਿ ਕੇਂਦਰ ਸਰਕਾਰ ਨੇ ਆਪਣੇ ਮੁਲਾਜ਼ਮਾਂ 'ਤੇ ਇਹ ਪਾਬੰਦੀ ਕਿਉਂ ਨਹੀਂ ਲਗਾਈ? ਜੇਕਰ ਕੇਂਦਰ ਆਪਣੇ ਮੁਲਾਜ਼ਮਾਂ 'ਤੇ ਅਜਿਹੀ ਪਾਬੰਦੀ ਨਹੀਂ ਲਗਾ ਸਕਦਾ ਤਾਂ ਰਾਜ ਸਰਕਾਰਾਂ 'ਤੇ ਅਜਿਹਾ ਦਬਾਅ ਕਿਉਂ ਪਾਇਆ ਜਾ ਰਿਹਾ ਹੈ? ਜਿੱਥੋਂ ਤੱਕ ਘਾਟੇ 'ਚ ਜਾ ਰਹੇ ਜਨਤਕ ਅਦਾਰਿਆਂ ਦਾ ਸਬੰਧ ਹੈ, ਇਨ੍ਹਾਂ ਨੂੰ ਨਿੱਜੀ ਹੱਥਾਂ 'ਚ ਸੌਂਪਣਾ ਉਦੋਂ ਤੱਕ ਵਾਜਬ ਨਹੀਂ, ਜਦੋਂ ਤੱਕ ਇਨ੍ਹਾਂ ਅਦਾਰਿਆਂ ਨੂੰ ਸਿਹਤਮੰਦ ਬਣਾਉਣ ਲਈ ਗੰਭੀਰ ਉਪਰਾਲੇ ਨਹੀਂ ਕੀਤੇ ਜਾਂਦੇ। ਇਹ ਅਦਾਰੇ ਸਾਰੇ ਪਾਸੇ ਫੈਲੇ ਹੋਏ ਭ੍ਰਿਸ਼ਟਾਚਾਰ ਨੇ ਡੋਬੇ ਹਨ। ਇਨ੍ਹਾਂ ਵਿਚੋਂ ਅਜਿਹੇ ਅਦਾਰਿਆਂ ਨੂੰ ਵੇਚਿਆ ਜਾ ਸਕਦਾ ਹੈ, ਜਿਨ੍ਹਾਂ ਨੂੰ ਸੁਰਜੀਤ ਕਰਨਾ ਹੁਣ ਨਾ-ਮੁਮਕਿਨ ਹੋ ਗਿਆ ਹੈ। ਪੰਜਾਬ ਦੇ ਇਨ੍ਹਾਂ ਅਦਾਰਿਆਂ ਸਿਰ ਹੁਣ 52000 ਕਰੋੜ ਰੁਪਏ ਦਾ ਕਰਜ਼ਾ ਚੜ੍ਹਿਆ ਹੋਇਆ ਹੈ। ਜਿੱਥੋਂ ਤੱਕ ਮਿਊਂਸਪਲ ਅਦਾਰਿਆਂ ਦਾ ਆਡਿਟ, ਆਡੀਟਰ ਜਨਰਲ ਦੁਆਰਾ ਕੀਤੇ ਜਾਣ ਦਾ ਸਬੰਧ ਹੈ, ਇਹ ਇਕ ਬਹੁਤ ਹੀ ਵਿਵਾਦਤ ਮਸਲਾ ਹੈ ਤੇ ਇਸ ਨਾਲ ਰਾਜਾਂ ਦੀ ਖੁਦਮੁਖਤਾਰੀ ਵੀ ਜੁੜੀ ਹੋਈ ਹੈ। ਪਹਿਲਾਂ ਹੀ ਭਾਰਤ ਵਿਚ ਕੇਂਦਰੀ ਸਰਕਾਰ ਨੇ ਇਕ ਤੋਂ ਬਾਅਦ ਇਕ ਬਹਾਨਾ ਬਣਾ ਕੇ ਦੇਸ਼ 'ਚ ਕਠੋਰ ਕੇਂਦਰੀਵਾਦ ਥੋਪ ਦਿੱਤਾ ਹੈ। ਦੇਸ਼ 'ਚ ਸੰਘੀ ਢਾਂਚਾ ਬੁਰੀ ਤਰ੍ਹਾਂ ਲਤਾੜਿਆ ਗਿਆ ਹੈ।

## ਵਿਸ਼ਲੇਸ਼ਣ

ਰਾਜ ਸਰਕਾਰਾਂ ਇਕ ਤਰ੍ਹਾਂ ਨਾਲ ਮਿਊਂਸਪਲ ਕਮੇਟੀਆਂ ਜਾਂ ਅੰਗਰੇਜ਼ੀ ਸਾਮਰਾਜ ਸਮੇਂ ਦੀਆਂ ਕਾਲੋਨੀਆਂ ਹੀ ਬਣ ਕੇ ਰਹਿ ਗਈਆਂ ਹਨ। ਕੇਂਦਰੀ ਸਰਕਾਰ ਭਾਵੇਂ ਜ਼ਮਹੂਰੀ ਢੰਗ ਨਾਲ ਚੁਣੀ ਗਈ ਹੈ, ਪਰ ਉਸ ਵਿਚ ਵਿੱਤੀ ਤਾਨਾਸ਼ਾਹੀ ਦੇ ਅੰਸ਼ ਵੇਖਣ ਨੂੰ ਮਿਲ ਰਹੇ ਹਨ। ਕੇਂਦਰੀ ਸਰਕਾਰ ਨੇ ਵਿੱਤੀ ਸਾਧਨਾਂ 'ਤੇ ਇਕ ਤਰ੍ਹਾਂ ਨਾਲ ਇਜਾਰੇਦਾਰੀ ਕਰ ਲਈ ਹੈ। ਰਾਜ ਸਰਕਾਰਾਂ ਨੂੰ ਭਿਖਾਰੀਆਂ ਦੇ ਪੱਧਰ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਕੇਂਦਰ 'ਚ ਸਾਰਾ ਪੈਸਾ ਰਾਜਾਂ 'ਚੋਂ ਹੀ ਇਕੱਠਾ ਹੋ ਕੇ ਜਾਂਦਾ ਹੈ। ਪਰ ਕੇਂਦਰੀ ਸਰਕਾਰ ਰਾਜਾਂ ਨੂੰ ਉਨ੍ਹਾਂ ਦਾ ਬਣਦਾ ਪੂਰਾ ਹੱਕ ਨਹੀਂ ਦਿੰਦੀ, ਸਗੋਂ ਉਹ ਹਰ ਰਾਜ ਨੂੰ ਤਰਸਾ-ਤਰਸਾ ਕੇ ਪੈਸੇ ਦਿੰਦੀ ਹੈ। ਰਾਜ ਸਰਕਾਰਾਂ ਕੇਂਦਰ ਕੋਲ ਪੈਸੇ ਲਈ ਫ਼ਰਿਆਦਾਂ ਕਰਦੀਆਂ ਰਹਿੰਦੀਆਂ ਹਨ।

ਕੇਂਦਰ ਸਰਕਾਰ ਆਪਣੀ ਦਇਆ-ਦ੍ਰਿਸ਼ਟੀ ਦਾ ਪੂਰਾ ਰੋਅਬ ਪਾਉਂਦੀ ਹੈ ਤੇ ਰਾਜ ਸਰਕਾਰਾਂ ਨੂੰ ਗਾਹੇ-ਬਗਾਹੇ ਵਿੱਤੀ ਰਾਹਤ ਦਿੰਦੀ ਹੈ ਜੇਕਰ ਉਸ ਦੀ ਨਜ਼ਰ ਕਿਸੇ ਰਾਜ 'ਤੇ ਸਵੱਲੀ ਹੋ ਜਾਵੇ। ਅਸਲ ਵਿਚ ਭਾਰਤੀ ਸੰਘ ਦੇ ਸਭ ਰਾਜਾਂ ਦੇ ਆਪਣੇ ਖੁਦਮੁਖਤਾਰ ਵਿੱਤੀ ਸੋਮੇ ਹੋਣੇ ਚਾਹੀਦੇ ਹਨ ਤੇ ਕੇਂਦਰੀ ਸਰਕਾਰ ਨੂੰ ਗ੍ਰਾਂਟਾਂ ਰਾਜ ਸਰਕਾਰਾਂ ਵਲੋਂ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਕੇਂਦਰ ਸਰਕਾਰ ਆਪਣੇ ਕੁਝ ਕੁ ਚੋਣਵੇਂ ਮਹਿਕਮੇ ਠੀਕ ਤਰ੍ਹਾਂ ਚਲਾ ਸਕੇ। ਪਰ ਹੁਣ ਹੋ ਇਹ ਰਿਹਾ ਹੈ ਕਿ ਕੇਂਦਰ ਸਰਕਾਰ ਕੋਲ ਅਰਬਾਂ ਰੁਪਇਆ ਇਕੱਠਾ ਹੋ ਰਿਹਾ ਹੈ, ਜਿਸ 'ਚੋਂ ਕੁਝ ਫੀਸਦੀ ਇਹ ਰਾਜਾਂ ਨੂੰ ਦੇ ਕੇ ਅਹਿਸਾਨ ਕਰਦੀ ਰਹਿੰਦੀ ਹੈ। ਭਾਰਤ ਹੁਣ ਕੇਂਦਰੀਵਾਦ ਦੀ ਇਕ ਬਹੁਤ ਹੀ ਕੋਝੀ ਮਿਸਾਲ ਬਣ ਗਿਆ ਹੈ। ਹੋਣਾ ਇਹ ਚਾਹੀਦਾ ਸੀ ਕਿ ਸਾਰੇ ਰਾਜ ਦੇਸ਼ 'ਚ ਤਕੜੇ ਹੁੰਦੇ ਤੇ ਉਹ ਆਪਣੇ ਸਾਰੇ ਆਰਥਿਕ, ਸੱਭਿਆਚਾਰਕ ਤੇ ਸਮਾਜਿਕ ਮਾਮਲਿਆਂ ਨੂੰ ਆਪ ਨਜਿੱਠਦੇ। ਕੇਂਦਰ ਹਰ ਤੀਜੇ ਦਿਨ ਦੇਸ਼ ਦੀ ਅਖੰਡਤਾ ਨੂੰ ਵੱਖਵਾਦੀ ਤਾਕਤਾਂ ਤੋਂ ਖਤਰਾ ਦਰਸਾ ਕੇ ਵੱਧ ਤੋਂ ਵੱਧ ਤਾਕਤਾਂ ਇਕੱਠੀਆਂ ਕਰਦਾ ਰਹਿੰਦਾ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਰਾਜ ਸਰਕਾਰਾਂ ਨਿਮਾਣੀਆਂ ਬਣ ਗਈਆਂ ਹਨ। ਜੇਕਰ ਕੇਂਦਰ ਪੰਜਾਬ ਦਾ 35000 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰ ਸਕਦਾ ਹੈ ਤਾਂ ਸੁਆਲ ਪੁੱਛਿਆ ਜਾ ਸਕਦਾ ਹੈ ਕਿ ਕੇਂਦਰ ਕੋਲ ਇਹ ਸਾਧਨ ਕਿੱਥੋਂ ਆਉਂਦੇ ਹਨ? ਪਹਿਲਾਂ ਕੇਂਦਰ ਨੇ ਕਿਸਾਨਾਂ ਦਾ 70000 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕੀਤਾ ਸੀ।

ਰਾਜ ਸਰਕਾਰਾਂ ਇਹ ਕਰਜ਼ਾ ਖੁਦ ਮੁਆਫ਼ ਕਿਉਂ ਨਹੀਂ ਕਰ ਸਕਦੀਆਂ? ਦੇਸ਼ ਦੇ ਰਾਜਾਂ ਦੇ ਵਜੂਦ ਤੋਂ ਬਿਨ੍ਹਾਂ ਭਾਰਤ ਦਾ ਕੋਈ ਵਜੂਦ ਹੈ ਹੀ ਨਹੀਂ। ਦੇਸ਼ ਦੇ ਸਾਰੇ ਰਾਜ ਜੁੜ ਕੇ ਹੀ ਭਾਰਤ ਦੇਸ਼ ਬਣਾਉਂਦੇ ਹਨ। ਕੇਂਦਰ ਦੇ ਸਾਰੇ ਵਿੱਤੀ ਸੋਮੇ ਰਾਜਾਂ ਤੋਂ ਹੀ ਇਕੱਠੇ ਹੋ ਕੇ ਕੇਂਦਰ 'ਚ ਪਹੁੰਚਦੇ ਹਨ। ਪਰ ਸਮੇਂ ਨਾਲ ਕੇਂਦਰ ਨੇ ਵੱਡੀ ਮਾਤਰਾ 'ਚ ਵਿੱਤੀ ਤਾਕਤਾਂ ਦਾ ਕੇਂਦਰੀਕਰਨ ਕਰ ਲਇਆ ਹੈ ਤੇ ਰਾਜਾਂ ਨੂੰ ਮੁਥਾਜ ਬਣਾ ਦਿੱਤਾ ਹੈ। ਹੁਣ ਸਮਾਂ ਆ ਗਿਆ ਹੈ ਕਿ ਸਾਰੇ ਰਾਜ ਵਿੱਤੀ ਖੁਦਮੁਖਤਾਰੀ ਲਈ ਲਾਮਬੰਦ ਹੋਣ। ਭਾਰਤ ਨੂੰ ਇਕੱਠਾ ਰੱਖਣ ਦਾ ਬੁਨਿਆਦੀ ਅਸੂਲ ਸੰਘਵਾਦ ਹੀ ਹੈ।

# ਜਨਤਾ ਦਲ ਯੂ ਦੇ ਮੁਸਲਿਮ ਹਮਾਇਤੀ ਹੁਣ ਲਾਲੂ ਨਾਲ

**ਪਟਨਾ:** ਬਿਹਾਰ ਵਿਧਾਨ ਸਭਾ ਚੋਣਾਂ ਦੇ ਸਿਲਸਿਲੇ 'ਚ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਰਾਸ਼ਟਰੀ ਜਨਤਾ ਦਲ (ਰਾਜਦ) ਦੇ ਮੁਖੀ ਲਾਲੂ ਪ੍ਰਸਾਦ ਯਾਦਵ ਦਰਮਿਆਨ ਛਿੜੀ ਸਿਆਸੀ ਜੰਗ ਦਾ ਇਕ ਹੋਰ ਰੰਗ ਦੇਖਣ ਨੂੰ ਮਿਲਿਆ।

ਸੱਤਾਧਾਰੀ ਜਨਤਾ ਦਲ ਯੂਨਾਈਟਿਡ (ਜ ਦ ਯੂ) ਨਾਲ ਜੁੜੇ ਘੱਟ-ਗਿਣਤੀ ਦੇ ਮੁਖੀ ਸਮੇਤ ਜ਼ਿਆਦਾਤਰ ਵੱਡੇ ਨੇਤਾਵਾਂ ਨੇ ਰਾਜਦ 'ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਹੈ। ਉਧਰ ਜ ਦ ਯੂ ਨੇ ਕਿਹਾ ਕਿ ਇਸ ਘੱਟ ਗਿਣਤੀ ਵਰਗ ਨੂੰ ਇਕ ਦਿਨ ਪਹਿਲਾਂ ਹੀ ਭੰਗ ਕਰ ਦਿੱਤਾ ਗਿਆ ਸੀ। ਇਹ ਅਜਿਹਾ ਹੀ ਮੌਕਾ ਸੀ ਜਦੋਂ ਜਦਯੂ ਨਾਲ ਘੱਟ ਗਿਣਤੀ ਲੋਕਾਂ ਦੇ ਲੱਗਭਗ ਸਾਰੇ ਅਹੁਦੇਦਾਰ ਲਾਲੂ ਪ੍ਰਸਾਦ ਯਾਦਵ ਨਾਲ ਇਕ ਸਟੇਜ 'ਤੇ ਆ ਗਏ। ਭੰਗ ਜਦਯੂ ਘੱਟ ਗਿਣਤੀ ਵਿੰਗ ਦੇ ਮੁਖੀ ਆਬੂ ਤਾਲਿਬ ਰਹਿਮਾਨੀ ਨੇ ਇਸ ਦਲ ਬਦਲੀ ਨੂੰ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਬੇਨਕਾਬ ਹੋਏ ਨਕਲੀ ਮੁਸਲਿਮ ਪ੍ਰੇਮ ਦਾ ਨਤੀਜਾ ਦੱਸਿਆ। ਉਨ੍ਹਾਂ ਕਿਹਾ ਕਿ ਵਾਅਦੇ ਮੁਤਾਬਕ ਹੱਕ ਮੰਗਣ ਵਾਲੇ ਮੁਸਲਮਾਨਾਂ ਨੂੰ ਜ਼ੁਬਾਨ ਬੰਦ ਰੱਖਣ ਦਾ ਫੁਰਮਾਨ ਸੁਣਾਉਣ ਵਾਲੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਚੁਣੌਤੀ ਦਿੰਦਾ ਹਾਂ ਕਿ ਉਹ ਆਪਣਾ ਤੀਰ (ਜਦਯੂ ਚੋਣ ਨਿਸ਼ਾਨ) ਅਜ਼ਮਾਉਣ। ਇਸ ਮੌਕੇ ਮੌਜੂਦ ਕਈ ਮੁਸਲਿਮ ਆਗੂਆਂ ਅਤੇ ਕਾਰਕੁੰਨਾਂ ਦੀਆਂ ਤਾੜੀਆਂ ਨਾਲ ਉਤਸ਼ਾਹਤ ਲਾਲੂ ਪ੍ਰਸਾਦ ਨੇ ਕਿਹਾ ਕਿ ਨਿਤੀਸ਼ ਕੁਮਾਰ ਨੂੰ ਪਛਾਣਨ 'ਚ ਇਨ੍ਹਾਂ ਲੋਕਾਂ ਤੋਂ ਜਿਹੜੀ ਗਲਤੀ ਹੋਈ, ਉਸ ਦਾ ਅਹਿਸਾਸ ਉਨ੍ਹਾਂ ਨੂੰ ਹੋ ਗਿਆ ਹੈ।

ਪੱਤਰਕਾਰਾਂ ਦੇ ਇਕ ਸਵਾਲ ਨੇ ਲਾਲੂ ਪ੍ਰਸਾਦ ਨੂੰ ਪੁਰਾਣੇ ਰੰਗ 'ਚ ਲਿਆ ਦਿੱਤਾ। ਉਨ੍ਹਾਂ ਤੋਂ ਪੁੱਛਿਆ ਗਿਆ ਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਉਪ ਮੁੱਖ ਮੰਤਰੀ ਸੁਸ਼ੀਲ ਕੁਮਾਰ ਮੋਦੀ ਕਹਿ ਰਹੇ ਹਨ ਕਿ ਰਾਬੜੀ ਦੇਵੀ ਹਾਰ ਜਾਣ ਕਾਰਨ ਦੋ ਸੀਟਾਂ ਤੋਂ ਚੋਣ ਲੜਨ ਨੂੰ ਮਜਬੂਰ ਹੋਈ ਹੈ, ਏਨਾ ਸੁਣਨਾ ਸੀ ਕਿ ਲਾਲੂ ਪ੍ਰਸਾਦ ਨੇ ਲਲਕਾਰਨਾ ਸ਼ੁਰੂ ਕਰ ਦਿੱਤਾ ਕਿ ਸੋਨਪੁਰ ਅਤੇ ਰਾਘੋਪੁਰ ਦੋਵਾਂ ਥਾਵਾਂ ਤੋਂ ਰਾਬੜੀ ਦੇਵੀ ਚੋਣ ਮੈਦਾਨ 'ਚ ਰਹੇਗੀ, ਜੇ ਹਿੰਮਤ ਹੈ ਤਾਂ ਨਿਤੀਸ਼ ਕੁਮਾਰ ਤੇ ਸੁਸ਼ੀਲ ਮੋਦੀ ਦੋਵਾਂ ਵਿਚੋਂ ਇਕ-ਇਕ ਉਥੇ ਚੋਣ ਲੜਨ। ਰਾਬੜੀ ਦੇਵੀ ਨੂੰ ਕਮਜ਼ੋਰ ਨਾ ਸਮਝੋ, ਉਹ ਨਾਰੀ ਨਹੀਂ ਚਿੰਗਾਰੀ ਹੈ।

**ਭਾਜਪਾ ਬਿਹਾਰ ਦੇ ਪ੍ਰਧਾਨ ਨੇ ਦਿੱਤਾ ਅਸਤੀਫਾ:** ਕਰਨਾਟਕ 'ਚ ਸਿਆਸੀ ਸੰਕਟ 'ਚ ਘਿਰੀ ਭਾਜਪਾ ਨੂੰ ਅਜੇ ਇਸ ਮੁਸ਼ਕਲ ਵਿਚੋਂ ਨਿਕਲਣ ਦਾ ਰਾਹ ਨਹੀਂ ਦਿਸ ਰਿਹਾ ਸੀ ਕਿ ਇਕ ਹੋਰ ਨਵੀਂ ਮੁਸੀਬਤ ਗਲੇ ਆ ਪਈ। ਬਿਹਾਰ 'ਚ ਆਪਣੀ ਸਿਆਸੀ ਭਾਈਵਾਲ ਜੇ ਡੀ-ਯੂ ਨਾਲ ਟੀਕਾ-ਟਿੱਪਣੀਆਂ ਕਰਨ ਵਾਲੀ ਭਾਜਪਾ ਦੇ ਸੂਬਾ ਪ੍ਰਧਾਨ ਸੀ ਪੀ ਠਾਕੁਰ ਨੇ ਆਪਣੇ ਪੁੱਤਰ ਨੂੰ ਟਿਕਟ ਨਾ ਮਿਲਣ ਤੋਂ ਨਾਰਾਜ਼ ਹੋ ਕੇ ਲੰਘੀ 8 ਅਕਤੂਬਰ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ।

ਪਟਨਾ 'ਚ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਮੈਂ ਆਪਣਾ ਅਸਤੀਫਾ ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੂੰ ਭੇਜ ਦਿੱਤਾ ਹੈ। ਠਾਕੁਰ ਨੇ ਇਸ ਤੋਂ ਵੱਧ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ। ਦੱਸਣਾ ਬਣਦਾ ਹੈ ਕਿ ਸ੍ਰੀ ਠਾਕੁਰ ਸੂਬੇ ਦੀ ਦੀਘਾ ਵਿਧਾਨ ਸਭਾ ਸੀਟ ਜੇਡੀ-ਯੂ ਦੇ ਖਾਤੇ 'ਚ ਜਾਣ ਤੋਂ ਨਾਰਾਜ਼ ਸਨ, ਕਿਉਂਕਿ ਉਹ ਇਸ ਸੀਟ 'ਤੇ ਆਪਣੇ ਪੁੱਤਰ ਨੂੰ ਚੋਣ ਲੜਾਉਣਾ ਚਾਹੁੰਦੇ ਸਨ।

ਦੂਜੇ ਪਾਸੇ ਭਾਜਪਾ ਨੇ ਉਨ੍ਹਾਂ ਦੇ ਪੁੱਤਰ ਨਿਤਿਨ ਠਾਕੁਰ ਨੂੰ ਬਾਂਕੀਪੁਰ ਵਿਧਾਨ ਸਭਾ ਹਲਕੇ ਤੋਂ ਟਿਕਟ ਦੇ ਦਿੱਤੀ ਹੈ, ਪਰ ਇਸ ਦੇ ਬਾਵਜੂਦ ਉਹ ਸੰਤੁਸ਼ਟ ਨਹੀਂ ਹੋਏ। ਸੀ ਪੀ ਠਾਕੁਰ ਦੇ ਅਸਤੀਫੇ ਦੀ ਖ਼ਬਰ ਮਿਲਦਿਆਂ ਹੀ ਪਾਰਟੀ ਦੇ ਆਗੂ ਸੰਜੇ ਝਾਅ ਤੇ ਹਰੇਂਦਰ ਪ੍ਰਤਾਪ ਉਨ੍ਹਾਂ ਨੂੰ ਮਨਾਉਣ ਲਈ ਉਨ੍ਹਾਂ ਦੀ ਰਿਹਾਇਸ਼ 'ਤੇ ਪਹੁੰਚੇ, ਪਰ ਉਨ੍ਹਾਂ ਦੀ ਰਿਹਾਇਸ਼ ਬਾਹਰੋਂ ਬੰਦ ਸੀ ਅਤੇ ਇਨ੍ਹਾਂ ਆਗੂਆਂ ਨੂੰ ਸੀ ਪੀ ਠਾਕੁਰ ਦੇ ਹਮਾਇਤੀਆਂ ਨੇ ਅੰਦਰ ਹੀ ਨਹੀਂ ਜਾਣ ਦਿੱਤਾ।

ਇਸ ਤੋਂ ਇਲਾਵਾ ਸੀ ਪੀ ਠਾਕੁਰ ਦੇ ਹਮਾਇਤੀਆਂ ਨੇ ਇਨ੍ਹਾਂ ਆਗੂਆਂ ਨਾਲ ਧੱਕਾ-ਮੁੱਕੀ ਵੀ ਕੀਤੀ। ਇਸ ਘਟਨਾਕ੍ਰਮ ਦੌਰਾਨ ਨਿਤਿਨ ਠਾਕੁਰ ਘਰ ਤੋਂ ਬਾਹਰ ਨਿਕਲੇ, ਪਰ ਉਨ੍ਹਾਂ ਕਿਸੇ ਨਾਲ ਗੱਲਬਾਤ ਨਹੀਂ ਕੀਤੀ।

# ਸਿਮੀ ਤੇ ਸੰਘ ਵਿਚ ਕੋਈ ਬਹੁਤਾ ਫਰਕ ਨਹੀਂ-ਰਾਹੁਲ

**ਭੋਪਾਲ :** ਕਾਂਗਰਸ ਦੇ ਨੌਜਵਾਨ ਆਗੂ ਰਾਹੁਲ ਗਾਂਧੀ ਨੇ ਫਿਰਕਾਪ੍ਰਸਤ ਤਾਕਤਾਂ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਪਾਬੰਦੀਸ਼ੁਦਾ ਜਥੇਬੰਦੀ ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ ਇੰਡੀਆ (ਸਿਮੀ) ਤੇ ਰਾਸ਼ਟਰੀ ਸਵੈ-ਸੇਵਕ ਸੰਘ (ਆਰ ਐਸ ਐਸ) 'ਚ ਬਹੁਤ ਜ਼ਿਆਦਾ ਫਰਕ ਨਹੀਂ ਹੈ ਅਤੇ ਇਹ ਦੋਵੇਂ ਸੰਗਠਨ ਕੱਟੜ ਤੇ ਰੂੜੀਵਾਦੀ ਹਨ। ਇਥੇ ਬੀਤੀ 6 ਅਕਤੂਬਰ ਨੂੰ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਸਿਮੀ ਇਕ ਪਾਬੰਦੀਸ਼ੁਦਾ ਸੰਗਠਨ ਹੈ, ਜਦਕਿ ਆਰ ਐਸ ਐਸ ਦੇ ਮਾਮਲੇ 'ਚ ਅਜਿਹਾ ਨਹੀਂ ਹੈ ਤਾਂ ਰਾਹੁਲ ਨੇ ਕਿਹਾ ਕਿ ਦੋਨੋਂ ਹੀ ਕੱਟੜਵਾਦੀ ਸੰਗਠਨ ਹਨ ਤੇ ਵਿਚਾਰਕ ਕੱਟੜਤਾ ਨੂੰ ਲੈ ਕੇ ਦੋਵਾਂ 'ਚ ਕੋਈ ਅੰਤਰ ਨਹੀਂ ਹੈ।



ਜ਼ਿਕਰਯੋਗ ਹੈ ਕਿ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਬੀਤੇ ਦਿਨ ਟੀਕਮਗੜ੍ਹ 'ਚ ਇਕ ਸਮਾਗਮ ਦੌਰਾਨ ਕਿਹਾ ਸੀ ਕਿ ਸਿਮੀ ਤੇ ਆਰ ਐਸ ਐਸ 'ਚ ਕੋਈ ਫ਼ਰਕ ਨਹੀਂ ਹੈ। ਜਦਕਿ ਆਰ.ਐਸ. ਐਸ. ਅਤੇ ਸਿਮੀ ਨੂੰ ਇੱਕੋ ਹੀ ਪਲੜੇ ਵਿਚ ਰੱਖਣ ਲਈ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਦੀ ਨਿਖੇਧੀ ਕਰਦਿਆਂ ਸੰਘ ਪਰਿਵਾਰ ਨੇ ਕਿਹਾ ਕਿ ਦੇਸ਼ ਦੀ ਸਿਆਸਤ ਵਿਚ ਆਪਣਾ ਜਾਦੂ ਨਾ ਚੱਲਣ ਕਾਰਨ ਉਹ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ।

ਭਾਜਪਾ ਦੇ ਬੁਲਾਰੇ ਪ੍ਰਕਾਸ਼ ਜਾਵੇਦਕਰ ਨੇ ਬੀਤੀ 6 ਅਕਤੂਬਰ ਨੂੰ ਨਵੀਂ ਦਿੱਲੀ ਵਿਚ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਦੇਸ਼ ਭਰ ਵਿਚ ਕਈ ਉਪ ਚੋਣਾਂ ਵਿਚ ਕਾਂਗਰਸ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਹੈ। ਇਸ ਹਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਰਾਹੁਲ ਦਾ ਜਾਦੂ ਨਹੀਂ ਚੱਲ ਰਿਹਾ। ਆਰ ਐਸ ਐਸ ਦੇ ਬੁਲਾਰੇ ਰਾਮ ਮਾਧਵ ਨੇ ਸਖ਼ਤ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਕਿਹਾ ਕਿ ਰਾਹੁਲ ਨੂੰ ਇਟਲੀ ਤੇ ਕੋਲੰਬੀਆ ਤੋਂ ਪਹਿਲਾਂ ਭਾਰਤ ਦੀ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ।

## ਨਿਊਜ਼ੀਲੈਂਡ ਦਾ ਹਾਈ ਕਮਿਸ਼ਨਰ ਤਲਬ

**ਨਵੀਂ ਦਿੱਲੀ:** ਨਿਊਜ਼ੀਲੈਂਡ ਦੇ ਇਕ ਪ੍ਰਮੁੱਖ ਟੀ ਵੀ ਚੈਨਲ ਦੇ ਐਂਕਰ ਵਲੋਂ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਖ਼ਿਲਾਫ਼ ਨਸਲੀ ਟਿੱਪਣੀ ਕਰਨ ਤੋਂ ਨਾਰਾਜ਼ ਵਿਦੇਸ਼ ਮੰਤਰਾਲੇ ਨੇ ਬੀਤੀ 7 ਅਕਤੂਬਰ ਨੂੰ ਉਥੋਂ ਦੇ ਹਾਈ ਕਮਿਸ਼ਨਰ ਰੁਪਰਟ ਹੋਲਬਰੋ ਨੂੰ ਤਲਬ ਕੀਤਾ ਅਤੇ ਇਸ ਘਟਨਾ 'ਤੇ ਸਖ਼ਤ ਇਤਰਾਜ਼ ਜਤਾਉਂਦਿਆਂ ਚੈਨਲ ਦੇ ਐਂਕਰ ਖਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ।

ਵਿਦੇਸ਼ ਮੰਤਰਾਲੇ ਵਲੋਂ ਜਾਰੀ ਬਿਆਨ ਅਨੁਸਾਰ ਹੋਲਬਰੋ ਨੇ ਆਪਣੇ ਵਲੋਂ ਇਸ ਘਟਨਾ ਲਈ ਡੂੰਘਾ ਅਫਸੋਸ ਪ੍ਰਗਟ ਕਰਦਿਆਂ ਇਸ ਟਿੱਪਣੀ ਨੂੰ ਸਭਿਆਚਾਰਕ ਰੂਪ ਨਾਲ ਅਸੰਵੇਦਨਸ਼ੀਲ ਤੇ ਗ਼ੈਰ-ਜ਼ਰੂਰੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਨਿਊਜ਼ੀਲੈਂਡ ਸਰਕਾਰ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਂਦੇ ਅਤੇ ਟੀ ਵੀ ਐਂਕਰ ਪਾਲ ਹੇਨਰੀ ਨੇ ਜਾਣਬੁੱਝ ਕੇ ਦੀਕਸ਼ਤ ਦੇ ਨਾਂ ਨੂੰ ਮਜ਼ਾਕ ਬਣਾਇਆ ਹੈ। ਦੱਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ ਵੀ ਹੇਨਰੀ ਨਿਊਜ਼ੀਲੈਂਡ 'ਚ ਭਾਰਤੀ ਮੂਲ ਦੇ ਗਵਰਨਰ ਜਨਰਲ ਸਰ ਆਨੰਦ ਸਤਿਆਨੰਦ ਖ਼ਿਲਾਫ਼ ਟਿੱਪਣੀ ਕਰ ਚੁੱਕੇ ਹਨ। ਸੂਤਰਾਂ ਅਨੁਸਾਰ ਹਾਈ ਕਮਿਸ਼ਨਰ ਨੇ ਆਪਣੇ ਵੱਲੋਂ ਮੁਆਫ਼ੀ ਮੰਗਦਿਆਂ ਕਿਹਾ ਕਿ ਉਹ ਦਿੱਲੀ ਦੀ ਮੁੱਖ ਮੰਤਰੀ ਤੋਂ ਵੀ ਮੁਆਫ਼ੀ ਮੰਗਣਗੇ।

## ਅਜਬ-ਗਜਬ

### ਖਟਮਲਾਂ ਦੀ ਦਹਿਸ਼ਤ

**ਨਿਊਯਾਰਕ :** ਇਸ ਸਾਲ ਗਰਮੀ ਦੇ ਮੌਸਮ 'ਚ ਨਿਊਯਾਰਕ 'ਚ ਖਟਮਲਾਂ ਨੇ ਦਹਿਸ਼ਤ ਮਚਾਈ ਹੋਈ ਹੈ ਅਤੇ ਇਸ ਕਾਰਨ ਨਾਇਕੀ ਅਤੇ ਬਲਿਊ ਮਿੰਗਡੇਲਸ ਨੂੰ ਆਪਣੇ ਸਟੋਰ ਤੱਕ ਬੰਦ ਕਰਨੇ ਪਏ। ਹਾਲਤ ਇਹ ਹੋ ਗਈ ਹੈ ਕਿ ਇਥੋਂ ਦੇ ਇਕ ਸਭ ਤੋਂ ਵੱਡੇ ਹੋਟਲ ਐਸਟੋਰੀਆ ਵਿਖੇ ਖਟਮਲਾਂ ਕਾਰਨ ਮਹਿਮਾਨਾਂ ਦੇ ਨੱਕ 'ਚ ਦਮ ਆ ਗਿਆ ਹੈ। ਹੋਟਲ ਦੇ ਪ੍ਰਬੰਧਕਾਂ ਨੇ ਉਂਝ ਮਹਿਮਾਨਾਂ ਦੇ ਕਮਰੇ ਵਿਚ ਖਟਮਲ ਹੋਣ ਤੋਂ ਇਨਕਾਰ ਕੀਤਾ ਹੈ। ਖਬਰਾਂ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਦੇ ਕਈ ਸ਼ਹਿਰਾਂ ਵਿਚ ਖਟਮਲਾਂ ਦੀ ਤਾਦਾਦ ਅੱਜ ਕੱਲ੍ਹ ਬਹੁਤ ਵਧ ਗਈ ਹੈ ਪਰ ਨਿਊਯਾਰਕ ਸਭ ਤੋਂ ਵੱਧ ਪ੍ਰੇਸ਼ਾਨ ਹੈ। ਅੰਪਾਇਰ ਸਟੇਟ ਬਿਲਡਿੰਗ ਦੀ ਬੇਸਮੈਂਟ ਵਿਚ ਵੀ ਖਟਮਲ ਆ ਗਏ ਹਨ।

### ਬਰਤਾਨਵੀ ਉਮਰ ਵਧਣ ਨਾਲ ਚਿੜਚਿੜੇ ਹੋ ਜਾਂਦੇ ਨੇ

**ਲੰਡਨ :** ਬ੍ਰਿਟੇਨ ਦੇ ਲੋਕ ਘੱਟ ਹੱਸਦੇ ਹਨ ਅਤੇ ਜਿਵੇਂ-ਜਿਵੇਂ ਉਨ੍ਹਾਂ ਦੀ ਉਮਰ ਵਧਦੀ ਹੈ, ਉਨ੍ਹਾਂ ਦੇ ਚਿਹਰੇ ਤੋਂ ਹਾਸਾ ਘੱਟ ਹੋਣ ਲੱਗਦਾ ਹੈ। ਆਖਿਰ 52 ਸਾਲ ਦੇ ਹੁੰਦੇ-ਹੁੰਦੇ ਉਹ ਪੂਰੀ ਤਰ੍ਹਾਂ ਚਿੜਚਿੜੇ ਹੋ ਜਾਂਦੇ ਹਨ। ਇਕ ਨਵੇਂ ਅਧਿਐਨ 'ਚ ਦਾਅਵਾ ਕੀਤਾ ਗਿਆ ਹੈ ਕਿ ਬ੍ਰਿਟੇਨ 'ਚ ਚੁਟਕਲੇ ਸੁਣਾਉਣ ਦੀ ਕਲਾ ਖਤਮ ਹੋ ਰਹੀ ਹੈ ਅਤੇ ਇਕ ਵਿਅਕਤੀ ਔਸਤਨ ਦੋ ਚੁਟਕਲੇ ਹੀ ਸੁਣਾ ਸਕਦਾ ਹੈ। 14 ਫੀਸਦੀ ਬ੍ਰਿਟੇਨ ਵਾਸੀਆਂ ਨੇ ਤਾਂ ਕਬੂਲ ਕੀਤਾ ਹੈ ਕਿ ਉਨ੍ਹਾਂ ਨੇ ਅੱਜ ਤੱਕ ਕਦੀ ਚੁਟਕਲੇ ਸੁਣਾਏ ਹੀ ਨਹੀਂ। ਅਧਿਐਨ ਮੁਤਾਬਕ ਬਚਪਨ ਵਿਚ ਬ੍ਰਿਟੇਨ ਦੇ ਲੋਕ ਦਿਨ ਵਿਚ 300 ਵਾਰ ਹੱਸਦੇ ਹਨ ਜਦਕਿ ਜਵਾਨੀ ਆਉਂਦਿਆਂ-ਆਉਂਦਿਆਂ ਉਨ੍ਹਾਂ ਦਾ ਹਾਸਾ ਦਿਨ ਵਿਚ 6 ਵਾਰ ਤੱਕ ਸਿਮਟ ਜਾਂਦਾ ਹੈ। 30 ਤੋਂ ਬਾਅਦ ਇਹ ਗਿਣਤੀ 5 ਹੋ ਜਾਂਦੀ ਹੈ। 50 ਤੋਂ ਬਾਅਦ ਬ੍ਰਿਟੇਨ ਦੇ ਲੋਕ ਆਪਣੀ ਹੱਸਣ ਦੀ ਪ੍ਰਵਿਰਤੀ ਗੁਆਉਣ ਲਗਦੇ ਹਨ ਤੇ ਦਿਨ 'ਚ ਸਿਰਫ ਤਿੰਨ ਵਾਰ ਹੱਸਦੇ ਹਨ।

### ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਘੱਟ ਆਉਂਦਾ ਪਸੀਨਾ

**ਲੰਡਨ :** ਇਕ ਕਹਾਵਤ ਹੈ ਕਿ ਘੋੜਿਆਂ ਤੇ ਮਰਦਾਂ ਨੂੰ ਪਸੀਨਾ ਆਉਂਦਾ ਹੈ, ਜਦੋਂਕਿ ਔਰਤਾਂ ਸਿਰਫ ਚਮਕਦੀਆਂ ਹਨ। ਜੇ ਤੁਸੀਂ ਸੋਚਦੇ ਹੋ ਕਿ ਅਜਿਹਾ ਨਹੀਂ ਹੈ ਤਾਂ ਇਕ ਵਾਰ ਮੁੜ ਸੋਚੋ ਕਿਉਂਕਿ ਇਹ ਸਾਬਤ ਹੋ ਗਿਆ ਹੈ ਕਿ ਔਰਤਾਂ ਨੂੰ ਜ਼ਿਆਦਾ ਪਸੀਨਾ ਨਹੀਂ ਆਉਂਦਾ।

ਜਾਪਾਨੀ ਖੋਜੀਆਂ ਨੇ ਇਕ ਅਧਿਐਨ ਕਰ ਕੇ ਇਹ ਨਤੀਜਾ ਕੱਢਿਆ ਹੈ ਕਿ ਆਦਮੀਆਂ ਦੇ ਮੁਕਾਬਲੇ ਔਰਤਾਂ ਨੂੰ ਪਸੀਨਾ ਘੱਟ ਆਉਂਦਾ ਹੈ। ਇਸ ਦੌਰਾਨ ਆਦਮੀਆਂ ਤੇ ਔਰਤਾਂ ਦੇ ਇਕ ਦਲ ਨੂੰ ਇਕ ਘੰਟਾ ਸਾਈਕਲ ਚਲਾਉਣ ਲਈ ਕਿਹਾ ਗਿਆ। ਆਦਮੀਆਂ ਨੂੰ ਪਸੀਨਾ ਜ਼ਿਆਦਾ ਆਇਆ।

### ਪੇਪਰ ਲੀਕ ਮਾਮਲੇ 'ਚ ਜਲ ਸੈਨਾ ਕਮਾਂਡਰ ਗ੍ਰਿਫਤਾਰ

**ਮੁੰਬਈ :** ਜਲ ਸੈਨਾ ਸੰਬੰਧੀ ਪ੍ਰਸ਼ਨ ਪੱਤਰ ਲੀਕ ਕਰਨ ਦਾ ਮਾਮਲਾ ਉਸ ਸਮੇਂ ਹੋਰ ਧੁੰਦਲਾ ਹੋ ਗਿਆ, ਜਦ ਸੀ ਬੀ ਆਈ ਨੇ ਜਲ ਸੈਨਾ ਦੇ ਇਕ ਸੀਨੀਅਰ ਅਫਸਰ ਨੂੰ ਇਸ ਸਕੈਂਡਲ 'ਚ ਸ਼ਮੂਲੀਅਤ ਦੇ ਦੋਸ਼ ਹੇਠ ਬੀਤੀ 5 ਅਕਤੂਬਰ ਨੂੰ ਗ੍ਰਿਫਤਾਰ ਕਰ ਲਿਆ ਅਤੇ ਕਮਾਂਡ 'ਚੋਂ ਹੋਰ ਲੋਕਾਂ ਦੀ ਸ਼ਮੂਲੀਅਤ ਬਾਰੇ ਉਸ ਕੋਲੋਂ ਪੁੱਛਗਿੱਛ ਕੀਤੀ। ਸੈਨੀ ਉਪਰ ਐੱਲ ਡੀ ਸੀ (ਲੋਅਰ ਡਵੀਜ਼ਨ ਕਲਰਕ) ਦਾ ਪ੍ਰਸ਼ਨ ਪੱਤਰ ਪੱਛਮੀ ਸਮੁੰਦਰੀ ਕਮਾਂਡ ਦੇ ਪ੍ਰਸ਼ਾਸਕੀ ਅਫਸਰ ਅਤੇ ਇਸ਼ਤਿਹਾਰ ਬੋਰਡ ਦੇ ਪ੍ਰਧਾਨ ਆਰ ਸੀ ਨਾਇਕ ਨੂੰ ਲੀਕ ਕਰਨ ਦਾ ਦੋਸ਼ ਹੈ। ਸੀ ਬੀ ਆਈ ਨੇ ਬੀਤੀ 26 ਸਤੰਬਰ ਨੂੰ 4 ਵਿਅਕਤੀਆਂ ਨਾਇਕ ਡੀ ਐਸ ਮੂਰਤੀ, ਰਾਮਵੀਰ ਸਿੰਘ ਰਾਵਤ ਅਤੇ ਇਕ ਅਧਿਆਪਕ ਹੁਸ਼ਿਆਰ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ।

# ਪਰਵੇਜ਼ ਮੁਸ਼ੱਰਫ ਦੀ ਸਿਆਸੀ ਤਿਕੜਮਬਾਜ਼ੀ ਦੇ ਅਰਥ

ਪਰਵੇਜ਼ ਮੁਸ਼ੱਰਫ਼ ਵਲੋਂ ਅੱਤਵਾਦੀ ਜਥੇਬੰਦੀਆਂ ਦੀ ਮਦਦ ਕਰਨ ਬਾਬਤ ਦਿੱਤੇ ਬਿਆਨ ਨਾਲ ਕੋਈ ਨਵਾਂ ਰਹੱਸ ਤਾਂ ਨਹੀਂ ਖੁੱਲ੍ਹਿਆ ਪਰ ਇਸ ਦੇ ਮਾਅਨੇ ਸਮਝਣੇ ਜ਼ਰੂਰੀ ਹਨ। ਮੁਸ਼ੱਰਫ਼ ਨੇ ਕੁਝ ਦਿਨ ਪਹਿਲਾਂ ਹੀ ਆਪਣੀ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕੀਤਾ ਹੈ। ਆਲ ਪਾਕਿਸਤਾਨ ਮੁਸਲਿਮ ਲੀਗ (ਅਪਮਲ) ਰਾਹੀਂ ਮੁਸ਼ੱਰਫ਼ ਮੁੜ ਕੇ ਪਾਕਿਸਤਾਨ ਦੇ ਸਿਆਸੀ ਪਿੜ ਵਿਚ ਸਰਗਰਮ ਹੋਣਾ ਚਾਹੁੰਦੇ ਹਨ। ਉਨ੍ਹਾਂ ਦੀ ਸਿਆਸੀ ਪਾਰਟੀ ਦੇ ਨਾਂ ਤੋਂ ਹੀ ਸਪਸ਼ਟ ਸੀ ਕਿ ਉਹ ਮੁਸਲਿਮ ਲੀਗ ਦੀ ਵਿਰਾਸਤ 'ਤੇ ਦਾਅਵਾ ਜਤਾਉਣਾ ਚਾਹੁੰਦੇ ਹਨ। ਇਸ ਵੇਲੇ ਉਹ ਲੰਡਨ ਵਿਚ ਬੈਠ ਕੇ ਬਿਆਨਬਾਜ਼ੀ ਕਰ ਰਹੇ ਹਨ ਜਿਸ ਦੇ ਸਿਆਸੀ ਮਾਅਨੇ ਹਨ। ਉਹ ਗੱਲ ਭਾਵੇਂ ਕਿਸੇ ਪੱਤਰਕਾਰ ਨਾਲ ਕਰ ਰਹੇ ਹੋਣ ਪਰ ਸੁਣਾ ਪਾਕਿਸਤਾਨ ਦੇ ਕੱਟੜਪੰਥੀਆਂ ਨੂੰ ਰਹੇ ਹਨ। ਅਫ਼ਗਾਨਿਸਤਾਨ ਵਿਚ ਭਾਰਤ ਦੇ ਦਖ਼ਲ ਅਤੇ ਪਾਕਿਸਤਾਨ ਵਿਚ ਚਲ ਰਹੀ ਖਾਨਾਜੰਗੀ ਵਰਗੀ ਹਾਲਤ ਕਾਰਨ ਬਹੁਤ ਸਾਰੇ ਪਾਕਿਸਤਾਨੀ ਹੁਣ ਅਮਰੀਕਾ ਤੇ ਭਾਰਤ ਨੂੰ ਇਕ ਧਿਰ ਵਜੋਂ ਵੇਖਦੇ ਹਨ। ਇਸ ਮਾਹੌਲ ਵਿਚ ਭਾਰਤ ਵਿਰੋਧੀ ਗੱਲ ਦੀ ਸਿਆਸੀ ਅਹਿਮੀਅਤ ਹੈ। ਮੁਸ਼ੱਰਫ਼ ਆਪਣੇ ਬਿਆਨਾਂ ਰਾਹੀਂ ਮੁਸਲਿਮ ਲੀਗ ਦੇ ਨਾਲ-ਨਾਲ ਪਾਕਿਸਤਾਨੀ ਫ਼ੌਜ ਦੀ ਵਿਰਾਸਤ ਨੂੰ ਆਪਣੇ ਪੱਖ ਵਿਚ ਭੁਗਤਾਉਣਾ ਚਾਹੁੰਦੇ ਹਨ। ਉਹ ਪਾਕਿਸਤਾਨੀ ਫ਼ੌਜ ਦੇ ਸਾਬਕਾ ਮੁਖੀ ਹਨ ਅਤੇ ਰਾਜ ਪਲਟੇ ਰਾਹੀਂ ਨੌਂ ਸਾਲ ਰਾਸ਼ਟਰਪਤੀ ਵੀ ਰਹੇ ਹਨ।

ਮੁਸ਼ੱਰਫ਼ ਨੇ ਕਿਹਾ ਹੈ ਕਿ ਪਾਕਿਸਤਾਨੀ ਅਵਾਮ ਹਰ ਔਖੀ ਘੜੀ ਵਿਚ ਫ਼ੌਜ 'ਤੇ ਟੇਕ ਰੱਖਦਾ ਹੈ। ਉਹ ਇਹ ਵੀ ਮੰਨਦੇ ਹਨ ਕਿ ਹੁਣ ਫ਼ੌਜੀ ਰਾਜ ਪਲਟਿਆਂ ਦਾ ਦੌਰ ਲੰਘ ਚੁੱਕਿਆ ਹੈ। ਇਕੋ ਬਿਆਨ ਰਾਹੀਂ ਉਹ ਆਪਣੇ ਪਿਛੋਕੜ ਨੂੰ ਸਹੀ ਕਰਾਰ ਦਿੰਦੇ ਹਨ ਅਤੇ ਭਵਿੱਖ ਦੀਆਂ ਯੋਜਨਾਵਾਂ ਲਈ ਰਾਹ ਪੱਧਰਾ ਕਰ ਰਹੇ ਹਨ। ਮੁਸ਼ੱਰਫ਼ ਵਲੋਂ ਮੌਕੇ ਅਤੇ ਸਮੇਂ ਦੀ ਚੋਣ ਸੋਚ ਸਮਝ ਕੇ ਕੀਤੀ ਗਈ ਹੈ। ਪਿਛਲੇ ਦਿਨਾਂ ਵਿਚ ਜਾਰੀ ਕੀਤੇ ਗਏ ਉਨ੍ਹਾਂ ਦੇ ਬਿਆਨ ਕੁਝ ਮਹੀਨੇ ਪਹਿਲਾਂ ਵਾਲੀ ਸੁਰ ਨਾਲ ਮੇਲ ਨਹੀਂ ਖਾਂਦੇ। ਰਾਸ਼ਟਰਪਤੀ ਵਜੋਂ ਵੀ ਉਨ੍ਹਾਂ ਦੀ ਸੁਰ ਲਗਾਤਾਰ ਬਦਲਦੀ ਰਹੀ ਸੀ। ਇਨ੍ਹਾਂ ਤੱਥਾਂ ਨਾਲ ਸਾਬਤ ਹੋ ਜਾਂਦਾ ਹੈ ਕਿ ਮੁਸ਼ੱਰਫ਼ ਮੌਕਾਪ੍ਰਸਤ ਇਨਸਾਨ ਹਨ। ਉਹ ਅਜਿਹੇ ਦਾਅ-ਪੇਚਾਂ ਨਾਲ ਹੀ ਫ਼ੌਜ ਦੇ ਮੁਖੀ ਅਤੇ ਬਾਅਦ ਵਿਚ ਰਾਜ ਪਲਟਾ ਕਰਕੇ ਰਾਸ਼ਟਰਪਤੀ ਬਣੇ ਸਨ। ਹੁਣ ਉਹ ਫ਼ੌਜ ਅਤੇ ਕੱਟੜਪੰਥੀਆਂ ਦੇ ਵਿਚਕਾਰੋਂ ਆਪਣੀ ਸਿਆਸੀ ਮੁੜ-ਬਹਾਲੀ ਦਾ ਰਾਹ ਲੱਭ ਰਹੇ ਹਨ। ਇਸ ਪੱਖੋਂ ਭਾਰਤ ਖ਼ਿਲਾਫ਼ ਬੋਲਣਾ ਸਭ ਤੋਂ ਸੁਖਾਲਾ ਕੰਮ ਹੈ। ਇਸ ਵਿਚ ਕੋਈ ਸਿਆਸੀ ਜੋਖ਼ਮ ਨਹੀਂ ਹੈ। ਮੌਜੂਦਾ ਬਿਆਨਾਂ ਨਾਲ ਸਾਬਤ ਹੁੰਦਾ ਹੈ ਕਿ ਮੁਸ਼ੱਰਫ਼ ਕੋਲ ਪਾਕਿਸਤਾਨ ਦੀ ਬੇੜੀ ਕਿਸੇ ਬੰਨੇ ਲਾਉਣ ਦੀ ਕੋਈ ਠੋਸ ਯੋਜਨਾ ਨਹੀਂ ਹੈ। ਉਹ ਪਹਿਲਾਂ ਨਾਕਾਮਯਾਬ ਹੋ ਚੁੱਕੇ ਪੈਂਤੜਿਆਂ ਨੂੰ ਮੁੜ ਕੇ ਅਜ਼ਮਾਉਣਾ ਚਾਹੁੰਦੇ ਹਨ। ਇਹ ਪਾਕਿਸਤਾਨ ਦੇ ਬੇਪਰਤੀਤੇ ਸਿਆਸਤਦਾਨਾਂ ਦੀ ਗਿਣਤੀ ਵਧਾਉਣ ਤੋਂ ਵਧ ਕੁਝ ਨਹੀਂ ਹੈ।

**ਬਿਆਨ ਤੋਂ ਮੁੱਕਰੇ ਮੁਸ਼ੱਰਫ਼:** ਪਾਕਿਸਤਾਨ ਦੇ ਸਾਬਕਾ ਫ਼ੌਜੀ ਸ਼ਾਸਕ ਪਰਵੇਜ਼ ਮੁਸ਼ੱਰਫ਼ ਨੇ ਆਪਣੇ ਬਿਆਨ ਤੋਂ ਮੁੱਕਰਦਿਆਂ ਕਿਹਾ ਹੈ ਕਿ ਮੁਲਕ ਵਿਚਲੀਆਂ ਸਾਰੀਆਂ ਅੱਤਵਾਦੀ ਜਥੇਬੰਦੀਆਂ ਆਪਣੇ-ਆਪ ਹੋਂਦ ਵਿਚ ਆਈਆਂ ਹਨ। ਉਨ੍ਹਾਂ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਕਸ਼ਮੀਰ ਵਿਚ ਲੜਨ ਲਈ ਅੱਤਵਾਦੀ ਪਾਕਿਸਤਾਨ ਨੇ ਤਿਆਰ ਕੀਤੇ ਸਨ। ਇਕ ਭਾਰਤੀ ਟੀ.ਵੀ. ਚੈਨਲ ਨੂੰ ਜਨਾਬ ਮੁਸ਼ੱਰਫ਼ ਨੇ ਦੱਸਿਆ ਕਿ ਉਨ੍ਹਾਂ ਨੇ ਅਜਿਹਾ ਕਦੇ ਨਹੀਂ ਕਿਹਾ। ਭਾਰਤ ਅਤੇ ਪਾਕਿਸਤਾਨ ਵਿਚ ਇਸ ਬਾਰੇ ਕੀਤਾ ਗਿਆ ਪ੍ਰਚਾਰ ਗਲਤ ਫਹਿਮੀ ਦਾ ਸਿੱਟਾ ਹੈ। ਉਨ੍ਹਾਂ ਕਿਹਾ ਕਿ ਉਹ ਇੰਨੇ ਅਨਜਾਣ ਨਹੀਂ, ਜੋ ਅਜਿਹੀ ਟਿੱਪਣੀ ਕਰਨਗੇ। ਮੁਜਾਹਿਦੀਨ ਕਸ਼ਮੀਰ ਵਿਚ ਹੀ ਸਥਾਪਤ ਹੋਏ ਸਨ। ਫ਼ੌਜ ਜਾਂ ਖੁਫ਼ੀਆ ਏਜੰਸੀਆਂ ਵਲੋਂ ਅੱਤਵਾਦੀ ਤਿਆਰ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਉਕਤ ਇੰਟਰਵਿਊ ਵਿਚ ਹੀ ਆਪਣੇ ਸਿਆਸੀ ਸ਼ਰੀਕਾਂ ਨੂੰ ਕਾਇਰ ਕਰਾਰ ਦਿੰਦਿਆਂ ਜਨਾਬ ਮੁਸ਼ੱਰਫ਼ ਨੇ ਕਿਹਾ ਸੀ ਕਿ ਉਸ ਦੇ ਮੁਲਕ ਨੂੰ ਭਾਰਤ ਜਾਂ ਤਾਲਿਬਾਨ ਨਾਲੋਂ ਵੱਧ ਖਤਰਾ ਪ੍ਰਸ਼ਾਸਨ ਦੀ ਨਾਕਾਮੀ ਤੋਂ ਹੈ। ਨਵਾਜ਼ ਸ਼ਰੀਫ ਦੋ ਵਾਰ ਸੱਤਾ ਵਿਚ ਆ ਕੇ ਵੀ ਕੁਝ ਸਾਰਥਿਕ ਨਹੀਂ ਕਰ ਸਕਿਆ, ਕਿਉਂਕਿ ਉਹ ਬੇਅਕਲ ਹੈ। ਉਸ ਮੁਤਾਬਕ ਚੋਣਾਂ ਦਾ ਐਲਾਨ ਹੁੰਦਿਆਂ ਹੀ ਉਹ ਪਾਕਿਸਤਾਨ ਪਰਤੇਗਾ। ਪਾਕਿਸਤਾਨ ਮੁੜਨ ਮਗਰੋਂ ਕਾਨੂੰਨੀ ਅਤੇ ਹੋਰ ਉਲਝਣਾਂ ਵਿਚ ਫਸਣ ਦੀਆਂ ਰਿਪੋਰਟਾਂ ਕਾਰਨ ਉਹ ਪ੍ਰੇਸ਼ਾਨ ਨਹੀਂ ਹੈ।


## Wraich Transport LLC
## North American Truck Stop
**14320 Slover Ave., Fontana, CA 92337**



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offers all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 909-350-3310

## ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜੋ ਕੈਲੀਫੋਰਨੀਆ ਤੋਂ ਸਿਆਟਲ, ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ, ਆਦਿ ਸ਼ਹਿਰਾਂ ਵਿਚ ਆ-ਜਾ ਸਕਣ।

*ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।*

*ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ*

ਫੋਨ:(510) 881-8008
ਸੈਲ:408-896-4518
**Email:** cctransinc@gmail.com



**C and C Trans Inc.,** *Hayward, CA*

## Quik Signs
Signs • Graphics • Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi




## ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

*ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)*

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

| | | |
|---|---|---|
| ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ |
| ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ |

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

## Surajvanshi Pharmacy (R)
*MANUFACTURE & EXPORTER OF HERBAL PRODUCTS*
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਦੂਹਰੀ ਨਾਗਰਿਕਤਾ ਦੂਹਰੀ ਬਿਪਤਾ

ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

ਬਹੁਤੇ ਲੋਕਾਂ ਨੂੰ ਦਾਲ ਵਿਚ ਕਾਲਾ ਕਾਲਾ ਦਿਖਾਈ ਦੇਣ ਲੱਗ ਪਵੇ ਤਾਂ ਉਹ ਮਾਮਲੇ ਵਿਚ ਕਿਸੇ ਗੜਬੜ ਦੀ ਸ਼ੱਕ ਕਰਨ ਲਗਦੇ ਹਨ। ਦੁਨੀਆਂ ਵਿਚ ਸਭ ਤੋਂ ਸਿਆਣੇ ਮੰਨੇ ਜਾਂਦੇ ਸਾਡੇ ਆਪਣੇ ਭਾਰਤ ਨੇ ਇਸ ਖੂਬਸੂਰਤ ਮੁਹਾਵਰੇ ਦੀ ਕਾਢ ਕੱਢੀ ਕਿਉਂਕਿ ਦਾਲ-ਖਾਣੇ ਆਪਾਂ ਲੋਕ ਹੀ ਹਾਂ। ਪਰ ਇਸ ਤੋਂ ਵੀ ਸਿਰਕੱਢ ਮੁਹਾਵਰਾ ਦੁੱਧ ਦਾ ਸੜਿਆ ਲੱਸੀ ਨੂੰ ਵੀ ਫੂਕਾਂ ਮਾਰ ਕੇ ਪੀਂਦਾ ਹੈ, ਵੀ ਇਸ ਦੇਸ਼ ਦੀ ਹੀ ਦੇਣ ਹੈ। ਲੱਸੀ ਜਿਹੇ ਉਤਮ ਖਾਧ-ਪਦਾਰਥ ਦੀ ਕਾਢ ਭਾਰਤ ਤੋਂ ਬਿਨਾ ਕਿਸੇ ਹੋਰ ਦੇਸ਼ 'ਚ ਨਿਕਲੀ ਹੋ ਹੀ ਨਹੀਂ ਸਕਦੀ।

ਬੰਬਈ ਦੇ ਤਾਜ ਹੋਟਲ 'ਤੇ ਹੋਏ ਅਤਿਵਾਦੀ ਹਮਲੇ ਪਿਛੇ ਇਕ ਅਮਰੀਕੀ ਨਾਗਰਿਕ ਹੈਡਲੇ ਦੀ ਪ੍ਰਮੁਖ ਭੂਮਿਕਾ ਸਾਹਮਣੇ ਆਈ। ਅਜਿਹੇ ਕੇਸਾਂ ਨੂੰ ਰੋਕਣ ਲਈ ਦਾਲ ਵਿਚ ਕਾਲਾ ਕਾਲਾ ਦੇਖਣ ਦਾ ਨੁਸਖਾ ਅਜ਼ਮਾਉਣ ਬਾਰੇ ਸੋਚਿਆ ਗਿਆ। ਇਕ ਨਵਾਂ ਸ਼ੋਸ਼ਾ ਨਿਕਲਿਆ ਕਿ ਜਿਹੜੇ ਦੇਸੀਆਂ ਨੇ ਅਮਰੀਕੀ ਨਾਗਰਿਕਤਾ ਲੈ ਲਈ ਹੈ, ਉਹ ਆਪਣੇ ਪੁਰਾਣੇ ਭਾਰਤੀ ਪਾਸਪੋਰਟ ਚਾਲੀ ਡਾਲਰ ਖਰਚੇ ਸਮੇਤ ਸਬੰਧਤ ਕੌਂਸਲੇਟ 'ਚ ਜਮ੍ਹਾਂ ਕਰਾਉਣ ਤਾਂ ਕਿ ਉਨ੍ਹਾਂ ਨੂੰ ਭਾਰਤੀ ਨਾਗਰਿਕਤਾ ਛੱਡਣ ਦਾ ਸਰਟੀਫਿਕੇਟ ਦਿੱਤਾ ਜਾ ਸਕੇ। ਪੂਰਵ-ਭਾਰਤੀਆਂ ਨੂੰ ਵਿਸ਼ੇਸ਼ ਤੌਰ 'ਤੇ ਚਿਤਾਰਿਆ ਗਿਆ ਕਿ ਪਾਸਪੋਰਟ ਸਰਕਾਰੀ ਮਲਕੀਅਤ ਹੈ। ਸਵਾਲ ਆਇਆ ਕਿ ਜਿਹੜੇ ਲੋਕ ਚਿਰ ਤੋਂ ਅਮਰੀਕੀ ਨਾਗਰਿਕ ਬਣ ਚੁੱਕੇ ਹਨ, ਉਹ ਤਾਂ ਭਾਰਤੀ ਪਾਸਪੋਰਟ ਵੀ ਗੁਆ ਬੈਠੇ ਹਨ। ਨਾਲੇ ਬਹੁਤੇ ਨਵੇਂ ਨਵੇਂ ਬਣੇ ਅਮਰੀਕੀ ਚਾਅ ਵਿਚ ਹੀ ਇਸ ਦਸਤਾਵੇਜ਼ ਨੂੰ ਵਾਧੂ ਸ਼ੈਅ ਸਮਝ ਕੇ ਕਿਸੇ ਖੱਲ ਖੂੰਜੇ ਸੁੱਟ ਬੈਠਦੇ ਹਨ। ਜਵਾਬ ਸੀ, ਕੋਈ ਗੱਲ ਨਹੀਂ, ਇੰਡੀਆ ਪਹੁੰਚਣ 'ਤੇ ਕਿਸੇ ਨੂੰ ਕੁਝ ਨਹੀਂ ਕਿਹਾ ਜਾਵੇਗਾ। ਕੋਈ ਕੰਮ ਜਿਸ ਦੇ ਨਾ ਕਰਨ ਨਾਲ ਕੋਈ ਨੁਕਸਾਨ ਨਹੀਂ ਹੁੰਦਾ, ਫਿਰ ਉਹ ਕਿਉਂ ਕੀਤਾ ਜਾਵੇ?

ਖੈਰ, ਜਿਨ੍ਹਾਂ ਕੰਮਾਂ ਵਿਚ ਪੈਸੇ-ਧੇਲੇ ਖਰਚਣੇ ਹੋਣ, ਖਾਸ ਤੌਰ 'ਤੇ ਫਜ਼ੂਲ ਹੀ, ਮੇਰੀ ਬੀਵੀ ਨੂੰ ਸਭ ਤੋਂ ਪਹਿਲਾਂ ਭਿਣਕ ਪੈ ਜਾਂਦੀ ਹੈ। ਉਹ 'ਹੱਥੋਂ ਵੀ ਕੁਝ ਦੇਹ' ਉਕਤੀ ਦੀ ਬਹੁਤੀ ਲਾਈਲੱਗ ਹੈ। ਉਸ ਨੇ ਘਰ ਵਿਚ ਤਰਥੱਲੀ ਮਚਾ ਦਿੱਤੀ। ਸਿਖਰਲੇ ਕਮਰਿਆਂ ਤੋਂ ਲੈ ਕੇ ਬੇਸਮੈਂਟ ਤੱਕ ਸਾਰੇ 'ਟੈਚੀ, ਅਲਮਾਰੀਆਂ, ਰਖਨੇ, ਦਰਾਜ਼, ਬਕਸੇ, ਜੇਬਾਂ ਫੋਲ ਸੁੱਟੇ, ਕਪੜੇ ਲੀੜੇ ਤੇ ਹੋਰ ਨਿਕਸੁੱਕ ਚੱਕ ਚੱਕ ਮਾਰਿਆ ਤੇ ਤਹਿਆਂ 'ਚ ਲੁਕੇ ਪਾਸਪੋਰਟ ਕਢ ਕੇ ਹੀ ਸਾਹ ਲਿਆ। ਉਸਨੂੰ ਲੱਗਣ ਲੱਗਾ ਸੀ ਕਿ ਉਹ ਤਾਂ ਸਰਜ਼ਮੀਨ ਨਾਲੋਂ ਹੁਣ ਟੁੱਟ ਗਈ ਹੈ, ਡਾਲਰਾਂ ਨਾਲੋਂ ਟੁੱਟਣ ਦਾ ਉਸਨੂੰ ਕੋਈ ਫਿਕਰ ਨਹੀਂ ਹੁੰਦਾ। ਜਿੰਨਾ ਚਿਰ ਡੇਢ-ਦੋ ਸੌ ਡਾਲਰ ਨੂੰ ਥੁੱਕ ਨਾ ਲੱਗਾ, ਉਸ ਨੂੰ ਚੈਨ ਨਾ ਆਈ। ਹੋਰ ਰਿਸ਼ਤੇਦਾਰਾਂ ਨੂੰ ਵੀ ਦੂਰ ਦੂਰ ਟੈਲੀਫੋਨ ਖੜਕਾ ਦਿੱਤੇ ਕਿ ਜੇ ਦੇਸ਼ ਜਾਣ ਜੋਗੇ ਰਹਿਣਾ ਹੈ ਤਾਂ ਇਹ ਕੰਮ ਫਟਾਫਟ ਨਿਬੇੜ ਲਓ। ਖੈਰ, ਕੌਂਸਲੇਟ ਤੋਂ ਸਰਟੀਫਿਕੇਟਾਂ ਸਮੇਤ ਸਾਡੇ ਪਾਸਪੋਰਟ ਆ ਗਏ। ਸਬੱਬ ਨਾਲ ਘਰ ਵਾਲੀ ਨੂੰ ਅਚਾਨਕ ਇੰਡੀਆ ਜਾਣਾ ਪਿਆ। ਦਿੱਲੀ ਹਵਾਈ ਅੱਡੇ 'ਤੇ ਉਤਰਨ ਲੱਗਿਆਂ ਉਸਨੇ ਆਪਣੇ ਹੱਥ ਵਿਚ ਅਮਰੀਕੀ ਪਾਸਪੋਰਟ ਤੋਂ ਵੀ ਉਪਰ ਸਰਟੀਫਿਕੇਟ ਲੱਗਾ ਭਾਰਤੀ ਪਾਸਪੋਰਟ ਫੜਿਆ ਤੇ ਟੱਪ ਟੱਪ ਕਰਦੀ ਨੇ ਕਾਊਂਟਰ 'ਤੇ ਜਾ ਪੇਸ਼ ਕੀਤਾ। ਬਾਬੂ ਉਸਦੇ ਮੂੰਹ ਵੱਲ ਦੇਖੇ ਕਿ ਤੂੰ ਤਾਂ ਭੈਣੇ ਅਮਰੀਕੀ ਸ਼ਹਿਰੀ ਏਂ, ਮੈਂ ਇਸ ਦੇਸੀ ਪਾਸਪੋਰਟ ਨੂੰ ਸਿਰ 'ਚ ਮਾਰਨਾ ਹੈ, ਚੱਕ ਇਸ ਕਿਤਾਬੀ ਨੂੰ ਉਤੋਂ। ਉਸਦਾ ਮੂੰਹ ਰੀਣ ਕੁ ਹੋ ਗਿਆ, ਜਿਵੇਂ ਇਮਤਿਹਾਨ ਵਿਚ ਜਿਸ ਸਵਾਲ ਦੀ ਖੂਬ ਤਿਆਰੀ ਕੀਤੀ ਹੋਵੇ, ਉਹ ਆਵੇ ਹੀ ਨਾ। ਅਸਲ ਵਿਚ ਮੈਡਮ ਅਜੇ ਜਹਾਜ਼ ਦੇ ਹੂਟੇ ਹੀ ਲੈ ਰਹੀ ਸੀ ਕਿ ਹਮੇਸ਼ਾ ਦੀ ਤਰ੍ਹਾਂ ਚੌਕੰਨੀ ਭਾਰਤੀ ਗੌਰਮਿੰਟ ਨੇ ਫੈਸਲਾ ਵਾਪਿਸ ਲੈ ਲਿਆ ਤੇ ਸੁਣਿਆ ਲੋਕਾਂ ਦੇ ਡਾਲਰ ਵੀ ਮੋੜਨੇ ਸ਼ੁਰੂ ਕਰ ਦਿੱਤੇ। ਮੈਂ ਕਈ ਰੀਮਾਈਂਡਰ ਭੇਜੇ ਪਰ ਆਪਣੀ ਹੱਥੋਂ ਛੁਟੀ ਮਾਇਆ ਕਦੇ ਵਾਪਿਸ ਨਹੀਂ ਆਈ!

ਦੁਨੀਆਂ ਭਰ ਵਿਚ ਕਿਸੇ ਦੇਸ਼ ਵਿਚ ਪ੍ਰਵੇਸ਼ ਪਾਉਣ ਵਾਲੀ ਥਾਂ, ਯਾਨਿ ਹਵਾਈ ਅੱਡਾ, ਬੰਦਰਗਾਹ ਜਾਂ ਚੈਕਪੋਸਟ ਦੇ ਚੈਕਿੰਗ ਸਟਾਫ਼ ਦਾ ਜਗਤ ਨਿਰਾਲਾ ਹੀ ਹੁੰਦਾ ਹੈ। ਵਿਸ਼ਵ ਦੇ ਮਹਾਨਤਮ ਯਾਤਰੂਆਂ ਨੇ ਸਿਖਿਆ ਦਿੱਤੀ ਹੈ ਕਿ ਇਨ੍ਹਾਂ ਲੋਕਾਂ ਨਾਲ ਬਹੁਤ ਹੀ ਨਿਮਰਤਾ ਨਾਲ ਪੇਸ਼ ਆਉਣਾ ਚਾਹੀਦਾ ਹੈ, ਵਾਧੂ ਗੱਲ ਨਹੀਂ ਕਰਨੀ ਚਾਹੀਦੀ, ਹਾਸਾ-ਠੱਠਾ ਤਾਂ ਬਿਲਕੁਲ ਨਹੀਂ। ਆਖਿਰ ਸਰਹੱਦਾਂ ਦੀ ਰਾਖੀ ਬੈਠੇ ਫੌਜੀਆਂ ਦੀ ਤਰ੍ਹਾਂ ਇਹ ਲੋਕ ਵੀ ਦੇਸ਼ ਦੇ ਰਖਵਾਲੇ ਹੁੰਦੇ ਹਨ। ਪਿਛੇ ਜਿਹੇ ਭਾਰਤ ਦੇ ਨਾਢੂ ਖਾਂ ਸਮਝੇ ਜਾਂਦੇ ਫਿਲਮੀ ਐਕਟਰ ਸ਼ਾਹਰੁਖ ਖਾਂ ਦੀ ਅਮਰੀਕੀ ਏਅਰਪੋਰਟ 'ਤੇ ਕਈ ਘੰਟੇ ਪੁਛ-ਪੁਛਾਈ ਹੁੰਦੀ ਰਹੀ। ਕਈ ਸਾਲ ਪਹਿਲਾਂ ਭਾਰਤ ਦਾ ਰੱਖਿਆ ਮੰਤਰੀ ਜਾਰਜ ਫਰਨਾਂਡੇਜ਼ ਜਦ ਅਮਰੀਕਾ ਪੁੱਜਾ ਤਾਂ ਏਅਰਪੋਰਟ 'ਤੇ ਉਸਦੇ ਕਪੜੇ ਲੁਹਾ ਕੇ ਤਲਾਸ਼ੀ ਲਈ ਗਈ ਸੀ। ਪਰ ਭਾਰਤ ਨੇ ਤਾਂ ਹਰ ਕੰਮ, ਹਰ ਕਲਾ ਨੂੰ ਸਿਖਰ 'ਤੇ ਹੀ ਪਹੁੰਚਾਉਣਾ ਹੁੰਦਾ ਹੈ।

ਮੈਂ ਕਾਮਨਵੈਲਥ ਖੇਡਾਂ ਦਾ ਜ਼ਿਕਰ ਕਰਨ ਦੇ ਮੂਡ 'ਚ ਨਹੀਂ, ਮੈਂ ਤਾਂ ਅੱਜ ਗੱਲ ਕਰਨ ਲੱਗਾ ਹਾਂ ਉਸ ਸ਼ਖਸ ਦੀ ਜਿਸ ਨੂੰ ਦੁੱਧ ਦਾ ਸੜਿਆ ਲੱਸੀ ਨੂੰ ਵੀ ਫੂਕਾਂ ਮਾਰ ਕੇ ਪੀਂਦਾ ਹੈ, ਮੁਹਾਵਰੇ ਦਾ ਸ਼ਿਕਾਰ ਹੋਣਾ ਪਿਆ। ਇਹ ਭਾਈ ਸਾਹਿਬ ਮਿਸ਼ੀਗਨ ਦੀ ਪ੍ਰਤਿਸ਼ਠਤ ਯੂਨੀਵਰਸਿਟੀ ਐਨ ਆਰਬਰ ਵਿਚ ਐਨਸਥੀਸੀਆ ਦੇ ਡਾਕਟਰ ਤੇ ਪ੍ਰੋਫੈਸਰ ਅਮੈਰੀਟਸ ਹਨ। ਐਨਸਥੀਸੀਆ ਮਰੀਜ਼ ਨੂੰ ਅਪਰੇਸ਼ਨ ਤੋਂ ਪਹਿਲਾਂ ਸੁੰਨ ਕਰਨ ਦੀ ਕਲਾ ਨਾਲ ਸਬੰਧਤ ਬਹੁਤ ਹੀ ਸੂਖਮ ਵਿਸ਼ਾ ਹੈ ਤੇ ਪ੍ਰੋਫੈਸਰ ਅਮੈਰੀਟਸ ਦੀ ਉਪਾਧੀ ਨਾਮੀ ਪ੍ਰੋਫੈਸਰਾਂ ਨੂੰ ਮਿਲਦੀ ਹੈ ਜੋ ਜ਼ਿੰਦਗੀ ਦੇ ਹੋਰ ਮਜ਼ਿਆਂ ਤੋਂ ਨਿਰਲੇਪ ਰਹਿੰਦੇ ਹਨ। ਸਪਸ਼ਟ ਹੈ ਕਿ ਆਪਣੇ ਵਿਸ਼ੇ ਦੀਆਂ ਸੋਚਾਂ 'ਚ ਡੁੱਬੇ ਇਸ ਡਾਕਟਰ-ਪ੍ਰੋਫੈਸਰ ਸਾਹਿਬ ਨੂੰ ਮਿਸ਼ੀਗਨ ਦੀ ਪਤਝੜ ਵਿਚ ਪੀਲੇ ਹੋ ਰਹੇ ਸੁੰਦਰ ਪੱਤੇ ਵੀ ਐਨਸਥੀਸੀਆ ਦੇ ਅਸਰ ਹੇਠ ਪੀਲੇ ਹੋ ਚੁੱਕੇ ਮਰੀਜ਼ ਹੀ ਦਿਸਦੇ ਹੋਣਗੇ। ਇਸ ਪ੍ਰੋਫੈਸਰ ਸਾਹਿਬ ਨੂੰ ਵੀ ਹੋਰਾਂ ਵਾਂਗ ਅਮਰੀਕੀ ਨਾਗਰਿਕਤਾ ਲੈਣ ਪਿਛੋਂ ਆਪਣੇ ਦੇਸ਼ ਦਾ ਘੋਰ ਵਿਗੋਚਾ ਮਹਿਸੂਸ ਹੋਇਆ। ਭਾਰਤ ਦੀ ਦੂਹਰੀ ਨਾਗਰਿਕਤਾ ਦੀ ਸਕੀਮ ਨੇ ਇਨ੍ਹਾਂ ਦਾ ਵਿਗੋਚਾ ਦੂਰ ਕਰ ਦਿੱਤਾ। ਉਹ 2007 ਵਿਚ ਭਾਰਤ ਦੇ ਵਿਦੇਸ਼ੀ ਕਹੇ ਜਾਂਦੇ ਨਾਗਰਿਕ ਬਣ ਗਏ।

ਦੇਸ਼ ਮੋਹ ਅਧੀਨ ਇਨ੍ਹਾਂ ਨੂੰ ਆਪਣੇ ਦੇਸ਼ ਦੀ ਮਿੱਟੀ 'ਵਾਜਾਂ ਮਾਰਦੀ ਪ੍ਰਤੀਤ ਹੋਈ ਤੇ ਕਾਹਲੀ ਕਾਹਲੀ ਅੱਲੜ-ਪੱਲੜ ਬੰਨ੍ਹ ਕੇ ਡਿਟਰਾਇਟ ਏਅਰਪੋਰਟ ਲਈ ਰਵਾਨਾ ਹੋ ਗਏ। ਸਿੰਗਾਪੁਰ ਹੁੰਦੇ ਹੋਏ ਸਨਿਚਰਵਾਰ 20 ਜੂਨ 2009 ਨੂੰ ਕੋਲਕਾਤਾ ਏਅਰਪੋਰਟ 'ਤੇ ਜਾ ਪੁੱਜੇ। ਉਤਰਦਿਆਂ ਹੀ ਧਰਤੀ ਨੂੰ ਨਮਸ਼ਕਾਰ ਕੀਤਾ। ਫਿਰ ਰਾਤ ਦੇ ਸਾਢੇ ਦਸ ਵਜੇ ਆਪਣੇ ਆਪ ਨੂੰ ਇੰਮੀਗਰੇਸ਼ਨ ਅਫ਼ਸਰ ਸ੍ਰੀ ਬਿਸਵਾਸ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਆਪਣਾ ਅਮਰੀਕੀ ਪਾਸਪੋਰਟ ਤੇ ਭਾਰਤੀ ਵਿਦੇਸ਼ੀ ਨਾਗਕਿਤਾ ਦਾ ਕਾਰਡ ਵੀ ਇਮੀਗਰੇਸ਼ਨ ਅਫ਼ਸਰ ਦੇ ਅਰਪਣ ਕਰ ਦਿੱਤਾ। ਸ੍ਰੀ ਬਿਸਵਾਸ ਨੇ ਇਨ੍ਹਾਂ ਕਾਪੀਆਂ 'ਤੇ ਸਰਸਰੀ ਨਜ਼ਰ ਮਾਰੀ ਤੇ ਫੱਟ ਦਾਲ ਵਿਚ ਕੁਝ ਕਾਲਾ ਕਾਲਾ ਦੇਖ ਲਿਆ। ਉਨ੍ਹਾਂ ਟੇਢੀ ਨਜ਼ਰ ਨਾਲ ਪ੍ਰੋਫੈਸਰ ਸਾਹਿਬ ਨੂੰ ਕਿਹਾ ਕਿ ਪਹਿਲਾਂ ਆਪਣਾ ਭਾਰਤ ਆਉਣ ਦਾ ਵੀਜ਼ਾ ਦਿਖਾਵੋ। ਭੈੜੀ ਕਿਸਮਤ ਨੂੰ ਉਨ੍ਹਾਂ ਦਾ ਵੀਜ਼ਾ ਪੁਰਾਣੇ ਪਾਸਪੋਰਟ 'ਤੇ ਲੱਗਾ ਹੋਇਆ ਸੀ ਤੇ ਉਹ ਇਹ ਪਾਸਪੋਰਟ ਲਿਆਉਣਾ ਭੁਲ ਗਏ ਸਨ। ਉਨ੍ਹਾਂ ਅਫਸਰ ਨੂੰ ਬਥੇਰਾ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਜਦ ਉਨ੍ਹਾਂ ਦੇ ਹੱਥ ਵਿਚ ਦੂਹਰੀ ਨਾਗਰਿਕਤਾ ਵਾਲਾ ਕਾਰਡ ਪਿਆ ਹੈ ਜਿਸ ਦਾ ਸਿੱਧਾ ਸਾਦਾ ਮਤਲਬ ਹੈ ਕਿ ਉਨ੍ਹਾਂ ਪਾਸ ਪੱਕਾ ਉਮਰ ਭਰ ਦਾ ਭਾਰਤੀ ਵੀਜ਼ਾ ਹੈ, ਫਿਰ ਹੋਰ ਵੀਜ਼ੇ ਦੀ ਕੀ ਲੋੜ ਹੈ? ਨਾਲੇ ਉਨ੍ਹਾਂ ਕੋਲ ਸਬੂਤ ਹਨ ਕਿ ਉਹ ਦੂਹਰੀ ਨਾਗਰਿਕਤਾ ਲੈਣ ਪਿਛੋਂ ਪਹਿਲਾਂ ਵੀ ਕਈ ਵਾਰੀ ਆਪਣੇ ਪੁਰਾਣੇ ਦੇਸ਼ ਆ ਚੁਕੇ ਹਨ। ਸ੍ਰੀ ਬਿਸਵਾਸ ਦੇ ਕੰਨ 'ਤੇ ਜੂੰ ਨਾ ਸਰਕੀ। ਉਨ੍ਹਾਂ ਡਾਕਟਰ ਸਾਹਿਬ ਨੂੰ ਦੋ ਘੰਟੇ ਰੋਕੀ ਰੱਖਿਆ ਪਰ ਫਿਰ ਸ਼ਾਇਦ ਕੰਨ 'ਤੇ ਮਾੜੀ ਮੋਟੀ ਧੱਖ ਸਰਕੀ ਹੋਵੇਗੀ, ਉਨ੍ਹਾਂ ਦਇਆ ਕਰਕੇ ਪ੍ਰੋਫੈਸਰ ਸਾਹਿਬ ਨੂੰ 72 ਘੰਟੇ ਲਈ ਇੰਡੀਆ ਰਹਿਣ ਦੀ ਬਖਸ਼ਿਸ਼ ਕਰ ਦਿੱਤੀ। ਨਾਲ ਹੀ ਕਹਿ ਦਿੱਤਾ ਕਿ ਉਹ ਇਸ ਸਮੇਂ ਵਿਚ ਵਿਦੇਸ਼ੀ ਸਬੰਧਾਂ ਦੇ ਖੇਤਰੀ ਦਫਤਰ ਵਿਚ ਜਾ ਕੇ ਪੇਸ਼ੀ ਜ਼ਰੂਰ ਪਾਵੇ। ਉਸ ਨੇ ਪਾਸਪੋਰਟ ਕੋਲ ਰੱਖ ਲਿਆ। ਇਸ ਦੌਰਾਨ ਉਸ ਨੇ ਨਾ ਤਾਂ ਪ੍ਰੋਫੈਸਰ ਸਾਹਿਬ ਨੂੰ ਇੰਚਾਰਜ ਅਫ਼ਸਰ ਨੂੰ ਮਿਲਣ ਦੀ ਇਜਾਜ਼ਤ ਦਿਤੀ ਤੇ ਨਾ ਹੀ ਬਾਹਰ ਖੜੇ ਰਿਸ਼ਤੇਦਾਰਾਂ ਨੂੰ, ਜੋ ਘੰਟਿਆ ਤੋਂ ਇੰਤਜ਼ਾਰ ਕਰ ਰਹੇ ਸਨ।

ਵੀਜ਼ਾ ਲੱਗਾ ਪਾਸਪੋਰਟ ਭੁਲ ਆਉਣਾ ਡਾਕਟਰ ਸਾਹਿਬ ਦੀ ਗਲਤੀ ਸੀ ਪਰ ਇਸਦਾ ਵੱਡਾ ਕਾਰਨ ਹੋਰ ਸੀ। ਉਹ ਸਮਝਦੇ ਸਨ ਕਿ ਜਦ ਜੇਬੇ ਦੂਹਰੀ ਨਾਗਰਿਕਤਾ ਦਾ ਕਾਰਡ ਹੈ ਤਾਂ ਫਿਰ ਉਹ ਭਾਰਤ ਦੇ ਨਾਗਰਿਕ ਤਾਂ ਹਨ ਹੀ। ਇਕ ਨਾਗਰਿਕ ਨੂੰ ਆਪਣੇ ਹੀ ਦੇਸ਼ ਵੜਨ ਲਈ ਵੀਜ਼ਾ ਲੈਣ ਦੀ ਕੀ ਲੋੜ ਹੈ? ਜੇ ਅਜਿਹੀ ਗੱਲ ਨਹੀਂ ਤਾਂ ਆਮ ਵਿਦੇਸ਼ੀ ਤੇ ਵਿਦੇਸ਼ੀ ਭਾਰਤੀ ਨਾਗਰਿਕ ਵਿਚ ਫ਼ਰਕ ਹੀ ਕੀ ਹੈ? ਦੂਸਰਾ ਦਿਨ ਐਤਵਾਰ ਸੀ; ਉਨ੍ਹਾਂ ਐਨ ਆਰਬਰ ਆਪਣੇ ਦੋਸਤ ਨੂੰ ਫੋਨ ਖੜਕਾ ਕੇ ਆਪਣੀ ਸਮੱਸਿਆ ਦੱਸੀ। ਉਸ ਦੇ ਦੋਸਤ ਨੇ ਫੌਰਨ ਉਸਦੇ ਘਰ ਜਾ ਕੇ ਪੁਰਾਣੇ ਪਾਸਪੋਰਟ, ਜਿਸ 'ਤੇ ਵੀਜ਼ਾ ਲੱਗਾ ਹੋਇਆ ਸੀ, ਸਕੈਨ ਕਰਕੇ ਇਕ ਕਾਪੀ ਈਮੇਲ ਰਾਹੀਂ ਡਾਕਟਰ ਸਾਹਿਬ ਨੂੰ ਭੇਜ ਦਿੱਤੀ।

ਸੋਮਵਾਰ ਨੂੰ ਉਹ ਕਾਗਜ਼ ਲੈ ਕੇ ਵਿਦੇਸ਼ੀ ਸਬੰਧਾਂ ਦੇ ਖੇਤਰੀ ਅਫ਼ਸਰ ਸ੍ਰੀ ਬਿਭਾਸ ਤੱਲਕੁਦਾਰ ਪਾਸ ਗਏ ਪਰ ਉਸ ਨੇ ਸਕੈਨ ਹੋਏ ਵੀਜ਼ੇ ਵੱਲ ਝਾਕਿਆ ਵੀ ਨਾ, ਸਗੋਂ ਦੁਧ ਦਾ ਸੜਿਆ ਲੱਸੀ ਨੂੰ ਫੂਕਾਂ ਮਾਰ ਕੇ ਪੀਂਦਾ ਹੈ ਵਾਲੀ ਗੱਲ ਸ਼ੁਰੂ ਕਰ ਦਿੱਤੀ। ਉਨ੍ਹਾਂ ਹੁਕਮ ਲਾ ਦਿੱਤਾ ਕਿ ਅਗਲੇ ਸੱਤ ਦਿਨਾਂ ਵਿਚ ਕੋਰੀਅਰ ਰਾਹੀਂ ਪਾਸਪੋਰਟ ਮੰਗਵਾ ਕੇ ਹਾਜ਼ਿਰ ਕੀਤਾ ਜਾਵੇ। ਨਾਲ ਹੀ ਅਹਿਸਾਨ ਜਿਤਾਇਆ ਕਿ ਉਹ ਡਾਕਟਰ ਸਾਹਿਬ 'ਤੇ ਤਰਸ ਕਰਕੇ ਹੀ ਭਾਰਤ ਵਿਚ ਰਹਿਣ ਦੀ ਆਗਿਆ ਦੇ ਰਿਹਾ ਹੈ। ਖੇਤਰੀ ਅਫ਼ਸਰ ਨਾ ਤਾਂ ਉਸ ਦੇ ਵੱਡੇ ਪ੍ਰੋਫੈਸਰ ਹੋਣ ਤੋਂ ਪ੍ਰਭਾਵਤ ਹੋਇਆ ਤੇ ਨਾ ਹੀ ਉਸਦੀ ਸੱਤਰਾਂ ਤੋਂ ਵੀ ਟੱਪੀ ਉਮਰ ਤੋਂ, ਜਿਸ ਦਾ ਉਨ੍ਹਾਂ ਔਖੀ ਘੜੀ ਵਾਸਤਾ ਪਾਇਆ। ਪ੍ਰੋਫੈਸਰ ਅਮੈਰੀਟਸ ਤਾਂ ਉਹ ਬਾਹਰਲੇ ਦੇਸ਼ ਵਿਚ ਹੈ, ਨਾਲੇ ਖੇਤਰੀ ਅਫ਼ਸਰ ਨੂੰ ਏਨੇ ਔਖੇ ਸ਼ਬਦ ਦੀ ਕਿਥੋਂ ਸਮਝ ਹੋਣੀ ਹੈ। ਫਿਰ, ਉਮਰ ਦਾ ਕੀ ਹੈ, ਇਹ ਤਾਂ ਵਧਦੀ ਹੀ ਰਹਿੰਦੀ ਹੈ। ਆਪਣੇ ਆਪ ਨੂੰ ਤੁੱਛ ਇਨਸਾਨ ਤੇ ਗਲਤੀ ਦਾ ਪੁਤਲਾ ਹੋਣ ਦਾ ਅਹਿਸਾਸ ਕਰਦੇ ਹੋਏ ਪ੍ਰੋਫ਼ੈਸਰ ਸਾਹਿਬ ਨੇ ਫਿਰ ਆਪਣੇ ਐਨ ਆਰਬਰ ਰਹਿੰਦੇ ਦੋਸਤ ਨੂੰ ਫੋਨ ਕਰਕੇ ਫੈਡੈਕਸ ਰਾਹੀਂ ਪਾਸਪੋਰਟ ਭੇਜਣ ਦੀ ਬੇਨਤੀ ਕਰ ਦਿੱਤੀ। ਪਾਸਪੋਰਟ ਤਿੰਨਾਂ ਦਿਨਾਂ ਦੇ ਅੰਦਰ ਪਹੁੰਚ ਗਿਆ।

ਡਾਕਟਰ ਸਾਹਿਬ ਨੇ ਪਹਿਲਾਂ ਤੈਅ ਪ੍ਰੋਗਰਾਮ ਅਨੁਸਾਰ ਬੰਗਲੌਰ ਜ਼ਰੂਰੀ ਜਾਣਾ ਸੀ, ਇਸ ਲਈ ਉਨ੍ਹਾਂ ਦੀ ਭਤੀਜੀ ਵੀਜ਼ਾ ਲੱਗੇ ਪਾਸਪੋਰਟ ਨੂੰ ਵਿਦੇਸ਼ੀ ਸਬੰਧਾਂ ਦੇ ਖੇਤਰੀ ਅਫ਼ਸਰ ਬਿਭਾਸ ਤੱਲੁਕਦਾਰ ਕੋਲ ਲੈ ਕੇ ਗਈ ਪਰ ਇਕ ਦੂਜੇ ਤੋਂ ਹਜ਼ਾਰਾਂ ਗਿੱਠਾਂ ਦੂਰ ਵਿਦੇਸ਼ੀ ਸਬੰਧਾਂ ਦੇ ਖੇਤਰੀ ਦਫ਼ਤਰ ਅਤੇ ਇਮੀਗਰੇਸ਼ਨ ਦਫ਼ਤਰ ਵਿਚਕਾਰ ਤਾਲਮੇਲ ਬੈਠਣਾ ਕਿਤੇ ਚੁਟਕੀਆਂ ਦਾ ਕੰਮ ਥੋੜਾ ਹੈ। ਨਤੀਜਨ, ਉਨ੍ਹਾਂ ਦਾ ਜ਼ਬਤ ਹੋਇਆ ਪਾਸਪੋਰਟ ਨੌਂ ਦਿਨਾਂ ਬਾਅਦ ਵੀ ਸ਼ਹਿਰ ਦੇ ਦਫ਼ਤਰ ਨਾ ਅੱਪੜ ਸਕਿਆ। ਡਾਕਟਰ ਸਾਹਿਬ ਦੀ ਭਤੀਜੀ ਨੇ ਖੇਤਰੀ ਦਫ਼ਤਰ ਵਿਚ ਤਿੰਨ ਗੇੜੇ ਮਾਰੇ ਪਰ ਅਮਰੀਕੀ ਪਾਸਪੋਰਟ ਅਜੇ ਵੀ ਨਾ ਬਹੁੜਿਆ। ਖੇਤਰੀ ਦਫ਼ਤਰ ਦਾ ਅਮਲਾ ਏਹੀ ਕਹਿੰਦਾ ਰਿਹਾ, ਬੱਸ ਆਹ ਖੜਾ ਜੀ ਤੁਹਾਡਾ ਪਾਸਪੋਰਟ, ਆਹ ਮੁਢ ਤਾਂ ਹੈ ਹਵਾਈ ਅੱਡਾ! ਖੈਰ ਡਾਕਟਰ ਸਾਹਿਬ ਦੇ ਇੰਡੀਆ ਪਧਾਰਨ ਦੇ ਬਾਰਾਂ ਦਿਨਾਂ ਬਾਅਦ ਹੀ ਉਹ ਆਪਣੇ ਅਮਰੀਕੀ ਪਾਸਪੋਰਟ ਦੇ ਮੱਥੇ ਲੱਗ ਸਕੇ ਤੇ ਮੁੜ 'ਆਪਣੇ ਦੇਸ਼' ਜਾਣ ਜੋਗੇ ਹੋਏ। ਡਾਕਟਰ ਸਾਹਿਬ ਨੂੰ ਸ਼ਾਇਦ ਭਾਰਤ ਵਿਚ 'ਬਾਰਾਂ' ਦੀ ਮਹੱਤਤਾ ਭੁੱਲ ਚੁੱਕੀ ਸੀ, ਏਥੇ ਬਾਰਾਂ ਸਾਲਾਂ ਬਾਅਦ ਰੂੜੀ ਦੀ ਸੁਣੀ ਜਾਂਦੀ ਹੈ। ਮਿੱਟੀ ਦੀ ਪੁਕਾਰ ਨਾਲ ਸਿਝਣ ਵਾਸਤੇ ਉਨ੍ਹਾਂ ਆਮ-ਖਾਸ ਲਈ ਆਪਣੇ ਅਨੁਭਵ-ਅਧਾਰਤ ਦਸ-ਨੁਕਾਤੀ ਸਿਖਿਆਨਾਮਾ ਜਾਰੀ ਕੀਤਾ ਹੈ:

1. ਭਾਰਤ ਲਈ ਰਵਾਨਾ ਹੋਣ ਲੱਗਿਆਂ ਘਰ ਦੀ ਚਾਬੀ ਤੇ ਘਰ ਦੀ ਹੋਰ ਗੁਪਤ ਜਾਣਕਾਰੀ ਕਿਸੇ ਦੋਸਤ-ਮਿੱਤਰ ਨੂੰ ਦੇ ਕੇ ਜਾਵੋ।

2. ਅੱਡੇ 'ਤੇ ਲੈਣ ਆਉਣ ਵਾਲੇ ਰਿਸ਼ਤੇਦਾਰਾਂ ਨੂੰ ਕਹਿ ਛੱਡੋ ਕਿ ਉਹ ਰਾਤ ਅੱਡੇ 'ਤੇ ਰਹਿਣ ਦਾ ਇੰਤਜ਼ਾਮ ਕਰਕੇ ਆਉਣ।

3. ਜਹਾਜ਼ ਤੋਂ ਉਤਰਦੇ ਸਾਰ ਹੀ ਦੇਸ਼ ਦੀ ਮਿੱਟੀ ਮੱਥੇ ਲਾਉਣ ਦੀ ਕਾਹਲੀ ਨਾ ਕਰੋ। ਇਹ ਕੰਮ ਏਅਰਪੋਰਟ ਤੋਂ ਬਾਹਰ ਆ ਕੇ ਵੀ ਹੋ ਸਕਦਾ ਹੈ। ਬਾਹਰ ਆ ਕੇ ਵੀ ਅਜਿਹਾ ਕਰਨ ਦੀ ਲੋੜ ਨਹੀਂ ਕਿਉਂਕਿ ਉੜ ਰਹੀ ਮਿੱਟੀ ਆਪ ਹੀ ਤੁਹਾਡੇ ਮੱਥੇ 'ਚ ਲੱਗਣ ਲਈ 'ਵਾਜਾਂ ਮਾਰ ਰਹੀ ਹੈ।

4. ਹੌਲੀ ਹੌਲੀ, ਨੀਵੀਂ ਪਾ ਕੇ, ਹਲੀਮੀ ਨਾਲ ਚੈਕਿੰਗ-ਗੁੰਮਟੀ ਵੱਲ ਵਧੋ ਤੇ ਹਮੇਸ਼ਾ ਕਿਸੇ ਬਿਪਤਾ ਦੇ ਵਾਪਰ ਜਾਣ ਦਾ ਸਾਹਮਣਾ ਕਰਨ ਲਈ ਆਪਣੇ ਆਪ ਨੂੰ ਤਿਆਰ ਕਰੋ।

5. ਬਾਹਰਲੇ ਦੇਸ਼ਾਂ ਵਿਚ ਆਪਣੇ ਉਚੇ ਰੁਤਬੇ, ਮੋਟਲਾਂ, ਗੈਸ ਸਟੇਸ਼ਨਾਂ ਦੇ ਵੇਰਵੇ, ਖਾਸ ਤੌਰ 'ਤੇ ਵਿਦਿਅਕ ਡਿਗਰੀਆਂ ਦਾ ਏਅਰਪੋਰਟ ਸਟਾਫ਼ 'ਤੇ ਰੁਹਬ ਨਾ ਪਾਓ। ਇਹ ਸਟਾਫ਼ ਤਾਂ ਪਹਿਲਾਂ ਹੀ ਦਵੈਖ ਨਾਲ ਭਰਿਆ ਪਿਆ ਹੈ ਕਿ ਆਹ ਦੇਸ਼ 'ਚੋਂ ਗਏ ਸੜੇ ਜਿਹੇ ਲੋਕ ਦੋ ਦੋ ਦੇਸ਼ਾਂ ਦੇ ਸ਼ਹਿਰੀ ਬਣੇ ਫਿਰਦੇ ਹਨ।

6. ਭਾਰਤੀ ਅਮਰੀਕੀਆਂ ਲਈ ਦੂਹਰੀ ਨਾਗਰਿਕਤਾ ਦਾ ਸ਼ੋਰ ਇਕ ਰਾਜਸੀ ਸ਼ੋਸ਼ਾ ਹੈ, ਇਸ ਨੂੰ ਨਾ ਹੀ ਲਓ ਤਾਂ ਚੰਗਾ, ਘੱਟੋ ਘੱਟ ਗੰਭੀਰਤਾ ਨਾਲ ਤਾਂ ਨਾ ਹੀ ਲਓ।

7. ਵਿਦੇਸ਼ੀ ਭਾਰਤੀਆਂ ਦੀ ਨਾਗਰਿਕਤਾ ਦਾ ਕਾਰਡ ਇਕ ਬਹੁਤ ਹੀ ਮਹਿੰਗਾ ਰੱਦੀ ਦਾ ਪੁਰਜ਼ਾ ਹੈ। ਇਹ ਰੱਦੀ ਹੋਵੇ ਜਾਂ ਨਾ, ਤੁਹਾਨੂੰ ਭਾਰਤ ਜਾਣ ਲੱਗਿਆਂ ਵੀਜ਼ਾ ਲੈਣਾ ਹੀ ਪੈਣਾ ਹੈ। ਫਰਕ ਸਿਰਫ਼ ਏਨਾ ਹੈ ਕਿ ਏਨੀ ਫੀਸ ਤਾਰ ਕੇ ਉਮਰ ਭਰ ਲਈ ਵੀਜ਼ਾ ਮਿਲ ਜਾਂਦਾ ਹੈ ਜਦ ਕਿ 10 ਸਾਲ ਦਾ ਵੀਜ਼ਾ ਕਿਤੇ ਸਸਤਾ ਪੈਂਦਾ ਹੈ।

8. ਭਾਰਤ ਆਉਣ ਸਮੇਂ ਹਮੇਸ਼ਾ ਯਾਦ ਰੱਖੋ ਕਿ ਤੁਸੀਂ ਵਿਦੇਸ਼ੀ ਹੋ, ਆਪਣਾ ਵੀਜ਼ਾ ਨਾਲ ਲੈ ਕੇ ਆਉ, ਉਥੇ ਕੋਈ ਚਾਰਾ ਨਹੀਂ। ਦੂਹਰੀ ਨਾਗਰਿਕਤਾ ਵੀਜ਼ੇ ਦਾ ਉਕਾ ਬਦਲ ਨਹੀਂ ਹੈ।

9. ਯਾਦ ਰੱਖੋ, ਜੇ ਤੁਸੀਂ ਦੂਹਰੀ ਨਾਗਰਿਕਤਾ ਵਾਲਾ ਕਾਰਡ ਲੈ ਕੇ ਆਉਂਦੇ ਹੋ ਤਾਂ ਤੁਹਾਡੇ ਨਾਲ ਇਕ ਆਮ ਵਿਦੇਸ਼ੀ ਨਾਲੋਂ ਵੀ ਭੈੜਾ ਵਰਤਾਉ ਹੋਵੇਗਾ ਯਾਨਿ ਦੂਜੇ ਦਰਜੇ ਦੇ ਸ਼ਹਿਰੀ ਵਾਲਾ। ਉਥੇ ਅਫ਼ਸਰ ਲੋਕ ਗੋਰੀ ਚਮੜੀ ਵਾਲੇ ਵਿਦੇਸ਼ੀ ਨਾਲ ਤਾਂ ਸ਼ਿਸ਼ਟ ਢੰਗ ਨਾਲ ਪੇਸ਼ ਆਉਂਦੇ ਹਨ ਤੇ ਉਸਨੂੰ ਆਰਜ਼ੀ ਵੀਜ਼ਾ ਵੀ ਦੇ ਦਿੰਦੇ ਹਨ ਪਰ ਤੁਹਾਨੂੰ ਨਹੀਂ।

10. ਅਖੀਰ ਵਿਚ ਸਿਰੇ ਦੀ ਗੱਲ: ਦੂਹਰੀ ਨਾਗਰਿਕਤਾ ਵੈਸੇ ਵੀ ਅਨੈਤਿਕ ਗੱਲ ਹੈ, ਦੂਹਰੀ ਵਫ਼ਾਦਾਰੀ ਪਾਲੀ ਹੀ ਕਿਵੇਂ ਜਾ ਸਕਦੀ ਹੈ, ਦੋ ਬੇੜੀਆਂ 'ਚ ਪੈਰ ਥੋੜੋ ਰੱਖੇ ਜਾ ਸਕਦੇ ਹਨ?

# ਬਾਗੀ ਆਗੂ ਲੀਊ ਨੂੰ ਨੋਬਲ ਦੇਣ 'ਤੇ ਚੀਨ ਨੂੰ ਇਤਰਾਜ਼

**ਸਟਾਕਹੋਮ:** ਸਾਲ 2010 ਲਈ ਵੱਖ-ਵੱਖ ਖੇਤਰਾਂ ਲਈ ਨੋਬਲ ਪੁਰਸਕਾਰਾਂ ਦਾ ਐਲਾਨ ਕਰਦਿਆਂ ਸਾਹਿਤ ਲਈ ਪੇਰੂ ਦੇ ਨਾਵਲਕਾਰ ਮਾਰੀਓ ਵਰਗਸ ਲੋਸਾ, ਰਸਾਇਣ ਸ਼ਾਸਤਰ ਲਈ ਈ ਇਚੀ ਨੇਗਿਸ਼ੀ, ਅਕੀਰਾ ਸੁਜ਼ੁਕੀ ਤੇ ਰਿਚਰਡ ਹੇਕ, ਅਰਥ-ਸ਼ਾਸਤਰ ਲਈ ਪੀਟਰ ਡਾਇਮੰਡ, ਡੇਲ ਮਾਰਟਨਸਨ ਤੇ ਕ੍ਰਿਸਟੋਫਰ ਪਿਸਾਰਾਈਡਜ਼ ਅਤੇ ਸ਼ਾਂਤੀ ਲਈ ਚੀਨ ਦੇ ਬਾਗੀ ਆਗੂ ਲੀਊ ਜ਼ੀਆਉਬੋ ਨੂੰ ਇਹ ਪੁਰਸਕਾਰ ਦਿੱਤਾ ਗਿਆ ਹੈ। ਲੀਊ ਨੂੰ ਪੁਰਸਕਾਰ ਦੇਣ ਦੇ ਮੁੱਦੇ 'ਤੇ ਚੀਨ ਵਲੋਂ ਨੋਬਲ ਕਮੇਟੀ ਦੀ ਨਿੰਦਾ ਕੀਤੀ ਗਈ ਹੈ।

## ਸਾਹਿਤ ਦਾ ਨੋਬਲ ਲੋਸਾ ਨੂੰ

ਸਾਹਿਤ ਦਾ ਨੋਬਲ ਪੁਰਸਕਾਰ ਬੀਤੀ 7 ਅਕਤੂਬਰ ਨੂੰ ਪੇਰੂ ਦੇ 74 ਸਾਲਾ ਲੇਖਕ ਮਾਰੀਓ ਵਰਗਸ ਲੋਸਾ ਨੂੰ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ। ਕਿਸੇ ਵੇਲੇ ਆਪਣੇ ਦੇਸ਼ 'ਚ ਰਾਸ਼ਟਰਪਤੀ ਦੀ ਚੋਣ ਲੜਨ ਵਾਲਾ ਇਹ ਲੇਖਕ ਸਪੇਨੀ ਭਾਸ਼ਾ ਜਗਤ ਦੇ ਨਾਮਵਰ ਲੇਖਕਾਂ 'ਚੋਂ ਇਕ ਹੈ। ਪੁਰਸਕਾਰਾਂ ਦਾ ਐਲਾਨ ਕਰਨ ਵਾਲੀ ਸਵੀਡਨ ਦੀ ਅਕਾਦਮੀ ਦਾ ਕਹਿਣਾ ਹੈ ਕਿ 74 ਸਾਲਾ ਲੇਖਕ ਵਲੋਂ ਸੱਤਾ ਦੇ ਢਾਂਚੇ ਦੇ ਕਮਾਲ ਦੇ ਚਿੱਤਰਣ ਤੇ ਕਿਸੇ ਵਿਅਕਤੀ ਅੰਦਰਲੇ ਵਿਰੋਧ-ਵਿਦਰੋਹ ਤੇ ਹਾਰ ਦੀਆਂ ਤਲਖ਼ ਤਸਵੀਰਾਂ ਦੀ ਵਿਆਖਿਆ ਕਰਨ ਲਈ ਇਹ ਪੁਰਸਕਾਰ ਦਿੱਤਾ ਜਾ ਰਿਹਾ ਹੈ। ਵਰਗਸ ਨੇ 30 ਤੋਂ ਵਧ ਨਾਵਲ, ਨਾਟਕ ਤੇ ਲੇਖ ਲਿਖੇ ਹਨ ਉਨ੍ਹਾਂ 'ਚ 'ਕਨਵਰਸ਼ਨ ਇਨ ਦ ਕੈਥਡਰਲ' ਤੇ 'ਦ ਗਰੀਨ ਹਾਊਸ' ਵੀ ਸ਼ਾਮਲ ਹਨ।

ਜਪਾਨੀ ਖੋਜਕਾਰਾਂ ਈ ਇਚੀ ਨੇਗਿਸ਼ੀ ਤੇ ਅਕੀਰਾ ਸੁਜ਼ੁਕੀ ਅਤੇ ਅਮਰੀਕੀ ਵਿਗਿਆਨੀ ਰਿਚਰਡ ਹੇਕ ਨੂੰ ਸਾਲ 2010 ਦਾ ਰਸਾਇਣ ਸ਼ਾਸਤਰ 'ਚ ਨੋਬੇਲ ਪੁਰਸਕਾਰ ਦਿੱਤਾ ਗਿਆ ਹੈ। ਇਨ੍ਹਾਂ ਵਿਗਿਆਨੀਆਂ ਨੇ ਇਕ ਅਜਿਹੀ ਰਸਾਇਣਕ ਤਕਨੀਕ ਵਿਕਸਤ ਕੀਤੀ ਹੈ, ਜਿਸ ਨਾਲ ਉਹ ਕੈਂਸਰ ਦੀਆਂ ਦਵਾਈਆਂ ਦਾ ਪ੍ਰੀਖਣ ਕਰਨ ਤੇ ਕੰਪਿਊਟਰ ਦੀਆਂ ਪਤਲੀਆਂ ਸਕਰੀਨਾਂ ਬਣਾਉਣ 'ਚ ਸਮਰੱਥ ਹੋਏ ਹਨ।



ਮਾਰੀਓ ਵਰਗਸ ਲੋਸਾ

ਜ਼ਿਕਰਯੋਗ ਹੈ ਕਿ ਹੇਕ (79), ਡੈਲਵਰ ਯੂਨੀਵਰਸਿਟੀ 'ਚ ਪ੍ਰੋਫੈਸਰ ਹਨ, ਜਦਕਿ ਨੇਗਿਸ਼ੀ (75) ਇੰਡੀਆਨਾ ਦੀ ਪਰਡਿਊ ਯੂਨੀਵਰਸਿਟੀ 'ਚ ਰਸਾਇਣ ਸ਼ਾਸਤਰ ਪੜ੍ਹਾਉਂਦੇ ਹਨ। ਇਸੇ ਤਰ੍ਹਾਂ 80 ਸਾਲਾ ਸੁਜ਼ੁਕੀ ਜਪਾਨ ਦੀ ਹੋਕਾਇਦੋ ਯੂਨੀਵਰਸਿਟੀ 'ਚ ਪ੍ਰੋਫੈਸਰ ਹਨ।

ਇਸੇ ਦੌਰਾਨ ਜੇਲ ਵਿਚ ਬੰਦ ਚੀਨ ਦੇ ਬਾਗੀ ਆਗੂ ਲੀਊ ਜ਼ੀਆਉਬੋ ਵਲੋਂ ਮਨੁੱਖੀ ਹੱਕਾਂ ਲਈ ਕੀਤੇ ਲੰਬੇ ਅਹਿੰਸਕ ਸੰਘਰਸ਼ ਵਾਸਤੇ 2010 ਦਾ ਨੋਬਲ ਸ਼ਾਂਤੀ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਜਿਸ 'ਤੇ ਤਿੱਖੀ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਚੀਨ ਨੇ ਕਿਹਾ ਕਿ ਇਕ ਅਪਰਾਧੀ ਨੂੰ ਐਵਾਰਡ ਦੇ ਕੇ ਕਮੇਟੀ ਨੇ ਪੁਰਸਕਾਰ ਦਾ ਮਾਣ ਘਟਾ ਦਿੱਤਾ ਹੈ। ਚੀਨ ਨੇ ਨੋਬਲ ਪੁਰਸਕਾਰਾਂ ਦਾ ਐਲਾਨ ਕਰਨ ਵਾਲੀ ਕਮੇਟੀ ਨੂੰ ਚਿਤਾਵਨੀ ਦਿੱਤੀ ਸੀ ਕਿ ਉਹ ਲੀਊ ਦੇ ਨਾਮ 'ਤੇ ਵਿਚਾਰ ਨਾ ਕਰੇ। ਚੀਨ ਵਲੋਂ ਨਾਰਵੇ ਨੂੰ ਵੀ ਧਮਕੀ ਦਿੱਤੀ ਗਈ ਸੀ ਕਿ ਪੁਰਸਕਾਰ ਦਿੱਤੇ ਜਾਣ ਨਾਲ ਦੋਵਾਂ ਦੇਸ਼ਾਂ ਦੇ ਸਬੰਧ ਵਿਗੜ ਸਕਦੇ ਹਨ। ਨੋਬਲ ਕਮੇਟੀ ਦੇ ਮੁਖੀ ਥੋਰਬਜੌਰਨ ਜਾਗਲੈਂਡ ਨੇ ਕਿਹਾ ਕਿ ਲੀਊ ਜ਼ੀਆਉਬੋ ਚੀਨ ਵਿਚ ਮਨੁੱਖੀ ਅਧਿਕਾਰਾਂ ਦੇ ਸੰਘਰਸ਼ ਦੇ ਪ੍ਰਤੀਕ ਹਨ। ਚੀਨ ਦੇ ਵਿਦੇਸ਼ ਮੰਤਰਾਲੇ ਨੇ ਨੋਬਲ ਕਮੇਟੀ ਦੇ ਫ਼ੈਸਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਕ ਅਪਰਾਧੀ ਨੂੰ ਪੁਰਸਕਾਰ ਦੇਣ ਦਾ ਫ਼ੈਸਲਾ ਮੰਦਭਾਗਾ ਹੈ। 54 ਸਾਲ ਦੇ ਲੀਊ, ਹਿੰਸਕ ਟਕਰਾਅ ਦੀ ਬਜਾਏ ਸ਼ਾਂਤਮਈ ਤਰੀਕੇ ਨਾਲ ਸਿਆਸੀ ਤਬਦੀਲੀਆਂ ਲਈ ਆਵਾਜ਼ ਬੁਲੰਦ ਕਰਦੇ ਰਹੇ ਹਨ। ਉਨ੍ਹਾਂ ਨੇ ਵਧੇਰੇ ਆਜ਼ਾਦੀ ਅਤੇ ਕਮਿਊਨਿਸਟ ਪਾਰਟੀ ਦੇ ਸਿਆਸੀ ਦਬਦਬੇ ਨੂੰ ਖ਼ਤਮ ਕਰਨ ਲਈ 'ਚਾਰਟਰ 08' ਲਿਖਣ ਵਿਚ ਸਹਿਯੋਗ ਦਿਤਾ ਸੀ। ਲੀਊ ਨੇ 1989 ਵਿਚ ਤਿਆਨਮਿਨ ਚੌਕ 'ਚ ਹੋਏ ਰੋਸ ਮੁਜ਼ਾਹਰਿਆਂ ਦਾ ਖੁੱਲ੍ਹ ਕੇ ਸਾਥ ਦਿੱਤਾ ਸੀ।

ਇਸ ਦੇ ਨਾਲ ਹੀ ਅਮਰੀਕਾ ਦੇ ਪੀਟਰ ਡਾਇਮੰਡ ਅਤੇ ਡੇਲ ਮਾਰਟਨਸਨ ਅਤੇ ਬਰਤਾਨੀਆ ਦੇ ਸਾਈਪਰਸ ਮੂਲ ਦੇ ਅਰਥ-ਸ਼ਾਸਤਰੀ ਕ੍ਰਿਸਟੋਫਰ ਪਿਸਾਰਾਈਡਜ਼ ਨੂੰ ਸਾਲ 2010 ਦੇ ਅਰਥ-ਸ਼ਾਸਤਰ ਦਾ ਨੋਬੇਲ ਪੁਰਸਕਾਰ ਸਾਂਝੇ ਤੌਰ 'ਤੇ ਦਿੱਤਾ ਗਿਆ ਹੈ। ਇਨ੍ਹਾਂ ਅਰਥ-ਸ਼ਾਸਤਰੀਆਂ ਨੂੰ ਬੇਰੁਜ਼ਗਾਰੀ 'ਤੇ ਆਧਾਰਤ ਆਰਥਕ ਨੀਤੀ ਦੇ ਪ੍ਰਭਾਵ ਦੀ ਵਿਆਖਿਆ ਕਰਨ ਵਾਲੇ ਸਿਧਾਂਤਾਂ ਦੇ ਵਿਕਾਸ ਲਈ ਇਹ ਸਨਮਾਨ ਦਿੱਤਾ ਗਿਆ ਹੈ। ਇਸ ਸਿਧਾਂਤ ਤੋਂ ਇਹ ਜਾਨਣ ਵਿਚ ਮਦਦ ਮਿਲਦੀ ਹੈ ਕਿ ਕਿਉਂ ਬਹੁਤੇ ਲੋਕ ਵੱਡੀ ਗਿਣਤੀ 'ਚ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਬੇਰੁਜ਼ਗਾਰ ਰਹਿੰਦੇ ਹਨ। ਡਾਇਮੰਡ ਮੈਸਾਚੂਸਟਸ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਅਰਥ-ਸ਼ਾਸਤਰੀ ਹਨ। ਦੂਸਰੇ ਅਮਰੀਕੀ ਮਾਰਟਨਸਨ ਇਲੀਨਾਏ ਦੀ ਨਾਰਥਵੈਸਟਰਨ ਯੂਨੀਵਰਸਿਟੀ ਵਿਚ ਅਰਥ-ਸ਼ਾਸਤਰ ਦੇ ਪ੍ਰੋਫੈਸਰ ਹਨ। ਪਿਸਾਰਾਈਡਜ਼ ਲੰਡਨ ਸਕੂਲ ਆਫ ਇਕਨਾਮਿਕਸ ਦੇ ਪ੍ਰੋਫੈਸਰ ਹਨ।

# ਰਾਸ਼ਟਰਮੰਡਲ ਖੇਡਾਂ:ਉਦਘਾਟਨੀ ਬੱਲੇ ਬੱਲੇ ਤੋਂ ਬਾਅਦ ਬਦਨਾਮੀ ਦਾ ਦੌਰ

**ਨਵੀਂ ਦਿੱਲੀ:** ਰਾਸ਼ਟਰਮੰਡਲ ਖੇਡਾਂ ਦੇ ਸ਼ਾਨਦਾਰ ਉਦਘਾਟਨ ਉਪਰੰਤ ਵਿਸ਼ਵ ਮੀਡੀਆ ਵਲੋਂ ਸਿਰਜਿਆ ਗਿਆ "ਇੰਡੀਆ ਨੇ ਕਮਾਲ ਕਰ ਦਿਤਾ" ਵਾਲਾ ਅਕਸ ਹੁਣ ਹੌਲੀ ਹੌਲੀ ਅਲੋਪ ਹੁੰਦਾ ਜਾ ਰਿਹਾ ਹੈ ਅਤੇ ਸਾਹਮਣੇ ਆ ਰਹੀ ਹੈ ਇਕ ਬਹੁਤ ਹੀ ਕੌੜੀ ਤੇ ਬਦਨਾਮੀ ਭਰੀ ਹਕੀਕਤ।

ਖਬਰ ਏਜੰਸੀ ਏ ਐਫ ਪੀ ਨੇ ਇਨ੍ਹਾਂ ਖੇਡਾਂ ਦਾ ਇਕ ਹਫਤਾ ਪੂਰਾ ਹੋਣ 'ਤੇ ਰਾਸ਼ਟਰਮੰਡਲ ਦੇਸ਼ਾਂ ਦੇ ਵੱਖ ਵੱਖ ਅਖਬਾਰਾਂ ਅਤੇ ਮੀਡੀਆ ਰਿਪੋਰਟਾਂ ਦੇ ਆਧਾਰ ਉਤੇ ਇਕ ਰਿਪੋਰਟ ਜਾਰੀ ਕੀਤੀ ਹੈ-"ਜ਼ਹਿਰੀਲੇ ਸਵਿਮਿੰਗ ਪੂਲਾਂ ਤੋਂ ਖਾਲੀ ਸਟੇਡੀਅਮਾਂ ਅਤੇ ਖਰਾਬ ਬਾਕਸਿੰਗ ਸਕੇਲਾਂ ਤੱਕ।" ਇਸ ਰਿਪੋਰਟ ਵਿਚ ਅਜਿਹੀਆਂ ਖਾਮੀਆਂ ਨੂੰ ਉਭਾਰਿਆ ਗਿਆ ਹੈ ਜਿਨ੍ਹਾਂ ਨੇ ਭਾਰਤ ਦਾ ਅਕਸ ਹੀ ਨਹੀਂ ਵਿਗਾੜਿਆ ਸਗੋਂ ਭਾਰਤ ਨੂੰ ਸ਼ਰਮਿੰਦਿਆਂ ਵੀ ਕੀਤਾ ਹੈ। ਰਾਸ਼ਟਰਮੰਡਲ ਖੇਡਾਂ ਦੇ ਇਤਿਹਾਸ ਵਿਚ ਦਿੱਲੀ ਦੀਆਂ ਇਹ ਖੇਡਾਂ ਸਭ ਤੋਂ ਖਰਚੀਲੀਆਂ ਖੇਡਾਂ ਮੰਨੀਆਂ ਜਾਂਦੀਆਂ ਹਨ ਪਰ ਇਨ੍ਹਾਂ ਖੇਡਾਂ ਵਲੋਂ ਇਕ ਹੋਰ ਰਿਕਾਰਡ ਵੀ ਕਾਇਮ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਇਹ ਰਿਕਾਰਡ ਹੈ ਮਾੜੇ ਪ੍ਰਬੰਧਾਂ ਦਾ। ਇਹ ਖੇਡਾਂ ਅਰੰਭ ਤੋਂ ਹੀ ਵੱਖ ਵੱਖ ਤਰ੍ਹਾਂ ਦੇ ਵਿਵਾਦਾਂ ਵਿਚ ਘਿਰੀਆਂ ਰਹੀਆਂ ਹਨ।

ਆਸਟ੍ਰੇਲੀਆ ਦੇ ਇਕ ਅਖਬਾਰ ਨੇ ਲਿਖਿਆ ਹੈ ਕਿ ਇਹ ਖੇਡਾਂ ਜਿਹੜੇ ਸਟੇਡੀਅਮਾਂ ਵਿਚ ਹੋ ਰਹੀਆਂ ਹਨ ਉਹ ਦਰਸ਼ਕਾਂ ਤੋਂ ਖਾਲੀ ਹਨ ਅਤੇ ਦਿੱਲੀ ਵਿਚਲੀਆਂ ਇਹ ਖੇਡਾਂ ਰਾਸ਼ਟਰਮੰਡਲ ਖੇਡਾਂ ਵਾਸਤੇ ਘਾਤਕ ਸਾਬਤ ਹੋ ਸਕਦੀਆਂ ਹਨ। ਇਸੇ ਦੌਰਾਨ ਲੰਡਨ ਤੋਂ ਛਪਦੇ "ਡੇਲੀ ਟੈਲੀਗ੍ਰਾਫ" ਨੇ ਇਨ੍ਹਾਂ ਖੇਡਾਂ ਦੇ ਪ੍ਰਬੰਧ ਦਾ ਮਜ਼ਾਕ ਉਡਾਉਂਦਿਆਂ ਲਿਖਿਆ ਹੈ, "ਦਿੱਲੀ ਵਿਚ ਅੱਜ ਗਲਤ ਕੀ ਹੈ?" ਫਿਰ ਆਪ ਹੀ ਜੁਆਬ ਦਿੱਤਾ ਹੈ, "ਖਾਲੀ ਸਟੈਂਡ, ਬਲਾਕ ਹੋਈਆਂ ਟਾਇਲਟਾਂ, ਡਿੱਗ ਰਹੇ ਸਕੋਰ ਬੋਰਡ, ਉਲਟੀਆਂ ਕਰਦੇ ਤੈਰਾਕ ਅਤੇ ਹੜਤਾਲੀ ਅਧਿਕਾਰੀ।"



ਦਰਸ਼ਕ ਤੋਂ ਖਾਲੀ ਸਟੇਡੀਅਮ

ਕੈਨੇਡਾ ਦੇ ਸਭ ਤੋਂ ਵੱਧ ਛਪਣ ਵਾਲੇ ਅਖਬਾਰ "ਟੋਰਾਂਟੋ ਸਟਾਰ" ਨੇ ਆਪਣੀ ਰਿਪੋਰਟ ਵਿਚ ਟਿੱਪਣੀ ਕੀਤੀ ਹੈ, "ਕਾਮਨਵੈਲਥ ਖੇਡਾਂ ਦਾ ਤਾਜ਼ਾ ਰੋਗ-ਸਵਿਮਿੰਗ ਪੂਲਾਂ ਕਰਕੇ ਤੈਰਾਕਾਂ ਦਾ ਬਿਮਾਰ ਹੋਣਾ"। ਕੈਨੇਡਾ ਦੇ ਹੀ ਦੋ ਹੋਰ ਅਖਬਾਰਾਂ "ਗਲੋਬ" ਅਤੇ "ਮੇਲ" ਨੇ ਲਿਖਿਆ ਹੈ, "ਸਾਨੂੰ ਇਹ ਪਾਖਾਨੇ ਛੱਡ ਕੇ ਘਰ ਪਰਤ ਆਉਣਾ ਚਾਹੀਦਾ ਹੈ।" ਇਕ ਹੋਰ ਅਖਬਾਰ ਨੇ ਲਿਖਿਆ ਹੈ, "ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਜਮੂਰਿਆਂ ਨੇ ਪ੍ਰਮਾਣੂ ਬੰਬ ਵੀ ਬਣਾਇਆ ਹੋਇਆ ਹੈ।" ਆਸਟ੍ਰੇਲੀਆਈ ਅਖਬਾਰ ਨੇ ਆਪਣੀ ਰਿਪੋਰਟ ਵਿਚ ਲਿਖਿਆ ਹੈ, "ਦਿੱਲੀ ਦੀਆਂ ਇਨ੍ਹਾਂ ਖੇਡਾਂ ਨੂੰ ਸ਼ਾਇਦ ਹੀ ਕੋਈ ਦੇਖ ਰਿਹਾ ਹੈ। ਸਾਰੇ ਖੇਡ ਮੈਦਾਨ ਦਰਸ਼ਕਾਂ ਤੋਂ ਵਿਹੂਣੇ ਹਨ ਅਤੇ ਭਾਰਤ ਸਰਕਾਰ ਨੂੰ ਅਖੀਰ ਪ੍ਰਬੰਧਕ ਕਮੇਟੀ ਨੂੰ ਇਹ ਹੁਕਮ ਚਾੜਨਾ ਪਿਆ ਹੈ ਕਿ ਸਕੂਲਾਂ ਦੇ ਬੱਚਿਆਂ ਨੂੰ ਮੁਫਤ ਇਹ ਖੇਡਾਂ ਦਿਖਾਉਣ ਲਈ ਲਿਆਂਦਾ ਜਾਏ ਅਤੇ ਜਿਹੜੇ ਕੁਝ ਇਕ ਦਿੱਲੀ ਵਾਸੀ ਟਿਕਟ ਖਰੀਦ ਕੇ ਇਹ ਖੇਡਾਂ ਦੇਖਣੀਆਂ ਵੀ ਚਾਹੁੰਦੇ ਹਨ, ਉਨ੍ਹਾਂ ਨੂੰ ਵੀ ਭਾਰੀ ਪ੍ਰੇਸ਼ਾਨੀ ਵਿਚੋਂ ਦੀ ਗੁਜ਼ਰਨਾ ਪੈਂਦਾ ਹੈ। ਜੇ ਆਵਾਜਾਈ ਦੇ ਸਾਧਨਾਂ ਦੀ ਮੁਸ਼ਕਲ ਨੂੰ ਇਕ ਪਾਸੇ ਵੀ ਰੱਖ ਦਈਏ ਤਾਂ ਸਕਿਉਰਿਟੀ ਵਾਲੇ ਉਨ੍ਹਾਂ ਦੇ ਇਹ ਖੇਡਾਂ ਦੇਖਣ ਦੇ ਸ਼ੌਕ ਦਾ ਬੇੜਾ ਗਰਕ ਕਰ ਦਿੰਦੇ ਹਨ ਜੋ ਘਰ ਦੀਆਂ ਚਾਬੀਆਂ ਤੱਕ ਸੁਟਾ ਲੈਂਦੇ ਹਨ। ਇਹ ਵੀ ਇਕ ਸੱਚਾਈ ਹੈ ਕਿ ਟਿਕਟਾਂ ਲੈਣ ਲਈ ਲੰਮੀਆਂ ਲਾਈਨਾਂ ਲੱਗਦੀਆਂ ਹਨ ਅਤੇ ਕੋਈ ਵੀ ਟਿਕਟ ਖਿੜਕੀ ਠੀਕ ਤਰ੍ਹਾਂ ਕੰਮ ਨਹੀਂ ਕਰਦੀ। ਇਨ੍ਹਾਂ ਖੇਡਾਂ ਪ੍ਰਤੀ ਉਤਸ਼ਾਹ ਹਰ ਪਾਸੇ ਲਗਾਤਾਰ ਮਰਦਾ ਜਾ ਰਿਹਾ ਹੈ।" ਇਸ ਰਿਪੋਰਟ ਵਿਚ ਹੋਰ ਲਿਖਿਆ ਗਿਆ ਹੈ, "ਇਹ ਮੰਨਦਿਆਂ ਕਿ ਹਰ ਵਾਰ ਦੀਆਂ ਖੇਡਾਂ ਵਿਚ ਕੁਝ ਨਾ ਕੁਝ ਕਮੀਆਂ ਰਹਿ ਜਾਇਆ ਕਰਦੀਆਂ ਹਨ, ਦਿੱਲੀ ਦੀਆਂ ਇਹ ਖੇਡਾਂ ਵੱਡੇ ਤੋਂ ਵੱਡੇ ਅਤੇ ਸਖਤ ਤੋਂ ਸਖਤ ਜਾਨ ਖੇਡ ਉਤਸ਼ਾਹੀ, ਖਿਡਾਰੀ ਅਤੇ ਖੇਡ ਅਧਿਕਾਰੀ ਦੀ ਬਸ ਕਰਾਈ ਜਾ ਰਹੀਆਂ ਹਨ। ਪੱਤਰਕਾਰਾਂ ਸਮੇਤ ਸਾਰੇ ਇਕ ਦੂਜੇ ਨੂੰ ਪੁੱਛ ਰਹੇ ਹਨ ਕਿ ਕੀ ਇਨ੍ਹਾਂ ਖੇਡਾਂ ਵਿਚ ਅਜੇ ਵੀ ਕੋਈ ਸੁਗਲ ਮੇਲਾ ਬਚਿਆ ਹੈ?"

ਦੱਖਣੀ ਅਫਰੀਕਾ ਦੇ ਅਖਬਾਰ "ਮੇਲ" ਅਤੇ "ਗਾਰਡੀਅਨ" ਆਸਟ੍ਰੇਲੀਆਈ ਖੇਡ ਇੰਚਾਰਜ ਸਟੀਵ ਮੌਨਗੈਟੀ ਦੇ ਹਵਾਲੇ ਨਾਲ ਲਿਖਦੇ ਹਨ ਕਿ ਉਦਘਾਟਨੀ ਰਸਮ ਸਮੇਂ ਸਾਡੇ ਨਾਲ ਡੰਗਰਾਂ ਵਾਲਾ ਸਲੂਕ ਕੀਤਾ ਗਿਆ। ਇਹ ਬਹੁਤ ਵੱਡਾ ਨਿਰਾਦਰ ਸੀ। ਖਿਡਾਰੀਆਂ ਨੂੰ ਘੰਟਿਆਂਬੱਧੀ ਤਪਦੀ ਗਰਮੀ ਵਿਚ ਉਡੀਕ ਕਰਨੀ ਪਈ। ਅਖਬਾਰਾਂ ਦੇ ਪਾਠਕਾਂ ਨੇ ਦਿੱਲੀ ਦੀਆਂ ਰਾਸ਼ਟਰਮੰਡਲ ਖੇਡਾਂ ਉਪਰ ਟਿੱਪਣੀ ਕਰਦਿਆਂ ਕਿਹਾ ਹੈ, "ਜੇ ਤੁਸੀਂ ਇਹ ਖੇਡਾਂ ਇਹੋ ਜਿਹੇ ਗੰਦ ਵਿਚ ਹੀ ਕਰਾਉਣੀਆਂ ਹਨ ਤਾਂ ਇਸ ਤੋਂ ਵੱਖਰੀ ਆਸ ਵੀ ਕੀ ਰੱਖੀ ਜਾ ਸਕਦੀ ਸੀ?" ਇਕ ਹੋਰ ਪਾਠਕ ਨੇ ਕਿਹਾ ਹੈ, "ਸਿਰਫ ਸਫਾਈ ਦੀ ਅਣਹੋਂਦ ਕਰਕੇ ਹੀ ਇਹ ਖੇਡਾਂ ਰੱਦ ਕਰ ਦਿੱਤੀਆਂ ਜਾਣੀਆਂ ਚਾਹੀਦੀਆਂ ਸਨ।" ਅਖਬਾਰ "ਦਾ ਆਸਟ੍ਰੇਲੀਅਨ" ਨੇ ਲਿਖਿਆ ਹੈ ਕਿ ਕੀ ਭਲਾ ਦਿੱਲੀ ਦੇ ਸਵਿਮਿੰਗ ਪੂਲਾਂ ਵਿਚਲੇ ਗੰਦ ਦਾ ਦੋਸ਼ ਕਬੂਤਰਾਂ ਦੇ ਸਿਰ ਮੜਿਆ ਜਾ ਸਕਦਾ ਹੈ? ਇੰਗਲੈਂਡ ਦੀ ਟੀਮ ਨੇ ਸਵਿਮਿੰਗ ਪੂਲਾਂ ਵਿਚ ਸਾਫ ਪਾਣੀ ਦੀ ਗਰੰਟੀ ਮੰਗੀ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਛੱਤ ਉਪਰ ਬੈਠੇ ਕਬੂਤਰਾਂ ਦੀਆਂ ਬਿੱਠਾਂ ਨੇ ਪਾਣੀ ਨੂੰ ਗੰਦਾ ਕੀਤਾ। ਕਬੂਤਰਾਂ ਦੀਆਂ ਬਿੱਠਾਂ ਨਾ ਸਿਰਫ ਪਾਣੀ ਵਿਚ ਹੀ ਸਗੋਂ ਸਭ ਪਾਸੇ ਖਿਲਰੀਆਂ ਫਿਰਦੀਆਂ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ 66 ਬਰਤਾਨਵੀ ਤੈਰਾਕਾਂ ਵਿਚੋਂ 40 ਤੈਰਾਕ ਇਸ ਗੰਦੇ ਪਾਣੀ ਵਿਚ ਨਹਾਉਣ ਕਰਕੇ ਬਿਮਾਰ ਹੋ ਗਏ। ਇਸੇ ਤੋਂ ਮਾੜੀ ਹਾਲਤ ਦਾ ਅੰਦਾਜ਼ਾ ਲੱਗ ਸਕਦਾ ਹੈ।

ਭਾਰਤ ਲਈ ਤਸੱਲੀ ਦੀ ਗੱਲ ਇਹ ਹੈ ਕਿ ਆਸ ਦੇ ਉਲਟ ਖਿਡਾਰੀਆਂ ਨੇ ਵਾਹਵਾ ਸਾਰੇ ਤਮਗੇ ਜਿੱਤ ਲਏ ਹਨ ਅਤੇ ਇਹ ਲਗਾਤਾਰ ਆਸਟ੍ਰੇਲੀਆ ਤੋਂ ਬਾਦ ਦੂਜੇ ਨੰਬਰ 'ਤੇ ਆ ਰਿਹਾ ਹੈ। ਇਕ ਪਾਠਕ ਨੇ ਤਾਂ ਇਹ ਵੀ ਟਿੱਪਣੀ ਕੀਤੀ ਹੈ ਕਿ ਅਸੀਂ ਜਾਣ ਬੁੱਝ ਕੇ ਹੀ ਖੇਡਾਂ ਦੌਰਾਨ ਸਫਾਈ ਦਾ ਖਿਆਲ ਨਹੀਂ ਰੱਖਿਆ ਤਾਂ ਜੋ ਵਿਦੇਸ਼ੀ ਸੋਹਲ ਜਾਨ ਖਿਡਾਰੀ ਬਿਮਾਰ ਹੋ ਜਾਣ ਤੇ ਸਾਰੇ ਤਮਗੇ ਸਾਡੇ ਹੱਥ ਆ ਜਾਣ।

# ਰਾਸ਼ਟਰਪਤੀ ਓਬਾਮਾ ਦੀ ਭਾਰਤ ਵਿਚ ਦੀਵਾਲੀ

**ਹਰਜਾਪ ਸਿੰਘ ਔਜਲਾ***

ਰਾਸ਼ਟਰਪਤੀ ਬਰਾਕ ਓਬਾਮਾ ਦੀਵਾਲੀ ਦੀ ਰਾਤ ਯਾਨਿ 5 ਨਵੰਬਰ ਨੂੰ ਭਾਰਤ ਪਧਾਰ ਰਹੇ ਹਨ। ਉਨ੍ਹਾਂ ਦੇ ਪਹਿਲੇ ਪ੍ਰੋਗਰਾਮ ਅਨੁਸਾਰ ਉਨ੍ਹਾਂ ਨੇ 7 ਨਵੰਬਰ ਨੂੰ ਭਾਰਤ ਪੁੱਜਣਾ ਸੀ। ਉਨ੍ਹਾਂ ਨੇ ਆਪਣੀ ਯਾਤਰਾ ਦੋ ਦਿਨ ਪਹਿਲਾਂ ਰੱਖ ਲਈ ਹੈ। ਹੁਣ ਉਹ ਚਾਰ ਨਵੰਬਰ ਨੂੰ ਅਮਰੀਕਾ ਤੋਂ ਰਵਾਨਗੀ ਪਾਉਣਗੇ। ਇਸ ਫੇਰੀ ਤੋਂ ਪਹਿਲਾਂ 2 ਨਵੰਬਰ ਨੂੰ ਅਮਰੀਕਾ ਵਿਚ ਮੱਧਕਾਲੀਨ ਚੋਣਾਂ ਹੋ ਰਹੀਆਂ ਹਨ। ਇਨ੍ਹਾਂ ਚੋਣਾਂ ਵਿਚ ਰਾਸ਼ਟਰਪਤੀ ਓਬਾਮਾ ਦੀ ਪਾਰਟੀ ਨੂੰ ਭਾਰੀ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਫੇਰੀ ਦੌਰਾਨ ਰਾਸ਼ਟਰਪਤੀ ਓਬਾਮਾ ਚਾਰ ਦੇਸ਼ਾਂ ਦੇ ਦੌਰੇ 'ਤੇ ਜਾ ਰਹੇ ਹਨ। ਇਨ੍ਹਾਂ ਦੇਸ਼ਾਂ ਵਿਚ ਜਾਪਾਨ ਅਤੇ ਦੱਖਣੀ ਕੋਰੀਆ ਵੀ ਸ਼ਾਮਲ ਹਨ।

ਭਾਰਤ ਦੇ ਨਾਲ ਜਾਪਾਨ ਅਤੇ ਦੱਖਣੀ ਕੋਰੀਆ ਦੀ ਫੇਰੀ ਨੂੰ ਨੱਥੀ ਕਰਨ ਦਾ ਭਾਵ ਇਹ ਹੈ ਕਿ ਰਾਸ਼ਟਰਪਤੀ ਓਬਾਮਾ ਹਾਲ ਦੀ ਘੜੀ ਭਾਰਤ ਨੂੰ ਜਾਪਾਨ ਅਤੇ ਦੱਖਣੀ ਕੋਰੀਆ ਦੇ ਬਰਾਬਰ ਦਾ ਭਰੋਸੇਯੋਗ ਮਿੱਤਰ ਦੇਸ ਤਸੱਵਰ ਕਰ ਰਹੇ ਹਨ।

ਆਮ ਤੌਰ 'ਤੇ ਅਮਰੀਕਨ ਰਾਸ਼ਟਰਪਤੀਆਂ ਉਪਰ ਪਾਕਿਸਤਾਨ ਦੀ ਜਾਨਿਬ ਤੇ ਅਥਾਹ ਦਬਾਓ ਪਾਇਆ ਜਾਂਦਾ ਹੈ ਕਿ ਉਹ ਭਾਰਤ ਦੀ ਫੇਰੀ ਸਮੇਂ ਹੀ ਪਾਕਿਸਤਾਨ ਦੀ ਯਾਤਰਾ ਵੀ ਕਰਨ। ਪਰ ਨਜ਼ਰ ਆ ਰਿਹਾ ਹੈ ਕਿ ਇਸ ਵਾਰ ਸਦਰ ਓਬਾਮਾ ਉਪਰ ਪਾਕਿਸਤਾਨ ਦਾ ਕੂਟਨੀਤਕ ਦਬਾਓ ਕੰਮ ਨਹੀਂ ਕਰ ਸਕਿਆ। ਉਹ ਪਾਕਿਸਤਾਨ ਨਹੀਂ ਜਾ ਰਹੇ।

5 ਨਵੰਬਰ ਦੀ ਰਾਤ ਨੂੰ ਸਦਰ ਓਬਾਮਾ ਦੇ ਭਾਰਤ ਦੀ ਆਰਥਿਕ ਰਾਜਧਾਨੀ ਮੁੰਬਈ ਜਾਣ ਦੀ ਜਾਣਕਾਰੀ ਪ੍ਰਾਪਤ ਹੋਈ ਹੈ। 6 ਨਵੰਬਰ ਨੂੰ ਉਹ ਮੁੰਬਈ ਵਿਚ ਭਾਰਤੀ ਅਤੇ ਅਮਰੀਕੀ ਕਾਰੋਬਾਰੀ ਅਦਾਰਿਆਂ ਦੇ ਮੈਂਬਰਾਂ ਨੂੰ ਸੰਬੋਧਨ ਕਰਨਗੇ ਅਤੇ 26 ਨਵੰਬਰ, 2008 ਦੇ ਮੁੰਬਈ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ।

7 ਨਵੰਬਰ ਨੂੰ ਉਹ ਸ੍ਰੀ ਅੰਮ੍ਰਿਤਸਰ ਜਾ ਰਹੇ ਹਨ। ਉਥੇ ਉਹ ਰਾਤ ਨਹੀਂ ਕੱਟਣਗੇ। ਉਸ ਸਮੇਂ ਤਾਈਂ ਅੰਮ੍ਰਿਤਸਰ ਵਿਚ ਦੀਵਾਲੀ ਦਾ ਭੀੜ ਭੜੱਕਾ ਵੀ ਖਤਮ ਹੋ ਜਾਏਗਾ। ਅੰਮ੍ਰਿਤਸਰ ਤੋਂ 7 ਨਵੰਬਰ ਦੀ ਰਾਤ ਨੂੰ ਹੀ ਉਹ ਨਵੀਂ ਦਿੱਲੀ ਅੱਪੜ ਜਾਣਗੇ। 8 ਨਵੰਬਰ ਨੂੰ ਉਹ ਭਾਰਤੀ ਸੰਸਦ ਦੇ ਦੋਹਾਂ ਸਦਨਾਂ ਦੀ ਸੰਯੁਕਤ ਬੈਠਕ ਨੂੰ ਸੰਬੋਧਨ ਕਰਨਗੇ। ਉਸ ਤੋਂ ਬਾਅਦ ਉਹ ਸ਼ਾਇਦ ਤਾਜ ਮਹਿਲ ਵੀ ਜਾਣ।

8 ਨਵੰਬਰ ਦੀ ਰਾਤ ਨੂੰ ਹੀ ਉਹ ਭਾਰਤ ਤੋਂ ਵਿਦਾਇਗੀ ਲੈਣਗੇ। ਸਿੱਖਾਂ ਵਾਸਤੇ ਰਾਸ਼ਟਰਪਤੀ ਓਬਾਮਾ ਦੀ ਫੇਰੀ ਦਾ ਬਹੁਤ ਮਹੱਤਵ ਹੈ। ਅਮਰੀਕਾ ਦੀ ਤਰੱਕੀ ਵਿਚ ਸਿੱਖਾਂ ਨੇ ਪਿਛਲੇ ਸੌ ਤੋਂ ਵੱਧ ਸਾਲਾਂ ਦੇ ਅਰਸੇ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਯੋਗਦਾਨ ਦੇ ਕਾਰਨ ਉਹ ਅੰਮ੍ਰਿਤਸਰ ਵਿਚ ਸ੍ਰੀ ਦਰਬਾਰ ਸਾਹਿਬ



ਵਿਖੇ ਨਤਮਸਤਕ ਹੋ ਰਹੇ ਹਨ।


*e-mail:harjapaujla@gmail.com


ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh
Insurance Lic No. 0G73739

Financing Available For Buying Trucks

Cell:(510) 557-6988, Ph:209-982-9996

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

# ਜੱਟ ਤੇ ਬਾਣੀਏ ਦੀ ਪੱਕੀ ਯਾਰੀ ਏ

ਜਦੋਂ ਜੱਟ ਦੇ ਘਰ ਪੁੱਤ ਜੰਮੇ ਤਾਂ ਬੂਹੇ 'ਤੇ ਸਰੀਂਹ ਬੰਨ੍ਹੇ ਜਾਂਦੇ ਹਨ ਉਸ ਸਮੇਂ ਜੱਟ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਹੁੰਦੀ। ਇਹੀ ਖੁਸ਼ੀ ਜੱਟ ਦੀ ਜ਼ਮੀਨ ਇਕ ਹੋਰ ਹਿੱਸੇ ਵਿਚ ਵੰਡਣੀ ਸ਼ੁਰੂ ਕਰ ਦਿੰਦੀ ਹੈ। ਬਾਣੀਏ ਦੇ ਘਰ ਪੁੱਤ ਜੰਮੇ ਦੀ ਖੁਸ਼ੀ ਦੇ ਨਾਲ ਹੀ ਇਕ ਹੋਰ ਹੱਟੀ ਦਾ ਨੀਂਹ ਪੱਥਰ ਰੱਖ ਹੋ ਜਾਂਦਾ ਹੈ। ਏਕਤਾ ਨਾਲ ਹੀ ਬਰਕਤ ਬੂਹਾ ਟੱਪ ਕੇ ਅੰਦਰ ਵੜਦੀ ਹੈ। ਘਰ ਦੀ ਚੌਧਰ ਲਈ ਕੀਤੀ ਬਗਾਵਤ ਹੀ ਘਰ ਦੇ ਵਿਹੜਿਆਂ ਵਿਚ ਉਚੀ ਕੰਧ ਕਢਵਾਉਂਦੀ ਹੈ। ਏਕੇ ਦੀ ਮਾਇਆ ਨਾਲ ਔਖੀ ਤੋਂ ਔਖੀ ਮੁਸੀਬਤ ਹੱਲ ਹੀ ਨਹੀਂ ਕੀਤੀ ਜਾਂਦੀ ਸਗੋਂ ਵਿਆਹ ਵਰਗੀ ਖੁਸ਼ੀ ਵੀ ਮਨਾਈ ਜਾਂਦੀ ਹੈ। ਗੁਰਦੁਆਰੇ ਬੈਠ ਕੇ ਅਖਬਾਰਾਂ ਵਿਚੋਂ ਰਾਸ਼ੀਫਲ ਪੜ੍ਹਨ ਵਾਲਿਆਂ ਦੇ ਪੱਲੇ ਧੇਲਾ ਵੀ ਨਹੀਂ ਬਚਦਾ। ਜ਼ਿੰਦਗੀ ਵਿਚ ਅੱਗੇ ਵਧਣ ਲਈ ਵਿਸ਼ਵਾਸ ਨਾਲ ਏਕਤਾ ਕਾਇਮ ਕਰੋ ਤਰੱਕੀ ਤੁਹਾਡੇ ਖੁਦ ਪੈਰ ਚੁੰਮੇਗੀ।

ਇਹ ਗੱਲ ਨਵੰਬਰ ਦੋ ਹਜ਼ਾਰ ਦੀ ਹੈ। ਅਸੀਂ ਇਮੀਗ੍ਰੇਸ਼ਨ ਲਈ ਵਕੀਲਾਂ ਦੇ ਚੱਕਰਾਂ ਵਿਚ ਨੱਠ ਭੱਜ ਕਰ ਰਹੇ ਸਾਂ। ਡਾਲਰਾਂ ਵਲੋਂ ਹੱਥ ਤੰਗ ਹੋਣ ਕਰਕੇ ਰਿਹਾਇਸ਼ ਅਤੇ ਲੰਗਰ ਪਾਣੀ ਦਾ ਪ੍ਰਬੰਧ ਫਰੀਮਾਂਟ (ਕੈਲੀਫੋਰਨੀਆ) ਦੇ ਗੁਰਦੁਆਰੇ ਹੀ ਕਰਦੇ। ਇਨ੍ਹਾਂ ਦਿਨਾਂ ਵਿਚ ਮੈਂ ਰੀਨੋ (ਨੇਵਾਡਾ) ਰਹਿੰਦਾ ਸਾਂ। ਬੱਸਾਂ ਦੇ ਚੱਕਰਾਂ ਤੋਂ ਬਚਣ ਲਈ ਗੁਰਦੁਆਰੇ ਹੀ ਪੰਜ-ਚਾਰ ਦਿਨ ਰੁੱਕ ਜਾਂਦੇ, ਇਥੋਂ ਸੈਨ ਫਰਾਂਸਿਸਕੋ ਨੇੜੇ ਹੀ ਪੈਂਦਾ ਹੈ। ਗੁਰਦੁਆਰੇ ਦੇ ਲੰਗਰ ਹਾਲ ਨਾਲ ਬਣੇ ਕਮਰਿਆਂ ਦੇ ਉਪਰ ਇਕ ਵੱਡੇ ਹਾਲ ਵਿਚ ਸਾਡੀ ਪੱਕੀ ਹੀ ਰਿਹਾਇਸ਼ ਹੁੰਦੀ ਸੀ।

ਜਿੱਥੇ ਹੋਰ ਵੀ ਮੇਰੇ ਵਰਗੇ ਪੇਪਰਾਂ ਦੇ ਸਤਾਏ ਹੋਏ ਠਹਿਰੇ ਹੁੰਦੇ ਸਨ। ਇਥੇ ਸਾਨੂੰ ਤਿੰਨੇ ਟਾਈਮ ਪ੍ਰਸ਼ਾਦਾ ਪਾਣੀ ਮਿਲਦਾ ਸੀ, ਨਾਲ ਇਸ਼ਨਾਨ-ਪਾਣੀ ਦਾ ਵੀ ਵਧੀਆ ਪ੍ਰਬੰਧ ਸੀ। ਸਭ ਨਾਲੋਂ ਚੰਗੀ ਗੱਲ ਇਹ ਸੀ ਕਿ ਸਾਨੂੰ ਕਦੇ ਟੈਕਸੀ ਨਹੀਂ ਲੈਣੀ ਪਈ। ਜੋ ਗੁਰਮੁੱਖ ਪਿਆਰਾ ਗੁਰਦੁਆਰੇ ਮੱਥਾ ਟੇਕਣ ਆਉਂਦਾ ਅਸੀਂ ਨਿਮਰਤਾ ਸਹਿਤ ਬੇਨਤੀ ਕਰਨੀ ਕਿ "ਬਾਈ ਜੀ ਅਸੀਂ ਫਲਾਣੇ ਵਕੀਲ ਦੇ ਜਾਣਾ ਹੈ ਕ੍ਰਿਪਾ ਕਰਕੇ ਸਾਨੂੰ ਆਪਣੀ ਕਾਰ 'ਤੇ ਉਥੇ ਛੱਡ ਆਓ।" ਬਿਨਾਂ ਕਿਸੇ ਪੁੱਛ ਪੜਤਾਲ ਦੇ ਝੱਟ ਆਖ ਦੇਣਾ, "ਬੈਠੋ ਕਾਰ ਵਿਚ, ਆਪਾਂ ਹੁਣੇ ਛੱਡ ਆਉਂਦੇ ਹਾਂ।" ਧੰਨ ਸਨ ਉਹ ਗੁਰਮੁੱਖ ਪਿਆਰੇ, ਜਿੱਥੇ ਵੀ ਹੋਣ ਉਮਰਾਂ ਮਾਣਨ। ਪਤਾ ਨਹੀਂ ਕਿੰਨੇ ਗੁਰਮੁੱਖ ਪਿਆਰਿਆਂ ਨੇ ਸਾਨੂੰ ਵਕੀਲਾਂ ਦੇ ਦਫਤਰਾਂ ਅੱਗੇ ਉਤਾਰਨ ਦੀ ਸੇਵਾ ਕੀਤੀ। ਇਸ ਥਾਂ 'ਤੇ ਥੋੜ੍ਹੇ ਦਿਨਾਂ ਦੇ ਮਿਲਾਪ ਨੇ ਮੈਨੂੰ ਇਕ ਸੱਚ ਦਿਖਾਇਆ ਤੇ ਇਹ ਸੱਚ ਮੈਂ ਅੱਜ ਵੀ ਦੇਖਦਾ ਹਾਂ।

ਰੋਸ਼ਨ ਲਾਲ ਤੇ ਕਰਮ ਸਿੰਘ ਦੋਵੇਂ ਹੀ ਇਸ ਹਾਲ ਵਿਚ ਠਹਿਰੇ ਹੋਏ ਸਨ। ਪੇਪਰਾਂ ਦੇ ਚੱਕਰਾਂ ਵਿਚ ਅਸੀਂ ਇੱਕੋ ਵਕੀਲ ਦੇ ਦਫਤਰ ਜਾਂਦੇ। ਇਕੱਠਿਆਂ ਆਉਣ ਜਾਣ ਨਾਲ ਸਾਡੀ ਆਪਸ ਵਿਚ ਨੇੜਤਾ ਹੋ ਗਈ। ਅਕਸਰ ਮੁਸੀਬਤੀ ਦਿਨਾਂ ਵਿਚ ਕੰਧਾਂ ਤੇ ਰੁੱਖਾਂ ਦਾ ਸਹਾਰਾ ਲਿਆ ਜਾਂਦਾ ਹੈ, ਪਰ ਉਹ ਤਾਂ ਇਨਸਾਨ ਸਨ। ਅਸੀਂ ਪਿੰਡ ਗਰਾਂ ਪੁੱਛੇ, ਉਹ ਦੋਵੇਂ ਮੇਰੇ ਜ਼ਿਲ੍ਹੇ (ਲੁਧਿਆਣੇ) ਦੇ ਹੀ ਨਿਕਲੇ। ਇਸ ਨਾਲ ਸਾਡੀ ਨੇੜਤਾ ਹੋਰ ਵਧ ਗਈ ਪਰ ਮੈਨੂੰ ਇਕ ਗੱਲ ਦੀ ਹੈਰਾਨੀ ਹੁੰਦੀ ਕਿ ਰੋਸ਼ਨ ਲਾਲ ਹੈ ਤਾਂ ਬਾਣੀਆ ਪੁੱਤ, ਪਰ ਕੇਸਰੀ ਪੱਗ ਬੜੀ ਵਧੀਆ ਬੰਨ੍ਹ ਕੇ ਰੱਖਦਾ ਤੇ ਹੱਥ ਦੇ ਉਪਰ "ਓਮ" ਖੁਦਵਾਇਆ ਹੋਇਆ ਹੈ। ਮੈਂ ਸੋਚਦਾ, ਇਹ ਕੀ ਰਾਜ ਹੋਇਆ? ਇਕ ਦਿਨ ਮੈਂ ਰੋਸ਼ਨ ਲਾਲ ਨੂੰ ਪੁੱਛ ਹੀ ਲਿਆ "ਬਾਈ ਰੋਸ਼ਨ ਇਹ ਕੇਸਰੀ ਪੱਗ ਤੇ "ਓਮ" ਦਾ ਕੀ ਰਾਜ ਹੈ? ਉਸ ਦੱਸਿਆ:

ਮੇਰਾ ਤੇ ਕਰਮੇ ਦਾ ਇੱਕੋ ਪਿੰਡ ਹੈ। ਸਾਡੇ ਘਰਾਂ ਦੀ ਕੰਧ ਸਾਂਝੀ ਹੈ। ਪਿਛਲੀਆਂ ਤਿੰਨ ਪੀੜ੍ਹੀਆਂ ਤੋਂ ਸਾਡੀ ਸਾਂਝ ਚੱਲੀ ਆ ਰਹੀ ਹੈ। ਅਸੀਂ ਪਿੰਡ ਦੇ ਮਸ਼ਹੂਰ ਬਾਣੀਏ ਹਾਂ। ਸਾਡੀ ਬਹੁਤ ਪੁਰਾਣੀ ਤੇ ਮਸ਼ਹੂਰ ਹੱਟੀ ਹੈ। ਪਿਓ-ਦਾਦਾ, ਚਾਚੇ-ਤਾਏ ਸਾਰੇ ਹੀ ਇਸ ਹੱਟੀ 'ਤੇ ਬੈਠ ਕੇ ਵੱਡੇ ਹੋਏ। ਚਾਚੇ-ਤਾਏ ਤਾਂ ਹਰਿਆਣੇ ਚਲੇ ਗਏ ਪਰ ਅਸੀਂ ਪਿੰਡ ਹੀ ਰਹੇ। ਹੱਟੀ ਦੀ ਜ਼ਿੰਮੇਵਾਰੀ ਲਾਲਾ ਜੀ ਦੀ ਹੈ। ਸਾਡੀ ਹੱਟੀ ਤੋਂ ਜੰਮਣ ਤੋਂ ਲੈ ਕੇ ਵਿਆਹ ਤੱਕ ਤੇ ਵਿਆਹ ਤੋਂ ਲੈ ਕੇ ਮਰਨੇ ਤੱਕ ਦਾ ਸਾਮਾਨ (ਸੀਧਾ ਪੱਤਾ) ਮਿਲਦਾ ਹੈ। ਕਰਮੇ ਹੋਰਾਂ ਨਾਲ ਸਾਡਾ ਘਰ ਵਾਲਾ ਹੀ ਕੰਮ ਹੈ। ਸਾਡੇ ਤਵੇ 'ਤੇ ਪੱਕਦੀ ਰੋਟੀ ਕਰਮਾ ਛੱਕਦਾ ਹੈ। ਮੈਂ ਤਾਂ ਰਹਿੰਦਾ ਹੀ ਕਰਮੇ ਕੇ ਘਰ ਹਾਂ। ਬਚਪਨ ਤੋਂ ਹੀ ਕਰਮੇ ਦੀ ਕਾਪੀ ਕਰਦਾ ਆ ਰਿਹਾ ਹਾਂ। ਜਿੰਨਾ ਕੁਝ ਸਿੱਖਾਂ ਬਾਰੇ ਮੈਂ ਕਰਮੇ ਦੇ ਪਰਿਵਾਰ ਤੋਂ ਸੁਣਿਆ-ਸਿਖਿਆ, ਖੁਦ ਸਿੱਖਾਂ ਦਾ ਇਤਿਹਾਸ ਪੜ੍ਹਿਆ, ਸਭ ਕੁਝ ਜਾਣ ਕੇ ਇਹੀ ਦੁੱਖ ਹੋਇਆ ਕਿ ਮੇਰਾ ਜਨਮ ਸਿੱਖਾਂ ਦੇ ਘਰ ਕਿਉਂ ਨਹੀਂ ਹੋਇਆ? ਜਿਸ ਦਿਨ ਗੁਰਦੁਆਰੇ ਭਾਈ ਤਾਰੂ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ, ਉਸ ਦਿਨ ਦੀ ਮੇਰੀ ਸੇਵਾ ਭਾਵਨਾ ਨੂੰ ਵੇਖਦੇ ਹੋਏ ਪਿੰਡ ਵਾਲਿਆਂ ਨੇ ਮੇਰੇ ਸਿਰ 'ਤੇ ਇਹ ਕੇਸਰੀ ਦਸਤਾਰ ਸਜਾ ਦਿੱਤੀ। ਉਸ ਦਿਨ ਤੋਂ ਮੈਂ ਕੇਸਰੀ ਪੱਗ ਬੰਨ੍ਹਦਾ ਹਾਂ। ਇਸ ਪੱਗ ਨੇ ਮੈਨੂੰ ਕਦੇ ਵੀ ਮੁਸੀਬਤ ਵਿਚ ਨਹੀਂ ਪੈਣ ਦਿੱਤਾ। ਮੇਰੇ ਲਾਲਾ ਜੀ ਨੂੰ ਇਸ ਪੱਗ ਨਾਲ ਕੋਈ ਨਾਰਾਜ਼ਗੀ ਨਹੀਂ ਹੈ। "ਇਹ ਹੈ ਮੇਰੀ ਕੇਸਰੀ ਪੱਗ ਦਾ ਰਾਜ।" ਰੌਸ਼ਨ ਨੇ ਮੇਰਾ ਮੋਢਾ ਘੁੱਟਦਿਆਂ ਉਤਰ ਦਿੱਤਾ।

ਕਰਮਾ ਬੜੇ ਠੰਡੇ ਤੇ ਸਾਊ ਸੁਭਾਅ ਦਾ ਹੈ ਜਦਕਿ ਮੈਂ ਸਿੰਘਾਂ ਵਾਂਗ ਗਰਮ ਧੜੇ ਦਾ ਹਾਂ। ਪਿੰਡੋਂ ਬਾਹਰ ਕਿਸੇ ਨੂੰ ਨਹੀਂ ਪਤਾ ਕਿ ਮੈਂ ਹਿੰਦੂ ਹਾਂ। ਸਭ ਮੈਨੂੰ ਸਿੱਖ ਹੀ ਸਮਝਦੇ ਹਨ। ਅਸੀਂ ਦਸਵੀਂ ਪਾਸ ਕਰਕੇ ਅਜੇ ਕਾਲਜ ਦਾਖਲ ਹੀ ਹੋਏ ਸਾਂ ਕਿ ਕਰਮੇ ਨੂੰ ਪੁਲਿਸ ਚੁੱਕ ਕੇ ਲੈ ਗਈ। ਭਾਰੀ ਤਸ਼ੱਦਦ ਕੀਤਾ। ਪੁਲਿਸ ਨੇ ਇਲਜ਼ਾਮ ਲਾਇਆ ਕਿ ਕਰਮੇ ਕੋਲ ਸਿੰਘਾਂ ਦੀ ਠਹਿਰ ਹੈ। ਅਜੇ ਕਰਮੇ ਦੀ ਜ਼ਮਾਨਤ ਵੀ ਨਹੀਂ ਹੋਈ ਸੀ ਕਿ ਪੁਲਿਸ ਮੈਨੂੰ ਚੁੱਕ ਕੇ ਲੈ ਗਈ। ਕਰਮੇ ਵਾਲਾ ਹਾਲ ਮੇਰਾ ਕੀਤਾ। ਕਰਮੇ ਦਾ ਬਾਪੂ ਤਾਂ ਦਲੇਰ ਸੀ, ਪਰ ਮੇਰਾ ਲਾਲਾ ਰੋ-ਰੋ ਕੇ ਬੁਰਾ ਹਾਲ ਕਰੀ ਜਾਵੇ। ਆਖੇ ਮੇਰਾ ਤਾਂ ਇਕੱਲਾ ਪੁਤ ਹੈ ਜੇ ਇਸ ਨੂੰ ਕੁਝ ਹੋ ਗਿਆ ਤਾਂ ਮੈ ਕਿਆ ਕਰੂੰ।

ਮੈਨੂੰ ਥਾਣੇਦਾਰ ਕਹਿੰਦਾ, "ਪੰਡਤਾ ਤੂੰ ਕਿਵੇਂ ਜੱਟਾਂ ਦੇ ਅੜਿੱਕੇ ਚੜ੍ਹ ਗਿਆ, ਕੇਸਰੀ ਬੰਨ੍ਹ ਕੇ ਸ਼ੇਰ ਬਣ ਬੈਠਾ ਏਂ, ਤੁਸੀਂ ਤਾਂ ਦੀਵਾਲੀ ਨੂੰ ਪਟਾਕਿਆਂ ਤੋਂ ਡਰਦੇ ਮੰਜੇ ਥੱਲੇ ਵੜ ਜਾਂਦੇ ਹੋ।"

"ਮੈਂ ਕਿਹਾ, ਮੈਂ ਪੰਡਤ ਨਹੀਂ ਸਿੰਘ ਹਾਂ", ਉਨ੍ਹਾਂ ਨੇ ਮੈਨੂੰ ਫਿਰ ਸਿੱਟ ਲਿਆ। ਹੁਣ ਸਿੰਘ ਅਖਵਾ ਕੇ ਕੁੱਟ ਖਾਣ ਦਾ ਵੱਖਰਾ ਹੀ ਅਨੰਦ ਆਉਂਦਾ। ਪੁਲਿਸ ਵਾਲੇ ਕੁੱਟੀ ਜਾਂਦੇ ਮੈਂ ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ ਤੇ ਮਤੀ ਦਾਸ ਦੇ ਦਰਸ਼ਨ ਦੀਦਾਰੇ ਕਰੀ ਜਾਂਦਾ। ਸਾਡਾ ਕਿਸੇ ਵੀ ਰਾਜਨੀਤਕ ਜਾਂ ਧਾਰਮਕ ਪਾਰਟੀ ਨਾਲ ਕੋਈ ਸਬੰਧ ਨਹੀਂ ਸੀ ਪਰ ਪਿੰਡ ਦੇ ਕਈ ਬੰਦਿਆਂ ਤੋਂ ਹਿੰਦੂ-ਸਿੱਖ ਦੀ ਏਕਤਾ ਬਰਦਾਸ਼ਤ ਨਹੀਂ ਸੀ ਹੋ ਰਹੀ। ਮੇਰੇ ਲਾਲੇ ਨੇ ਹਰਿਆਣੇ ਵਾਲੇ ਮਾਮਾ ਜੀ ਨਾਲ ਸਲਾਹ ਕਰਕੇ ਅਮਰੀਕਾ ਭੇਜਣ ਦਾ ਮਨ ਬਣਾ ਲਿਆ। ਮੈਂ ਕਰਮੇ ਨੂੰ ਵੀ ਤਿਆਰ ਕਰ ਲਿਆ। ਅਸੀਂ ਤਿੰਨ ਕੁ ਮਹੀਨਿਆਂ ਵਿਚ ਹੀ ਵੀਜ਼ਾ ਲੈ ਕੇ ਦਿੱਲੀਓਂ ਅਮਰੀਕਾ ਪਹੁੰਚ ਗਏ। ਇਥੇ ਪਹੁੰਚ ਕੇ ਰਿਫਿਊਜ਼ੀ ਸਟੇਅ ਵਾਸਤੇ ਕੇਸ ਕਰਨ ਆ ਗਏ। ਹੁਣ ਵਕੀਲਾਂ ਦੇ ਚੱਕਰ ਸ਼ੁਰੂ ਹੋ ਗਏ।

ਜੇ ਤੈਨੂੰ ਸਿੱਖਾਂ ਨਾਲ ਇੰਨਾ ਪਿਆਰ ਸੀ ਤਾਂ ਹੱਥ ਤੇ "ਓਮ" ਕਿਉਂ ਖੁਦਵਾਇਆ? ਮੈਂ "ਓਮ" ਦਾ ਰਾਜ ਜਾਨਣ ਲਈ ਫਿਰ ਸਵਾਲ ਕਰ ਬੈਠਾ।

ਛੋਟੇ ਹੁੰਦਿਆਂ ਛਪਾਰ ਦੇ ਮੇਲੇ 'ਤੇ ਗਏ ਜਿਥੇ ਕਰਮੇ ਦੇ ਬਾਪੂ ਨੇ ਮੇਰੇ ਹਿੰਦੂ ਹੋਣ ਕਰਕੇ "ਓਮ" ਖੁਣਵਾਇਆ, ਕਰਮੇ ਦੇ ਹੱਥ ਉਪਰ 'ੴ' ਖੁਣਵਾਇਆ ਗਿਆ ਪਰ ਅਸੀਂ ਬਾਪੂ ਤੋਂ ਚੋਰੀ ਫਿਰ ਮੇਰੀ ਹਿੱਕ ਉਪਰ 'ੴ' ਖੁਣਵਾ ਲਿਆ ਤੇ ਕਰਮੇ ਦੀ ਹਿੱਕ ਉਪਰ ਓਮ ਖੁਣਵਾਇਆ ਹੋਇਆ ਹੈ। ਇਹ ਸਾਡੀ ਪੱਕੀ ਯਾਰੀ ਦਾ ਸਬੂਤ ਹੈ।

ਉਨ੍ਹਾਂ ਦਿਨਾਂ ਵਿਚ ਸਾਡੇ ਕੋਲ ਸੈਲ ਫੋਨ ਨਹੀਂ ਸਨ। ਨਾ ਰਹਿਣ ਦਾ ਕੋਈ ਪੱਕਾ ਟਿਕਾਣਾ ਸੀ ਪਰ ਅਸੀਂ ਫਿਰ ਵੀ ਵਕੀਲਾਂ ਦੇ ਜ਼ਰੀਏ ਇਕ ਦੂਜੇ ਦਾ ਹਾਲ ਚਾਲ ਪੁੱਛਦੇ ਰਹੇ। ਫਿਰ ਤਿੰਨ ਕੁ ਸਾਲ ਬਾਅਦ ਰੋਸ਼ਨ ਲਾਲ ਮੈਨੂੰ ਯੂਬਾ ਸਿਟੀ ਦੇ ਨਗਰ ਕੀਰਤਨ 'ਤੇ ਮਿਲਿਆ। ਅਸੀਂ ਝੱਟ ਇਕ-ਦੂਜੇ ਨੂੰ ਪਛਾਣ ਲਿਆ। ਹਾਲ-ਚਾਲ ਪੁੱਛਣ ਤੋਂ ਬਾਅਦ ਅਸੀਂ ਚਾਹ ਦੇ ਗਿਲਾਸ ਲੈ ਕੇ ਸੰਗਤਾਂ ਤੋਂ ਵੱਖ ਹੋ ਕੇ ਆਪਣੀਆਂ ਗੱਲਾਂ ਕਰਨ ਲੱਗ ਗਏ। ਰੋਸ਼ਨ ਨੇ ਦੱਸਿਆ ਕਿ ਮੇਰਾ ਕੇਸ ਤਾਂ ਇਮੀਗ੍ਰੇਸ਼ਨ ਅਫਸਰ ਕੋਲ ਹੀ ਪਾਸ ਹੋ ਗਿਆ ਸੀ। ਕਰਮੇ ਦਾ ਕੇਸ ਕੋਰਟ ਵਿਚ ਲੱਗਿਆ ਹੋਇਐ। 'ਦਸਵੇਂ ਪਾਤਿਸ਼ਾਹ ਮਿਹਰਾਂ ਕਰਨ' ਕਰਮੇ ਦੇ ਕੇਸ ਪਾਸ ਹੋਏ ਤੋਂ ਅਸੀਂ ਦੋਵਾਂ ਨੇ ਅੰਮ੍ਰਿਤ ਛੱਕ ਲੈਣਾ ਹੈ। ਰੋਸ਼ਨ ਦੇ ਮੂੰਹੋਂ ਅੰਮ੍ਰਿਤ ਦੀ ਗੱਲ ਸੁਣ ਕੇ ਮੇਰੇ ਹੱਥ ਰੋਸ਼ਨ ਦੇ ਪੈਰਾਂ ਨੂੰ ਛੂਹ ਗਏ। ਅਜੇ ਅਸੀਂ ਗੱਲਾਂ ਹੀ ਕਰ ਰਹੇ ਸਾਂ ਕਿ ਕਰਮਾ ਵੀ ਆ ਗਿਆ। ਮਿਲਣ ਤੋਂ ਬਾਅਦ ਉਸ ਨੇ ਰੋਸ਼ਨ ਦੇ ਵਿਆਹ ਦਾ ਕਾਰਡ ਦਿੱਤਾ, ਵਾਰ-ਵਾਰ ਆਉਣ ਲਈ ਕਿਹਾ। ਮੈਂ ਕਾਰਡ ਫੜ ਫਤਿਹ ਬੁਲਾ ਅੱਗੇ ਤੁਰ ਪਿਆ।

ਰੋਸ਼ਨ ਨਾਲ ਫੋਨ 'ਤੇ ਗੱਲਬਾਤ ਹੁੰਦੀ ਰਹਿੰਦੀ। ਰੋਸ਼ਨ ਨੇ ਦੱਸਿਆ ਕਿ ਮੈਨੂੰ ਰਿਸ਼ਤਾ ਕਰਮੇ ਨੇ ਹੀ ਕਰਵਾਇਆ ਹੈ। ਕੁੜੀ ਵਾਲੇ ਵੀ ਖਾਨਦਾਨੀ ਚੰਗੇ ਬਾਣੀਏ ਹਨ। ਮੈਂ ਕੁੜੀ ਤੋਂ ਵਾਅਦਾ ਲਿਆ ਕਿ ਵਿਆਹ ਤੋਂ ਬਾਅਦ ਅੰਮ੍ਰਿਤ ਛਕਣਾ ਪੈਣਾ ਤੇ ਉਹ ਅੰਮ੍ਰਿਤ ਛਕਣ ਲਈ ਮੰਨ ਗਈ। ਰੋਸ਼ਨ ਦਾ ਵਿਆਹ ਹੋ ਗਿਆ, ਬਹੁਤ ਰੌਣਕ ਸੀ। ਗੁਰਮਰਿਯਾਦਾ ਨਾਲ ਸੰਪੂਰਨ ਹੋਏ ਇਸ ਵਿਆਹ ਦੀਆਂ ਤਾਰੀਫਾਂ ਚਾਰੇ ਪਾਸੇ ਹੋਈਆਂ। ਰੋਸ਼ਨ ਤੇ ਕਰਮੇ ਨੇ ਸਾਂਝਾ ਹੀ ਗੈਸ ਸਟੇਸ਼ਨ ਲੈ ਲਿਆ। ਰੋਸ਼ਨ ਦੀ ਪਤਨੀ ਸੁਨੀਤਾ ਵੀ ਪੂਰੀ ਮਿਹਨਤ ਕਰਦੀ, ਫਿਰ ਤਿੰਨਾਂ ਨੇ ਇਕ ਘਰ ਖਰੀਦ ਲਿਆ। ਤਿੰਨੇ ਹੀ ਇਕ ਪਰਿਵਾਰ ਦੇ ਜੀਅ ਬਣ ਕੇ ਰਹਿੰਦੇ। ਮਿਹਨਤ ਰੰਗ ਲਿਆਈ। ਇਕ ਹੋਰ ਗੈਸ ਸਟੇਸ਼ਨ ਲੈ ਲਿਆ। ਕਰਮੇ ਦਾ ਕੇਸ ਕੋਰਟ ਵਿਚੋਂ ਪਾਸ ਹੋ ਗਿਆ।

ਮੈਂ ਕਰਮੇ ਤੇ ਰੋਸ਼ਨ ਨੂੰ ਕੇਸ ਪਾਸ ਹੋਣ ਦੀਆਂ ਵਧਾਈਆਂ ਦੇ ਕੇ, ਨਾਲ ਹੀ ਰੋਸ਼ਨ ਨੂੰ ਪੁੱਛ ਲਿਆ ਕਿ ਹੁਣ ਅੰਮ੍ਰਿਤ ਕਦੋਂ ਛੱਕਣਾ ਹੈ। ਮੈਂ ਖੁਦ ਬੇਗੁਰਾ ਸੀ ਪਰ ਮੈਨੂੰ ਬੇਸਬਰੀ ਨਾਲ ਰੋਸ਼ਨ ਦੇ ਸਿੰਘ ਬਣਨ ਦੀ ਉਡੀਕ ਸੀ। "ਬਹੁਤ ਜਲਦੀ ਸਿੰਘ ਸਜ਼ ਜਾਣਾ ਹੈ," ਰੋਸ਼ਨ ਨੇ ਉਤਰ ਦਿੱਤਾ।

ਕਰਮੇ ਦਾ ਵੀ ਵਿਆਹ ਹੋ ਗਿਆ। ਸਾਰੇ ਜਣੇ ਇੱਕੋ ਘਰ ਵਿਚ ਰਹਿੰਦੇ, ਘਰੋਂ ਕਦੇ ਭਾਂਡੇ ਖੜਕਣ ਦੀ ਆਵਾਜ਼ ਨਹੀਂ ਆਈ। ਹੁਣ ਚਾਰਾਂ ਨੇ ਅੰਮ੍ਰਿਤ ਛਕ ਲਿਆ। ਹਿੰਦੂ-ਸਿੱਖ ਵਾਲਾ ਭੇਦ ਭਾਵ ਚੱਕਿਆ ਗਿਆ। ਰੋਸ਼ਨ ਦੇ ਦੋ ਪੁੱਤਰੀਆਂ ਹੋਈਆਂ। ਕਰਮੇ ਦੇ ਦੋ ਪੁੱਤਰ। ਰੋਸ਼ਨ ਨੇ ਇਕ ਪੁੱਤ ਕਰਮੇ ਤੋਂ ਝੋਲੀ ਪਵਾ ਲਿਆ। ਕਰਮੇ ਨੇ ਰੋਸ਼ਨ ਦੀ ਇਕ ਧੀ ਝੋਲੀ ਪਵਾ ਲਈ। ਰੋਸ਼ਨ ਸਿੰਘ ਦੇ ਸਿੱਖੀ ਪ੍ਰਤੀ ਅਥਾਹ ਪਿਆਰ ਨੇ ਉਸ ਨੂੰ ਗੁਰੂ ਵਾਲਾ ਬਣਾ ਦਿੱਤਾ। ਏਕਤਾ ਅਤੇ ਵਿਸ਼ਵਾਸ ਨੇ ਰੋਸ਼ਨ ਅਤੇ ਕਰਮੇ ਨੂੰ ਚੰਗੇ ਬਿਜਨਸਮੈਨਾਂ ਦੀ ਕਤਾਰ ਵਿਚ ਖੜੇ ਕਰ ਦਿੱਤਾ। ਸੁਨੀਤਾ ਕੌਰ ਤੇ ਰਮਨ ਕੌਰ ਦੇ ਭੈਣਾਂ ਨਾਲੋਂ ਵੱਧ ਪਿਆਰ ਨੇ ਘਰ ਨੂੰ ਚਾਰ ਚੰਨ ਲਾ ਦਿੱਤੇ। ਹੁਣ ਦੋਵੇਂ ਪਰਿਵਾਰ ਇੱਕੋ ਘਰ ਵਿਚ ਰਹਿ ਕੇ ਪਰਮਾਤਮਾ ਦਾ ਲੱਖ-ਲੱਖ ਸ਼ੁਕਰ ਮਨਾਉਂਦੇ ਹਨ। ਪਰਮਾਤਮਾ ਸਾਨੂੰ ਵੀ ਇਨ੍ਹਾਂ ਵਰਗੀ ਸੁਮੱਤ ਬਖਸ਼ੇ।

# ਸਭਿਆਚਾਰਕ ਸਰਮਾਇਆ ਲੁਟਾ ਰਹੇ ਹਨ ਚਰਖੇ, ਡੀ.ਜੇ. ਵਾਲੇ

**ਜਰਨੈਲ ਘੁਮਾਣ***

ਗੀਤ ਸੰਗੀਤ ਪੰਜਾਬੀ ਸਭਿਆਚਾਰ ਦਾ ਇੱਕ ਅਨਿੱਖੜਵਾਂ ਅੰਗ ਹੈ। ਟੱਪੇ, ਮਾਹੀਆ, ਢੋਲਾ, ਸਿੱਠਣੀਆਂ ਵਿਚਲੇ ਬੋਲ ਸਾਡੇ ਰਿਸ਼ਤਿਆਂ ਅਤੇ ਰਿਸ਼ਤਿਆਂ ਵਿਚਲੀ ਨਿੱਘ ਨੂੰ ਬਿਆਨਦੇ ਹਨ। ਸਮੇਂ ਸਮੇਂ ਗੀਤ ਸੰਗੀਤ ਵਿਚ ਵੀ ਬਦਲਾਅ ਆਉਂਦਾ ਰਿਹਾ। ਪਿਛਲੇ ਚਾਰ ਦਹਾਕਿਆਂ ਵਿਚ ਗੀਤ ਸੰਗੀਤ ਵਿਚ ਆਈਆਂ ਤਬਦੀਲੀਆਂ ਨੇ ਪੰਜਾਬੀ ਗਾਇਕਾ ਨੂੰ ਭੋਇੰ ਤੋਂ ਚੁੱਕ ਆਸਮਾਨ 'ਤੇ ਪਹੁੰਚਾ ਦਿੱਤਾ। ਪੰਜਾਬੀ ਦਾ ਪਸਾਰਾ ਇਸ ਕਦਰ ਵੱਧ ਗਿਆ ਕਿ ਬਾਲੀਵੁੱਡ ਦੀਆਂ ਫ਼ਿਲਮਾਂ ਚਲਾਉਣ ਵਾਸਤੇ ਪੰਜਾਬੀ ਗਾਇਕਾਂ ਜਾਂ ਪੰਜਾਬੀ ਕਿਰਦਾਰਾਂ ਦਾ ਸਹਾਰਾ ਲਿਆ ਜਾਣ ਲੱਗਾ। ਇਹ ਗੱਲ ਸਮੁੱਚੇ ਪੰਜਾਬੀਆਂ ਲਈ ਫ਼ਖਰ ਵਾਲੀ ਹੋ ਨਿਬੜੀ ਅਤੇ ਹਰ ਪੰਜਾਬੀ ਆਪਣੀ ਮਾਂ ਬੋਲੀ ਦੇ ਸੇਵਾਦਾਰਾਂ 'ਤੇ ਮਾਣ ਕਰਨ ਲੱਗਾ। ਅਣਗਿਣਤ ਬੇਰੁਜ਼ਗਾਰਾਂ ਨੂੰ ਵੀ ਇਸ ਖੇਤਰ ਨੇ ਚੰਗੇ ਰੁਜ਼ਗਾਰ ਦੇ ਮੌਕੇ ਦਿੱਤੇ ਅਤੇ ਗਾਉਣਾ ਵਜਾਉਣਾ ਇੱਕ ਕਿੱਤੇ ਵਜੋਂ ਵਿਕਸਤ ਹੋ ਗਿਆ।

ਪੰਜ ਕੁ ਵਰ੍ਹੇ ਪਹਿਲਾਂ ਤੱਕ ਸਭ ਠੀਕ ਠਾਕ ਚੱਲ ਰਿਹਾ ਸੀ ਕਿ ਅਚਾਨਕ ਇਸ ਕਿੱਤੇ ਵਿਚ ਇੱਕ 'ਘਾਤਕ ਘੁਸਪੈਠ' ਹੋਈ, ਜਿਸਨੇ ਪੰਜਾਬੀ ਗੀਤ ਸੰਗੀਤ ਦੀ ਅੰਬਰਾਂ ਨੂੰ ਛੂਹ ਰਹੀ ਪਤੰਗ ਨੂੰ ਐਸੀ ਕਾਟ ਮਾਰੀ ਕਿ ਉਹ ਭੁੰਜੇ ਡਿੱਗ, ਆਪਣੀ ਰੀਡ ਦੀ ਹੱਡੀ ਤੱਕ ਤੁੜਵਾ ਬੈਠਾ। ਪੰਜਾਬੀ ਅਖਾੜਿਆਂ ਅਤੇ ਗਾਇਕਾਂ ਦੀ ਸ਼ੋਹਰਤ ਤੇ ਅਸ਼ਲੀਲਵਾਦ ਦਾ ਇੱਕਦਮ ਕਬਜ਼ਾ ਹੋ ਗਿਆ। ਇਹ ਕਬਜ਼ਾ ਕਰਨ ਵਾਲੇ ਕੋਈ ਸੱਤ ਸਮੁੰਦਰ ਪਾਰ ਕਰਕੇ ਨਹੀਂ ਸਨ ਆਏ, ਇਹ ਧਾੜਵੀ ਸਾਡੇ ਆਪਣੇ ਹੀ ਲੋਕ ਸਨ, ਜਿਨ੍ਹਾਂ ਨੇ ਆਪਣੀ ਮਾਂ ਬੋਲੀ ਦੇ ਕਪੜੇ ਲੀਰੋ ਲੀਰ ਕਰਨ ਲੱਗਿਆਂ ਰੱਤੀ ਸ਼ਰਮ ਨਾ ਕੀਤੀ। ਹਲਕੀ ਫੁਲਕੀ ਛੇੜ ਛਾੜ ਤੋਂ ਗੱਲ ਕਪੜੇ ਫਾੜਨ ਜਾਂ ਉਤਾਰਨ ਤੱਕ ਪਹੁੰਚ ਗਈ। ਪੰਜਾਬਣ ਮੁਟਿਆਰਾਂ ਆਪਣੇ ਹੁਸਨ ਦੀ ਕੁਦਰਤੋਂ ਫੋਕੀ ਸ਼ੋਹਰਤ ਹਾਸਿਲ ਕਰਨ ਵਾਸਤੇ ਕਰਨ ਲੱਗੀਆਂ। ਸੰਗੀਤਕ ਰੁਜ਼ਗਾਰ ਵਿਚੋਂ 'ਵੇਸਵਾਗਮਨੀ' ਵਰਗਾ ਨਵਾਂ ਵਪਾਰ ਜਨਮ ਲੈ ਬੈਠਾ। ਪਿੰਡਾਂ ਦੀ ਮੰਡੀਰ ਦਾ ਝੁਕਾਅ ਸੁਰੀਲੇ ਗਾਇਕਾਂ ਵਾਲੇ ਪਾਸਿਓਂ ਹੱਟ ਕੇ ਸੋਹਣੀਆਂ ਡਾਂਸਰਾਂ ਵੱਲ ਹੋ ਗਿਆ। ਅੱਠ ਅੱਠ, ਦਸ ਦਸ ਜਵਾਨ ਮੁੰਡੇ ਕੁੜੀਆਂ ਦੇ ਅਣਗਿਣਤ ਗਰੁਪ ਜਿਹੇ ਬਣ ਗਏ। ਇੱਕ ਇੱਕ ਕਰਕੇ ਅਜਿਹੇ ਗਰੁਪ ਦਿਨਾਂ ਵਿਚ ਹੀ ਪੂਰੇ ਪੰਜਾਬ ਭਰ ਵਿਚ ਖੁੰਭਾਂ ਵਾਂਗੂੰ ਉਗ ਪਏ। ਪੰਜਾਬ ਭਰ ਵਿਚ ਤੂੜੀ ਵਾਲੇ ਕੋਠਿਆਂ ਵਿਚ ਸੁੱਟੇ ਪਏ ਚਰਖ਼ਿਆਂ ਦੀ ਕਦਰ ਪੈਣ ਲੱਗੀ ਅਤੇ ਉਨ੍ਹਾਂ ਨੂੰ ਰੰਗ ਰੋਗਨ ਕਰਵਾ ਕੇ ਕਾਰਾਂ ਦੇ ਹੂਟੇ ਮਿਲਣ ਲੱਗੇ।



ਇਨ੍ਹਾਂ ਗਰੁਪਾਂ ਦੀ ਚਕਾਚੌਂਧ ਨੇ ਸੈਂਕੜੇ ਗਾਇਕ ਕਲਾਕਾਰਾਂ ਅਤੇ ਹਜ਼ਾਰਾਂ ਸਾਜ਼ੀਆਂ ਦੇ ਰੁਜ਼ਗਾਰ ਨੂੰ ਬੂਰੀ ਤਰ੍ਹਾਂ ਪ੍ਰਭਾਵਿਤ ਕੀਤਾ। ਇਹ ਚਰਖ਼ੇ, ਡੀ.ਜੇ. ਵਾਲੇ ਪੰਜਾਬੀ ਕਲਾਕਾਰਾਂ ਦੇ ਗਾਣਿਆਂ ਉਪਰ ਹੀ ਡਾਂਸ ਕਰਕੇ ਨੋਟ ਕਮਾਉਣ ਲੱਗੇ ਅਤੇ ਗੀਤਾਂ ਦੇ ਗਾਇਕਾਂ ਦੇ ਭੁੱਖੇ ਮਰਨ ਤੱਕ ਦੀ ਨੌਬਤ ਆ ਗਈ। ਬੇਸ਼ੱਕ ਕੁੜੀਆਂ ਨੂੰ ਗਾਣਿਆਂ ਤੇ ਨਾਲ ਨਾਲ ਨਚਾਉਣ ਦੀ ਪਿਰਤ ਵੀ ਗਾਇਕਾਂ ਵਿਚੋਂ ਹੀ ਕੁੱਝ ਕੁ ਗਾਇਕਾਂ ਨੇ ਖ਼ੁਦ ਹੀ ਪਾਈ ਸੀ ਸ਼ਾਇਦ ਓਸ ਵੇਲੇ ਉਹ ਆਪਣੇ ਗਲੇ ਨੂੰ ਅਰਾਮ ਦਿਵਾਉਂਦੇ ਦਿਵਾਉਂਦੇ ਇੱਕ ਵੱਡੀ ਭੁੱਲ ਕਰ ਬੈਠੇ। ਸਮੇਂ ਨਾਲ ਇਨ੍ਹਾਂ ਦੀ ਭੁੱਲ ਇਨ੍ਹਾਂ ਦੇ ਹੀ ਸੰਘ ਵਿਚ ਫਸੀ ਹੱਡੀ ਬਣ ਬੈਠੀ।

ਕਲਾਕਾਰਾਂ ਦੀਆਂ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ਚਰਖਾ ਚਲਦਾ ਰਿਹਾ ਅਤੇ ਅਸ਼ਲੀਲ ਪੂਣੀਆਂ ਨਾਲ ਕਾਮੁਕਤਾ ਦੇ ਗਲੋਟੇ ਗੁੰਦੇ ਜਾਂਦੇ ਰਹੇ। ਪੰਜਾਬਣ ਮੁਟਿਆਰ ਦਾ ਪਹਿਰਾਵਾ ਪਾ ਕੇ ਸਟੇਜ 'ਤੇ ਟਪੂਸੀਆਂ ਮਾਰਨ ਵਾਲੀਆਂ ਇਨ੍ਹਾਂ 'ਜ਼ਾਅਲੀ ਪੰਜਾਬਣਾਂ' ਨੂੰ ਸ਼ਾਇਦ 'ਪੰਜਾਬਣ ਜੱਟੀ' ਦੀ ਮੜਕ ਦਾ ਗਿਆਨ ਹੀ ਨਾ ਹੋਵੇ ਕਿ ਗਿੱਧੇ ਵਿਚ ਨੱਚਦੀ ਪੰਜਾਬਣ ਦੀ ਅੱਡੀ ਦੀ ਧਮਕ ਸੱਚਮੁਚ ਹੀ ਲਾਗਲੇ ਚਾਰ ਪਿੰਡਾਂ ਤੱਕ ਸੁਣਦੀ ਹੁੰਦੀ ਸੀ ਅਤੇ ਉਹ ਨੱਚ ਨੱਚ ਕੇ ਭੂਚਾਲ ਲਿਆ ਦਿੰਦੀ ਸੀ। ਉਸਨੂੰ ਨੱਚਦੀ ਵੇਖ ਮੁਟਿਆਰਾਂ ਤਾਂ ਮੁਟਿਆਰਾਂ ਹਰੇਕ ਬੁੱਢੀ ਠੇਰੀ ਮੇਲਣ ਦਾ ਵੀ ਜੀਅ ਮੱਲੋਮੱਲੀ ਨੱਚਣ ਨੂੰ ਕਰਨ ਲੱਗਦਾ ਸੀ। ਪੰਜਾਬਣ ਮੁਟਿਆਰ ਸਾਰੀ ਸਾਰੀ ਰਾਤ ਨੱਚ ਨੱਚ ਕੇ ਧਮਾਲਾਂ ਪਾਉਂਦੀ ਨਹੀਂ ਸੀ ਥੱਕਦੀ। ਇਸੇ ਤਰ੍ਹਾਂ ਦਾ ਹਾਲ ਹੀਲਾ ਭੰਗੜੇ ਦੇ ਮੋਹਰੀ ਪੰਜਾਬੀ ਗੱਭਰੂ ਜਵਾਨਾਂ ਦਾ ਵੀ ਸੀ ਕਿ ਢੋਲ 'ਤੇ ਡੱਗਾ ਵੱਜਦਿਆਂ ਹੀ ਸਭਨਾਂ ਦਾ ਪੱਬ ਉਠਣ ਲੱਗ ਜਾਂਦਾ ਸੀ। ਜੇ ਕਿਤੇ ਪੰਜਾਬਣ ਮੁਟਿਆਰ ਅਤੇ ਪੰਜਾਬੀ ਗੱਭਰੂ ਇੱਕੋ ਅਖਾੜੇ ਵਿਚ ਇਕੱਠੇ ਉਤਰ ਆਉਂਦੇ ਤਾਂ ਸਮਾਂ ਬੰਨ੍ਹ ਦਿੰਦੇ ਸਨ। ਪੌਣਾਂ ਉਨ੍ਹਾਂ ਦੀਆਂ ਧਮਾਲਾਂ ਵੇਖਣ ਵਾਸਤੇ ਰਾਸਤੇ ਬਦਲ ਲੈਂਦੀਆਂ ਸਨ ਅਤੇ ਚੰਦ ਗੋਡੀ ਮਾਰਦਾ ਮਾਰਦਾ ਕੁੱਝ ਪਲ ਰੁੱਕ ਜਾਂਦਾ ਸੀ।

ਅੱਜ ਕੱਲ੍ਹ ਇਨ੍ਹਾਂ ਡੀ.ਜੇ. ਅਤੇ ਚਰਖ਼ੇ ਵਾਲਿਆਂ ਦੀਆਂ ਬੇਢੰਗੀਆਂ ਸਟੇਜਾਂ ਵੇਖਣ ਵਾਲੇ ਨੂੰ ਏਨਾਂ ਸ਼ਰਮਸਾਰ ਕਰ ਦਿੰਦੀਆਂ ਹਨ ਕਿ ਚਾਵਾਂ ਨਾਲ ਵਿਆਹ ਵਿਚ ਪਰਿਵਾਰ ਸਮੇਤ ਆਇਆ ਆਦਮੀ ਵਿਆਹ ਨੂੰ ਵਿਚਾਲੇ ਹੀ ਛੱਡ ਕੇ ਘਰ ਵਾਪਿਸ ਪਰਤ ਜਾਣ 'ਤੇ ਮਜਬੂਰ ਹੋ ਜਾਂਦਾ ਹੈ। ਜ਼ਿਆਦਾਤਰ ਗਰੁਪਾਂ ਦੇ ਡਾਂਸਰ ਪਰਿਵਾਰਾਂ ਦੇ ਵਿਚਕਾਰ ਲੱਗੀ ਸਟੇਜ ਉਪਰ ਅਜਿਹੀ ਹਰਕਤ ਕਰ ਜਾਂਦੇ ਹਨ ਕਿ ਧੀਆਂ ਭੈਣਾਂ ਨਾਲ ਬੈਠਾ ਆਦਮੀ ਆਪਮੁਹਾਰੇ ਕਹਿ ਉਠਦਾ ਹੈ ਕਿ 'ਕੀ ਕੰਜਰਖਾਨਾ ਲਾ ਰੱਖਿਐ।' ਇਨ੍ਹਾਂ ਗਰੁਪਾਂ ਵਿਚੋਂ ਹੀ ਹੁਣ ਤਾਂ ਕਈਆਂ ਨੇ ਆਪਣੇ ਨਾਂਵਾਂ ਨਾਲ 'ਅਸਲੀ ਸਭਿਆਚਾਰਕ ਗਰੁਪ' ਲਿਖਣਾ ਸ਼ੁਰੂ ਕਰ ਦਿੱਤਾ ਹੈ ਸ਼ਾਇਦ ਇਨ੍ਹਾਂ ਨੂੰ ਆਪਣੇ ਸਮਕਾਲੀ ਗਰੁਪਾਂ ਵਿਚ ਫੈਲੀ 'ਅਸ਼ਲੀਲਤਾ ਦੀ ਕਾਲਨਿਗਾਰੀ' ਦਾ ਅਹਿਸਾਸ ਹੋਣ ਲੱਗਾ ਹੋਵੇ।

ਪਿਛਲੇ ਦਿਨੀਂ ਇਨ੍ਹਾਂ ਗਰੁਪਾਂ ਦੀ ਇੱਕ ਹੋਰ ਸ਼ਰਮਨਾਕ ਗੱਲ ਸੁਣਨ ਨੂੰ ਮਿਲੀ ਜਿਸ ਨਾਲ ਪੰਜਾਬੀ ਸਭਿਆਚਾਰ ਨਾਲ ਜੁੜਿਆ ਹਰ ਇਨਸਾਨ ਗਰਕ ਜਾਣ ਨੂੰ ਮਜਬੂਰ ਹੋ ਜਾਏਗਾ। ਉਹ ਇੱਕ ਲੰਬਾ ਹਉਕਾ ਲੈ ਕੇ ਬਸ ਇਹੋ ਹੀ ਕਹਿ ਸਕੇਗਾ ਕਿ: 'ਐ ਖ਼ੁਦਾ ਅਸਾਂ ਨੇ ਇਹ ਦਿਨ ਵੀ ਵੇਖਣੇ ਸਨ।'

ਬੇਸ਼ੱਕ ਪੁਰਾਣੇ ਸਮਿਆਂ ਵਿਚ ਦੋਗਾਣਾ ਜੋੜੀਆਂ ਵੀ ਸਟੇਜਾਂ ਕਰਨ ਜਾਂਦੀਆਂ ਸਨ ਪਰੰਤੂ ਉਸ ਵੇਲੇ ਜੇ ਕੋਈ ਸ਼ਰਾਬੀ ਕਿਸੇ ਗਾਇਕਾ ਨੂੰ ਇਨਾਮ ਵਾਲੇ ਪੈਸੇ ਉਸ ਦੇ ਹੱਥ ਵਿਚ ਫੜ੍ਹਾਉਣ ਦੀ ਜ਼ਿੱਦ ਕਰ ਲੈਂਦਾ ਤਾਂ ਸ਼ਰਾਬੀ ਦੀ ਗਾਇਕ ਨਾਲ ਲੜਾਈ ਹੋ ਜਾਣ ਤੱਕ ਦੀ ਨੌਬਤ ਆ ਜਾਂਦੀ ਸੀ। ਗੱਲ ਵਧ ਜਾਣ 'ਤੇ ਗੋਲੀ ਵੀ ਚੱਲ ਜਾਂਦੀ ਸੀ। ਅੱਜ ਕੱਲ੍ਹ ਇਨ੍ਹਾਂ 'ਡਾਂਸਰਾਂ ਉਰਫ਼ ਡੰਮੀ ਗਾਇਕਾਵਾਂ' ਨੇ ਸ਼ਰਾਬੀਆਂ ਅਤੇ ਸੋਫ਼ੀਆਂ-ਦੋਹਾਂ ਦੀਆਂ ਜੇਬਾਂ ਵਿਚੋਂ ਨੋਟ ਕਢਵਾਉਣ ਦੇ ਕਈ ਅਸਭਿਅਕ ਢੰਗ-ਤਰੀਕੇ ਲੱਭ ਲਏ ਹਨ।

ਪਹਿਲਾਂ ਪਹਿਲਾਂ ਅਜਿਹੀਆਂ ਖ਼ਬਰਾਂ ਬੰਬਈ ਦੀਆਂ ਛੋਟੀਆਂ ਮੋਟੀਆਂ ਫਿਲਮੀ ਐਕਟਰਸਾਂ ਵਾਸਤੇ ਸੁਣਨ ਨੂੰ ਮਿਲਿਆ ਕਰਦੀਆਂ ਸਨ ਕਿ ਕਿਸੇ ਵਪਾਰੀ ਨਾਲ ਕੋਈ ਫਿਲਮ ਆਰਟਿਸਟ ਡੇਟ 'ਤੇ ਚਲੀ ਗਈ।

ਅਫਸੋਸ! ਹੁਣ ਇਹ ਖ਼ਬਰਾਂ ਪੰਜਾਬ ਦੇ ਪਿੰਡਾਂ, ਕਸਬਿਆਂ, ਸ਼ਹਿਰਾਂ ਵਿਚ ਥਾਂ ਥਾਂ ਫੱਟੇ ਟੰਗ ਕੇ ਬੈਠੇ ਇਨ੍ਹਾਂ ਪੰਜਾਬੀ ਸਭਿਆਚਾਰ ਦੇ ਨਵੇਂ ਵਾਰਿਸਾਂ ਬਾਰੇ ਸੁਣਨ ਨੂੰ ਆਮ ਮਿਲਦੀਆਂ ਹਨ।

ਪਿਛਲੇ ਸਾਲ ਝੋਨੇ ਦੀ ਫਸਲ ਵੇਲੇ ਖੇਤਾਂ ਦੀਆਂ ਬੰਬੀਆਂ ਦੀ ਰਾਖੀ ਨੌਜਵਾਨ ਪੁੱਤਾਂ ਦੀ ਬਜਾਏ ਪੇਂਡੂ ਬੁੜੀਆਂ ਔਰਤਾਂ ਨੇ ਆਪਣੇ ਬਜ਼ੁਰਗ ਪਤੀਆਂ ਨੂੰ ਭੇਜਣਾ ਮੁਨਾਸਿਬ ਸਮਝਿਆ ਕਿਉਂਕਿ ਇਹ ਸਭਿਆਚਾਰ ਦੀ ਰਖਵਾਲੀ ਕਰਦੀਆਂ ਡਾਂਸਰਾਂ, ਸਭਿਆਚਾਰ ਦੀ ਸੇਵਾ ਕਰਨ ਦੇ ਨਾਲ ਨਾਲ ਵਿਹਲੇ ਸਮੇਂ ਵਿਚ ਰਾਤਾਂ ਨੂੰ ਖੇਤ ਦੇ ਰਖਵਾਲਿਆਂ ਨਾਲ ਬੰਬੀਆਂ ਦੀ ਰਖਵਾਲੀ ਕਰਨ ਜਾਂ ਉਨ੍ਹਾਂ ਦੀ ਸੇਵਾ ਕਰਨ ਵਾਸਤੇ ਕਿਰਾਏ 'ਤੇ ਵੀ ਆ ਜਾਂਦੀਆਂ ਸਨ। ਪੰਜਾਬੀ ਸਭਿਆਚਾਰ ਦੀ ਦੁਹਾਈ ਪਾਉਂਦੀਆਂ ਇਹ ਦੁਕਾਨਾਂ ਸਾਡੇ ਅਮੀਰ ਸਭਿਆਚਾਰਕ ਸ਼ਰਮਾਏ ਨੂੰ ਕਿੰਨਾ ਜ਼ਲੀਲ ਕਰ ਕਰ ਲੁਟਾ ਰਹੀਆਂ ਹਨ। ਇਹ ਗੱਲ ਹੁਣ ਬਹੁਤੀ ਦੇਰ ਛੁਪ ਕੇ ਰਹਿਣ ਵਾਲੀ ਨਹੀਂ। ਮੈਨੂੰ ਇੱਕੋ ਸਵਾਲ ਘੁਣ ਵਾਂਗ ਖਾਈ ਜਾ ਰਿਹਾ ਹੈ ਕਿ ਪੰਜਾਬ ਦੀ ਜਵਾਨੀ ਨੂੰ ਤਾਂ ਪਹਿਲਾਂ ਹੀ 'ਨਸ਼ਿਆਂ ਦੀ ਲਤ' ਨੇ ਬਰਬਾਦ ਕਰ ਦਿੱਤਾ ਹੈ। ਹੁਣ ਸਭਿਆਚਾਰ ਦੇ ਨਾਂ 'ਤੇ ਹੋ ਰਹੇ ਇਨ੍ਹਾਂ ਅਸਭਿਅਕ ਕੰਮਾਂ ਕਰਕੇ ਪੰਜਾਬ ਦੇ ਗੱਭਰੂ ਹੋਰ ਕੀ ਕੀ ਐਬ ਲਗਵਾ ਬੈਠਣਗੇ, ਇਹ ਗੱਲ ਤੁਹਾਡੇ/ਸਾਡੇ ਵਾਸਤੇ ਚਿੰਤਾ ਦੀ ਹੈ। ਇਨ੍ਹਾਂ 'ਅਸਭਿਆਚਾਰਕ ਗਰੁਪਾਂ' ਨੂੰ ਹੁਣ ਕੌਣ ਨਕੇਲ ਪਾਏਗਾ ਸਰਕਾਰ ਜਾਂ ਲੋਕ? ਮੇਰੀ ਜਾਚੇ ਇਹ ਲੋਕ ਹੀ ਹਨ ਜਿਹੜੇ ਇਨ੍ਹਾਂ ਨੂੰ ਨੱਥ ਪਾ ਸਕਦੇ ਹਨ।

*ਫੋਨ:91-98885-05577

# ਸਿੱਖ ਵੀਰਾਂ ਨਾਲ ਕੁਝ ਗੱਲਾਂ

**ਬੌਬ ਖੈਹਰਾ***

ਸ੍ਰੀ ਗੁਰੂ ਨਾਨਕ ਦੇਵ ਨੇ ਆਪਣੀ ਸਾਰੀ ਜ਼ਿੰਦਗੀ ਮਾਨਵਤਾ ਦੇ ਲੇਖੇ ਲਾਈ। ਬਾਬੇ ਨਾਨਕ ਦੇ ਜਨਮ ਵੇਲੇ ਬ੍ਰਾਹਮਣਵਾਦ ਪੂਰੇ ਜ਼ੋਰਾਂ 'ਤੇ ਸੀ। ਲੋਕ ਅੰਧਵਿਸ਼ਵਾਸ ਦੀਆਂ ਬੇੜੀਆਂ ਵਿਚ ਏਨੀ ਬੁਰੀ ਤਰ੍ਹਾਂ ਜਕੜੇ ਹੋਏ ਸਨ ਕਿ ਧਰਮ ਦੇ ਨਾਮ 'ਤੇ ਵੱਡੀ ਤੋਂ ਵੱਡੀ ਕੁਰਬਾਨੀ ਵੀ ਚੁੱਪ-ਚਾਪ ਕਰ ਜਾਂਦੇ। ਚਲਾਕ ਬ੍ਰਾਹਮਣ ਨੇ ਉਨ੍ਹਾਂ ਦੀ ਸੋਚ ਨੂੰ ਏਨਾ ਗੁਲਾਮ ਕਰ ਦਿੱਤਾ ਸੀ ਕਿ ਉਨ੍ਹਾਂ ਨੂੰ ਇਹ ਪਤਾ ਨਹੀਂ ਲਗਦਾ ਸੀ ਕਿ ਜੋ ਕੁਝ ਉਹ ਕਰ ਰਹੇ ਹਨ, ਉਹ ਧਰਮ ਸੀ ਜਾਂ ਕਿ ਉਨ੍ਹਾਂ 'ਤੇ ਪਾਇਆ ਗਿਆ ਭਰਮ। ਉਹ ਜੋ ਵੀ ਕਹਿੰਦੇ, ਲੋਕ ਅੱਖਾਂ ਮੀਟ ਕੇ ਕਰਦੇ ਸਨ। ਏਥੋਂ ਤੱਕ ਕਿ ਆਪਣੀਆਂ ਧੀਆਂ-ਭੈਣਾਂ ਨੂੰ ਮੰਦਰਾਂ ਵਿਚ ਦੇਵਦਾਸੀਆਂ ਬਣਾ ਕੇ ਦਾਨ ਕਰ ਦਿੰਦੇ, ਆਪਣੀਆਂ ਪਤਨੀਆਂ ਵੀ ਦਾਨ ਕਰ ਦਿੰਦੇ ਤੇ ਇਹ ਚਲਾਕ ਬ੍ਰਾਹਮਣ ਜਾਂ ਅਮੀਰ ਲੋਕ ਉਨ੍ਹਾਂ ਦੇਵਦਾਸੀਆਂ ਨਾਲ ਆਪਣੀ ਹਵਸ ਪੂਰੀ ਕਰਦੇ। ਜਿਨ੍ਹਾਂ ਗਰੀਬ ਤੇ ਛੋਟੀ ਜਾਤ ਵਾਲਿਆਂ ਨੂੰ ਉਹ ਏਨੀ ਨਫਰਤ ਕਰਦੇ ਸਨ ਕਿ ਜਦੋਂ ਕੋਈ ਛੋਟੀ ਜਾਤ ਵਾਲਾ (ਸੂਦਰ) ਗਲੀ ਵਿਚੋਂ ਲੰਘਦਾ ਤਾਂ ਉਸ ਨੂੰ ਆਪਣੇ ਗਲ ਵਿਚ ਟੱਲ ਪਾ ਕੇ ਲੰਘਣਾ ਪੈਂਦਾ ਤਾਂ ਕਿ ਅੱਗਿਉਂ ਆਉਂਦਾ ਬ੍ਰਾਹਮਣ ਮੱਥੇ ਨਾ ਲੱਗ ਜਾਵੇ ਅਤੇ ਜੇਕਰ ਕਿਸੇ ਸੂਦਰ ਦੇ ਕੰਨਾਂ ਵਿਚ ਮੰਦਰ ਅੰਦਰੋਂ ਭਜਨ ਜਾਂ ਆਰਤੀ ਦੀ ਆਵਾਜ਼ ਪੈ ਜਾਂਦੀ ਤਾਂ ਬ੍ਰਾਹਮਣ ਉਸ ਸੂਦਰ ਦੇ ਕੰਨਾਂ ਵਿਚ ਪਾਰਾ ਘੋਲ ਕੇ ਪਾ ਦਿੰਦੇ ਸਨ ਪਰ ਉਨ੍ਹਾਂ ਹੀ ਗਰੀਬਾਂ ਤੇ ਛੋਟੀ ਜਾਤ ਵਾਲਿਆਂ ਦੀਆਂ ਧੀਆਂ-ਭੈਣਾਂ ਦੀਆਂ ਇੱਜ਼ਤਾਂ ਨਾਲ ਖੇਡਣ 'ਤੇ ਇਨ੍ਹਾਂ ਦੇ ਧਰਮ ਨੂੰ ਕੁਝ ਨਹੀਂ ਸੀ ਹੁੰਦਾ ਅਤੇ ਨਾ ਹੀ ਉਨ੍ਹਾਂ ਦੇ ਖੂਨ-ਪਸੀਨੇ ਦੀ ਕਮਾਈ ਨੂੰ ਧੋਖੇ ਜਾਂ ਮੱਕਾਰੀ ਨਾਲ ਦਾਨ ਵਜੋਂ ਲੈ ਕੇ ਖਾਣ ਨਾਲ ਹੀ ਇਨ੍ਹਾਂ ਦਾ ਧਰਮ ਭ੍ਰਿਸ਼ਟ ਹੁੰਦਾ ਸੀ।

ਜਦੋਂ ਬਾਬੇ ਨਾਨਕ ਨੇ ਇਹ ਸਭ ਵੇਖਿਆ ਤਾਂ ਉਨ੍ਹਾਂ ਨੇ ਇਹ ਪੱਕਾ ਨਿਸ਼ਚੈ ਕਰ ਲਿਆ ਕਿ ਚਾਹੇ ਜੋ ਵੀ ਹੋ ਜਾਵੇ, ਮੈਂ ਇਹ ਭਰਮਾਂ ਦਾ ਕਿਲ੍ਹਾ ਜ਼ਰੂਰ ਤੋੜਾਂਗਾ। ਅੱਜ ਭਾਵੇਂ ਕਿੰਨੀਆਂ ਹੀ ਝੂਠੀਆਂ ਤੇ ਸੱਚੀਆਂ ਸਾਖੀਆਂ ਉਨ੍ਹਾਂ ਦੇ ਨਾਂ ਨਾਲ ਜੋੜ ਦਿੱਤੀਆਂ ਗਈਆਂ ਹੋਣ, ਕਈ ਤਰ੍ਹਾਂ ਦੀਆਂ ਕਰਾਮਾਤਾਂ ਕਰਦੇ ਵਿਖਾਇਆ ਗਿਆ ਹੋਵੇ ਪਰ ਸੱਚ ਤਾਂ ਇਹ ਹੈ ਕਿ ਉਨ੍ਹਾਂ ਨੇ ਇਕ ਮਾਂ ਦੇ ਪੇਟ ਵਿਚੋਂ ਜਨਮ ਲਿਆ ਸੀ ਤੇ ਉਹ ਇਕ ਬਹੁਤ ਹੀ ਸਿਆਣੇ ਤੇ ਸੁਲਝੇ ਹੋਏ ਸੱਚੇ-ਸੁੱਚੇ ਇਨਸਾਨ ਸਨ। ਉਨ੍ਹਾਂ ਕੋਲ ਕੋਈ ਗੈਬੀ ਸ਼ਕਤੀ ਨਹੀਂ ਸੀ। ਹਾਂ ਸ਼ਕਤੀ ਸੀ, ਗਿਆਨ ਦੀ, ਸੱਚ ਬੋਲਣ ਦੀ, ਧਰਮ ਤੇ ਭਰਮ ਨੂੰ ਸਮਝਣ ਦੀ। ਬਾਬੇ ਨਾਨਕ ਨੇ ਕਦੇ ਵੀ ਕੋਈ ਵੱਖਰਾ ਧਰਮ ਚਲਾਉਣ ਦੀ ਗੱਲ ਨਹੀਂ ਕੀਤੀ, ਉਹ ਤਾਂ ਜੋ ਹਿੰਦੂ ਧਰਮ ਵਿਚ ਕੁਰੀਤੀਆਂ ਸਨ, ਜੋ ਮਾੜੀਆਂ ਗੱਲਾਂ ਸਨ, ਉਨ੍ਹਾਂ ਵਿਰੁਧ ਆਵਾਜ਼ ਉਠਾਉਂਦੇ ਸਨ, ਉਨ੍ਹਾਂ ਤੋਂ ਲੋਕਾਂ ਨੂੰ ਜਾਗਰੂਕ ਕਰਦੇ ਸਨ ਤੇ ਉਹ ਵੀ ਕਿਸੇ ਜਾਦੂ ਦੀ ਸ਼ਕਤੀ ਨਾਲ ਨਹੀਂ, ਸਿਰਫ ਤਰਕ ਨਾਲ। ਜਿਵੇਂ ਬ੍ਰਾਹਮਣ ਸੂਰਜ ਵਲ ਨੂੰ ਪਾਣੀ ਸੁੱਟ ਰਹੇ ਸਨ ਤੇ ਉਹ ਉਨ੍ਹਾਂ ਦੇ ਬਰਾਬਰ ਖੜੇ ਹੋ ਕੇ ਦੂਜੇ ਪਾਸੇ ਵਲ ਨੂੰ ਮੂੰਹ ਕਰਕੇ ਪਾਣੀ ਸੁੱਟਣ ਲੱਗੇ। ਬ੍ਰਾਹਮਣਾਂ ਦੇ ਟੋਕਣ 'ਤੇ ਉਨ੍ਹਾਂ ਨੂੰ ਸਮਝਾਇਆ ਕਿ ਜੇ ਮੇਰਾ ਪਾਣੀ, ਮੇਰੇ ਖੇਤਾਂ ਤੱਕ ਨਹੀਂ ਪਹੁੰਚ ਸਕਦਾ ਤਾਂ ਤੁਹਾਡਾ ਸੁੱਟਿਆ ਪਾਣੀ ਕਰੋੜਾਂ ਮੀਲ ਕਿਵੇਂ ਜਾ ਸਕਦਾ ਹੈ? ਇਹ ਸੀ ਉਨ੍ਹਾਂ ਦੀ ਸਿਆਣਪ, ਉਨ੍ਹਾਂ ਦਾ ਤਰਕ।

ਉਹ ਪੂਰੀ ਮਾਨਵ ਜਾਤੀ ਨੂੰ ਪਿਆਰ ਕਰਦੇ ਸਨ, ਹਿੰਦੂ ਧਰਮ ਅਤੇ ਇਸਲਾਮ ਵਿਚ ਅਜੇ ਵੀ ਔਰਤ ਨੂੰ ਆਦਮੀ ਦੇ ਬਰਾਬਰ ਨਹੀਂ ਸਮਝਿਆ ਜਾਂਦਾ, ਬਾਬੇ ਨਾਨਕ ਨੇ ਹੀ ਔਰਤ ਨੂੰ ਬਰਾਬਰ ਦਾ ਦਰਜਾ ਦਿੱਤਾ। ਇਸ ਲਈ ਉਹ ਕਿਸੇ ਇਕ ਧਰਮ ਦੇ ਨਹੀਂ ਸਨ। ਤਾਂ ਹੀ ਤੇ ਉਨ੍ਹਾਂ ਦੇ ਅੰਤਮ ਸਮੇਂ ਸਾਰੇ ਧਰਮਾਂ ਵਿਚ ਰੌਲਾ ਪਿਆ ਸੀ। ਪਰ ਗੱਲ ਤਾਂ ਫਿਰ ਉਹੋ ਹੀ ਹੋਈ ਕਿ ਜੋ ਉਹ ਸਮਝਾਉਂਦੇ ਰਹੇ, "ਏਕ ਨੂਰ ਤੇ ਸਭ ਜਗ ਉਪਜਿਆ", ਅਸੀਂ ਉਹ ਵੀ ਨਹੀਂ ਸਮਝੇ। ਹਾਂ, ਸਗੋਂ ਇਤਿਹਾਸਕਾਰਾਂ ਨੇ ਉਨ੍ਹਾਂ ਬਾਰੇ ਏਨਾ ਵਧਾ-ਚੜ੍ਹਾ ਕੇ ਲਿਖ ਦਿੱਤਾ ਕਿ ਅੱਜ ਹਾਲਾਤ ਇਹ ਹਨ ਕਿ ਬਾਬੇ ਨਾਨਕ ਦੀਆਂ ਸਿੱਖਿਆਵਾਂ ਤਾਂ ਕਿਸੇ ਨੂੰ ਯਾਦ ਨਹੀਂ ਹਨ, ਬੱਸ ਉਨ੍ਹਾਂ ਨੂੰ ਪੂਜਣ ਤੱਕ ਹੀ ਸੀਮਤ ਹੋ ਗਿਆ ਹੈ ਸਭ ਕੁਝ। ਜਿਸ ਮੂਰਤੀ ਪੂਜਾ ਤੋਂ ਉਨ੍ਹਾਂ ਨੇ ਮਨ੍ਹਾਂ ਕੀਤਾ, ਅੱਜ ਅਸੀਂ ਉਸੇ ਪੂਜਾ ਅਰਚਨਾ ਤੱਕ ਹੀ ਰਹਿ ਗਏ ਹਾਂ। ਜਿਨ੍ਹਾਂ ਗਲਤ ਗੱਲਾਂ ਤੋਂ ਉਨ੍ਹਾਂ ਸਾਨੂੰ ਵਰਜਿਆ, ਅੱਜ ਅਸੀਂ ਉਹ ਹੀ ਸਭ ਕਰ ਰਹੇ ਹਾਂ। ਅੰਮ੍ਰਿਤਧਾਰੀ ਸਿੰਘ ਹੋਣ ਦੇ ਵੱਡੇ ਦਾਅਵੇ ਤਾਂ ਕਰਦੇ ਹਾਂ, ਸਿੱਖੀ ਅਸੂਲਾਂ 'ਤੇ ਅਮਲ ਨਹੀਂ ਕਰਦੇ।

ਬਾਬੇ ਨਾਨਕ ਨੇ ਸਭ ਤੋਂ ਪਹਿਲੀ ਗੱਲ ਇਹ ਕਹੀ ਸੀ ਕਿ ਕੋਈ ਜਾਤ-ਪਾਤ ਨਹੀਂ ਹੈ, ਕੋਈ ਉਚ ਨੀਚ ਨਹੀਂ ਹੈ। ਕੀ ਕਦੇ ਕਿਸੇ ਨੇ ਛੱਡੀ ਹੈ ਜਾਤ ਪਾਤ? ਜੇ ਸੱਚ ਦੇ ਮਾਰਗ 'ਤੇ ਚਲਣ ਦੀ ਗੱਲ ਹੈ ਤਾਂ ਮੈਂ ਇਸ ਨਾਲ ਸਹਿਮਤ ਹਾਂ ਕਿ ਅੱਜ ਦੇ ਜ਼ਮਾਨੇ ਵਿਚ ਕੋਈ ਵੀ ਪੂਰਨ ਤੌਰ 'ਤੇ ਸੱਚ ਦੇ ਮਾਰਗ 'ਤੇ ਨਹੀਂ ਚੱਲ ਸਕਦਾ ਅਤੇ ਜੇਕਰ ਕੋਈ ਇਹ ਕਹਿੰਦਾ ਹੈ ਕਿ ਮੈਂ ਬਿਲਕੁਲ ਸੱਚ 'ਤੇ ਚਲਦਾ ਹਾਂ ਤਾਂ ਬਿਲਕੁਲ ਕੋਰਾ ਝੂਠ ਹੈ। ਪਰ ਇਹ ਵੀ ਤਾਂ ਬਹੁਤ ਮਾੜੀ ਗੱਲ ਹੈ ਕਿ ਹਰ ਵਕਤ ਝੂਠ ਦਾ ਹੀ ਪੱਲਾ ਫੜੀ ਰੱਖੋ, ਬੇਈਮਾਨੀ ਕਰੀ ਜਾਵੋ। ਜਿਸ ਹੱਕ ਦੀ ਬਾਬੇ ਨਾਨਕ ਨੇ ਗੱਲ ਕੀਤੀ 'ਹੱਕ ਪਰਾਇਆ ਨਾਨਕਾ' ਅਸੀਂ ਤਾਂ ਉਸ ਨੂੰ ਵੀ ਅਸਲੋਂ ਹੀ ਭੁੱਲ ਗਏ ਹਾਂ, ਸਗੋਂ ਅਸੀਂ ਦੂਜੇ ਦਾ ਹੱਕ ਖਾ ਕੇ ਡਕਾਰ ਮਾਰਨਾ ਆਪਣੀ ਸ਼ਾਨ ਸਮਝਦੇ ਹਾਂ। ਕਿਸੇ ਦਾ ਹੱਕ ਖੋਹਣਾ ਤੇ ਮੰਦਾ ਬੋਲਣਾ ਅੱਜ ਸਾਡੀ ਫਿਤਰਤ ਬਣ ਗਿਆ ਹੈ। ਚਾਹੇ ਕੋਈ ਮੰਨੇ ਜਾਂ ਨਾ, ਇਹ ਸੱਚ ਹੈ ਕਿ ਅਸੀਂ ਬਾਬੇ ਨਾਨਕ ਨੂੰ ਤੇ ਉਨ੍ਹਾਂ ਦੀ ਕਹੀ ਹਰ ਚੰਗੀ ਗੱਲ ਨੂੰ ਭੁੱਲ ਚੁੱਕੇ ਹਾਂ। ਲੋਕ ਵਿਖਾਵੇ ਜ਼ਰੂਰ ਕਰਦੇ ਹਾਂ ਅਤੇ ਲੋਕ ਵਿਖਾਵਿਆਂ 'ਚ ਸਭ ਤੋਂ ਉਪਰ ਹੈ ਪੂਜਾ ਅਰਚਨਾ।

ਚਿੱਤਰਕਾਰਾਂ ਨੇ ਵੱਖ-ਵੱਖ ਤਰ੍ਹਾਂ ਦੀਆਂ ਬਾਬੇ ਨਾਨਕ ਦੀਆਂ ਫੋਟੋਆਂ ਬਣਾ ਦਿੱਤੀਆਂ ਅਤੇ ਅਸੀਂ ਉਹ ਫੋਟੋਆਂ ਖਰੀਦ ਕੇ ਘਰ ਸਜਾ ਲਈਆਂ ਅਤੇ ਲੱਗ ਗਏ ਉਨ੍ਹਾਂ ਅੱਗੇ ਧੂਫਾਂ ਧੁਖਾਉਣ ਤੇ ਦੇਸੀ ਘਿਓ ਦੀਆਂ ਜੋਤਾਂ ਜਗਾਉਣ, ਉਨ੍ਹਾਂ ਫੋਟੋਆਂ ਅੱਗੇ ਅਰਦਾਸਾਂ ਕਰ ਕੇ ਮੰਗਾਂ ਮੰਗਣ। ਇਹ ਮੂਰਤੀ ਪੂਜਾ ਨਹੀਂ ਤਾਂ ਹੋਰ ਕੀ ਹੈ? ਭੁੱਲ ਗਏ ਹਾਂ ਕਿ ਬਾਬੇ ਨਾਨਕ ਨੇ ਸਾਨੂੰ ਇਸ ਪਖੰਡ ਤੋਂ ਮਨ੍ਹਾਂ ਕੀਤਾ ਹੈ। ਅਸੀਂ ਬਾਬੇ ਨਾਨਕ ਨੂੰ ਹੀ ਪੂਜਣਾ ਸ਼ੁਰੂ ਕਰ ਦਿੱਤਾ ਹੈ। ਕਿਸੇ ਚਿੱਤਰਕਾਰ ਨੇ ਕਦੀ ਇਹ ਨਹੀਂ ਸੋਚਿਆ ਕਿ ਉਸ ਜ਼ਮਾਨੇ ਵਿਚ ਜੰਗਲ ਸਨ, ਪਹਾੜ ਸਨ, ਕੱਚੇ ਤੇ ਰੇਤਲੇ ਪਥਰੀਲੇ ਰਾਹ ਸਨ, ਜਿਨ੍ਹਾਂ 'ਤੇ ਬਾਬਾ ਨਾਨਕ ਨੰਗੇ ਪੈਰੀਂ ਵੀ ਚਲਦਾ ਸੀ ਅਤੇ ਉਨ੍ਹਾਂ ਦੇ ਪੈਰਾਂ ਵਿਚ ਕੰਡੇ ਵੀ ਵੱਜਦੇ ਸਨ, ਪੈਰਾਂ ਵਿਚ ਬਿਆਈਆਂ ਵੀ ਪਾਟੀਆਂ ਹੋਣਗੀਆਂ, ਪੱਥਰਾਂ ਨਾਲ ਠੇਡੇ ਲੱਗ ਕੇ ਲਹੂ ਵੀ ਨਿਕਲਦਾ ਹੋਵੇਗਾ ਅਤੇ ਉਹ ਆਪ ਆਪਣੇ ਹੱਥੀਂ ਹੱਲ ਵਾਹ ਕੇ ਸੱਚੀ-ਸੁੱਚੀ ਕਿਰਤ ਵੀ ਕਰਦੇ ਸਨ। ਬੱਸ ਚਿੱਤਰਕਾਰ ਨੇ ਪੋਚਵੀਂ ਪੱਗ ਬੰਨੀਂ ਬਾਬੇ ਨਾਨਕ ਦੀ ਦਰਖਤ ਨਾਲ ਗੋਲ ਸਿਰਹਾਣੇ ਦੀ ਢੋਅ ਲਾ ਕੇ ਬੈਠਿਆਂ ਦੀ ਤਸਵੀਰ ਬਣਾ ਦਿੱਤੀ ਅਤੇ ਅਸੀਂ ਸੱਚ ਮੰਨ ਲਈ।

ਕਈ ਵਾਰ ਕਥਾਕਾਰਾਂ ਦੇ ਮੂੰਹੋਂ ਸੁਣਿਆ ਹੈ ਕਿ ਬਾਬਾ ਨਾਨਕ ਤਾਂ ਰਬਾਬ 'ਤੇ ਬੈਠ ਕੇ ਅੱਖਾਂ ਮੀਟਦੇ ਸਨ ਤੇ ਇਕ ਮਿੰਟ ਵਿਚ ਕਿਤੇ ਦੇ ਕਿਤੇ ਪਹੁੰਚ ਜਾਂਦੇ ਸਨ। ਜਿਹੜੇ ਹਨ੍ਹੇਰੇ ਮਨਾਂ ਵਿਚ ਉਨ੍ਹਾਂ ਚਾਨਣ ਦੇ ਦੀਵੇ ਬਾਲੇ ਸਨ, ਜਿਸ ਅੰਧਵਿਸ਼ਵਾਸ ਵਿਚੋਂ ਬਾਹਰ ਕੱਢਣ ਲਈ ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਲਾ ਦਿੱਤੀ, ਅਸੀਂ ਉਸ ਤੋਂ ਵੀ ਕਿਤੇ ਜ਼ਿਆਦਾ ਹਨ੍ਹੇਰੇ ਵਿਚ ਪੈ ਗਏ ਹਾਂ। ਉਨ੍ਹਾਂ ਕੋਲ ਕੋਈ ਗੈਬੀ ਸ਼ਕਤੀ ਨਹੀਂ ਸੀ, ਨਾ ਹੀ ਕਦੇ ਉਨ੍ਹਾਂ ਇਸ ਦਾ ਦਾਅਵਾ ਹੀ ਕੀਤਾ। ਉਨ੍ਹਾਂ ਨੇ ਕਿਸੇ ਤਰ੍ਹਾਂ ਦੀ ਕੋਈ ਵੀ ਕਰਾਮਾਤ ਨਹੀਂ ਸੀ ਵਿਖਾਈ। ਜੋ ਕੁਝ ਕੀਤਾ, ਸਭ ਆਪਣੇ ਹੱਥੀਂ ਕੀਤਾ। ਜਿੱਥੇ-ਜਿੱਥੇ ਵੀ ਉਹ ਗਏ, ਪੈਦਲ ਤੁਰ ਕੇ ਗਏ ਸਨ। ਇਸੇ ਵਿਚ ਉਨ੍ਹਾਂ ਦੀ ਮਹਾਨਤਾ ਹੈ। ਉਸ ਜ਼ਮਾਨੇ ਵਿਚ ਬਾਬਾ ਨਾਨਕ ਜੀ ਇਕੱਲੇ ਸਨ ਤੇ ਕੋਈ ਸਾਧਨ ਵੀ ਨਹੀਂ ਸੀ, ਪਰ ਫਿਰ ਵੀ ਉਨ੍ਹਾਂ ਨੇ ਹਮੇਸ਼ਾ ਸੱਚ ਦੇ ਮਾਰਗ 'ਤੇ ਚੱਲ ਕੇ ਦੁਨੀਆਂ ਦਾ ਸੁਧਾਰ ਕੀਤਾ। ਪਰ ਅੱਜ ਅਸੀਂ ਏਨੀ ਵੱਡੀ ਗਿਣਤੀ ਵਿਚ ਹਾਂ ਅਤੇ ਅੱਜ ਅਸੀਂ ਕੀ ਕਰ ਰਹੇ ਹਾਂ? ਅਸੀਂ ਤਾਂ ਬਾਬੇ ਨਾਨਕ ਦੀਆਂ ਸਿੱਖਿਆਵਾਂ ਦੂਜੇ ਧਰਮਾਂ ਦੇ ਲੋਕਾਂ ਤੱਕ ਵੀ ਨਹੀਂ ਪਹੁੰਚਾ ਸਕੇ ਤੇ ਆਪ ਵੀ ਭੁੱਲ ਗਏ। ਉਂਜ ਅਸੀਂ ਉਚੀ-ਉਚੀ ਸਪੀਕਰਾਂ 'ਤੇ ਰੌਲਾ ਪਾਉਂਦੇ ਹਾਂ ਕਿ ਸਾਡਾ ਗੁਰੂ ਬਾਬਾ ਨਾਨਕ ਸੀ। ਸਾਡੇ ਵਿਚ ਤੇ ਹਿੰਦੂਆਂ ਵਿਚ ਕੀ ਫਰਕ ਰਹਿ ਗਿਆ? ਹਿੰਦੂ ਅੱਜ ਵੀ ਅੰਧਵਿਸ਼ਵਾਸ ਵਿਚ ਏਨੇ ਗ੍ਰੱਸੇ ਹਨ ਕਿ ਹੱਥੀਂ ਬਣਾਈਆਂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੀਆਂ ਝੂਠੀਆਂ ਸ਼ਕਤੀਆਂ ਦਾ ਵਰਨਣ ਪੂਰੀ ਦੁਨੀਆਂ ਅੱਗੇ ਕਰਦੇ ਰਹਿੰਦੇ ਹਨ ਅਤੇ ਅਸੀਂ ਉਹੀ ਸਭ ਆਪਣੇ ਧਰਮ 'ਚ, ਆਪਣੇ ਗੁਰੂਆਂ ਨਾਲ ਜੋੜ ਰਹੇ ਹਾਂ। ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਦੇ ਹਾਂ ਪਰ ਗੁਰੂ ਗ੍ਰੰਥ ਸਾਹਿਬ 'ਚ ਦੱਸੀ ਜੀਵਨ ਜਾਚ 'ਤੇ ਅਮਲ ਨਹੀਂ ਕਰਦੇ। ਦੂਰ-ਦੂਰ ਤੱਕ ਪੈਦਲ ਚੱਲ ਕੇ ਭੁੱਖੇ ਪਿਆਸੇ ਰਹਿ ਕੇ, ਪਤਾ ਨਹੀਂ ਉਸ ਵਕਤ ਜੰਗਲੀ ਰਾਹਾਂ ਵਿਚ ਬਾਬੇ ਨਾਨਕ ਨੂੰ ਕੀ-ਕੀ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਹੋਵੇਗਾ, ਲੋਕਾਂ ਨੂੰ ਸੱਚ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ। ਮਾੜੇ ਕੰਮ ਕਰਨ ਤੋਂ ਵਰਜਿਆ। ਆਪਸ ਵਿਚ ਮਿਲ ਕੇ ਰਹਿਣਾ ਤੇ ਵੰਡ ਕੇ ਛਕਣਾ, ਈਰਖਾ ਤੋਂ ਦੂਰ ਰਹਿਣਾ, ਜ਼ੁਲਮ ਨਹੀਂ ਕਰਨਾ ਅਤੇ ਹੋਰ ਬਹੁਤ ਸਾਰੀਆਂ ਚੰਗੀਆਂ ਗੱਲਾਂ ਜੋ ਸਾਡੀ ਜ਼ਿੰਦਗੀ ਨੂੰ ਚੰਗੇਰਾ ਬਣਾਉਂਦੀਆਂ ਹਨ, ਦੱਸੀਆਂ। ਅੱਜ ਉਹ ਸਭ ਸਾਨੂੰ ਕਿਉਂ ਭੁੱਲ ਰਹੀਆਂ ਹਨ? ਕਿਉਂ ਨਹੀਂ ਅਸੀਂ ਉਨ੍ਹਾਂ ਚੰਗੀਆਂ ਗੱਲਾਂ ਨੂੰ ਅਪਨਾਉਂਦੇ? ਕਿਉਂ ਨਹੀਂ ਉਨ੍ਹਾਂ 'ਤੇ ਚਲਣ ਦਾ ਯਤਨ ਕਰਦੇ? ਬਸ ਉਨ੍ਹਾਂ ਨੂੰ ਗੈਬੀ ਸ਼ਕਤੀ ਦਾ ਮਾਹਰ ਦੱਸ ਕੇ ਪੂਜੀ ਜਾਂਦੇ ਹਾਂ। ਗੁਰੂ ਗ੍ਰੰਥ ਸਾਹਿਬ ਕੀ ਹੈ? ਇਹ ਉਨ੍ਹਾਂ ਹੀ ਸਿਆਣੇ ਬੰਦਿਆਂ, ਸੁਲਝੇ ਹੋਏ ਇਨਸਾਨਾਂ ਦੀ ਸਿਆਣਪ ਤੇ ਵਿਦਿਆ ਹੈ ਜੋ ਬਾਣੀ ਦੇ ਰੂਪ ਵਿਚ ਉਨ੍ਹਾਂ ਨੇ ਸਾਨੂੰ ਦਿੱਤੀ। ਪਰ ਅਸੀਂ ਉਸ ਨੂੰ ਸਿਰਫ ਮੱਥਾ ਟੇਕ ਕੇ, ਪੂਜ ਕੇ ਆਪਣਾ ਫਰਜ਼ ਪੂਰਾ ਕਰ ਦਿੰਦੇ ਹਾਂ।

ਮੇਰੀ ਸਮੂਹ ਸਿੱਖ ਭਾਈਚਾਰੇ ਨੂੰ ਬੇਨਤੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਇੱਜ਼ਤ ਕਰਨਾ ਸਾਡਾ ਫਰਜ਼ ਹੈ, ਬਾਣੀ ਨੂੰ ਦੂਜੇ ਧਰਮਾਂ ਤੱਕ ਜਾਣ ਦਿਓ ਤਾਂ ਕਿ ਉਨ੍ਹਾਂ ਨੂੰ ਵੀ ਸਿੱਖ ਧਰਮ ਬਾਰੇ ਅਤੇ ਸਿੱਖ ਗੁਰੂਆਂ ਦੀ ਬਾਣੀ ਬਾਰੇ ਪਤਾ ਲੱਗੇ। ਅਗਰਬੱਤੀਆਂ ਤੇ ਹੋਰ ਕਈ ਕਿਸਮ ਦੇ ਪਖੰਡ ਕਰਕੇ ਸਿਰਫ ਤੇ ਸਿਰਫ ਪੂਜਾ ਤੱਕ ਹੀ ਸੀਮਤ ਨਾ ਰੱਖੋ। ਅਸੀਂ ਨਿੱਤ ਨਵੇਂ ਗੁਰਦੁਆਰੇ ਬਣਾ ਰਹੇ ਹਾਂ। ਆਪਸ ਵਿਚ ਨਿੱਕੀ ਜਿਹੀ ਰੰਜਸ਼ ਜਾਂ ਕਿਸੇ ਚੌਧਰ ਪਿੱਛੇ ਅਸੀਂ ਵੱਖਰੇ ਹੋ ਕੇ ਨਵਾਂ ਗੁਰਦੁਆਰਾ ਬਣਾ ਦਿੰਦੇ ਹਾਂ ਅਤੇ ਫਿਰ ਥੋੜ੍ਹੇ ਚਿਰ ਬਾਅਦ ਫਿਰ ਲੜਾਈ ਤੇ ਫਿਰ ਹੋਰ ਨਵਾਂ ਗੁਰਦੁਆਰਾ, ਇਹ ਸਭ ਕੀ ਹੈ? ਹਰ ਗੁਰਦੁਆਰੇ ਦੀ ਕਮੇਟੀ ਵਿਚ ਖਿੱਚੋਤਾਣ ਚੱਲ ਰਹੀ ਹੈ। ਗੁਰਦੁਆਰੇ ਜਾਓ, ਜ਼ਰੂਰ ਜਾਓ, ਪਰ ਇਕੱਲਾ ਮੱਥਾ ਟੇਕ ਕੇ ਲੰਗਰ ਛਕਣ ਲਈ ਹੀ ਨਹੀਂ ਜਾਂ ਚੁਗਲੀਆਂ ਕਰਨ ਜਾਂ ਰਿਸ਼ਤੇ ਜੋੜਨ ਲਈ ਹੀ ਨਹੀਂ, ਕੁਝ ਮਾਨਵਤਾ ਲਈ, ਕੁਝ ਸਿੱਖ ਧਰਮ ਲਈ ਚੰਗਾ ਕਰਨ ਵਾਸਤੇ, ਗੁਰੂਆਂ ਵਲੋਂ ਦਰਸਾਏ ਚੰਗੇ ਮਾਰਗ 'ਤੇ ਚੱਲਣ ਵਾਸਤੇ। ਉਥੇ ਕੋਈ ਵੀ ਕਿਸੇ ਕਿਸਮ ਦੀ ਗੈਬੀ ਸ਼ਕਤੀ ਨਹੀਂ ਹੈ ਕਿ ਤੁਸੀਂ ਇਕ ਡਾਲਰ ਮੱਥਾ ਟੇਕਿਆ ਤੇ 5-7 ਮੰਗਾਂ ਮੰਗ ਲਈਆਂ (ਕਿਉਂਕਿ ਜੇਕਰ ਉਥੇ ਕੋਈ ਗੈਬੀ ਸ਼ਕਤੀ ਹੋਵੇ ਤਾਂ ਜੋ ਮਾੜੇ ਕੰਮ ਗੁਰਦੁਆਰਿਆਂ ਵਿਚ ਹੋ ਰਹੇ ਹਨ, ਉਹ ਨਾ ਹੁੰਦੇ)।

ਅਮਰੀਕਾ ਵਿਚ ਯੂਬਾ ਸਿਟੀ ਵਿਚ ਹਰ ਸਾਲ ਨਵੰਬਰ ਮਹੀਨੇ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਨਗਰ ਕੀਰਤਨ ਨਿਕਲਦਾ ਹੈ ਅਤੇ ਹਜ਼ਾਰਾਂ ਲੋਕ ਇਸ ਵਿਚ ਸ਼ਾਮਲ ਹੁੰਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਇਕ ਮੇਲਾ ਜਾਂ ਪਿਕਨਿਕ ਮਨਾਉਣ ਵਾਂਗ ਆਉਂਦੇ ਹਨ। ਉਥੇ ਕਿਸੇ ਨੂੰ ਗੁਰੂ ਗ੍ਰੰਥ ਸਾਹਿਬ ਦੇ ਸੁਨੇਹੇ ਨਾਲ ਜੁੜਨ ਦਾ ਕੋਈ ਚੇਤਾ ਨਹੀਂ ਹੁੰਦਾ। ਬਾਬੇ ਨਾਨਕ ਦੀਆਂ ਸਿੱਖਿਆਵਾਂ ਕਿਸੇ ਨੂੰ ਯਾਦ ਨਹੀਂ ਆਉਂਦੀਆਂ। ਜੇਕਰ ਸੱਚਮੁੱਚ ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਕੁਝ ਕਰਨਾ ਹੈ ਤਾਂ ਕੁਝ ਐਸਾ ਕਰੋ ਜਿਸ ਨਾਲ ਗੋਰਿਆਂ ਨੂੰ ਬਾਬੇ ਨਾਨਕ ਦੀਆਂ ਸਿੱਖਿਆਵਾਂ ਦਾ ਪਤਾ ਲੱਗੇ। ਬਾਬਾ ਨਾਨਕ ਇਕੱਲਾ ਸੀ ਤੇ ਉਸ ਵਕਤ ਕੋਈ ਸਾਧਨ ਵੀ ਨਹੀਂ ਸਨ, ਫਿਰ ਵੀ ਪੈਦਲ ਤੁਰ ਕੇ ਦੁਨੀਆਂ ਨੂੰ ਸੱਚ ਦੇ ਮਾਰਗ 'ਤੇ ਚੱਲਣ ਦਾ ਸੰਦੇਸ਼ ਦਿੱਤਾ। ਅਸੀਂ ਵੀ ਉਸੇ ਬਾਬੇ ਨਾਨਕ ਦੇ ਸਿੱਖ ਹਾਂ, ਸਾਡੀ ਗਿਣਤੀ ਵੀ ਬਹੁਤ ਹੈ ਤੇ ਸਾਧਨ ਵੀ ਬਹੁਤ।

***ਫੋਨ: 734-925-0177**

---

## ਸੰਪਾਦਕ ਦੀ ਡਾਕ

### ਸ਼ਾਨਦਾਰ ਕਬੱਡੀ ਦਾ ਮੁਜਾਹਰਾ

ਸੰਪਾਦਕ ਸਾਹਿਬ, ਮੈਂ ਬਤੌਰ ਕਬੱਡੀ ਕੋਚ ਬੜੇ ਲੰਮੇ ਸਮੇਂ ਤੋਂ ਕਬੱਡੀ ਨਾਲ ਜੁੜਿਆ ਹੋਇਆ ਹਾਂ ਤੇ ਅੱਜ ਕੱਲ੍ਹ ਕਬੱਡੀ ਕੋਚਿੰਗ ਦੀ ਸਰਕਾਰੀ ਨੌਕਰੀ ਤੋਂ ਵਿਹਲਾ ਹੋ ਕੇ ਕੈਨੇਡਾ, ਅਮਰੀਕਾ, ਇੰਡੀਆ ਅਤੇ ਹੋਰ ਮੁਲਕਾਂ ਵਿਚ ਘੁੰਮਦਾ ਰਹਿੰਦਾ ਹਾਂ। 25 ਸਤੰਬਰ ਨੂੰ ਹੇਵਰਡ ਕਬੱਡੀ ਕੱਪ ਨੂੰ ਦੇਖਣ ਦਾ ਮੌਕਾ ਮਿਲਿਆ। ਵੈਸੇ ਤਾਂ ਸਾਰੇ ਮੇਲੇ ਵਧੀਆ ਹੁੰਦੇ ਹਨ ਪਰ ਜੋ ਪ੍ਰਬੰਧ ਇਥੇ ਦੇਖੇ, ਪ੍ਰਬੰਧਕਾਂ ਦੀ ਇਕਸਾਰਤਾ ਦੇਖੀ ਅਤੇ ਸਭਨਾਂ ਨੂੰ ਦਿੱਤਾ ਮਾਣ ਸਨਮਾਨ ਦੇਖਿਆ, ਉਹ ਕਾਬਲੇ ਤਾਰੀਫ ਸੀ। 9 ਮੈਚਾਂ ਲਈ ਟੀਮਾਂ ਨੂੰ ਗਰਾਊਂਡ ਵਿਚ ਲਿਆਉਣ ਅਤੇ ਲਗਾਤਾਰ ਉਚ ਪੱਧਰੀ ਮੈਚਾਂ ਕਰਕੇ ਲੋਕ ਗਰਾਊਂਡ ਦੁਆਲਿਓਂ ਉਠ ਕੇ ਖਾਣ-ਪੀਣ ਵੀ ਨਹੀਂ ਗਏ। ਪਿਛਲੇ ਸਮੇਂ 'ਚ ਮੈਚ ਅੱਧ ਵਿਚਾਲੇ ਬੰਦ ਹੋਣ ਦੀ ਚਰਚਾ ਨੂੰ ਵੇਖਦਿਆਂ ਜੋ ਪ੍ਰਬੰਧ ਸਕਿਊਰਿਟੀ ਦੇ ਕੀਤੇ ਗਏ, ਉਨ੍ਹਾਂ ਦੇ ਮੱਦੇਨਜ਼ਰ ਦਰਸ਼ਕ ਬਹੁਤ ਖੁਸ਼ ਸਨ। ਵੱਡੀ ਖੁਸ਼ੀ ਦੀ ਗੱਲ ਇਹ ਸੀ ਯੂਨਾਈਟਿਡ ਸਪੋਰਟਸ ਕਲੱਬ ਨੇ ਕਬੱਡੀ ਦੇ ਸਾਰੇ ਮੋਹਰੀਆਂ ਨੂੰ ਇਥੇ ਲਿਆ ਕੇ ਆਪਣੇ ਇਤਿਹਾਸ ਵਿਚ ਸਾਂਝੀਵਾਲਤਾ ਦਾ ਇਕ ਹੋਰ ਪੰਨਾ ਜੋੜ ਦਿੱਤਾ। ਮੇਰੇ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਤੇ ਪੂਰੀ ਟੀਮ ਨੂੰ ਬਹੁਤ-ਬਹੁਤ ਵਧਾਈ।

***ਸਰਦੂਲ ਸਿੰਘ ਰੰਧਾਵਾ, ਕਬੱਡੀ ਕੋਚ***

---

### ਇਹ ਪਾਂਡੇ ਬੜਾ ਛਨਿੱਚਰ ਈ?

2 ਅਕਤੂਬਰ ਦੇ 'ਪੰਜਾਬ ਟਾਈਮਜ਼' ਵਿਚ 'ਝੂਠ ਨਾ ਬੋਲ ਪਾਂਡੇ...!' ਦੇ ਸਿਰਲੇਖ ਹੇਠ ਇਕ ਇਸ਼ਤਿਹਾਰ ਛਪਿਆ ਹੈ ਜਿਸ ਵਿਚ ਇੰਡੀਆਨਾ ਦੇ ਕੁਝ ਸੂਝਵਾਨ ਗੁਰਸਿੱਖ ਨੌਜਵਾਨਾਂ ਨੇ 'ਪੰਥ ਪ੍ਰਵਾਨਿਤ ਰਹਿਤ ਮਰਿਯਾਦਾ' ਦੀ ਵਕਾਲਤ ਕਰਦਿਆਂ, ਡੇਰਾ-ਪ੍ਰੇਮੀ ਸਿੱਖਾਂ ਅੱਗੇ ਸਿਧਾਂਤਕ ਸਵਾਲ ਰੱਖੇ ਹਨ। ਉਨ੍ਹਾਂ ਨੇ ਆਸ ਪ੍ਰਗਟਾਈ ਹੈ ਕਿ ਸਾਧਾਂ-ਬਾਬਿਆਂ ਦੇ ਸ਼ਰਧਾਲੂ ਸਿੱਖ, ਇਨ੍ਹਾਂ ਸਵਾਲਾਂ ਦੇ ਜਵਾਬ ਦੇਣਗੇ। ਦੇਖਿਆ ਜਾਵੇ ਤਾਂ ਇਹ ਸਾਰੇ ਸਵਾਲ ਕੋਈ ਨਵੇਂ ਨਹੀਂ ਹਨ। ਸੰਨ 1945, ਜਦ ਤੋਂ ਅਕਾਲ ਤਖਤ ਸਾਹਿਬ ਤੋਂ ਇਹ ਮਰਿਯਾਦਾ ਪ੍ਰਵਾਨਿਤ ਹੋ ਚੁੱਕੀ ਹੈ, ਉਦੋਂ ਤੋਂ ਹੀ ਇਸ ਨੂੰ ਸਾਰੇ ਗੁਰਧਾਮਾਂ ਅਤੇ ਸਿੱਖ ਘਰਾਣਿਆਂ ਵਿਚ ਲਾਗੂ ਹੁੰਦੀ ਦੇਖਣ ਦੇ ਚਾਹਵਾਨ ਡੇਰਾ-ਪੁਜਾਰੀਆਂ ਅੱਗੇ ਅਰਜੋਈਆਂ ਕਰਦੇ ਆ ਰਹੇ ਹਨ। ਪ੍ਰੰਤੂ ਸ਼ਬਦ ਦੀ ਥਾਂ ਸਰੀਰਾਂ ਦੀ ਪੂਜਾ ਕਰਨ ਵਾਲੇ 'ਸ਼ਰਧਾਲੂਆਂ' ਦੀ ਸਮਝ 'ਚ ਇਹ ਨੁਕਤਾ ਆਉਂਦਾ ਹੀ ਨਹੀਂ। ਕਾਰਨ ਮੇਰਾ ਖਿਆਲ ਇਹੀ ਹੈ:

'ਨੁਕਤਾ-ਏ-ਤੌਹੀਦ
ਸਮਝ ਮੇਂ ਆ ਤੋ ਸਕਤਾ ਹੈ
ਤੇਰੇ ਦਿਮਾਗ ਮੇਂ ਬੁੱਤ-ਖਾਨਾ
ਹੋ ਤੋ ਕਿਆ ਕਹੀਏ?'

ਜਿਸ 'ਪਾਂਡੇ' ਨੂੰ ਪੂਜਾ ਕਰਵਾਉਣ ਦਾ ਭੁਸ ਪੈ ਗਿਆ ਹੋਵੇ, ਜਿਸ ਨੂੰ ਚੜ੍ਹਾਵੇ ਦੀ ਲਾਲਸਾ ਹੋਵੇ ਅਤੇ ਜੋ 'ਘਿਓ ਖਾਓ ਸ਼ਕਰ ਸੇ, ਦੁਨੀਆਂ ਲੂਟੋ ਮਕਰ ਸੇ' ਦਾ ਧਾਰਨੀ ਬਣ ਗਿਆ ਹੋਵੇ, ਉਸ 'ਪਾਂਡੇ' 'ਤੇ ਅਜਿਹੇ ਹਜ਼ਾਰਾਂ ਇਸ਼ਤਿਹਾਰਾਂ ਦਾ ਅਸਰ ਵੀ ਨਹੀਂ ਹੋ ਸਕਦਾ। ਗੁਰੂ ਨਾਨਕ ਸਾਹਿਬ ਨੇ ਵੀ 'ਪਾਂਡੇ ਤੂੰ ਜਾਣਹਿ ਹੀ ਨਾਹੀਂ...!' ਆਖ ਕੇ ਉਸ ਨੂੰ ਲਕੀਰ ਦਾ ਫਕੀਰ ਗਰਦਾਨਿਆ ਸੀ। ਸੋ ਐਸੇ 'ਸਰੀਰ-ਪੂਜਕਾਂ' ਪ੍ਰਥਾਏ ਹੇਠ ਲਿਖੇ ਸ਼ੇਅਰ ਰਾਹੀਂ 'ਦੁਆ' ਹੀ ਕੀਤੀ ਜਾਣੀ ਚਾਹੀਦੀ ਹੈ:

'ਯਾ ਰੱਬ! ਵੋਹ ਨਾ ਸਮਝੇ ਹੈਂ,
ਨਾ ਸਮਝੇਂਗੇ ਮੇਰੀ ਬਾਤ,
ਦੇ ਔਰ ਦਿਲ ਉਨ ਕੋ,
ਜੋ ਨਾ ਦੇ ਮੁਝ ਕੋ ਜ਼ੁਬਾਂ ਔਰ।

***ਫਕੀਰ ਚੰਦ ਸੈਂਪਲਾ, ਐਲ ਏ***

---

### ਸਿਆਣਿਆਂ ਦੀ ਗੱਲ

4 ਅਕਤੂਬਰ ਦੇ ਪੰਜਾਬ ਟਾਈਮਜ਼ ਵਿਚ ਸਥਾਈ ਕਾਲਮ 'ਸਿਆਣਿਆਂ ਦੀ ਗੱਲ' ਵਿਚ ਇਸ ਦੇ ਪੇਸ਼ਕਾਰ ਸ. ਪਰਮਜੀਤ ਸਿੰਘ ਦਾਖਾ ਨੇ ਲਿਖਿਆ ਹੈ, "ਮੋਨਾ ਸਿੱਖ ਸ਼ਰਧਾ ਤਾਂ ਰੱਖ ਸਕਦਾ ਹੈ, ਸਿੱਖੀ ਦਾ ਹਮਦਰਦ ਵੀ ਹੋ ਸਕਦਾ ਹੈ, ਸਿੱਖੀ ਦਾ ਪ੍ਰਸ਼ੰਸਕ ਵੀ ਪਰ ਸਿੱਖ ਨਹੀਂ ਹੋ ਸਕਦਾ। ਅੱਜ ਮੋਨੇ ਜਾਂ ਹਿੰਦੂ ਨੂੰ ਸਹਿਜਧਾਰੀ ਸਿੱਖ ਆਖ ਕੇ ਗੁਰਦੁਆਰਿਆਂ ਉਤੇ ਕਬਜਾ ਕਰਨਾ ਮੱਸਾ ਰੰਘੜ ਵਾਂਗ ਦਰਬਾਰ ਸਾਹਿਬ 'ਤੇ ਕਰਨ ਵਰਗੀ ਸਾਜਿਸ਼ ਹੈ।" ਮੇਰੀ ਇਸ ਮਾਮਲੇ ਵਿਚ ਬੇਨਤੀ ਹੈ ਕਿ ਨਿਰਾ ਕੇਸਾਧਾਰੀ ਹੋਣਾ ਹੀ ਸਿੱਖ ਹੋਣ ਦੀ ਗਰੰਟੀ ਨਹੀਂ ਆਖੀ ਜਾ ਸਕਦੀ। ਬੇਅੰਤ ਸਿੰਘ ਅਤੇ ਨਿਹੰਗ ਪੂਹਲਾ ਵੀ ਤਾਂ ਕੇਸਾਧਾਰੀ ਸਿੱਖ ਹੀ ਸਨ। ਗੁਰੂ ਸਾਹਿਬ ਦਾ ਵੀ ਫੁਰਮਾਨ ਹੈ 'ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹਿ।' ਕੋਈ ਮੋਨਾ ਸਿੱਖ ਕੇਸਾਧਾਰੀ ਅਤੇ ਬਾਣਾਧਾਰੀ ਸਿੱਖ ਤੋਂ ਵੀ ਵਧੀਆ ਸਿੱਖ ਹੋ ਸਕਦਾ ਹੈ। ਮੇਰਾ ਇਥੇ ਇਹ ਭਾਵ ਨਹੀਂ ਹੈ ਕਿ ਸਿੱਖ ਨੂੰ ਕੇਸਾਧਾਰੀ ਨਹੀਂ ਹੋਣਾ ਚਾਹੀਦਾ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਸਿੱਖੀ ਮੁਕੰਮਲ ਕੇਸਾਧਾਰੀ ਹੋਣ ਨਾਲ ਹੀ ਹੁੰਦੀ ਹੈ। ਇਹ ਵੀ ਸਹੀ ਹੈ ਕਿ ਬਿਪਰਵਾਦੀਆਂ ਵਲੋਂ ਸਹਿਜਧਾਰੀ ਸਿੱਖਾਂ ਦੇ ਰੂਪ ਵਿਚ ਗੁਰਦੁਆਰਾ ਪ੍ਰਬੰਧ ਵਿਚ ਘੁਸਪੈਠ ਹੋ ਸਕਦੀ ਹੈ।

ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸੰਨ 2008 ਵਿਚ ਦਾਸ ਨੇ ਹੀ ਗੁਰਦੁਆਰਾ ਐਲ

***(ਬਾਕੀ ਸਫਾ 30 'ਤੇ)***

---

## ਨਾਰਾਇਨ ਨਰਪਤਿ ਨਮਸਕਾਰੈ

**ਗੁਰਬਾਣੀ ਗਿਆਨ**

ੴ ਸਤਿਗੁਰ ਪ੍ਰਸਾਦਿ॥
ਕਾਨੜਾ ਮਹਲਾ 5
ਨਾਰਾਇਨ ਨਰਪਤਿ ਨਮਸਕਾਰੈ
ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ॥
ਰਹਾਉ॥
ਕਵਨ ਕਵਨ ਗੁਨ ਕਹੀਐ ਅੰਤੁ ਨਹੀਂ ਕਿਛੁ ਪਾਰੈ॥
ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ॥
ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ॥
ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਸ਼ਬਦ ਸਾਨੂੰ ਅਕਾਲ ਪੁਰਖ ਪ੍ਰਭੂ ਦੀ ਸਿਫਤ ਸਲਾਹ ਨਾਲ ਜੋੜਦਾ ਹੈ ਅਤੇ ਉਸ ਦੀ ਅਪਾਰ ਮਹਿਮਾ ਦਾ ਵਰਨਣ ਭੀ ਕਰਦਾ ਹੈ:

ਨਾਰਾਇਨ ਨਰਪਤਿ ਨਮਸਕਾਰੈ
ਐਸੇ ਗੁਰ ਕਉ ਬਲਿ ਬਲਿ ਜਾਈਐ
ਆਪਿ ਮੁਕਤੁ ਮੋਹਿ ਤਾਰੈ॥ ਰਹਾਉ॥

ਹੇ ਭਾਈ, ਇਹ ਨਾਰਾਇਨ ਪ੍ਰਭੂ ਜੋ ਸਾਰੇ ਜੀਵਾਂ ਦਾ ਮਾਲਕ ਹੈ, ਉਸ ਨੂੰ ਨਮਸਕਾਰ ਕਰੀਏ ਅਤੇ ਇਹੋ ਜਿਹੇ ਗੁਰੂ ਤੋਂ ਵੀ ਬਲਿਹਾਰ ਜਾਈਏ ਜੋ ਆਪ ਤਾਂ ਇਸ ਸੰਸਾਰ ਦੇ ਬੰਧਨਾਂ ਤੋਂ ਨਿਰਲੇਪ ਹੈ, ਮੁਕਤ ਹੈ ਅਤੇ ਮੈਨੂੰ ਭੀ ਸੰਸਾਰ ਸਮੁੰਦਰ ਤੋਂ ਪਾਰ ਲਿਜਾ ਸਕਦਾ ਹੈ। ਐਸੇ ਗੁਰੂ ਤੋਂ ਸਦਾ ਹੀ ਸਦਕੇ ਜਾਣਾ ਚਾਹੀਦਾ ਹੈ।

ਕਵਨ ਕਵਨ ਗੁਨ ਕਹੀਐ ਅੰਤੁ ਨਹੀਂ ਕਿਛੁ ਪਾਰੈ॥
ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ॥

ਹੇ ਭਾਈ, ਲੱਖਾਂ ਅਤੇ ਕਰੋੜਾਂ ਬੰਦਿਆਂ ਵਿਚੋਂ ਕੋਈ ਵਿਰਲਾ ਹੀ ਇਨਸਾਨ ਹੁੰਦਾ ਹੈ ਜੋ ਇਵੇਂ ਸੋਚਦਾ ਹੈ ਕਿ ਉਸ ਪ੍ਰਭੂ ਦੇ ਸਾਰੇ ਗੁਣ ਕਦੀ ਵੀ ਆਖੇ ਨਹੀਂ ਜਾ ਸਕਦੇ ਅਤੇ ਉਸ ਪ੍ਰਭੂ ਦੇ ਗੁਣਾਂ ਦਾ ਕਦੀ ਵੀ ਅੰਤ ਨਹੀਂ ਪਾਇਆ ਜਾ ਸਕਦਾ। ਪ੍ਰਭੂ ਦਾ ਪਰਲਾ ਬੰਨਾ ਕਦੇ ਵੀ ਕਿਸੇ ਨੂੰ ਲੱਭ ਨਹੀਂ ਸਕਦਾ। ਉਹ ਵਿਸ਼ਾਲ ਹੈ, ਅਥਾਹ ਹੈ, ਮਹਾਨ ਹੈ, ਬੇਅੰਤ ਹੈ।

ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ॥
ਕਹੁ ਨਾਨਕ ਸੰਤਨ ਰਸੁ ਆਈ ਹੈ
ਜਿਉ ਚਾਖਿ ਗੂੰਗਾ ਮੁਸਕਾਰੈ॥

ਹੇ ਭਾਈ, ਉਸ ਸੋਹਣੇ ਪ੍ਰਭੂ ਅਤੇ ਪ੍ਰਭੂ ਦੇ ਅਸਚਰਜ ਕਰ ਦੇਣ ਵਾਲੇ ਕੌਤਕਾਂ ਨੂੰ ਦੇਖ ਕੇ ਹੈਰਾਨ ਹੀ ਹੋ ਜਾਈਦਾ ਹੈ ਅਤੇ ਇਹ ਨਾਨਕ ਆਖਦਾ ਹੈ ਕਿ ਸੰਤ ਜਨਾਂ ਨੂੰ ਜੋ ਪ੍ਰਭੂ ਭਗਤੀ ਤੋਂ ਅਨੰਦ ਦੀ ਪ੍ਰਾਪਤੀ ਹੋਈ ਹੈ, ਉਸਨੂੰ ਉਹ ਬਿਆਨ ਨਹੀਂ ਕਰ ਸਕਦੇ। ਕਿਉਂਕਿ ਉਸ ਅਨੰਦਮਈ ਅਵਸਥਾ ਦਾ ਵਰਨਣ ਹੋ ਹੀ ਨਹੀਂ ਸਕਦਾ। ਜਿਵੇਂ ਗੂੰਗਾ ਆਦਮੀ ਕੋਈ ਮਿੱਠੀ ਸਵਾਦਲੀ ਚੀਜ਼ ਚੱਖ ਕੇ ਸਿਰਫ ਮੁਸਕਰਾ ਹੀ ਸਕਦਾ ਹੈ, ਪਰ ਬੋਲ ਕੇ ਲਫਜ਼ਾਂ ਰਾਹੀਂ ਨਹੀਂ ਦੱਸ ਸਕਦਾ, ਇਵੇਂ ਹੀ ਸੰਤ ਜਨ ਵੀ ਨਾਮ ਰੂਪੀ ਅੰਮ੍ਰਿਤ ਦੇ ਅਨੰਦ ਨੂੰ ਬਿਆਨ ਨਹੀਂ ਕਰ ਸਕਦੇ ਅਤੇ ਅਨੰਦ ਵਿਚ ਮਗਨ ਰਹਿੰਦੇ ਹਨ।

ਆਓ ਦੇਹ ਧਾਰੀ ਗੁਰੂਆਂ ਨੂੰ ਤਜਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੀਏ।

***-ਬੀਬੀ ਸੁਰਜੀਤ ਕੌਰ, ਫੋਨ: 916-687-3536***

# ਗੁਰਦੁਆਰੇ ਬਥੇਰੇ, ਸਿੱਖਾਂ ਦੀ ਪਛਾਣ ਅਜੇ ਵੀ ਨਹੀਂ

**ਡਾ. ਗੁਰਨਾਮ ਕੌਰ**

ਸੈਮੀਨਾਰ ਦੇ ਦੂਸਰੇ ਦਿਨ ਆਖਰੀ ਸੈਸ਼ਨ ਤੋਂ ਬਾਅਦ ਇੱਕ ਬਹੁਤ ਹੀ ਬੀਬੀ ਦਿੱਖ ਵਾਲਾ ਬਜ਼ੁਰਗ ਜੋੜਾ ਮੇਰੇ ਕੋਲ ਆਇਆ ਅਤੇ ਆਪਣੀ ਜਾਣ-ਪਛਾਣ ਕਰਾਉਂਦਿਆਂ ਦੱਸਿਆ, "ਮੇਰਾ ਨਾਮ ਬਲਵੰਤ ਸਿੰਘ ਹੈ। ਮੈਂ ਅਤੇ ਡਾ. ਐਚ.ਕੇ. ਮਨਮੋਹਣ ਸਿੰਘ ਦੋਸਤ ਹਾਂ।" ਡਾ. ਐਚ.ਕੇ. ਮਨਮੋਹਣ ਸਿੰਘ ਉਦੋਂ ਸਾਡੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਨ ਅਤੇ ਇਕਨਾਮਿਕਸ ਵਿਭਾਗ ਦੇ ਪ੍ਰੋਫੈਸਰ ਮੁਖੀ ਅਤੇ 'ਡੀਨ ਅਕਾਦਮਿਕ ਮਾਮਲੇ' ਵਰਗੇ ਉਚ ਅਹੁਦਿਆਂ 'ਤੇ ਰਹੇ ਸਨ। ਮੈਂ ਸਤਿਕਾਰ ਵਜੋਂ ਸਤਿ ਸ੍ਰੀ ਅਕਾਲ ਬੁਲਾਈ ਤਾਂ ਅੱਗੋਂ ਬੋਲੇ, "ਮੈਨੂੰ ਤੁਹਾਡੀ ਕਿਤਾਬ ਦੀ ਇੱਕ ਕਾਪੀ ਚਾਹੀਦੀ ਹੈ।" ਕਿਤਾਬ ਦੀਆਂ ਕਾਪੀਆਂ ਅਸਲ ਵਿਚ ਖਤਮ ਹੋ ਗਈਆਂ ਸਨ। ਪਬਲਿਸ਼ਰ ਨੇ ਮਸਾਂ ਵੀਹ ਕੁ ਕਾਪੀਆਂ ਹੀ ਦਿੱਤੀਆਂ ਸਨ, ਜਿਨ੍ਹਾਂ ਵਿਚੋਂ ਦਸ ਤਾਂ ਸ. ਪਰਗਟ ਸਿੰਘ ਨੇ ਫਟਾਫਟ ਇੰਗਲੈਂਡ ਹੀ ਵੇਚ ਦਿੱਤੀਆਂ। ਬਾਕੀ ਦਸਾਂ 'ਚੋਂ ਮੈਂ ਚਾਰ ਟੋਰਾਂਟੋ ਅਤੇ ਛੇ ਅਮਰੀਕਾ ਆਉਣ ਦੇ ਪਹਿਲੇ ਦਿਨ ਹੀ ਖਤਮ ਹੋ ਗਈਆਂ। ਮੈਂ ਉਤਰ ਦਿੱਤਾ, "ਸੌਰੀ ਭਾਈ ਸਾਹਿਬ! ਕਿਤਾਬ ਦੀ ਤਾਂ ਕੋਈ ਕਾਪੀ ਹੁਣ ਬਚੀ ਨਹੀਂ।" ਮੇਰੇ ਹੱਥ ਵਿਚ ਮੇਰੀ ਨਿਜੀ ਕਾਪੀ ਬਚਦੀ ਸੀ। ਇੱਕ ਦਮ ਦਸ ਡਾਲਰ ਦਾ ਨੋਟ ਕੱਢ ਕੇ ਬੋਲੇ, "ਇਹ ਦੇ ਦੇਵੋ ਜੋ ਤੁਹਾਡੇ ਹੱਥ ਵਿਚ ਹੈ ਕਿ ਮੈਂ ਫੋਨ ਉਤੇ ਡਾ. ਐਚ.ਕੇ. ਮਨਮੋਹਣ ਸਿੰਘ ਕੋਲੋਂ ਸਿਫਾਰਸ਼ ਪੁਆਵਾਂ? ਪੁਸਤਕ ਤੇ ਮੈਂ ਜ਼ਰੂਰ ਲੈਣੀ ਹੈ।" ਮੈਂ ਉਨ੍ਹਾਂ ਨੂੰ ਦੱਸਿਆ ਕਿ ਪੁਸਤਕ 'ਤੇ ਮੇਰਾ ਨਾਮ ਵੀ ਲਿਖਿਆ ਹੈ ਅਤੇ ਇਸ ਤੇ ਕਿਤੇ ਕਿਤੇ ਪੈਨ ਨਾਲ ਨਿਸ਼ਾਨੀਆਂ ਵੀ ਲੱਗੀਆਂ ਹਨ। ਬੋਲੇ, "ਇਹ ਤੇ ਹੋਰ ਵੀ ਚੰਗੀ ਗੱਲ ਹੈ।" ਮੈਂ ਆਪਣੀ ਨਿਜੀ ਕਾਪੀ ਉਨ੍ਹਾਂ ਨੂੰ ਸੌਂਪ ਦਿੱਤੀ ਅਤੇ ਉਨ੍ਹਾਂ ਕਿਹਾ, "ਡਾ. ਐਚ.ਕੇ. ਮਨਮੋਹਣ ਸਿੰਘ ਨੂੰ ਮਿਲ ਕੇ ਮੇਰੀ ਸਤਿ ਸ੍ਰੀ ਅਕਾਲ ਬੁਲਾਉਣਾ ਅਤੇ ਕਹਿਣਾ ਪੈਨਸਲਵੇਨੀਆਂ ਵਾਲਾ ਬਲਵੰਤ ਸਿੰਘ ਮਿਲਿਆ ਸੀ।"



ਡਾ. ਗੁਰਨਾਮ ਕੌਰ

ਸੈਸ਼ਨ ਤੋਂ ਬਾਅਦ ਸ. ਦਲਜੀਤ ਸਿੰਘ ਨੇ ਦੱਸਿਆ ਕਿ ਮੈਂ ਡਾ. ਖੜਕ ਸਿੰਘ ਮਾਨ ਅਤੇ ਉਨ੍ਹਾਂ ਨਾਲ ਦੂਸਰੇ ਦਿਨ ਨਿਊ ਜਰਸੀ ਦੇ ਗੁਰੂ ਘਰ ਵਿਚ ਲੈਕਚਰ ਕਰਨਾ ਹੈ ਜਿਥੇ ਮੈਨੂੰ ਡਾ. ਗੁਰਪਾਲ ਸਿੰਘ ਲੈ ਕੇ ਆਉਣਗੇ। ਡਾ. ਗੁਰਪਾਲ ਸਿੰਘ ਅਤੇ ਉਨ੍ਹਾਂ ਦੀ ਪਤਨੀ ਨੇ ਜ਼ੋਰ ਪਾਇਆ ਕਿ ਮੈਂ ਇਹ ਰਾਤ ਆਪਣੀ ਸਹੇਲੀ ਵੱਲ ਨਹੀਂ, ਉਨ੍ਹਾਂ ਵੱਲ ਹੀ ਰਹਿਣਾ ਹੈ ਅਤੇ ਉਹ ਜਾ ਕੇ ਮੇਰੇ ਕਪੜੇ ਵਗੈਰਾ ਲੈ ਆਉਂਦੇ ਹਨ। ਮੇਰੀ ਵਰ੍ਹਿਆਂ ਦੀ ਸਹੇਲੀ ਸੁਸ਼ਮਾ ਦੇ ਘਰ ਪਹੁੰਚ ਕੇ ਪਤਾ ਲੱਗਿਆ ਕਿ ਮੇਰੇ ਪਤੀ ਦੇ ਤਾਇਆ ਜੀ ਦੀ ਪੋਤੀ ਇੰਦਰਵੀਰ ਦਾ ਫੋਨ ਆਇਆ ਹੋਇਆ ਸੀ। ਮੈਂ ਮੋੜਵਾਂ ਫੋਨ ਕੀਤਾ ਤਾਂ ਉਸਨੇ ਕਿਹਾ, "ਚਾਚੀ ਜੀ ਅਸੀਂ ਤੁਹਾਨੂੰ ਲੈਣ ਆਉਣਾ ਹੈ, ਕਦੋਂ ਆਈਏ?" ਮੇਰੇ ਜ਼ਿਹਨ ਵਿਚ ਇੰਦਰਵੀਰ ਦੇ ਇੰਗਲੈਂਡ ਰਹਿੰਦੇ ਤਾਏ ਦੇ ਲੜਕੇ ਦੇ ਰੁਖੇ ਉਤਰ ਦਾ ਅਨੁਭਵ ਬੈਠਿਆ ਹੋਇਆ ਸੀ ਜਿਸ ਨੂੰ ਮੈਂ ਆਪ ਫੋਨ ਕੀਤਾ ਸੀ। ਇਸ ਲਈ ਮੈਂ ਕਹਿ ਦਿੱਤਾ, "ਮੈਨੂੰ ਸਮਾਂ ਨਹੀਂ ਲੱਗਣਾ, ਫਿਰ ਕਦੀ ਸਹੀ।" ਉਸਦਾ ਵੱਡਾ ਭਰਾ ਨਰਪਾਲ (ਭੋਲਾ) ਵੀ ਉਨ੍ਹਾਂ ਦੇ ਨਾਲ ਹੀ ਰਹਿੰਦਾ ਸੀ ਜਿਸ ਦੇ ਗੱਲਾਂ ਕਰਨ ਦੀ ਆਵਾਜ਼ ਮੈਨੂੰ ਫੋਨ ਵਿਚ ਸੁਣ ਰਹੀ ਸੀ। ਉਹ ਬੋਲਿਆ, "ਮੈਨੂੰ ਫੋਨ ਫੜਾ, ਮੈਂ ਚਾਚੀ ਜੀ ਨਾਲ ਗੱਲ ਕਰਦਾਂ" ਅਤੇ ਫੋਨ ਫੜ ਕੇ ਬੋਲਿਆ, "ਚਾਚੀ ਜੀ! ਤੁਹਾਡੇ ਨਾਂਹ ਕਰਨ 'ਤੇ ਰਾਣੀ (ਇੰਦਰਵੀਰ) ਬਹੁਤ ਡਿਸਟਰਬ ਹੋ ਗਈ ਹੈ। ਜੇ ਤੁਸੀਂ ਨਹੀਂ ਆਉਗੇ ਤਾਂ ਸਹੁਰਿਆਂ ਵਿਚ ਇਸਦੀ ਹੇਠੀ ਹੋਵੇਗੀ।" ਇਹ ਸੁਣ ਕੇ ਮੈਂ ਇੱਕਦਮ ਹਾਂ ਕਰ ਦਿੱਤੀ ਕਿਉਂਕਿ ਮਾਨਸਿਕ ਤੌਰ 'ਤੇ ਅਸੀਂ ਪੰਜਾਬੀ ਲੋਕ ਧੀਆਂ-ਭੈਣਾਂ ਦੀ ਸਹੁਰਿਆਂ ਵਿਚ ਹੇਠੀ ਨਹੀਂ ਜ਼ਰ ਸਕਦੇ। ਉਨ੍ਹਾਂ ਨੂੰ ਕਹਿ ਦਿੱਤਾ, "ਕਲ੍ਹ ਮੇਰਾ ਨਿਊ ਜਰਸੀ ਦੇ ਗੁਰਦੁਆਰੇ ਵਿਚ ਪ੍ਰੋਗਰਾਮ ਹੈ, ਪਰਸੋਂ ਕਿਸੇ ਵੇਲੇ ਵੀ ਆ ਜਾਇਓ ਮੈਂ ਤਿਆਰ ਹੋਵਾਂਗੀ।"

ਨਿਊ ਜਰਸੀ ਗੁਰੂ ਘਰ ਦਾ ਵਾਤਾਵਰਣ ਬਹੁਤ ਹੀ ਸ਼ਾਂਤ ਸੀ। ਅਸੀਂ ਤਿੰਨਾਂ ਨੇ ਵਾਰੀ ਵਾਰੀ ਆਪਣੇ ਪਰਚੇ ਸੰਗਤ ਵਿਚ ਪੜ੍ਹੇ ਅਤੇ ਸਭ ਨੇ ਬਹੁਤ ਧਿਆਨ ਨਾਲ ਸੁਣੇ। ਪ੍ਰਬੰਧਕਾਂ ਵਲੋਂ ਸਾਡਾ ਸਨਮਾਨ ਵੀ ਕੀਤਾ ਗਿਆ। ਇਥੇ ਮਾਹੌਲ ਸ਼ਿਕਾਗੋ ਨਾਲੋਂ ਜਿਆਦਾ ਅਕਾਦਮਿਕ ਸੀ। ਸਮਾਗਮ ਤੋਂ ਬਾਅਦ ਮੈਨੂੰ ਮੇਰੇ ਮੇਜ਼ਬਾਨ ਮੇਰੀ ਸਹੇਲੀ ਦੇ ਘਰ ਛੱਡ ਆਏ।

ਇੰਦਰਵੀਰ ਕਨੈਕਟੀਕਟ ਸਟੇਟ ਵਿਚ ਰਹਿੰਦੀ ਹੈ ਅਤੇ ਨਿਊ ਯਾਰਕ ਨੂੰ ਉਥੋਂ ਕਾਰ 'ਤੇ ਆਉਣ ਲਈ ਕੁਝ ਘੰਟੇ ਲੱਗ ਜਾਂਦੇ ਹਨ। ਦੂਸਰੇ ਦਿਨ ਸਵੇਰੇ ਹੀ ਗੁਰਦੇਵ ਸਿੰਘ (ਸਾਡਾ ਜੁਆਈ, ਇੰਦਰਵੀਰ ਦਾ ਪਤੀ) ਦਾ ਫੋਨ ਡਾਇਰੈਕਸ਼ਨਾਂ ਲੈਣ ਲਈ ਆ ਗਿਆ। ਥੋੜੀ ਦੇਰ ਵਿਚ ਹੀ ਸਰਪੰਚ ਭੁਪਿੰਦਰ ਸਿੰਘ ਸਾਡੇ ਭਾ ਜੀ, ਜਿਨ੍ਹਾਂ ਦੀ ਇੰਦਰਵੀਰ ਬੇਟੀ ਹੈ, ਇੰਦਰਵੀਰ, ਗੁਰਦੇਵ ਸਿੰਘ ਅਤੇ ਨਰਪਾਲ (ਜੋ ਹੁਣ ਇਸ ਸੰਸਾਰ ਵਿਚ ਨਹੀਂ ਰਿਹਾ) ਪਹੁੰਚ ਗਏ ਅਤੇ ਚਾਹ ਪਾਣੀ ਪੀ ਕੇ ਮੈਂ ਉਨ੍ਹਾਂ ਨਾਲ ਰਵਾਨਾ ਹੋ ਗਈ। ਅਮਰੀਕਾ ਵਿਚ ਸੜਕ ਰਸਤੇ ਜਾਣਾ ਵੀ ਬਹੁਤ ਚੰਗਾ ਲਗਦਾ ਹੈ। ਰਸਤੇ ਵਿਚ ਤੁਸੀਂ ਕੁਦਰਤ ਦਾ ਅਨੰਦ ਮਾਣਦੇ ਜਾ ਸਕਦੇ ਹੋ। ਨਰਪਾਲ ਇੰਦਰਵੀਰ ਨੂੰ ਥੋੜਾ ਛੇੜ ਵੀ ਰਿਹਾ ਸੀ, "ਦੇਖਿਆ? ਚਾਚੀ ਜੀ ਮੇਰੇ ਕਹਿਣ 'ਤੇ ਆਏ।" ਮੈਨੂੰ ਇਸ ਗੱਲ ਦਾ ਅਫਸੋਸ ਵੀ ਲੱਗਾ ਕਿ ਮੈਨੂੰ ਪਹਿਲਾਂ ਨਾਂਹ ਨਹੀਂ ਸੀ ਕਰਨੀ ਚਾਹੀਦੀ। ਗੁਰਦੇਵ ਬੋਲਿਆ, "ਚਾਚੀ ਜੀ! ਤੁਹਾਡੀ ਸਹੇਲੀ ਬਹੁਤ ਸਮਾਰਟ ਹੈ, ਮੈਂ ਕਿਸੇ ਔਰਤ ਨੂੰ ਘੱਟ ਹੀ ਇਸ ਤਰ੍ਹਾਂ ਡਾਇਰੈਕਸ਼ਨਾਂ ਦਿੰਦੇ ਦੇਖਿਆ ਹੈ ਜਿਵੇਂ ਉਸ ਨੇ ਮੈਨੂੰ ਫਟਾਫਟ ਦੱਸੀਆਂ।" ਮੈਂ ਗੁਰਦੇਵ ਨੂੰ ਦੱਸਿਆ, "ਸੁਸ਼ਮਾ ਨੇ ਭਾਰਤ ਤੋਂ ਅੰਗਰੇਜ਼ੀ ਦੀ ਮਾਸਟਰ ਡਿਗਰੀ ਕੀਤੀ ਹੈ। ਅਮਰੀਕਾ ਤੋਂ ਪਹਿਲਾਂ ਟੀਚਰ ਟਰੇਨਿੰਗ ਕੀਤੀ, ਫਿਰ ਫੈਡਰਲ ਗੌਰਮਿੰਟ ਦੇ ਇਨਕਮ ਟੈਕਸ ਵਿਭਾਗ ਵਿਚ ਕੰਮ ਕੀਤਾ ਅਤੇ ਕਈ ਤਰੱਕੀਆਂ ਲਈਆਂ। ਅੱਜ ਕਲ੍ਹ ਉਹ ਘਰ ਰਹਿ ਰਹੀ ਹੈ ਤਾਂ ਕਿ ਆਪਣੀਆਂ ਸਕੂਲ ਪੜ੍ਹਦੀਆਂ ਟੀਨ ਏਜ ਬੱਚੀਆਂ ਵੱਲ ਪੂਰਾ ਧਿਆਨ ਦੇ ਸਕੇ।"

ਇੰਦਰਵੀਰ ਹੋਰਾਂ ਦੇ ਸ਼ਹਿਰ ਵਿਚ ਵੀਹ-ਪੱਚੀ ਪੰਜਾਬੀ ਪਰਿਵਾਰ ਸਨ ਜੋ ਖੁਸ਼ੀ ਦੇ ਮੌਕੇ ਇਕੱਠੇ ਹੁੰਦੇ ਸਨ। ਕਿਸੇ ਨੇ ਬੱਚੀ ਦੇ ਜਨਮ ਦਿਨ ਦੀ ਪਾਰਟੀ ਕਿਸੇ ਬੈਂਕੁਇਟ ਹਾਲ ਵਿਚ ਰੱਖੀ ਹੋਈ ਸੀ ਜਿਸ ਵਿਚ ਮੈਂ ਵੀ ਉਨ੍ਹਾਂ ਨਾਲ ਸ਼ਾਮਲ ਹੋਈ। ਇਥੇ ਹੀ ਮੈਨੂੰ ਸ. ਬਾਜਵਾ ਨਾਲ ਮਿਲਾਇਆ ਜੋ ਰਿਸ਼ਤੇ ਵਿਚ ਡਾ. ਖੜਕ ਸਿੰਘ ਮਾਨ ਦੀ ਪਤਨੀ ਦੇ ਭਰਾ ਲਗਦੇ ਹਨ। ਉਨ੍ਹਾਂ ਨੇ ਦੱਸਿਆ ਕਿ ਸ. ਦਲਜੀਤ ਸਿੰਘ ਅਤੇ ਡਾ. ਖੜਕ ਸਿੰਘ ਨਿਊ ਯਾਰਕ ਸੈਮੀਨਾਰ ਵੇਲੇ ਉਨ੍ਹਾਂ ਵੱਲ ਹੀ ਠਹਿਰੇ ਸਨ। ਅਗਲੇ ਸਨਿਚਰਵਾਰ ਉਨ੍ਹਾਂ ਨੇ ਆਪਣੇ ਘਰ ਰਾਤ ਦੇ ਖਾਣੇ ਦਾ ਪ੍ਰਬੰਧ ਕੀਤਾ। ਦੋ-ਢਾਈ ਘੰਟੇ ਦੀ ਡਰਾਈਵ ਕਰਕੇ ਅਸੀਂ ਉਨ੍ਹਾਂ ਦੇ ਘਰ ਡਿਨਰ 'ਤੇ ਗਏ। ਉਨ੍ਹਾਂ ਨੇ ਮੇਰੇ ਕਾਰਨ ਖਾਸ ਕਰਕੇ ਇਹ ਪ੍ਰੋਗਰਾਮ ਰੱਖਿਆ ਸੀ ਅਤੇ ਆਪਣੇ ਜਾਣਨ ਵਾਲੇ ਹੋਰ ਵੀ ਬੁਲਾਏ ਸਨ। ਜਿਹੜਾ ਇੱਕ ਹਫਤਾ ਮੈਂ ਇੰਦਰਵੀਰ ਕੋਲ ਰਹੀ, ਹਰ ਰੋਜ ਕੋਈ ਨਾ ਕੋਈ ਮੈਂਬਰ ਮੈਨੂੰ ਘੁੰਮਣ ਲੈ ਜਾਣ ਲਈ ਛੁੱਟੀ ਕਰ ਲੈਂਦਾ। ਇੰਦਰਵੀਰ ਦੇ ਮਾਮੇ ਦੀ ਲੜਕੀ ਮਿੰਨੀ ਵੀ ਗੁਰਦੇਵ ਦੇ ਛੋਟੇ ਭਰਾ ਨੂੰ ਵਿਆਹੀ ਹੈ। ਇੱਕ ਦਿਨ ਉਹ ਮੈਨੂੰ, ਗੁਰਦੇਵ ਦੀ ਮਾਤਾ ਅਤੇ ਆਪਣੀ ਦਾਦੀ ਨੂੰ ਘੁਮਾਉਣ ਸਪਰਿੰਗਫੀਲਡ ਬਹੁਤ ਵੱਡੇ ਸਟੋਰ ਵਿਚ ਲੈ ਗਈ। ਕਾਫੀ ਘੁੰਮਣ ਅਤੇ ਸ਼ਾਪਿੰਗ ਕਰਨ ਤੋਂ ਬਾਅਦ ਮੈਂ ਇੱਕ ਬੈਂਚ 'ਤੇ ਬੈਠਣ ਦੀ ਇੱਛਾ ਪ੍ਰਗਟ ਕੀਤੀ ਜਿਥੇ ਕ੍ਰਿਸਮਿਸ ਨੇੜੇ ਹੋਣ ਕਰਕੇ ਬੱਚੇ ਸੈਂਟਾਕਲਾਜ ਬਣੇ ਬੰਦੇ ਨਾਲ ਵਾਰੀ ਵਾਰੀ ਫੋਟੋਆਂ ਖਿਚਾ ਰਹੇ ਸਨ ਅਤੇ ਬਹੁਤ ਰੌਣਕ ਸੀ। ਮੈਂ ਬੱਚਿਆਂ ਦੀ ਭੀੜ ਨੂੰ ਖੁਸ਼ੀ ਖੁਸ਼ੀ ਫੋਟੋਆਂ ਖਿਚਾਉਂਦੇ ਬੜੇ ਧਿਆਨ ਨਾਲ ਦੇਖ ਰਹੀ ਸੀ ਕਿ ਮੇਰੇ ਕੋਲ ਇੱਕ ਗੋਰੀ ਕੁੜੀ ਆ ਬੈਠੀ। ਉਸ ਨੇ ਕਿਸੇ ਅਖਬਾਰ ਦਾ ਹਵਾਲਾ ਦੇ ਕੇ ਦੱਸਿਆ ਕਿ ਉਹ ਉਸ ਵਿਚ ਪੱਤਰਕਾਰ ਹੈ ਅਤੇ ਕ੍ਰਿਸਮਿਸ ਸੈਲੀਬਰੇਸ਼ਨ 'ਤੇ ਲਿਖ ਰਹੀ ਹੈ। ਇੱਕ ਦਮ ਬੋਲੀ, "ਵਟ ਗਿਫਟਸ ਯੂ ਆਰ ਬਾਇੰਗ ਫਾਰ ਯੂਅਰ ਰੈਲੇਟਿਵਜ਼ ਓਨ ਕ੍ਰਿਸਮਿਸ?" ਮੈਂ ਅੱਗੋਂ ਕਿਹਾ, "ਨਥਿੰਗ।"




ਸੁਸ਼ਮਾ ਅਤੇ ਉਸ ਦੇ ਪਤੀ ਰਾਜ ਲੂੰਬਾ

ਉਹ ਬੜੀ ਹੈਰਾਨ ਹੋਈ ਅਤੇ ਬੋਲੀ, "ਵਾਇ? ਯੂ ਵਿਲ ਨੌਟ ਸੈਲੀਬਰੇਟ ਕ੍ਰਿਸਮਿਸ?" ਮੈਂ ਮੋੜ ਕੇ ਉਤਰ ਦਿੱਤਾ, "ਆਈ ਐਮ ਨੌਟ ਏ ਕ੍ਰਿਸਚਿਅਨ। ਆਈ ਐਮ ਏ ਸਿੱਖ।" ਉਸ ਦੇ ਪੁੱਛਣ 'ਤੇ ਕਿ ਸਿੱਖ ਕੌਣ ਹੁੰਦੇ ਹਨ? ਮੈਂ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਆਪਣੇ ਸਿਰ ਤੇ ਗੋਲ-ਗੋਲ ਪੱਗ ਦੇ ਸਟਾਈਲ ਵਿਚ ਹੱਥ ਘੁਮਾ ਕੇ ਬੋਲੀ, "ਯੂ ਮੀਨ ਖੋਮਾਇਨੀ'ਜ਼ ਫਾਲੋਅਰਜ?"

ਮੈਂ ਨਹੀਂ ਵਿਚ ਸਿਰ ਘੁਮਾਇਆ ਅਤੇ ਚੰਗੀ ਤਰ੍ਹਾਂ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਸਿੱਖ ਕੌਣ ਹੁੰਦੇ ਹਨ। ਉਦੋਂ ਅਮਰੀਕਾ ਦਾ ਈਰਾਨ ਨਾਲ ਪੰਗਾ ਪੈ ਕੇ ਹਟਿਆ ਸੀ। ਜਿਵੇਂ ਹੁਣ ਬਹੁਤੇ ਅਮਰੀਕਨ ਸਿੱਖਾਂ ਨੂੰ ਤਾਲਿਬਾਨ ਨਾਲ ਰੱਲਗੱਡ ਕਰ ਲੈਂਦੇ ਹਨ, ਉਸੇ ਤਰ੍ਹਾਂ ਉਦੋਂ ਦਸਤਾਰ ਕਾਰਨ ਈਰਾਨੀ ਲੀਡਰ ਇਤਾਉਲਾਹ ਖੋਮਾਇਨੀ ਦੇ ਚੇਲੇ ਸਮਝ ਲਿਆ ਜਾਂਦਾ ਸੀ। ਮੈਨੂੰ ਇਸ ਗੱਲ ਦੀ ਵੀ ਪ੍ਰੇਸ਼ਾਨੀ ਹੋਈ ਕਿ ਅਸੀਂ ਹਾਲੇ ਤੱਕ ਆਪਣੀ ਵੱਖਰੀ ਪਛਾਣ ਤੋਂ ਅਮਰੀਕਨਾਂ ਨੂੰ ਵਾਕਿਫ ਨਹੀਂ ਕਰਾ ਸਕੇ? ਜਿਥੇ ਕਿਤੇ ਵੀ ਸਿੱਖਾਂ ਦੀ ਵਸੋਂ ਹੈ, ਨਾਲ ਦੀ ਨਾਲ ਗੁਰਦੁਆਰਾ ਉਸਾਰ ਲਿਆ ਜਾਂਦਾ ਹੈ ਪਰ ਕੀ ਗੁਰਦੁਆਰੇ ਅਸੀਂ ਸਿਰਫ ਚੌਧਰ ਕਰਨ ਲਈ ਉਸਾਰਦੇ ਹਾਂ? ਜਿਨ੍ਹਾਂ ਵਿਚ ਲੜਾਈਆਂ ਕਾਰਨ ਹਰ ਚੌਥੇ ਦਿਨ ਪੁਲਿਸ ਨੂੰ ਦਖਲ ਦੇਣਾ ਪੈਂਦਾ ਹੈ। ਉਹ ਪੱਤਰਕਾਰ ਗੱਲਾਂ ਕਰਕੇ ਬੜੀ ਖੁਸ਼ ਹੋਈ ਤੇ ਕਹਿੰਦੀ, "ਆਈ ਵਿਲ ਰਾਈਟ ਏ ਸਟੋਰੀ।" ਘਰ ਆ ਕੇ ਭਾ ਜੀ ਭੁਪਿੰਦਰ ਸਿੰਘ ਨੂੰ ਜਦੋਂ ਇਸ ਘਟਨਾ ਬਾਰੇ ਦੱਸਿਆ ਤਾਂ ਕਹਿੰਦੇ, "ਤੁਸਾਂ ਚੰਗਾ ਕੀਤਾ। ਮੈਨੂੰ ਵੀ ਪੱਗ ਦੇਖ ਕੇ ਕਈ ਇਹ ਸਵਾਲ ਪੁੱਛ ਲੈਂਦੇ ਹਨ। ਹਾਲੇ ਤੱਕ ਇਨ੍ਹਾਂ ਨੂੰ ਇਹ ਹੀ ਨਹੀਂ ਪਤਾ ਸਿੱਖ ਕੌਣ ਹੁੰਦੇ ਹਨ, ਖੋਮਾਇਨੀ ਨਾਲ ਹੀ ਰਲਾਈ ਜਾਂਦੇ ਹਨ।"

ਇੱਕ ਦਿਨ ਇੰਦਰਵੀਰ ਮੈਨੂੰ ਆਪਣੇ ਨਾਲ ਇੱਕ ਵੱਡੇ ਸਟੋਰ 'ਤੇ ਲੈ ਗਈ, ਕਹਿੰਦੀ, "ਚਾਚੀ ਜੀ ਇਥੇ ਅਸੀਂ ਕੰਮ ਤੇ ਆਪਣੇ ਨਾਲ ਕੰਮ ਕਰਦੇ ਸਾਰੇ ਇੱਕ ਦੂਜੇ ਨੂੰ ਕ੍ਰਿਸਮਿਸ ਦੇ ਤੋਹਫੇ ਦਿੰਦੇ ਹਾਂ, ਮੇਰੇ ਨਾਲ ਚੱਲੋ ਆਪਾਂ ਖਰੀਦ ਕੇ ਲਿਆਈਏ।" ਇਸ ਬਹਾਨੇ ਉਸ ਨੇ ਮੇਰੇ ਲਈ ਕਈ ਕੁਝ ਖਰੀਦਿਆ। ਉਸ ਦੀ ਸੱਸ-ਮਾਂ ਨੇ ਵੀ ਮੈਨੂੰ ਤੋਹਫਾ ਦਿੱਤਾ। ਇਸ ਤਰ੍ਹਾਂ ਪਹਿਲੀ ਵਾਰ ਮੈਂ ਕ੍ਰਿਸਮਿਸ ਮਨਾਈ।

ਮੈਂ ਛੱਬੀ ਦਸੰਬਰ ਸ਼ਾਮ ਤੱਕ ਵਾਪਸ ਸੁਸ਼ਮਾ ਕੋਲ ਪਹੁੰਚੀ ਤਾਂ ਨਿਊ ਯਾਰਕ ਵੀ ਥੋੜੀ ਥੋੜੀ ਬਰਫ਼ ਪੈ ਚੁੱਕੀ ਸੀ। ਉਸ ਨੇ ਮੈਨੂੰ ਦੱਸਿਆ, "ਸ਼ੁਕਰ ਹੈ ਕ੍ਰਿਸਮਿਸ ਤੱਕ ਬਰਫ਼ ਪੈ ਗਈ। ਅਮਰੀਕਨ ਵਾਈਟ ਕ੍ਰਿਸਮਿਸ ਨੂੰ ਸ਼ੁਭ ਸ਼ਗਨ ਮੰਨਦੇ ਹਨ।" ਛੱਬੀ ਦਸੰਬਰ ਦੀ ਰਾਤ ਨੂੰ ਏਨੀ ਜਿਆਦਾ ਬਰਫ਼ ਪਈ ਕਿ ਸਾਰੇ ਰਸਤੇ ਜਿਵੇਂ ਬੰਦ ਹੋ ਗਏ ਹੋਣ। ਸੁਸ਼ਮਾ ਦੇ ਪਤੀ ਰਾਜ ਲੂੰਬਾ ਆਪਣੇ ਦਫਤਰ ਜਾ ਚੁੱਕੇ ਸਨ। ਮੇਰੀ ਟਿਕਟ ਬ੍ਰਿਟਿਸ਼ ਏਅਰਵੇਜ਼ ਦੀ ਸੀ ਪਰ ਉਸ 'ਤੇ ਵਾਪਸੀ ਦੀ ਕੋਈ ਵੀ ਸੀਟ ਇਕੱਤੀ ਜਨਵਰੀ ਤੋਂ ਪਹਿਲਾਂ ਨਹੀਂ ਸੀ ਮਿਲ ਰਹੀ ਪਰ ਉਨ੍ਹਾਂ ਨੇ ਏਨੀ ਖੁਲ੍ਹ ਦੇ ਦਿੱਤੀ ਕਿ ਜੇ ਕਿਸੇ ਹੋਰ ਫਲਾਈਟ 'ਤੇ ਸੀਟ ਮਿਲਦੀ ਹੈ ਤਾਂ ਮੈਂ ਬੁੱਕ ਕਰਵਾ ਲਵਾਂ, ਉਹ ਉਸ ਏਅਰਲਾਈਨ ਨੂੰ ਅਦਾਇਗੀ ਕਰ ਦੇਣਗੇ। ਰਾਜ ਲੂੰਬਾ ਏਅਰ ਇੰਡੀਆ ਵਿਚ ਚੰਗੇ ਅਹੁਦੇ 'ਤੇ ਹੋਣ ਕਰਕੇ ਮੈਨੂੰ ਏਅਰ ਇੰਡੀਆ ਦੀ ਅਠਾਈ ਦਸੰਬਰ ਦੀ ਸੀਟ ਮਿਲ ਗਈ ਅਤੇ ਇਹ ਪ੍ਰਬੰਧ ਮੈਂ ਨਿਊ ਯਾਰਕ ਪਹੁੰਚਦਿਆਂ ਹੀ ਕਰ ਲਿਆ ਪਰ ਸਤਾਈ ਤਰੀਕ ਨੂੰ ਅਚਾਨਕ ਦਸ ਕੁ ਵਜੇ ਮੈਨੂੰ ਬਹੁਤ ਘਬਰਾਹਟ ਹੋਣ ਲੱਗ ਪਈ ਅਤੇ ਪੇਟ ਵਿਚ ਦਰਦ ਵੀ ਹੋਣ ਲੱਗ ਪਿਆ। ਮੈਂ ਪਹਿਲਾਂ ਤਾਂ ਸੋਚਿਆ ਕੋਈ ਗੱਲ ਨਹੀਂ ਪਰ ਜਦੋਂ ਨਾ ਬਰਦਾਸਤ ਹੋਇਆ ਤਾਂ ਆਪਣੀ ਸਹੇਲੀ ਨੂੰ ਦੱਸਿਆ। ਉਹ ਮੈਨੂੰ ਗੁੱਸੇ ਹੋਈ ਕਿ ਪਹਿਲਾਂ ਕਿਉਂ ਨਹੀਂ ਦਸਿਆ ਜਦੋਂ ਉਸਦੇ ਪਤੀ ਘਰ ਸਨ। ਉਤੋਂ ਉਸਦੀ ਗੱਡੀ ਵੀ ਪੂਰੀ ਤਰ੍ਹਾਂ ਬਰਫ਼ ਵਿਚ ਦਬ ਗਈ ਸੀ, ਕੀ ਕੀਤਾ ਜਾਵੇ? ਉਸਨੇ ਆਪਣੀ ਇੱਕ ਇੰਡੀਅਨ ਨਰਸ ਸਹੇਲੀ ਨੂੰ ਫੋਨ ਕੀਤਾ। ਉਸ ਨੇ ਦਸਿਆ, "ਤੁਹਾਡੇ ਘਰ ਦੇ ਨੇੜੇ ਹੀ ਇੱਕ ਜਿਊਇਸ਼ ਹਸਪਤਾਲ ਹੈ ਜਿਥੇ ਤੁਸੀਂ ਪੈਦਲ ਜਾ ਸਕਦੇ ਹੋ। ਉਥੇ ਚਲੇ ਜਾਉ।" ਅਸੀਂ ਹੌਲੀ ਹੌਲੀ ਬਰਫ ਮਿਧਦੀਆਂ ਹਸਪਤਾਲ ਪਹੁੰਚੀਆਂ। ਕਾਊਂਟਰ 'ਤੇ ਜਾ ਕੇ ਸੁਸ਼ਮਾ ਨੇ ਮੇਰੀ ਸਮੱਸਿਆ ਦੱਸੀ ਤਾਂ ਬਿਨਾਂ ਕੋਈ ਦੇਰੀ ਕੀਤਿਆਂ ਮੇਰੇ ਲਈ ਵੀਅਲ ਚੇਅਰ ਆ ਗਈ ਅਤੇ ਮੈਨੂੰ ਆਈ.ਸੀ.ਯੂ. ਵਿਚ ਲੈ ਗਏ ਜਿਥੇ ਨਰਸਾਂ ਤੇ ਡਾਕਟਰਾਂ ਦੀ ਪੂਰੀ ਟੀਮ ਆ ਗਈ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਇਥੇ ਵਿਜ਼ਟਰ ਆਈ ਹਾਂ ਅਤੇ ਮੇਰੀ ਅਠਾਈ ਦਸੰਬਰ ਦੀ ਫਲਾਈਟ ਹੈ। ਜੇ ਕਿਸੇ ਪੇਮੈਂਟ ਦੀ ਜਰੂਰਤ ਹੈ ਤਾਂ ਉਹ ਮੇਰੇ ਸਪਾਂਸਰਜ਼ ਨਾਲ ਸੰਪਰਕ ਕਰ ਸਕਦੇ ਹਨ। ਮੈਨੂੰ ਇਹ ਖੁਲ੍ਹ ਡਾ. ਜਸਵੀਰ ਸਿੰਘ ਮਾਨ ਨੇ ਦੇ ਦਿੱਤੀ ਸੀ ਕਿ ਮੈਨੂੰ ਕਿਤੇ ਵੀ ਕੋਈ ਜਰੂਰਤ ਪਵੇ ਤਾਂ ਮੈਂ ਉਨ੍ਹਾਂ ਦਾ ਫੋਨ ਨੰਬਰ ਦੇ ਸਕਦੀ ਹਾਂ। ਪਰ ਡਾਕਟਰਾਂ ਨੇ ਮੈਨੂੰ ਭਰੋਸਾ ਦੁਆਇਆ ਕਿ ਮੈਂ ਪੇਮੈਂਟ ਬਾਰੇ ਕੋਈ ਚਿੰਤਾ ਨਾ ਕਰਾਂ। ਉਨ੍ਹਾਂ ਨੇ ਮੈਨੂੰ ਟਰੀਟਮੈਂਟ ਦਿੱਤਾ, ਚਾਰ ਕੁ ਘੰਟੇ ਰੱਖ ਕੇ ਆਪਣੀ ਤਸੱਲੀ ਹੋਣ 'ਤੇ ਛੁੱਟੀ ਦੇ ਦਿੱਤੀ ਅਤੇ ਨਾਲ ਹੀ ਹਦਾਇਤ ਕੀਤੀ ਕਿ ਮੈਂ ਆਪਣੀ ਸੀਟ ਅਠਾਈ ਦਸੰਬਰ ਤੋਂ ਬਦਲਾ ਕੇ ਇਕੱਤੀ ਦਸੰਬਰ ਤੱਕ ਦੀ ਕਰਵਾ ਲਵਾਂ, ਜੇ ਦੁਬਾਰਾ ਕੋਈ ਸਮੱਸਿਆ ਆਵੇ ਤਾਂ ਹਸਪਤਾਲ ਦੁਬਾਰਾ ਆ ਸਕਦੀ ਹਾਂ। ਮੈਂ ਇਸਦੀ ਤੁਲਨਾ ਆਪਣੇ ਰਜਿੰਦਰਾ ਹਸਪਤਾਲ ਨਾਲ ਕਰ ਰਹੀ ਸੀ ਜਿਥੇ ਐਮਰਜੈਂਸੀ ਵਿਚ ਵੀ ਫਾਈਲ ਤਿਆਰ ਕਰਵਾਉਂਦਿਆਂ, ਟੈਸਟਾਂ ਲਈ ਕਦੇ ਇੱਕ ਦੀਆਂ, ਕਦੇ ਦੂਜੇ ਦੀਆਂ ਮਿਨਤਾਂ ਕਰਦਿਆਂ ਏਨੀ ਦੇਰ ਹੋ ਜਾਂਦੀ ਹੈ ਕਿ ਬੰਦਾ ਖਤਮ ਹੋ ਜਾਂਦਾ ਹੈ। ਟੈਸਟ ਕਰਾਉਣ ਲਈ ਪਤਾ ਨਹੀਂ ਕਿਹੜੀਆਂ ਕਿਹੜੀਆਂ ਪ੍ਰਾਈਵੇਟ ਕਲੀਨਿਕਾਂ ਦੇ ਚੱਕਰ ਲਾਉਣੇ ਪੈਂਦੇ ਹਨ। ਪਤਾ ਨਹੀਂ ਸਾਡੇ ਡਾਕਟਰ, ਖਾਸ ਕਰਕੇ ਨਰਸਾਂ ਤੇ ਦੂਸਰਾ ਸਟਾਫ ਕਦੋਂ ਇਸ ਨੂੰ ਆਪਣਾ ਫ਼ਰਜ਼ ਸਮਝਣ ਲੱਗਣਗੇ। ਕਿਸੇ ਨੂੰ ਮਰੀਜ਼ ਦੀ ਪ੍ਰਵਾਹ ਨਹੀਂ ਹੁੰਦੀ ਬਲਕਿ ਇਹ ਫਿਕਰ ਹੁੰਦਾ ਹੈ ਕਿ ਮਰੀਜ ਦੀ ਜੇਬ ਕਿਵੇਂ ਖਾਲੀ ਕਰਨੀ ਹੈ। ਮੈਂ ਉਪਰ ਦੱਸੇ ਦੋਹਾਂ ਅਨੁਭਵਾਂ ਵਿਚੋਂ ਲੰਘੀ ਹਾਂ ਜਿਸਦੇ ਇੱਕ ਅਨੁਭਵ ਦਾ ਸਕੂਨ ਅਤੇ ਦੂਸਰੇ ਦੀ ਕੁੜੱਤਣ ਜਦੋਂ ਤੱਕ ਮੈਂ ਜਿਊਣਾ ਹੈ ਮੇਰੇ ਜਿਹਨ ਵਿਚੋਂ ਨਹੀਂ ਜਾਣੀ।

**(ਚਲਦਾ...)**

## ਸੰਪਾਦਕ ਦੀ ਡਾਕ

ਸਬਰਾਂਟੇ ਦੀ ਪ੍ਰਬੰਧਕ ਕਮੇਟੀ ਵਿਚ ਮੋਨੇ ਵੀਰਾਂ (ਭਾਈ ਦਾਖਾ ਦੇ ਲਫਜ਼ਾਂ ਵਿਚ ਮੱਸੇ ਰੰਘੜਾਂ) ਨੂੰ ਕਮੇਟੀ ਦੀ ਵਾਗਡੋਰ ਫੜਾਈ ਸੀ। ਮੇਰੇ ਤੋਂ ਬਹੁਤ ਵੱਡੀ ਭੁੱਲ ਹੋ ਗਈ ਹੋਵੇਗੀ। ਸਾਧ ਸੰਗਤ ਅਤੇ ਗੁਰੂ ਬਖਸ਼ਣਹਾਰ ਹੈ। ਬਖਸ਼ ਲੈਣਾ ਜੀ। ਮੈਂ ਵੀ ਅੱਗੋਂ ਤੋਂ ਪੰਜਾਂ ਸਿੰਘਾਂ ਵਿਚ ਆਉਣ ਤੋਂ ਤੌਬਾ ਕਰਾਂਗਾ।

*ਸੁਖਦੇਵ ਸਿੰਘ ਪਹੁਵਿੰਡ,*
*ਫੋਨ:510-734-2047*

## ਸਿਆਣਿਆਂ ਦਾ ਕਿਹਾ

(1) ਸੱਚੇ ਸਿੱਖ ਦਾ ਹਰ ਪਲ ਧਰਮ ਯੁੱਧ ਦੀ ਅਮਾਨਤ ਹੈ।
(2) ਸਿੱਖੀ ਦੇ ਅਸੂਲ ਵਿਚ ਮਨੁਖੱਤਾ ਦੇ ਕਾਤਲ ਅਤੇ ਜ਼ਾਲਮ ਲਈ ਮੁਆਫੀ ਨਹੀਂ ਹੈ।
(3) ਜਦੋਂ ਮਿਹਨਤ ਦੀ ਬੁਨਿਆਦ ਹਿਲ ਜਾਵੇ ਤਾਂ ਸਮਾਜੀ ਗੜਬੜ ਸਿਰ ਚੁੱਕ ਲੈਂਦੀ ਹੈ।
(4) ਭਗਤੀ ਬਿਨਾਂ ਸ਼ਕਤੀ ਨਿਹੱਥੀ ਹੈ। ਇਹ ਦੋਵੇਂ ਰਲ ਕੇ ਆਜ਼ਾਦੀ ਪ੍ਰਾਪਤ ਕਰਦੀਆਂ ਹਨ।
(5) ਰਹਿਣੀ, ਬਹਿਣੀ ਤੇ ਕਹਿਣੀ ਜੀਵਨ ਬਣਾਉਂਦੀਆਂ ਹਨ ਅਤੇ ਸੱਚਾਈ, ਭਗਤੀ ਤੇ ਸੇਵਾ ਉਚੇ ਜੀਵਨ ਲਈ ਜ਼ਰੂਰੀ ਹਨ।
(6) ਸਿੱਖ-ਸਾਦਾ, ਸੱਚਾ ਤੇ ਬਹਾਦਰ ਹੈ।
(7) ਸਿੱਖ ਸ਼ਹੀਦਾਂ ਦੇ ਸਿਰ ਨਾਲ ਸਿਰ ਜੋੜ ਕੇ ਗਿਣਤੀ ਕੀਤੀ ਜਾਵੇ ਤਾਂ ਪੂਰੀ ਦੁਨੀਆਂ ਉਤੋਂ ਦੀ ਗੇੜਾ ਆ ਜਾਵੇਗਾ।
(8) ਨੇਤਾ ਅਤੇ ਰੇਤਾ ਭਾਰਤ ਅੰਦਰ ਹਰ ਹਿੱਸੇ ਵਿਚ ਮੌਜੂਦ ਹੈ।
(9) ਜਦੋਂ ਬਾਹਰੋਂ ਕੋਈ ਸਹਾਰਾ ਨਾ ਲੱਭੇ, ਤਾਂ ਬੰਦਾ ਰੱਬ ਨੂੰ ਆਪਣੇ ਅੰਦਰੋਂ ਲੱਭਦਾ ਹੈ।
(10) ਤਿੰਨ ਹਰਕਤਾਂ ਦੂਜਾ ਭਾਵ ਪੈਦਾ ਕਰਦੀਆਂ ਹਨ-ਖੁਦਗਰਜ਼ੀ, ਕਪਟ ਤੇ ਘ੍ਰਿਣਾ।
(11) ਅਕਲ, ਛੂਤ ਦੀ ਬਿਮਾਰੀ ਤੇ ਪਿਆਰ ਸਤਿਕਾਰ-ਤਿੰਨੋਂ ਵੰਡਣ 'ਤੇ ਵਧਦੇ ਹਨ।
(12) ਗੁਰਸਿੱਖੀ, ਸੱਚਾਈ ਤੇ ਤਾਕਤ-ਖਰੀਦਣ 'ਤੇ ਨਹੀਂ ਮਿਲਦੀਆਂ।
(13) ਤਿੰਨੋਂ ਦੁਨੀਆਂ ਵਿਚ ਮਸ਼ਹੂਰ ਹਨ-ਮਾਇਆ, ਕਾਮ ਤੇ ਸ਼ਰਾਬ।
(14) ਤਿੰਨਾਂ ਨੂੰ ਮਿਲਣਾ ਚੰਗਾ ਹੈ-ਗੁਰਸਿੱਖ, ਸੰਤ ਤੇ ਭਗਤ।
(15) ਜ਼ਾਲਮ ਬਾਦਸ਼ਾਹ, ਤਾਕਤਵਰ ਦੁਸ਼ਮਣ ਤੇ ਧੋਖੇਬਾਜ਼ ਮਿੱਤਰ ਤੋਂ ਬਚੋ।
(16) ਖਤਰਾ ਮੁੱਲ ਤਾਂ ਲਉ ਪਰ ਜੂਆ ਨਾ ਖੇਡੋ, ਖਤਰੇ ਮੁੱਲ ਲੈਣ ਵਾਲੇ ਆਪਣੀਆਂ ਅੱਖਾਂ ਖੁਲੀਆਂ ਰੱਖਦੇ ਹਨ, ਜੂਆ ਖੇਡਣ ਵਾਲੇ ਹਨੇਰੇ ਵਿਚ ਤੀਰ ਚਲਾਉਂਦੇ ਹਨ।
(17) ਜਿਹੜਾ ਬੰਦਾ ਖਤਰੇ ਨਹੀਂ ਉਠਾਉਂਦਾ ਉਹ ਕੁਝ ਪ੍ਰਾਪਤ ਨਹੀਂ ਕਰ ਸਕਦਾ।
(18) ਜੇਤੂਆਂ ਨੂੰ ਭਾਵੇਂ ਚੋਟ ਲੱਗ ਜਾਂਦੀ ਹੈ ਪਰ ਉਹ ਕੰਮ ਛੱਡ ਕੇ ਨਹੀਂ ਭੱਜਦੇ।
(19) ਜਰੂਰਤਾਂ ਤਾਂ ਸੰਤੁਸ਼ਟ ਹੋ ਸਕਦੀਆਂ ਹਨ ਪਰ ਲਾਲਚ ਨਹੀਂ।
(20) ਆਪਣੇ ਦਿਮਾਗ ਨੂੰ ਚੰਗੇ ਵਿਚਾਰ ਲਗਾਤਾਰ ਦਿੰਦੇ ਰਹੋ ਨਹੀਂ ਤਾਂ ਗਲਤ ਵਿਚਾਰ ਆਪਣੇ ਆਪ ਖਾਲੀ ਦਿਮਾਗ ਨੂੰ ਭਰ ਦੇਣਗੇ।
(21) ਬੰਦੇ ਦਾ ਦਿਮਾਗ ਇੱਕ ਬਗੀਚੇ ਵਾਂਗ ਹੁੰਦਾ ਹੈ ਜੇ ਆਪਾਂ ਚੰਗੇ ਬੀਜ ਬੀਜਾਂਗੇ ਤਾਂ ਬਗੀਚਾ ਸੁੰਦਰ ਬਣੇਗਾ ਪਰ ਜੇ ਆਪਾਂ ਕੁਝ ਵੀ ਨਹੀਂ ਬੀਜਾਂਗੇ ਤਾਂ ਵੀ ਕੁਝ ਨਾ ਕੁਝ ਜਰੂਰ ਪੈਦਾ ਹੋ ਜਾਵੇਗਾ ਪਰ ਉਹ ਹੋਵੇਗਾ ਘਾਹ ਫੂਸ।
(22) ਆਮ/ਸਾਧਾਰਣ ਬਣਨਾ ਤਾਂ ਸੌਖਾ ਹੈ ਪਰ ਸਭ ਤੋਂ ਉਤਮ ਬਣਨਾ ਮੁਸ਼ਕਿਲ ਹੈ।
(23) ਬੰਦਾ ਜਿਹੜਾ ਗਲਤੀ ਵੀ ਕਰਦਾ ਹੈ ਤੇ ਉਸ ਨੂੰ ਸੁਧਾਰਦਾ ਵੀ ਨਹੀਂ ਉਹ ਇੱਕ ਹੋਰ ਵੱਡੀ ਗਲਤੀ ਕਰਦਾ ਹੈ।
(24) ਜਿਵੇਂ ਪਾਣੀ ਆਪਣਾ ਰਾਹ ਆਪ ਬਣਾ ਲੈਂਦਾ ਹੈ-ਉਵੇਂ ਹੀ ਸਫਲਤਾ ਵੀ ਉਨ੍ਹਾਂ ਕੋਲ ਆਪਣੇ ਆਪ ਪਹੁੰਚ ਜਾਂਦੀ ਹੈ ਜੋ ਤਿਆਰੀ ਕਰਦੇ ਹਨ।
(25) ਜੇਤੂ ਪੜਚੋਲ ਤਾਂ ਕਰ ਸਕਦੇ ਹਨ ਪਰ ਕਦੇ ਵੀ ਦਲੀਲਬਾਜ਼ੀ ਨਹੀਂ ਕਰਦੇ, ਇਹ ਤਾਂ ਹਾਰਨ ਵਾਲੇ ਦਾ ਕੰਮ ਹੈ।
(26) ਅਲਕਮੰਦ ਲੋਕ ਦੂਸਰਿਆਂ ਦੀਆਂ ਗਲਤੀਆਂ ਤੋਂ ਸਿੱਖਦੇ ਹਨ।
(27) ਜੋ ਲੋਕ ਕੋਸ਼ਿਸ਼ ਨਹੀਂ ਕਰਦੇ ਉਹ ਯਤਨ ਕਰਨ ਤੋਂ ਪਹਿਲਾਂ ਹੀ ਹਾਰ ਜਾਂਦੇ ਹਨ।
(28) ਜ਼ਿੰਦਗੀ ਵਿਚ ਸਭ ਤੋਂ ਉਦਾਸੀ ਭਰੇ ਸ਼ਬਦ ਹਨ, 'ਕਾਸ਼! ਮੈਂ ਕੁੱਝ ਕੀਤਾ ਹੁੰਦਾ।'
(29) ਭਾਫ ਉਦੋਂ ਤੱਕ ਇੱਕ ਇੰਜਣ ਨੂੰ ਨਹੀਂ ਚਲਾ ਸਕਦੀ ਜਦੋਂ ਤੱਕ ਉਹਨੂੰ ਇੱਕ ਘੇਰੇ ਵਿਚ ਬੰਨ ਕੇ ਨਾ ਰਖਿਆ ਜਾਵੇ।
(30) ਜਿਹੜਾ ਬੰਦਾ ਇਹ ਸੋਚਦਾ ਹੈ ਕਿ ਉਹਨੂੰ ਸਾਰੀ ਜਾਣਕਾਰੀ ਹੈ ਉਹਨੂੰ ਵੀ ਹੋਰ ਸਿੱਖਣ ਦੀ ਲੋੜ ਰਹਿੰਦੀ ਹੈ।
(31) ਜੀਵਨ 'ਚ ਹਿੰਮਤ, ਸਾਹਸ ਤੇ ਉਦਮ ਰੱਖਣ ਦੀ ਲੋੜ ਹੈ ਪਰ ਦੁਨੀਆਂ ਵਿਚ ਭੁੱਖ, ਦੁੱਖ ਤੇ ਔਕੜ ਸਹਿਣ ਵਾਲੇ ਬਹੁਤ ਘੱਟ ਹਨ।
(32) ਹੰਕਾਰ, ਸ਼ਰਾਬ ਤੇ ਗੁੱਸਾ-ਤਿੰਨੇ ਚੰਗੇ ਇਨਸਾਨ ਨੂੰ ਬਰਬਾਦ ਕਰਦੇ ਹਨ ਅਤੇ ਜਿੰਨਾ ਹੋ ਸਕੇ ਕਰਜ਼ੇ, ਬਿਮਾਰੀ ਤੇ ਅੱਗ ਬਚੋ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*


# ਪਹਿਲਵਾਨੀ ਅਤੇ ਪੀ.ਐਚ.ਡੀ. ਤੋਂ ਕੈਨੇਡਾ ਤੱਕ ਪਹੁੰਚਿਆ

# ਪਹਿਲਵਾਨ ਕੇਵਲ ਕੈਲੇ

**ਇਕਬਾਲ ਜੱਬੋਵਾਲੀਆ***

ਪਹਿਲਵਾਨ ਕੇਵਲ ਕੈਲੇ ਦਾ ਬਾਬਾ ਅਤੇ ਤਾਇਆ ਤਕੜੇ ਘੁਲਾਟੀਏ ਹੋਣ ਕਰਕੇ ਪਹਿਲਵਾਨੀ ਵਿਰਸੇ 'ਚੋਂ ਮਿਲੀ। ਪਿਤਾ ਧੰਨਾ ਕੈਲੇ ਆਪਣੇ ਸਮੇਂ ਦਾ ਤਕੜਾ ਕਬੱਡੀ ਖਿਡਾਰੀ ਹੋਇਆ ਕਰਦਾ ਸੀ। ਜਿਸ ਦਿਨ ਕੇਵਲ ਦਾ ਜਨਮ ਹੋਇਆ, ਉਸ ਦਿਨ ਪਿੰਡ 'ਚ ਵੱਡੀ ਛਿੰਝ ਪੈ ਰਹੀ ਸੀ। ਬਾਬਾ, ਪਿਤਾ ਅਤੇ ਤਾਏ ਦੀ ਕੇਵਲ ਨੂੰ ਤਕੜਾ ਪਹਿਲਵਾਨ ਬਣਾਉਣ ਦੀ ਖਾਹਿਸ਼ ਸੀ। ਘਰ ਦਾ ਖੁੱਲ੍ਹਾ-ਡੁੱਲ੍ਹਾ ਮਾਹੌਲ ਅਤੇ ਖੁੱਲ੍ਹੀ ਖੁਰਾਕ ਹੋਣ ਕਰਕੇ ਕੇਵਲ ਨੂੰ ਵੀ ਰੂਹ ਨਾਲ ਖੁਰਾਕ ਦਿੱਤੀ ਜਾਣ ਲੱਗੀ। ਖਾਣ ਪੀਣ 'ਚ ਕਿਸੇ ਪਾਸਿਉਂ ਕੋਈ ਘਾਟ ਨਾ ਛੱਡੀ।

ਫਗਵਾੜਾ-ਨੂਰਮਹਿਲ ਮੁੱਖ ਸੜਕ 'ਤੇ ਪੈਂਦੇ ਪਿੰਡ ਮਾਨਾਂਵਾਲੀ ਵਿਚ ਕੇਵਲ ਪਹਿਲਵਾਨ ਦਾ ਜਨਮ ਹੋਇਆ, ਜਿੱਥੋਂ ਦੇ ਪਹਿਲਵਾਨ ਜੀਣ ਤੇ ਆਤਮਾ ਸਿੰਘ (ਸਕੇ ਭਰਾ) ਤਕੜੇ ਮੱਲ ਹੋਏ ਹਨ। ਇਨ੍ਹਾਂ ਦਾ ਭਤੀਜਾ ਬੰਬੋ ਪਹਿਲਵਾਨ ਵੀ ਵਧੀਆ ਘੁਲਦਾ ਸੀ ਪਰ ਰਾਜਸਥਾਨ ਚਲੇ ਜਾਣ ਕਰਕੇ ਉਹ ਕੁਸ਼ਤੀਆਂ ਛੱਡ ਗਿਆ। ਇਸੇ ਪਿੰਡ ਦੇ ਬਚਨਾ, ਸ਼ੰਕਰ ਤੇ ਸੰਤੋਖ ਸਿੰਘ ਵੀ ਇਸ ਇਲਾਕੇ ਦੇ ਨਾਮਵਰ ਪਹਿਲਵਾਨ ਹੁੰਦੇ ਸਨ। ਇਨ੍ਹਾਂ ਨੂੰ ਵੇਖ ਕੇ ਕੇਵਲ ਦੇ ਮਨ ਵਿਚ ਵੀ ਪਹਿਲਵਾਨੀ ਦੀ ਤਮੰਨਾ ਜਾਗੀ। ਪ੍ਰਾਇਮਰੀ ਦੀ ਪੜ੍ਹਾਈ ਪਿੰਡੋਂ ਕਰਦੇ ਨੇ ਹੀ ਕੁਸ਼ਤੀਆਂ ਸ਼ੁਰੂ ਕਰ ਦਿੱਤੀਆਂ। ਨਾਲ-ਨਾਲ ਕਬੱਡੀ ਦਾ ਸ਼ੌਕ ਵੀ ਪਾਲਿਆ। ਪ੍ਰਾਇਮਰੀ ਤੋਂ ਹਾਈ ਸਕੂਲ ਤੱਕ ਡਟ ਕੇ ਕਬੱਡੀ ਖੇਡੀ। ਗੇਮ ਤਕੜੀ ਹੋਣ ਕਰਕੇ ਸਕੂਲਾਂ ਦੀ ਕਬੱਡੀ ਟੀਮ ਦਾ ਖਿਡਾਰੀ ਚੁਣਿਆ ਗਿਆ। ਕਬੱਡੀ ਖੇਡਦੇ ਵਕਤ ਇਕ ਦੁਖਾਂਤ ਵਾਪਰਿਆ। ਕਪੂਰਥਲਾ ਦੇ ਸ਼ਾਲੀਮਾਰ ਬਾਗ ਕੋਲ ਮੈਚ ਚੱਲ ਰਿਹਾ ਸੀ। ਉਥੋਂ ਦਾ ਡੀ.ਸੀ. ਅਤੇ ਹੋਰ ਅਧਿਕਾਰੀ ਇਹ ਮੈਚ ਵੇਖ ਰਹੇ ਸਨ। ਕੇਵਲ ਸਟਾਪਰ ਤੇ ਰੇਡਰ ਦੋਵੇਂ ਪਾਸੀਂ ਬਹੁਤ ਵਧੀਆ ਖੇਡ ਰਿਹਾ ਸੀ। ਮੈਚ ਪੂਰੇ ਜ਼ੋਰਾਂ 'ਤੇ ਸੀ। ਅਚਾਨਕ ਕੇਵਲ ਦੇ ਗੋਡੇ 'ਤੇ ਸੱਟ ਲੱਗ ਗਈ। ਸੱਟ ਲੱਗਣ ਕਰਕੇ ਕਬੱਡੀ ਤੋਂ ਕਿਨਾਰਾ ਕਰਕੇ ਸਾਰਾ ਧਿਆਨ ਪਹਿਲਵਾਨੀ ਵਲ ਕਰ ਦਿੱਤਾ।



ਵੱਡਾ ਪਹਿਲਵਾਨ ਬਣਨ ਦਾ ਸ਼ੌਕ ਲੈ ਕੇ ਕੇਵਲ ਨੇ ਕੁਸ਼ਤੀਆਂ ਦੇ ਵੱਡੇ ਕੇਂਦਰ ਰਾਮਗੜ੍ਹੀਆ ਕਾਲਜ, ਫਗਵਾੜਾ ਵਿਚ ਦਾਖਲ ਹੋ ਕੇ ਭਾਰਤ ਦੇ ਮਹਾਂਰਥੀ ਕੋਚ ਪੀ.ਆਰ. ਸੋਂਧੀ, ਪਹਿਲਵਾਨ ਕਸ਼ਮੀਰਾ ਸਿੰਘ ਰਾਏਪੁਰ ਡੱਬਾ ਅਤੇ ਕੋਚ ਦਿਲਬਾਗ ਸਿੰਘ ਦੀ ਦੇਖ-ਰੇਖ ਹੇਠ ਟਰੇਨਿੰਗ ਕਰਨੀ ਸ਼ੁਰੂ ਕਰ ਦਿੱਤੀ। ਰਾਮਗੜ੍ਹੀਆ ਕਾਲਜ ਦਾ ਉਸ ਵਕਤ ਕੇਵਲ ਹੈਵੀਵੇਟ ਪਹਿਲਵਾਨ ਸੀ। ਜਰਨੈਲ ਸੋਂਧੀ ਰਾਏਪੁਰ ਡੱਬਾ 78-82 ਕਿਲੋ ਵਰਗ ਦਾ ਦਰਮਿਆਨੇ ਭਾਰ ਦਾ ਪਹਿਲਵਾਨ ਸੀ। ਜਸਵਿੰਦਰ ਸਿੰਘ ਜੌਹਲ 54-57 ਭਾਰ ਵਿਚ ਛੋਟੇ ਵਰਗ ਦਾ ਘੁਲਾਟੀਆ ਸੀ ਜੋ ਇਸ ਵਕਤ ਅਮਰੀਕਾ ਦਾ ਸਫਲ ਬਿਜ਼ਨਸਮੈਨ 'ਕੈਸ਼ ਐਂਡ ਕੈਰੀ' ਦਾ ਮਾਲਕ ਅਤੇ ਦੀਪਕ ਭਾਰਦਵਾਜ ਦਾ ਹਿੱਸੇਦਾਰ ਹੈ।

ਤਕੜੀ ਮਿਹਨਤ ਕਰਕੇ ਅੰਮ੍ਰਿਤਸਰ ਯੂਨੀਵਰਸਿਟੀ ਦੀਆਂ ਕੁਸ਼ਤੀਆਂ ਦੇ ਮੁਕਾਬਲਿਆਂ 'ਚ ਭਾਗ ਲਿਆ। ਫਾਈਨਲ ਕੁਸ਼ਤੀ ਵਿਚ ਫਿਰ ਦੁਖਾਂਤ ਵਾਪਰਿਆ। ਗਹਿਗੱਚ ਮੁਕਾਬਲਾ ਚੱਲ ਰਿਹਾ ਸੀ। ਗਰਦਨ 'ਤੇ ਅਚਾਨਕ ਗਹਿਰੀ ਸੱਟ ਲੱਗਣ ਕਰਕੇ ਕੁਸ਼ਤੀ ਵਿਚਾਲੇ ਛੱਡਣੀ ਪਈ। ਦੋ ਸਾਲ ਕੋਈ ਕੁਸ਼ਤੀ ਨਾ ਲੜੀ, ਸਿਰਫ ਆਰਾਮ ਕੀਤਾ ਤੇ ਇਲਾਜ ਕਰਵਾਇਆ।

ਦੋ ਸਾਲਾਂ ਬਾਅਦ ਕੁਸ਼ਤੀਆਂ ਦਾ ਦੌਰ ਫਿਰ ਸ਼ੁਰੂ ਹੋਇਆ। ਖਾਲਸਾ ਕਾਲਜ, ਜਲੰਧਰ ਵਿਖੇ ਯੂਨੀਵਰਸਿਟੀ ਕੁਸ਼ਤੀਆਂ ਹੋਈਆਂ। ਸਾਰੇ ਕਾਲਜਾਂ ਦੇ ਪਹਿਲਵਾਨ ਉਥੇ ਆਏ ਹੋਏ ਹਨ। ਕੇਵਲ ਦੀ ਫਾਈਨਲ ਕੁਸ਼ਤੀ ਪੰਜਾਬ ਕੇਸਰੀ ਪਹਿਲਵਾਨ ਰੇਸ਼ਮ ਸਿੰਘ ਨਾਲ ਹੋਈ। ਇਹ ਕੁਸ਼ਤੀ ਕੁਝ ਪੁਆਇੰਟਾਂ ਨਾਲ ਰੇਸ਼ਮ ਲੈ ਗਿਆ। ਕਾਲਜ ਦੀਆਂ ਕੁਸ਼ਤੀਆਂ 'ਚੋਂ ਨਿਕਲ ਕੇ ਫਿਰ ਪਿੰਡਾਂ ਦੀਆਂ ਛਿੰਝਾਂ 'ਚ ਘੋਲ ਕਰਨੀਆਂ ਸ਼ੁਰੂ ਕਰ ਦਿੱਤੀਆਂ। ਮਹਿੰਦਰ ਭਾਣੋਕੀ, ਮੀਕੀ ਭਾਣੋਕੀ, ਫਗਵਾੜੇ ਵਾਲਾ ਪਾਲੀ ਅਤੇ ਬਿੱਲੇ ਪਹਿਲਵਾਨਾਂ ਨਾਲ ਕੁਸ਼ਤੀਆਂ ਚਲਦੀਆਂ ਰਹੀਆਂ। 1976-77 ਵਿਚ ਬਿਲਗੇ ਦੀ ਛਿੰਝ 'ਚੋਂ ਲਗਾਤਾਰ ਦੋ ਸਾਲ ਮਾਲਵੇ ਦੇ ਪਹਿਲਵਾਨਾਂ ਨੂੰ ਹਰਾ ਕੇ ਪਟਕੇ ਜਿੱਤੇ। ਇਕ ਸਾਲ ਤਾਂ ਵਾਰੀ-ਵਾਰੀ ਤਿੰਨ ਪਹਿਲਵਾਨਾਂ ਨੂੰ ਹਰਾਇਆ। ਇਕ ਵਾਰ ਪਾਲੀ ਭਲਵਾਨ ਨਾਲ ਕੁਸ਼ਤੀ ਕਰਦੇ ਸਮੇਂ ਦੂਜੇ ਗੋਡੇ 'ਤੇ ਵੀ ਸੱਟ ਲੱਗ ਗਈ।

ਸੋਹਣੇ-ਸੁਨੱਖੇ ਛੇ ਫੁੱਟ ਦੋ ਇੰਚ ਕੱਦ ਵਾਲੇ ਪਹਿਲਵਾਨ ਕੇਵਲ ਨੂੰ ਪਰਮਾਤਮਾ ਵਲੋਂ ਖੇਡ ਮੈਦਾਨ ਅਤੇ ਅਖਾੜੇ ਜਾਣਾ ਲੰਮੇ ਸਮੇਂ ਲਈ ਮਨਜ਼ੂਰ ਨਹੀਂ ਸੀ। ਸੱਟਾਂ-ਫੇਟਾਂ ਕਰਕੇ ਇਸ ਪਾਸਿਉਂ ਰੁਖਸਤ ਹੋਣਾ ਪਿਆ। ਪੜ੍ਹਾਈ 'ਚ ਹੁਸ਼ਿਆਰ ਹੋਣ ਕਰਕੇ ਕਬੱਡੀ ਪਿਛੋਂ ਕੁਸ਼ਤੀਆਂ ਨੂੰ ਵੀ ਅਲਵਿਦਾ ਆਖ ਪੜ੍ਹਾਈ ਵਲ ਇਕਾਗਰ ਚਿੱਤ ਹੋ ਗਿਆ। ਰਾਮਗੜ੍ਹੀਆ ਕਾਲਜ ਤੋਂ ਬੀ.ਐਡ ਅਤੇ ਐਮ.ਏ. (ਹਿਸਟਰੀ) ਖਾਲਸਾ ਕਾਲਜ, ਜਲੰਧਰ ਤੋਂ ਕਰਨ ਉਪਰੰਤ ਸਿਵਲ ਸਰਵਿਸਿਜ਼ ਦੀ ਤਿਆਰੀ ਵਾਸਤੇ ਪਟਿਆਲੇ ਰਵਾਨਾ ਹੋ ਗਿਆ। ਪਟਿਆਲੇ ਐਮ.ਏ. ਸਮਾਜ ਸ਼ਾਸਤਰ ਦਾ ਇਮਤਿਹਾਨ ਪਾਸ ਕੀਤਾ। ਡੀ.ਐਸ.ਪੀ. ਪੰਜਾਬ ਪੁਲਿਸ, ਪੀ.ਸੀ.ਐਸ. ਅਤੇ ਆਈ.ਏ.ਐਸ. ਦੇ ਇਮਤਿਹਾਨ ਵਧੀਆ ਢੰਗ ਨਾਲ ਪਾਸ ਕੀਤੇ ਪਰ ਬਦਕਿਸਮਤੀ ਨਾਲ ਪੈਸੇ ਅਤੇ ਸਿਫਾਰਿਸ਼ ਦੀ ਕਮੀ ਕਰਕੇ ਇੰਟਰਵਿਊ ਪਾਸ ਨਾ ਕਰ ਸਕਿਆ।

ਬੈਂਕ ਵਿਚ ਭੂ ਨਿਰੀਖਣ ਅਫਸਰ (ਭੌਂ।) ਦੀ ਨੌਕਰੀ ਮਿਲਣ ਕਰਕੇ ਚੰਡੀਗੜ੍ਹ ਆ ਗਿਆ। ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋਣ ਕਰਕੇ ਇਹ ਨੌਕਰੀ ਜਲਦੀ ਛੱਡਣੀ ਪਈ। ਭ੍ਰਿਸ਼ਟ ਮਾਹੌਲ ਨਾਲ ਸਮਝੌਤਾ ਨਾ ਕਰ ਸਕਿਆ। ਉਸ ਤੋਂ ਬਾਅਦ ਵਿਕਾਸ ਅਧਿਕਾਰੀ ਦੇ ਤੌਰ 'ਤੇ ਨੌਕਰੀ ਸ਼ੁਰੂ ਕੀਤੀ ਜੋ ਦਸ ਸਾਲ ਤੱਕ ਚਲਦੀ ਰਹੀ। ਸਰਵਿਸ ਦੌਰਾਨ ਹੀ ਮਨ ਉਚਾਟ ਹੋਣ ਕਰਕੇ ਐਮ.ਏ. ਪੰਜਾਬੀ ਸਾਹਿਤ, ਚੰਡੀਗੜ੍ਹ ਤੋਂ ਕੀਤੀ। ਪੀ.ਐਚ.ਡੀ. ਪੰਜਾਬੀ ਵੀ ਪੰਜਾਬ ਯੂਨੀਵਰਸਿਟੀ ਤੋਂ ਕੀਤੀ। ਜਦੋਂ ਸਾਹਿਤ ਦੀ ਪੂਰੀ ਸਮਝ ਪਈ ਕਿ ਮਾਰਕਸਵਾਦ ਕੀ ਹੈ? ਫਿਰ ਲਿਖਣ ਦਾ ਸ਼ੌਕ ਪੈ ਗਿਆ। ਸਮਾਜਿਕ ਸਮੱਸਿਆਵਾਂ ਦੇ ਕਾਰਨ ਅਤੇ ਉਨ੍ਹਾਂ ਦੇ ਹੱਲ ਬਾਰੇ ਖੁੱਲ੍ਹ ਕੇ ਲਿਖਿਆ। ਪਹਿਲਵਾਨ ਮਿਹਰਦੀਨ ਦੇ ਸ਼ਿਅਰ/ਕਵਿਤਾਵਾਂ ਲਿਖਣ ਦੇ ਸ਼ੌਕ ਵਾਂਗ ਕੇਵਲ ਨੇ ਵੀ ਕੁਸ਼ਤੀਆਂ ਦੇ ਨਾਲ-ਨਾਲ ਸਮਾਜਿਕ ਕੁਰੀਤੀਆਂ ਬਾਰੇ ਚਾਨਣਾ ਪਾਇਆ। ਪੰਜਾਬੀ ਟ੍ਰਿਬਿਊਨ, ਦੇਸ ਸੇਵਕ ਅਤੇ ਹੋਰ ਅਖ਼ਬਾਰਾਂ ਵਿਚ ਲੇਖ ਛਪਦੇ ਰਹੇ। ਪੰਜਾਬ ਸਕੂਲ ਸਿੱਖਿਆ ਬੋਰਡ ਦੇ 'ਪੰਖੜੀਆਂ' ਮੈਗਜ਼ੀਨ ਵਿਚ ਲਗਾਤਾਰ ਆਰਟੀਕਲ ਆਉਂਦੇ ਰਹੇ। ਜੋ ਕੇਵਲ ਨੇ ਪਹਿਲਵਾਨੀ ਦੇ ਨਾਲ-ਨਾਲ ਸਮਾਜ ਦਾ ਅਸਲੀ ਸ਼ੀਸ਼ਾ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਥੇ ਯਾਰੀ ਦੋਸਤੀ ਵੀ ਰੱਜ ਕੇ ਕਮਾਈ। ਗੂੜ੍ਹੇ ਯਾਰਾਂ-ਦੋਸਤਾਂ ਵਿਚੋਂ ਹਨ, ਅਰਜਨ ਐਵਾਰਡੀ ਵੇਟ ਲਿਫਟਰ ਤਾਰਾ ਸਿੰਘ ਸੁੰਢ, ਪਹਿਲਵਾਨ ਵੇਟ ਲਿਫਟਰ ਤੇ ਅਥਲੀਟ ਗੁਰਮੀਤ ਸਿੰਘ ਗੰਢਵਾਂ, ਪਹਿਲਵਾਨ ਜਰਨੈਲ ਸੋਂਧੀ (ਭਾਰਤੀ ਕੁਸ਼ਤੀ ਦੇ ਮਹਾਂਰਥੀ ਕੋਚ ਪੀ.ਆਰ. ਸੋਂਧੀ ਦੇ ਛੋਟੇ ਭਰਾ) ਜਸਵਿੰਦਰ ਜੌਹਲ, ਚਮਨ ਲਾਲ ਥਾਪਰ ਅਤੇ ਕੁਮੈਂਟਰੀ ਕਿੰਗ ਪ੍ਰੋ. ਮੱਖਣ ਸਿੰਘ ਹਕੀਮਪੁਰ ਦੇ ਰਾਮਗੜ੍ਹੀਆ ਕਾਲਜ ਫਗਵਾੜਾ ਦੇ ਬੀ.ਐਡ ਦੇ ਰਹਿ ਚੁੱਕੇ ਸਾਥੀ ਕੇਵਲ ਕੈਲੇ, ਭੋਲਾ ਕਲੇਰ ਦੇ ਸਕੇ ਮਾਮਾ ਜੀ।

ਨਿਊ ਯਾਰਕ ਰਹਿੰਦੇ ਹਦੀਆਬਾਦ ਵਾਲੇ ਚਮਨ ਲਾਲ ਥਾਪਰ ਅਤੇ ਕੇਵਲ ਕੈਲੇ ਪੰਜਵੀਂ-ਛੇਵੀਂ ਕਲਾਸ ਤੋਂ 'ਕੱਠੇ ਪੜ੍ਹਦੇ ਤੇ ਖੇਡਦੇ ਆ ਰਹੇ ਹਨ। ਚਮਨ ਵੀ ਕਬੱਡੀ ਤੇ ਕੁਸ਼ਤੀਆਂ ਲੜਦਾ ਰਿਹੈ। ਚਮਨ ਦੇ ਦੱਸਣ ਅਨੁਸਾਰ ਕੇਵਲ ਹਾਇਰ ਸੈਕੰਡਰੀ ਸਕੂਲ ਹਦੀਆਬਾਦ ਦਾ ਤਿੰਨ ਸਾਲ ਕਬੱਡੀ ਕਪਤਾਨ ਰਿਹਾ ਤੇ ਤਿੰਨੇ ਸਾਲ ਹੀ ਤਹਿਸੀਲ ਜਿੱਤੀ। ਇਹ ਵੀ ਦੱਸਿਆ ਕਿ ਇਕ ਵਾਰ ਕਪੂਰਥਲੇ ਨੈਸ਼ਨਲ ਸਟਾਈਲ ਕਬੱਡੀ ਮੈਚ ਹੋ ਰਿਹਾ ਸੀ। ਕੇਵਲ ਨੇ ਵਿਰੋਧੀ ਟੀਮ ਦੇ ਕਪਤਾਨ ਦਾ ਇਕ ਹੱਥ ਨਾਲ ਗੁੱਟ ਫੜ ਲਿਆ ਜੋ ਉਹ ਛੁਡਾ ਨਾ ਸਕਿਆ। ਬਚਪਨ ਦਾ ਸਾਥੀ ਚਮਨ ਪੁਰਾਣੀਆਂ ਯਾਦਾਂ ਤਾਜ਼ੀਆਂ ਕਰਕੇ ਅੱਜ ਵੀ ਖੁਸ਼ ਹੁੰਦੈ।

ਤਿੰਨਾਂ ਪੁਸ਼ਤਾਂ ਦਾ ਪਹਿਲਵਾਨ ਕੇਵਲ 2004 ਵਿਚ ਕੈਨੇਡਾ ਦੇ ਸ਼ਹਿਰ ਟੋਰਾਂਟੋ ਆ ਗਿਆ। ਦੋ ਬੇਟੇ, ਵੱਡਾ ਕੁਲਦੀਪ ਕੈਲੇ ਤੇ ਛੋਟਾ ਪਵਨ ਕੈਲੇ ਹਾਲੇ ਭਾਰਤ ਵਿਚ ਹੀ ਹਨ। ਦੋਵੇਂ ਹੀ ਖੇਡਾਂ ਦੇ ਸ਼ੌਕੀਨ ਹਨ। ਆਪਣੇ ਪਿਤਾ, ਦਾਦੇ ਤੇ ਪੜਦਾਦੇ ਦੇ ਰਾਹਾਂ 'ਤੇ ਚਲਦਾ ਹੋਇਆ ਕੁਲਦੀਪ ਭਾਰਤੀ ਗਰੀਕੋ ਰੋਮਨ ਕੁਸ਼ਤੀਆਂ ਦਾ ਤਕੜਾ ਪਹਿਲਵਾਨ ਬਣਿਆ ਜੋ ਸੱਤਾਂ ਸਟੇਟਾਂ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰ ਚੁੱਕੈ। ਛੋਟਾ ਪਵਨ ਆਪਣੇ ਉਮਰ ਵਰਗ ਵਿਚੋਂ ਭਾਰਤ ਦਾ ਤਕੜਾ ਜੈਵਲਿਨ ਸੁੱਟਾਵਾ ਹੈ ਜਿਸ ਨੇ ਨਾਰਥ ਦੀਆਂ ਸੱਤ ਸਟੇਟਾਂ ਵਿਚੋਂ ਪਹਿਲੀ ਪੁਜ਼ੀਸ਼ਨ ਪ੍ਰਾਪਤ ਕੀਤੀ। ਪੰਜਾਬ ਵਿਚੋਂ ਪਹਿਲੀਆਂ ਅਤੇ ਦੂਜੀਆਂ ਪੁਜ਼ੀਸ਼ਨਾਂ ਲੈਣ ਵਾਲਾ ਪਵਨ ਭਾਰਤ ਵਾਸਤੇ ਕਲਕੱਤੇ ਜੂਨੀਅਰ ਏਸ਼ੀਆ ਦਾ ਕੈਂਪ ਵੀ ਲਾ ਚੁੱਕੈ।

ਆਪਣੇ ਸ਼ੌਕ ਨੂੰ ਬਰਕਰਾਰ ਰੱਖਦੇ ਹੋਏ ਕੇਵਲ ਕੈਲੇ ਨੇ ਕੈਨੇਡਾ ਆ ਕੇ ਵੀ ਲਿਖਣਾ ਬੰਦ ਨਹੀਂ ਕੀਤਾ। ਉਸ ਦੇ ਲੇਖ ਪੰਜ ਪਾਣੀ, ਪ੍ਰਵਾਸੀ, ਪੰਜਾਬੀ ਟ੍ਰਿਬਿਊਨ ਤੇ ਖਬਰਨਾਮਾ ਪੇਪਰਾਂ ਵਿਚ ਛਪਦੇ ਰਹਿੰਦੇ ਹਨ।

*ਫੋਨ: 917-375-6395

# ਚੀਅਰ ਲੀਡਰ

**ਸੁਖਵੀਰ ਗਰੇਵਾਲ (ਕੈਲਗਰੀ), ਫੋਨ: 409-719-4634**

ਪਹਿਲਾਂ ਪਹਿਲ ਜਦੋਂ ਵੀ ਆਈ.ਪੀ.ਐਲ. ਕ੍ਰਿਕਟ ਲੀਗ ਦੇ ਮੈਚ ਦੇਖਦੇ ਤਾਂ 'ਚੀਅਰ ਲੀਡਰਜ਼' ਬਾਰੇ ਭੋਰਾ ਵੀ ਸਮਝ ਨਹੀਂ ਸੀ। ਬਾਹਰ ਆ ਕੇ ਦੇਖਿਆ ਹੈ ਕਿ ਕੀ ਬੇਸਬਾਲ ਤੇ ਕੀ ਫੁੱਟਬਾਲ ਹਰ ਮੈਚ ਵਿਚ ਚੀਅਰ ਲੀਡਰ ਪਹੁੰਚੀਆਂ ਹੁੰਦੀਆਂ ਹਨ। ਹੌਲੀ-ਹੌਲੀ ਪਤਾ ਲੱਗਾ ਕਿ ਭੜਕੀਲੇ ਲਿਬਾਸਾਂ ਵਾਲੀਆਂ ਇਹ ਕੁੜੀਆਂ ਨੱਚ-ਟੱਪ ਕੇ ਆਪਣੀ-ਆਪਣੀ ਟੀਮ ਦੀ ਹਮਾਇਤ ਕਰਦੀਆਂ ਹਨ। ਦਰਸ਼ਕਾਂ ਦੇ ਮਨ ਨੂੰ ਕ੍ਰਿਕਟ ਦੇ ਨਾਲ-ਨਾਲ ਹੋਰ ਰਸ-ਰੰਗਾਂ ਦਾ ਸਵਾਦ ਦੇਣ ਲਈ ਆਈ.ਪੀ.ਐਲ. ਦੌਰਾਨ ਚੀਅਰ ਲੀਡਰਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਂਦਾ ਹੈ। ਪੁਰਸ਼ ਪ੍ਰਧਾਨ ਕ੍ਰਿਕਟ ਜਗਤ ਵਿਚ ਮਹਿਲਾ ਕ੍ਰਿਕਟਰਾਂ ਦੀ ਐਨੀ ਪੁੱਛ ਨਹੀਂ, ਜਿੰਨੀ ਚੀਅਰ ਲੀਡਰਾਂ ਦੀ ਹੈ। ਇਨ੍ਹਾਂ ਕੁੜੀਆਂ ਨੂੰ ਦੇਖ ਕੇ ਪੰਜਾਬ ਦੀਆਂ ਕਬੱਡੀ ਖਿਡਾਰਨਾਂ ਦੀ ਹਾਲਤ ਵੀ ਚੇਤੇ ਆ ਜਾਂਦੀ ਹੈ ਜਿਨ੍ਹਾਂ ਨੂੰ ਲੱਖਾਂ ਦੇ ਕਬੱਡੀ ਕੱਪਾਂ ਦੌਰਾਨ ਸਿਰਫ ਇਕੱਠ ਜੋੜਨ ਲਈ ਬੁਲਾਇਆ ਜਾਂਦਾ ਹੈ ਤੇ ਚੰਦ ਕੁ ਰੁਪਈਆਂ ਖਾਤਰ ਇਹ ਖਿਡਾਰਨਾਂ ਪੰਜਾਬ ਦੇ ਕਿਸੇ ਵੀ ਕੋਨੇ ਵਿਚ ਹੋ ਰਹੇ ਕਬੱਡੀ ਕੱਪ ਦੌਰਾਨ ਸ਼ੋਅ ਮੈਚ ਖੇਡਣ ਲਈ ਤਿਆਰ ਹੋ ਜਾਂਦੀਆਂ ਹਨ। ਕਬੱਡੀ ਖਿਡਾਰਨਾਂ ਦੇ ਪਹਿਰਾਵੇ ਵਿਚ ਚੀਅਰ ਲੀਡਰਾਂ ਵਾਂਗ ਤੜਕ-ਭੜਕ ਤਾਂ ਨਹੀਂ ਪਰ ਸਮੁੱਚਾ ਸਿਸਟਮ ਉਹੀ ਹੈ।

ਵਿਸ਼ਵ ਕਬੱਡੀ ਦਾ ਕਾਰਵਾਂ ਹਾਲੇ ਸੰਗਰੂਰ ਹੀ ਪਹੁੰਚਿਆ ਸੀ। ਕਨਸੋਅ ਮਿਲੀ ਕਿ ਇਥੇ ਕੁੜੀਆਂ ਦਾ ਸ਼ੋਅ ਮੈਚ ਕਰਵਾਉਣ ਦੀ ਯੋਜਨਾ ਹੈ। ਇਹ ਮੈਚ ਕਬੱਡੀ ਕੱਪ ਦੇ ਪ੍ਰੋਗਰਾਮ ਦਾ ਹਿੱਸਾ ਨਹੀਂ ਸੀ ਪਰ ਕੁਝ ਖਾਸ ਬੰਦਿਆਂ ਦੀ ਰੁਚੀ ਕਾਰਨ ਪ੍ਰਬੰਧਕਾਂ ਨੂੰ ਇਹ ਮੈਚ ਕਰਵਾਉਣਾ ਪਿਆ। ਟੈਲੀਫੋਨ ਦੀਆਂ ਘੰਟੀਆਂ ਪਿੰਡ ਜਗਤਪੁਰੇ ਜਾ ਖੜਕੀਆਂ ਤੇ ਕਬੱਡੀ ਖਿਡਾਰਨਾਂ ਨਾਲ ਭਰੀਆਂ ਗੱਡੀਆਂ ਨੇ ਸੰਗਰੂਰ ਵਲ ਚਾਲੇ ਪਾ ਦਿੱਤੇ। ਪੁਰੇਵਾਲ ਭਰਾ ਜਿਹੜੇ ਸਟੇਡੀਅਮ ਵਿਚ ਚੋਟੀ ਦਾ ਟੂਰਨਾਮੈਂਟ ਕਰਵਾਉਂਦੇ ਨੇ, ਉਹ ਪਿੰਡ ਜਗਤਪੁਰੇ ਦੇ ਹੀ ਹਨ। ਇਸੇ ਪਿੰਡ ਦੇ ਇਕ ਮਕਾਨ ਵਿਚ ਕਬੱਡੀ ਸਟਾਰ ਜਸਕਰਨ ਕੌਰ ਲਾਡੀ ਆਪਣੇ ਪਤੀ ਕੁਲਵਿੰਦਰ ਸਿੰਘ ਦਿਓਲ ਨਾਲ ਰਹਿ ਕੇ ਕਬੱਡੀ ਖਿਡਾਰਨਾਂ ਨੂੰ ਕੋਚਿੰਗ ਦਿੰਦੀ ਹੈ। ਮਕਾਨ ਨੂੰ ਹੋਸਟਲ ਵਾਂਗੂੰ ਸਾਂਭ ਕੇ ਇਸ ਜੋੜੇ ਨੇ ਖਿਡਾਰਨਾਂ ਲਈ ਰਹਿਣ ਦਾ ਪ੍ਰਬੰਧ ਕੀਤਾ ਹੋਇਆ ਹੈ। ਆਮ ਪਰਿਵਾਰਾਂ ਵਿਚੋਂ ਉਠੀਆਂ ਇਨ੍ਹਾਂ ਖਿਡਾਰਨਾਂ ਦੇ ਮਨ ਦੀ ਰੀਝ ਸੀ ਕਿ ਉਹ ਵੀ ਖੇਡਾਂ ਦੇ ਖੇਤਰ ਵਿਚ ਨਾਂ ਕਮਾ ਕੇ ਆਪਣੇ ਪਰਿਵਾਰਾਂ ਦਾ ਸਹਾਰਾ ਬਨਣਗੀਆਂ ਅਤੇ ਜ਼ਿੰਦਗੀ ਵਿਚ ਪੱਕੇ ਪੈਰੀਂ ਹੋ ਜਾਣਗੀਆਂ। ਇਹ ਖਿਡਾਰਨਾਂ ਆਲੇ-ਦੁਆਲੇ ਦੇ ਸਕੂਲਾਂ-ਕਾਲਜਾਂ ਵਿਚ ਪੜ੍ਹਦੀਆਂ ਹਨ। ਸਕੂਲ ਅਤੇ ਕਾਲਜ ਵਲੋਂ ਇਹ ਨੈਸ਼ਨਲ ਸਟਾਈਲ ਕਬੱਡੀ ਹੀ ਖੇਡਦੀਆਂ ਹਨ ਪਰ ਪੇਂਡੂ ਖੇਡ ਮੇਲਿਆਂ ਵਿਚ ਸਰਕਲ ਸਟਾਈਲ ਕਬੱਡੀ ਦੇ ਸ਼ੋਅ ਮੈਚ ਕਰਦੀਆਂ ਹਨ।

ਪੰਜਾਬ ਦੀ ਧਰਤੀ 'ਤੇ ਹਰ ਸਾਲ ਸੈਂਕੜੇ ਕਬੱਡੀ ਮੈਚ ਹੁੰਦੇ ਹਨ। ਜਦੋਂ



ਕਬੱਡੀ ਸੀਜ਼ਨ ਪੂਰੇ ਜ਼ੋਰਾਂ 'ਤੇ ਹੁੰਦਾ ਹੈ ਤਾਂ ਖਿਡਾਰਨਾਂ ਨੂੰ ਕਈ-ਕਈ ਮਹੀਨੇ ਆਰਾਮ ਕਰਨ ਨੂੰ ਨਹੀਂ ਮਿਲਦਾ। ਕਬੱਡੀ ਕੱਪਾਂ ਵਿਚ ਮਹਿਲਾ ਕਬੱਡੀ ਦੇ ਸ਼ੋਅ ਮੈਚਾਂ ਦੀ ਅਸਲੀਅਤ ਤੋਂ ਭਾਵੇਂ ਦਰਸ਼ਕ ਅਣਜਾਣ ਹੁੰਦੇ ਹਨ ਪਰ ਹਰੇਕ ਪੁਆਇੰਟ 'ਤੇ ਤਾੜੀਆਂ ਮਾਰਨ ਤੋਂ ਨਹੀਂ ਖੁੰਝਦੇ। ਕਈ ਵਾਰ ਉਨ੍ਹਾਂ ਨੂੰ ਹੈਰਾਨੀ ਵੀ ਹੁੰਦੀ ਹੈ ਕਿ ਮੈਦਾਨ ਵਿਚ ਖੇਡਣ ਵਾਲੀਆਂ ਦੋਵੇਂ ਟੀਮਾਂ ਭਲਾ ਇੱਕੋ ਗੱਡੀ ਵਿਚ ਕਿਵੇਂ ਬੈਠ ਕੇ ਚਲੀਆਂ ਗਈਆਂ?

ਪੇਂਡੂ ਖੇਡ ਮੇਲਿਆਂ ਵਿਚ ਕੁੜੀਆਂ ਦਾ ਸਰਕਲ ਕਬੱਡੀ ਦੇ ਸ਼ੋਅ ਮੈਚ ਖੇਡਣਾ ਵੀ ਮਜਬੂਰੀ ਹੀ ਹੈ। ਮੁੰਡਿਆਂ ਦੀ ਸਰਕਲ ਕਬੱਡੀ ਨੂੰ ਸਕੂਲੀ ਪੱਧਰ 'ਤੇ ਸਿਰਫ ਅੰਡਰ-19 ਅਤੇ ਯੂਨੀਵਰਸਿਟੀਆਂ ਦੇ ਖੇਡ ਕੈਲੰਡਰਾਂ ਵਿਚ ਸਥਾਨ ਪ੍ਰਾਪਤ ਹੈ, ਉਥੇ ਕੁੜੀਆਂ ਦੀ ਸਰਕਲ ਕਬੱਡੀ ਸਿਰਫ ਪੇਂਡੂ ਖੇਡ ਮੇਲਿਆਂ ਵਿਚ ਹੱਡ ਭੰਨਾਉਣ ਜੋਗੀ ਰਹਿ ਗਈ ਹੈ। ਪਹਿਲੇ ਵਿਸ਼ਵ ਕੱਪ ਦੀ ਸਫਲਤਾ ਤੋਂ ਬਾਅਦ ਦੂਜੇ ਵਿਸ਼ਵ ਕੱਪ ਦੀ ਤਿਆਰੀ ਵੀ ਸ਼ੁਰੂ ਹੋ ਗਈ ਹੈ ਪਰ ਮਹਿਲਾ ਕਬੱਡੀ ਨੂੰ ਪ੍ਰਦਰਸ਼ਨੀ ਖੇਡ ਤੋਂ ਉਪਰ ਲਿਜਾਣ ਬਾਰੇ ਅਜੇ ਕਿਸੇ ਨੇ ਵੀ ਉਦਮ ਨਹੀਂ ਕੀਤਾ।

ਸੰਗਰੂਰ ਤੋਂ ਪਰਤਦਿਆਂ ਜਸਕਰਨ ਕੌਰ ਲਾਡੀ ਨਾਲ ਹੋਈ ਗੱਲਬਾਤ ਤੋਂ ਪਤਾ ਲੱਗਾ ਕਿ ਉਸ ਦੀ ਇੱਛਾ ਹੈ ਕਿ ਮਹਿਲਾ ਕਬੱਡੀ ਵੀ ਪੁਰਸ਼ ਕਬੱਡੀ ਵਾਂਗ ਬੁਲੰਦੀਆਂ ਨੂੰ ਛੂਹੇ ਪਰ ਮੌਜੂਦਾ ਸਿਸਟਮ ਵਿਚੋਂ ਨਿਕਲਣ ਦਾ ਪੈਂਡਾ ਬੜਾ ਲੰਮਾ ਅਤੇ ਬਿਖੜਾ ਹੈ। ਕਬੱਡੀ ਖਿਡਾਰਨਾਂ ਪੂਰੀ ਤਰ੍ਹਾਂ ਫਿੱਟ ਹੋਣ ਦੇ ਬਾਵਜੂਦ ਸਿਸਟਮ ਅੱਗੇ ਹਾਰ ਜਾਂਦੀਆਂ ਹਨ। ਕਈ ਅਦਾਰਿਆਂ ਵਿਚ ਨੌਕਰੀ ਲਈ ਜਦੋਂ ਉਹ ਅਰਜ਼ੀ ਦਿੰਦੀਆਂ ਹਨ ਤਾਂ ਕਈ 'ਸਿਫਾਰਸ਼ੀ' ਉਨ੍ਹਾਂ ਤੋਂ ਅੱਗੇ ਨਿਕਲ ਜਾਂਦੀਆਂ ਹਨ।

ਪਿਛਲੇ ਸਾਲ ਪਿੰਡ ਜਰਖੜ ਵਿਚ ਹੋਈ ਪੰਜਾਬ ਕਬੱਡੀ ਚੈਂਪੀਅਨਸ਼ਿਪ ਦੌਰਾਨ ਮਾਨਸਾ ਜ਼ਿਲ੍ਹੇ ਦੀਆਂ ਕੁੜੀਆਂ ਨੇ ਕਿਸੇ ਨੂੰ ਨੇੜੇ ਨਹੀਂ ਲੱਗਣ ਦਿੱਤਾ। ਮਾਨਸਾ ਜ਼ਿਲ੍ਹੇ ਦੀ ਕਬੱਡੀ ਟੀਮ ਦੀ ਕਪਤਾਨ ਸੁਖਵਿੰਦਰ ਕੌਰ ਸੁੱਖੀ ਅਤਲਾ ਦੇ ਬੋਲਾਂ ਵਿਚ ਮਹਿਲਾ ਕਬੱਡੀ ਨੂੰ ਸਹੀ ਪਹਿਚਾਣ ਨਾ ਮਿਲਣ ਦਾ ਦਰਦ ਸੀ। ਸੁੱਖੀ ਦਾ ਮੰਨਣਾ ਹੈ ਕਿ ਪੰਜਾਬ ਦੀਆਂ ਜਿੰਨੀਆਂ ਵੀ ਕਬੱਡੀ ਖਿਡਾਰਨਾਂ ਜ਼ਿੰਦਗੀ ਵਿਚ ਸੈਟ ਹੋਈਆਂ, ਉਹ ਆਪਣੀ ਵਿੱਦਿਅਕ ਯੋਗਤਾ ਦੇ ਬਲਬੂਤੇ ਹੋਈਆਂ ਹਨ ਪਰ ਖਿਡਾਰਨਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ। ਵਿਸ਼ਵ ਕਬੱਡੀ ਦੌਰਾਨ ਸ਼ੋਅ ਮੈਚ ਖੇਡ ਕੇ ਖਿਡਾਰਨਾਂ ਮਾਣ ਤਾਂ ਮਹਿਸੂਸ ਕਰਦੀਆਂ ਹਨ ਪਰ ਅਸਲੀਅਤ ਇਹ ਹੈ ਕਿ ਉਨ੍ਹਾਂ ਦਾ ਮਨ ਵੀ ਸ਼ੋਅ ਮੈਚ ਕਬੱਡੀ ਤੋਂ ਅਗਾਂਹ ਜਾਣ ਨੂੰ ਕਰਦਾ ਹੈ। ਪੰਜਾਬ ਅੰਦਰ ਵੀ ਖਿਡਾਰਨਾਂ ਦੇ ਕਈ ਗਰੁਪ ਹਨ। ਟੂਰਨਾਮੈਂਟ ਦੀ ਸਾਈ ਫੜਨ ਮੌਕੇ ਇਹ ਧੜੇ ਇਕ ਦੂਜੇ ਨੂੰ ਠਿੱਬੀ ਲਾਉਣ ਵਿਚ ਭੋਰਾ ਵੀ ਪ੍ਰਵਾਹ ਨਹੀਂ ਕਰਦੇ। ਜੇ ਮਹਿਲਾ ਕਬੱਡੀ ਨੇ ਪਹਿਚਾਣ ਬਣਾਉਣੀ ਹੈ ਤਾਂ ਸਭ ਤੋਂ ਪਹਿਲਾਂ ਨਿੱਜੀ ਹਿੱਤਾਂ ਤੋਂ ਉਪਰ ਉਠ ਕੇ ਪੰਜਾਬ ਮਹਿਲਾ ਕਬੱਡੀ ਐਸੋਸੀਏਸ਼ਨ ਨਾਂ ਦੀ ਸੰਸਥਾ ਬਣਾਉਣੀ ਪਵੇਗੀ ਜਿਹੜੀ ਸਾਰੀਆਂ ਖਿਡਾਰਨਾਂ ਨੂੰ ਇਕ ਮੰਚ 'ਤੇ ਲਿਆਉਣ ਵਿਚ ਮੁੱਖ ਭੂਮਿਕਾ ਨਿਭਾਵੇ। ਜਦੋਂ ਤੱਕ ਸਾਰੀਆਂ ਖਿਡਾਰਨਾਂ ਇਕ ਮੋਰਚੇ 'ਤੇ ਇਕੱਠੀਆਂ ਹੋ ਕੇ ਆਪਣੇ ਹੱਕਾਂ ਲਈ ਨਹੀਂ ਲੜਦੀਆਂ ਤਾਂ ਪੰਜਾਬ ਅੰਦਰ ਮਹਿਲਾ ਕਬੱਡੀ ਦੀ ਦਸ਼ਾ ਅਤੇ ਦਿਸ਼ਾ ਸੁਧਰਨੀ ਮੁਸ਼ਕਿਲ ਹੈ।


# ਉਦੇਸ਼ ਤੇ ਨਿਸਚਿਤ ਸੇਧ ਵਿਚ ਅਗੇ ਵਧਿਆ ਖਾਲਸਾ ਪੰਥ

**ਖਾਲਸਾ ਪੰਥ**

**ਜਗਜੀਤ ਸਿੰਘ**

ਹੈਗੋਪੀਅਨ ਮੁਤਾਬਿਕ ਇਨਕਲਾਬ ਦਾ ਇਕ ਅਹਿਮ ਲੱਛਣ ਇਹ ਹੈ ਕਿ ਇਸ ਦਾ ਮਕਸਦ ਜਾਂ ਉਦੇਸ਼ ਇਨਸਾਨੀਅਤ ਵਾਲਾ ਹੋਣਾ ਚਾਹੀਦਾ ਹੈ। ਸਿੱਖ ਲਹਿਰ ਦਾ ਦੋ-ਮੁੱਖੀ ਉਦੇਸ਼ ਸੀ: ਬਰਾਬਰੀ ਵਾਲਾ ਸਮਾਜ (ਸਿੱਖ ਪੰਥ) ਕਾਇਮ ਕਰਨਾ ਅਤੇ ਗਰੀਬ-ਜਨਤਕ ਸ਼ਮੂਲੀਅਤ ਵਾਲਾ ਸਿਆਸੀ ਇਨਕਲਾਬ ਲਿਆਉਣਾ। ਇਥੇ ਉਨ੍ਹਾਂ ਭਰਵੇਂ ਸਬੂਤਾਂ ਵਲ ਧਿਆਨ ਦਿਵਾ ਦੇਣਾ ਕਾਫੀ ਹੈ ਕਿ ਪੰਥ ਦਾ ਕਿਰਦਾਰ ਕਿੰਨੀ ਬਰਾਬਰੀ ਵਾਲਾ ਸੀ ਅਤੇ ਕਿਵੇਂ ਸ਼ੂਦਰਾਂ ਤੇ ਹੋਰ ਅਛੂਤ ਜਾਤਾਂ ਵਿਚੋਂ ਵੀ ਨੀਵੇਂ ਤੋਂ ਨੀਵੇਂ ਲੋਕਾਂ ਨੇ ਖਾਲਸਾ ਪੰਥ ਦੇ ਹੋਰਨਾਂ ਮੈਂਬਰਾਂ ਦੇ ਬਰਾਬਰ ਸਿਆਸੀ ਤਾਕਤ ਤੇ ਅਧਿਕਾਰਾਂ ਨੂੰ ਮਾਣਿਆ।

ਕਿਸੇ ਵੀ ਲਹਿਰ ਦਾ ਨਿਸ਼ਾਨਾ ਹੀ ਇਸਦੀ ਸੇਧ ਤੈਅ ਕਰਦਾ ਹੈ ਅਤੇ ਸੇਧ ਦਾ ਹੋਣਾ ਹੀ ਕਿਸੇ ਇਨਕਲਾਬ ਨੂੰ ਸਿਆਸੀ ਰੰਗਤ ਦੇਂਦਾ ਹੈ ਅਤੇ ਸਾਧਾਰਨ ਫਸਾਦ ਨਾਲੋਂ ਵੱਖਰਾ ਰੂਪ ਦਿੰਦਾ ਹੈ। ਸਿੱਖ ਲਹਿਰ ਆਪਣੇ ਦੋਹਾਂ ਉਦੇਸ਼ਾਂ ਨੂੰ ਪੂਰਾ ਕਰਨ ਵਿਚ ਕਾਮਯਾਬ ਰਹੀ ਅਤੇ ਅਜਿਹਾ ਉਸਨੇ ਲੰਮੇ ਅਰਸੇ ਦੇ ਵਿਕਾਸ ਅਤੇ ਹਥਿਆਰਬੰਦ ਜੱਦੋਜਹਿਦ ਰਾਹੀਂ ਕੀਤਾ। ਇਹ ਦੋਵੇਂ ਤੱਥ ਇਸ ਗੱਲ ਦਾ ਨਿੱਗਰ ਸਬੂਤ ਹਨ ਕਿ ਇਹ ਲਹਿਰ ਨਾ ਤਾਂ ਆਪਣੇ ਉਦੇਸ਼ ਅਤੇ ਨਾ ਹੀ ਦਿਸ਼ਾ ਤੋਂ ਉਖੜੀ। ਬੰਦਾ ਸਿੰਘ ਬਹਾਦਰ ਨੇ ਜਦੋਂ ਖਾਲਸੇ ਦੇ ਜਾਤ ਵਿਰੋਧੀ ਤੇ ਜਮਹੂਰੀ ਸਿਧਾਂਤਾਂ ਤੋਂ ਲਾਂਭੇ ਹੋਣ ਦੀ ਰੁਚੀ ਵਿਖਾਈ ਤਾਂ ਤੱਤ ਖਾਲਸਾ ਨੇ ਉਸ ਨਾਲੋਂ ਨਾਤਾ ਤੋੜਨ ਵਿਚ ਰਤਾ ਵੀ ਝਿਜਕ ਨਹੀਂ ਵਿਖਾਈ। ਹਾਲਾਂਕਿ ਉਹ ਉਸ ਸਮੇਂ ਖਾਲਸੇ ਦਾ ਸਰਬ-ਉਚ ਨੇਤਾ ਸੀ ਅਤੇ ਇਤਿਹਾਸ ਦੇ ਪੱਖੋਂ ਸਮਾਂ ਵੀ ਬਹੁਤ ਸੰਕਟ ਵਾਲਾ ਸੀ। ਇਸੇ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਦੇ ਸਮੇਂ ਦੌਰਾਨ ਸਿੱਖ ਮਿਸਲਾਂ ਨੂੰ ਭਾਵੇਂ ਆਪਣੀ ਹੋਂਦ ਕਾਇਮ ਰੱਖਣ ਲਈ ਤਕੜੀ ਜੱਦੋਜਹਿਦ ਕਰਨੀ ਪਈ, ਫਿਰ ਵੀ ਉਨ੍ਹਾਂ ਨੇ ਗੱਲਬਾਤ ਰਾਹੀਂ ਸਮਝੌਤੇ ਦੀਆਂ ਅਬਦਾਲੀ ਦੀਆਂ ਕਈ ਪੇਸ਼ਕਸ਼ਾਂ ਰੱਦ ਕਰ ਦਿੱਤੀਆਂ ਅਤੇ ਆਪਣੇ ਬਾਹੂ-ਬਲ ਦੇ ਆਸਰੇ ਸਿਆਸੀ ਸੱਤਾ ਹਥਿਆਉਣ ਨੂੰ ਤਰਜੀਹ ਦਿੱਤੀ। ਦਰਅਸਲ, ਸਿੱਖ ਲਹਿਰ ਨੂੰ ਆਪਣੇ ਅਤਿਅੰਤ ਲੰਬੇ ਹਥਿਆਰਬੰਦ ਸੰਘਰਸ਼ ਦੌਰਾਨ (1606 ਈਸਵੀ ਵਿਚ ਗੁਰੂ ਹਰਗੋਬਿੰਦ ਸਾਹਬ ਵਲੋਂ ਪਹਿਲੀ ਵਾਰ ਬਗਾਵਤ ਦਾ ਝੰਡਾ ਲਹਿਰਾਏ ਜਾਣ ਤੋਂ ਲੈ ਕੇ 1764 ਈਸਵੀ ਵਿਚ ਮਿਸਲਾਂ ਦੀ ਸਥਾਪਨਾ ਤੱਕ) ਬਹੁਤ ਸਾਰੇ ਉਤਰਾਵਾਂ-ਚੜ੍ਹਾਵਾਂ ਦਾ ਸਾਹਮਣਾ ਕਰਨਾ ਪਿਆ, ਪਰ ਇਹ ਇਕ ਵਾਰ ਵੀ ਆਪਣੇ ਬਰਾਬਰੀ ਵਾਲੇ ਸਮਾਜਿਕ ਤੇ ਸਿਆਸੀ ਉਦੇਸ਼ਾਂ ਤੋਂ ਨਹੀਂ ਉਖੜੀ।



ਐਲੂਲ ਤੇ ਕੈਲਵਰਟ ਨੇ ਇਨਕਲਾਬੀ ਦ੍ਰਿੜ ਇਰਾਦੇ ਬਾਰੇ ਜੋ ਚਿੰਨ੍ਹ ਮਿਥਿਆ ਹੈ, ਸਿੱਖ ਇਨਕਲਾਬ ਉਸ ਕਸਵੱਟੀ 'ਤੇ ਵੀ ਖਰਾ ਉਤਰਦਾ ਹੈ। ਸਿੱਖ ਇਨਕਲਾਬ ਦੇ ਉਦੇਸ਼ ਨੂੰ ਪਹਿਲਾਂ ਤੋਂ ਹੀ ਨਿਸ਼ਚਿਤ ਕੀਤਾ ਗਿਆ ਸੀ ਅਤੇ ਨਾਲ ਹੀ ਇਸ ਨੂੰ ਸੰਸਥਾ ਤੇ ਜਥੇਬੰਦੀ ਦਾ ਰੂਪ ਦਿੱਤਾ ਗਿਆ। ਇਹ ਉਦੇਸ਼ ਜਾਂ ਜਥੇਬੰਦੀ ਸੰਘਰਸ਼ ਦੀ ਕੋਈ ਇਤਫਾਕੀਆ ਪੈਦਾਇਸ਼ ਨਹੀਂ ਸੀ। ਇਹ ਅਸਲੀਅਤ ਇਸ ਤੱਥ ਤੋਂ ਸਾਹਮਣੇ ਆਉਂਦੀ ਹੈ ਕਿ ਗੁਰੂ ਨਾਨਕ ਸਾਹਿਬ, ਜਿਨ੍ਹਾਂ ਨੇ ਬਰਾਬਰੀ ਵਾਲੇ ਪੰਥ ਦੀ ਬੁਨਿਆਦ ਰੱਖੀ ਅਤੇ ਉਨ੍ਹਾਂ ਤੋਂ ਬਾਅਦ ਦੇ ਨੌਂ ਗੁਰੂਆਂ ਨੇ ਤਕਰੀਬਨ 200 ਸਾਲ ਦੇ ਅਰਸੇ ਦੌਰਾਨ ਪੰਥ ਦੇ ਬਰਾਬਰੀ ਵਾਲੇ ਕਿਰਦਾਰ ਨੂੰ ਮਜ਼ਬੂਤ ਬਣਾਉਣ ਲਈ ਨਿਰੰਤਰ ਕੰਮ ਕੀਤਾ ਅਤੇ ਇਸ ਉਦੇਸ਼ ਦੀ ਪ੍ਰਾਪਤੀ ਲਈ ਕਈ ਨਵੀਆਂ ਸੰਸਥਾਵਾਂ ਖੜ੍ਹੀਆਂ ਕੀਤੀਆਂ। ਇਸ ਗੱਲ ਦੇ ਸਮਕਾਲੀ ਤੇ ਨੀਮ-ਸਮਕਾਲੀ ਸਬੂਤ ਮੌਜੂਦ ਹਨ ਕਿ ਖਾਲਸੇ ਨੂੰ ਸਿਆਸੀ ਜਬਰ ਨਾਲ ਲੜਨ ਅਤੇ ਗਰੀਬ ਤੇ ਦੱਬੀਆਂ-ਕੁਚਲੀਆਂ ਜਮਾਤਾਂ ਲਈ ਸਿਆਸੀ ਸੱਤਾ ਹਥਿਆਉਣ ਲਈ ਸਿਰਜਿਆ ਗਿਆ। ਜੇ ਵਾਚ ਅਨੁਸਾਰ, "ਮੁਸਲਮਾਨ ਜਹਾਦੀ ਜਾਂ ਮੁਜਾਹਿਦ, ਜੰਗਜੂ ਸਿੱਖ ਅਤੇ ਕਰੋਮਵੈਲ ਦੇ ਪੈਰੋਕਾਰ ਇਨਕਲਾਬੀ ਕਿਸਮ ਦੀ ਜਮਾਤ ਦੀ ਨੁਮਾਇੰਦਗੀ ਕਰਦੇ ਹਨ।"

ਹੰਨਾ ਆਰਡੈਂਟ ਨੇ ਇਨਕਲਾਬ ਦੀ ਇਕ ਹੋਰ ਅਹਿਮ ਨਿਸ਼ਾਨੀ ਬਿਆਨ ਕੀਤੀ ਹੈ, "ਇਹ ਇੱਕੋ-ਇਕ ਅਜਿਹੀ ਸਿਆਸੀ ਘਟਨਾ ਹੈ ਜੋ ਸਿੱਧੇ ਤੇ ਲਾਜ਼ਮੀ ਤੌਰ 'ਤੇ ਇਕ ਸ਼ੁਰੂਆਤ ਦੀ ਸਮੱਸਿਆ ਦਾ ਸਾਹਮਣਾ ਕਰਦੀ ਹੈ।" ਜਦਕਿ ਸ਼ਿਲਟ ਅਨੁਸਾਰ "ਇਸ ਦਾ ਸੁਧਾਰ ਨਾਲ ਕੋਈ ਸਬੰਧ ਨਹੀਂ... ਇਹ ਤਾਂ ਬਿਲਕੁਲ ਖਲਾਅ ਤੋਂ ਉਪਜੀ ਸ਼ੁਰੂਆਤ ਹੈ... ਇਸ ਦਾ ਸ਼ੁਰੂਆਤ ਕਰਨ ਦਾ ਚਿੰਨ੍ਹ ਅਵੱਸ਼ ਮੁੜ-ਮੁੜ ਉਘੜਦਾ ਹੈ। ਉਸ ਤੋਂ ਬਾਅਦ ਹਰ ਚੀਜ਼ ਦਾ ਨਵਾਂ ਨਿਵੇਕਲਾ ਪੱਖ ਉਭਰ ਆਉਂਦਾ ਹੈ। ਜਿੱਥੇ ਕਿਤੇ ਵੀ, ਜਦੋਂ ਕਦੇ ਵੀ, ਸ਼ੁਰੂਆਤ ਦਾ ਪਹਿਲਾ ਪੱਥਰ ਜਾਂ ਇੱਟ ਚਿਣਨ ਦੀ ਕਾਰਵਾਈ ਹੁੰਦੀ ਹੈ, ਇਨਕਲਾਬ ਲਾਜ਼ਮੀ ਤੌਰ 'ਤੇ ਆਉਂਦਾ ਹੈ। ਜਿਹੜੇ ਇਸ ਨੂੰ ਘੜਦੇ ਹਨ, ਉਨ੍ਹਾਂ ਦੀਆਂ ਨਜ਼ਰਾਂ ਵਿਚ ਇਹ ਇਕ ਬਿਲਕੁੱਲ ਨਵੀਂ ਕਹਾਣੀ ਹੁੰਦੀ ਹੈ। ਇਹ ਇਕ ਅਜਿਹੀ ਕਹਾਣੀ ਹੈ ਜਿਹੜੀ ਪਹਿਲਾਂ ਕਦੇ ਨਹੀਂ ਸੁਣੀ ਗਈ।"

ਸਿੱਖ ਪੰਥ ਦੀ ਸਥਾਪਨਾ ਜਾਤੀਵਾਦੀ ਵਿਚਾਰਧਾਰਾ ਤੇ ਜਾਤੀਵਾਦੀ ਸਮਾਜ ਨਾਲ ਮੁਕੰਮਲ ਤੋੜ-ਵਿਛੋੜਾ ਸੀ। ਜਾਤ-ਪਾਤ ਦੇ ਭੇਦ-ਭਾਵ ਤੋਂ ਰਹਿਤ ਸਿੱਖ ਪੰਥ ਦੀ ਸਥਾਪਨਾ ਨੇ ਭਾਰਤੀ ਸਮਾਜ ਵਿਚ ਨਵਾਂ ਕਾਂਡ ਸ਼ੁਰੂ ਕੀਤਾ। ਲਿੰਗਾਇਤਾਂ, ਚੈਤੰਨਿਆ ਦੇ ਭਗਤਾਂ, ਸੁਧਾਰਵਾਦੀ ਭਗਤਾਂ ਤੇ ਹੋਰਨਾਂ ਤੋਂ ਉਲਟ ਸਿੱਖ ਲਹਿਰ ਦਾ ਵਾਸਤਾ ਮਹਿਜ਼ ਸੁਧਾਰਾਂ ਨਾਲ ਨਹੀਂ ਸੀ। ਸਿੱਖ ਪੰਥ ਤਾਂ ਜਾਤੀਵਾਦੀ ਸਮਾਜ ਤੇ ਜਾਤ-ਪਾਤੀ ਸਿਸਟਮ ਤੋਂ ਮੁਕੰਮਲ ਤੋੜ-ਵਿਛੋੜੇ ਦਾ ਅਲੰਬਰਦਾਰ ਸੀ।

ਇਸੇ ਤਰ੍ਹਾਂ ਜਾਤ-ਪਾਤੀ ਹਿੰਦੂ ਸਮਾਜ ਜਾਂ ਵਿਦੇਸ਼ੀਆਂ ਦੀ ਸਰਦਾਰੀ ਵਾਲੀ ਭਾਰਤੀ ਜਗੀਰੂ ਮੁਸਲਿਮ ਸਿਆਸੀ ਪ੍ਰਣਾਲੀ ਨੇ ਤਾਂ ਆਪ ਗਰੀਬ-ਜਨਤਕ ਸਿਆਸੀ ਇਨਕਲਾਬ ਕੀ ਲਿਆਉਣਾ ਸੀ, ਉਨ੍ਹਾਂ ਲਈ ਤਾਂ ਐਸਾ ਸੰਕਲਪ ਹੀ ਘਿਨਾਉਣਾ ਸੀ। ਸਿੱਖ ਲਹਿਰ ਨੂੰ ਨਾ ਸਿਰਫ ਬਿਲਕੁਲ ਨਵੀਂ ਸ਼ੁਰੂਆਤ ਕਰਨੀ ਪਈ, ਸਗੋਂ ਵਿਰੋਧੀ ਤਾਕਤਾਂ 'ਤੇ ਵੀ ਕਾਬੂ ਪਾਉਣਾ ਪਿਆ। ਹਿੰਦੂਆਂ ਦੀਆਂ ਪਹਿਲੀਆਂ ਤਿੰਨ ਜਾਤਾਂ ਲਈ ਜਨੇਊ ਦੀ ਰਸਮ ਬਿਲਕੁਲ ਲਾਜ਼ਮੀ ਸੀ। ਜੇਕਰ ਇਹ ਰਸਮ ਇਕ ਨਿਰਧਾਰਿਤ ਉਮਰ ਤੱਕ ਸਿਰੇ ਨਹੀਂ ਸੀ ਚਾੜ੍ਹੀ ਜਾਂਦੀ ਤਾਂ ਇਹ ਸਮਝਿਆ ਜਾਂਦਾ ਸੀ ਕਿ ਰਸਮ ਨਾ ਕਰਨ ਵਾਲਾ ਹਿੰਦੂ ਆਪਣੀ ਜਾਤ ਦਾ ਮੈਂਬਰ ਨਹੀਂ ਰਿਹਾ। ਇਸ ਤਰ੍ਹਾਂ ਜਨਮ ਰਾਹੀਂ ਹਾਸਲ ਹੋਏ ਹੱਕ ਤੋਂ ਇਲਾਵਾ, ਜਨੇਊ ਪਾਉਣਾ ਐਸੀ ਰਸਮ ਸੀ ਜਿਸ ਰਾਹੀਂ ਹਿੰਦੂ ਆਰੀਆ ਜਗਤ ਨਾਲ ਦੁਬਾਰਾ ਜੁੜਦਾ ਸੀ। ਇਸ ਨੂੰ ਪੁਨਰ-ਜਨਮ ਜਾਂ ਦੂਜਾ ਜਨਮ ਵੀ ਕਿਹਾ ਜਾਂਦਾ ਸੀ, ਕਿਉਂਕਿ ਇਹ ਰਸਮ ਉਸ ਦਰਵਾਜ਼ੇ ਵਾਂਗ ਸੀ ਜਿਸ ਰਾਹੀਂ ਵਿਅਕਤੀ ਆਰੀਅਨ ਪਰਿਵਾਰ ਵਿਚ ਦੁਬਾਰਾ ਸ਼ਾਮਲ ਹੁੰਦਾ ਸੀ। ਖਾਲਸੇ ਦੀ ਅੰਮ੍ਰਿਤ ਛਕਾਉਣ ਦੀ ਰਸਮ ਨੂੰ ਵੀ 'ਪੁਨਰ-ਜਨਮ' ਕਿਹਾ ਜਾਂਦਾ ਹੈ। ਪਰ ਇਹ ਪੁਨਰ-ਜਨਮ ਆਰੀਅਨਾਂ ਦੇ ਜਾਤੀਵਾਦੀ ਸਮਾਜ ਵਿਚ ਨਹੀਂ, ਸਗੋਂ ਬਰਾਬਰੀ ਵਾਲੇ ਖਾਲਸਈ ਸਮਾਜ ਵਿਚ ਹੁੰਦਾ ਹੈ। ਇਹ ਇਸ ਲਈ 'ਪੁਨਰ-ਜਨਮ' ਸੀ ਕਿਉਂਕਿ ਇਸ ਰਾਹੀਂ ਕਿਸੇ ਵੀ ਅੰਮ੍ਰਿਤ ਛਕਣ ਵਾਲੇ ਦੇ ਪਿਛਲੇ ਧਾਰਮਿਕ ਵਿਸ਼ਵਾਸ ਮਿਟ (ਧਰਮ ਨਾਸ਼) ਜਾਂਦੇ ਸਨ ਤੇ ਜਨਮ ਰਾਹੀਂ ਹਾਸਲ ਹੋਈ ਕੁਲ ਖਤਮ ਹੋ ਜਾਂਦੀ ਸੀ (ਕੁਲ ਨਾਸ਼) ਅਤੇ ਸ਼ੁੱਧ ਤੇ ਅਸ਼ੁੱਧ ਕਿੱਤਿਆਂ ਦੀ ਭਿੱਟ ਨਾਲ ਜੁੜੇ ਸੰਕਲਪ ਤੇ ਕਲੰਕ ਤੇ ਹੋਰ ਭੇਦਭਾਵ ਸਮਾਪਤ (ਕਰਮ ਨਾਸ਼, ਭਰਮ ਨਾਸ਼) ਹੋ ਜਾਂਦੇ ਸਨ ਅਤੇ ਉਹ ਆਜ਼ਾਦ ਤੇ ਹੋਰਨਾਂ ਦੇ ਬਰਾਬਰ ਇਨਸਾਨ ਬਣ ਜਾਂਦਾ ਸੀ। ਦਰਅਸਲ ਖਾਲਸੇ ਦੀ ਸਾਜਨਾ ਜਾਤੀਵਾਦੀ ਸਮਾਜ ਨਾਲੋਂ ਸਿੱਖ ਪੰਥ ਦਾ ਮੁਕੰਮਲ ਤੋੜ-ਵਿਛੋੜਾ ਸਾਬਤ ਹੋਈ। ਅਤੀਤ ਨਾਲ ਇਹ ਤੋੜ-ਵਿਛੋੜਾ ਅਚਨਚੇਤੀ ਜਾਂ ਇਤਫਾਕੀਆ ਨਹੀਂ ਸੀ। ਮੁਗਲ ਦਰਬਾਰ ਦੇ ਇਕ ਰੋਜ਼ਨਾਮਚਾ-ਨਵੀਸ ਨੇ ਇਹ ਗੱਲ ਦਰਜ ਕੀਤੀ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਖੁਦ ਆਪ ਇਸ ਨਵੀਂ ਸ਼ੁਰੂਆਤ ਦਾ ਖੁਲ੍ਹਮ-ਖੁੱਲ੍ਹਾ ਐਲਾਨ ਕੀਤਾ। ਅੰਮ੍ਰਿਤ ਛਕਣ ਵਾਲੇ ਲਈ ਹਿੰਦ ਦੇ ਜਾਤ-ਪਾਤੀ ਤੇ ਗੁਲਾਮੀ ਦੇ ਸੰਦਰਭ ਵਿਚ ਇਹ ਨਿਰਸੰਦੇਹ ਨਵੀਂ ਸ਼ੁਰੂਆਤ, ਨਵੀਂ ਕਹਾਣੀ ਅਤੇ ਨਵਾਂ ਜਨਮ ਸੀ।

ਇਨਕਲਾਬ ਦਾ ਅਤੀਤ ਨਾਲੋਂ ਟੁੱਟਣ ਦਾ ਇਕ ਦਿਲਚਸਪ ਸੰਕੇਤ ਵਿਅਕਤੀਆਂ ਆਦਿ ਦੇ ਨਵੇਂ ਨਾਂ ਰੱਖਣ ਦੀ ਇਨਕਲਾਬੀ ਖਬਤ ਹੈ। ਫਰਾਂਸੀਸੀਆਂ ਨੇ ਰੋਮਨ ਗਣਰਾਜਾਂ ਦੇ ਭਲੇ ਦਿਨਾਂ ਤੋਂ ਅਤੇ ਆਪਣੇ ਨੇਤਾਵਾਂ ਤੇ ਸ਼ਹੀਦਾਂ ਤੋਂ ਨਵੇਂ ਨਾਂ ਹਾਸਲ ਕੀਤੇ। ਜਿਨ੍ਹਾਂ ਗਲੀਆਂ ਦੇ ਨਾਂ ਮਾੜੇ ਸਮਝੇ ਜਾਂਦੇ ਸਨ, ਉਹ ਬਦਲ ਦਿੱਤੇ ਗਏ। ਰੂਸੀਆਂ ਵਿਚ ਤਾਂ ਨਿੱਜੀ ਨਾਂ ਬਦਲਣ ਤੋਂ ਇਲਾਵਾ ਥਾਵਾਂ ਦੇ ਨਾਂ ਬਦਲਣ ਦੀ ਵੀ ਰੁਚੀ ਸੀ। ਨਾਂ ਬਦਲਣ ਪੱਖੋਂ ਵੀ ਸਿੱਖ ਇਨਕਲਾਬ ਪਿੱਛੇ ਨਹੀਂ ਰਿਹਾ। ਅੰਮ੍ਰਿਤ ਛਕਣ ਤੋਂ ਬਾਅਦ ਖਾਲਸੇ ਦਾ ਹਰ ਮਰਦ ਮੈਂਬਰ ਸਿੰਘ (ਸ਼ੇਰ) ਅਤੇ ਹਰ ਇਸਤਰੀ ਮੈਂਬਰ ਕੌਰ (ਸ਼ੇਰਨੀ) ਬਣ ਗਈ। ਰਵਾਇਤੀ ਹਿੰਦੂ ਆਦਾਬ ਦੀ ਥਾਂ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਨੇ ਲੈ ਲਈ। ਹਰੀਰਾਮ ਗੁਪਤਾ ਦੇ ਸ਼ਬਦਾਂ ਵਿਚ 'ਇਕ ਸਿੱਖ ਦੀ ਆਮਦ ਦਾ ਐਲਾਨ ਸਿੰਘ-ਬੋਲਿਆਂ ਵਿਚ ਸਵਾ ਲੱਖ ਦੀ ਆਮਦ ਵਜੋਂ ਕੀਤਾ ਜਾਣ ਲੱਗਿਆ। ਪੰਜ ਸਿੱਖ ਆਪਣੇ ਆਪ ਨੂੰ ਪੰਜ ਲੱਖ ਦੀ ਫੌਜ ਦੱਸਣ ਲੱਗੇ। ਮੌਤ ਨੂੰ ਅਸਲੀ ਦੁਨੀਆਂ ਵਲ ਕੂਚ ਕਰਨਾ ਦੱਸਿਆ ਜਾਣ ਲੱਗਾ।

# ਨਾਮ ਰੱਤੜੀ ਰੂਹ ਸਨ ਭਾਈ ਧਰਮ ਸਿੰਘ ਜ਼ਖ਼ਮੀ

**ਨਿਰਮਲ ਸਿੰਘ ਖਾਲਸਾ**

ਗੁਰਮਤਿ ਸੰਗੀਤ ਦੇ ਪਰਪੱਕ ਗਵੱਈਏ, ਕੀਰਤਨੀਏ ਭਾਈ ਸਾਹਿਬ ਭਾਈ ਧਰਮ ਸਿੰਘ 'ਜ਼ਖ਼ਮੀ' ਕਿਸੇ ਵੀ ਜਾਣ ਪਹਿਚਾਣ ਦੇ ਮੁਹਤਾਜ ਨਹੀਂ। ਪੁਸ਼ਤੈਨੀ ਕੀਰਤਨੀਏ ਭਾਈ ਧਰਮ ਸਿੰਘ ਜ਼ਖ਼ਮੀ ਦਾ ਜਨਮ ਸੰਨ 1920 ਵਿਚ ਕੀਰਤਨੀਆ ਪਰਿਵਾਰ ਵਿਚ ਹੀ ਹੋਇਆ। ਕੀਰਤਨ ਦੀ ਗੁੜ੍ਹਤੀ ਆਪ ਨੂੰ ਆਪਣੇ ਪਿਤਾ ਭਾਈ ਦੌਲਤ ਸਿੰਘ ਅਤੇ ਆਪਣੇ ਦਾਦਾ ਜੀ ਭਾਈ ਫਤਿਹ ਸਿੰਘ ਪਾਸੋਂ ਮਿਲੀ, ਆਪ ਦੇ ਤਾਇਆ ਭਾਈ ਸਰਦਾਰਾ ਸਿੰਘ ਤਾਊਸ ਵਜਾ ਕੇ ਕੀਰਤਨ ਕਰਿਆ ਕਰਦੇ ਸਨ। ਭਾਈ ਸਾਹਿਬ ਦੇ ਸਤਿਕਾਰਤ ਮਾਤਾ ਜੀ ਰਾਜ ਕੌਰ ਦਾ ਅਸੀਸਾਂ ਭਰਿਆ ਹੱਥ ਵੀ ਵਰਦਾਨ ਸਾਬਤ ਹੋਇਆ।

ਆਪ ਇਕ ਅਜਿਹੇ ਆਲਮ ਤੇ ਫਾਜ਼ਲ ਸਨ ਕਿ ਆਪ ਦੀ ਫਾਰਸੀ ਅਤੇ ਉਰਦੂ ਉਪਰ ਵੀ ਪੂਰੀ-ਪੂਰੀ ਪਕੜ ਸੀ, ਆਪ ਕਵਿਤਾ ਲਿਖਣ ਦੇ ਉਸਤਾਦ ਸਨ। ਆਪ ਦੇ ਪਰਿਵਾਰ ਦੇ ਵਿਹੜੇ ਵਿਚ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਤੋਂ, ਹਯਾਤੀਆਂ ਤੋਂ ਹੀ, ਰੱਬੀ ਕੀਰਤਨ ਦੀ ਖੈਰਾਇਤ ਪੈ ਚੁੱਕੀ ਸੀ, ਜੋ ਕਿ ਆਪ ਨੇ ਅੱਗੋਂ ਕਰੋੜਾਂ ਹੀ ਸਰੋਤਿਆਂ ਦੀ ਝੋਲੀ 'ਚ ਵੀ ਪਾ ਛੱਡੀ। ਜ਼ਖ਼ਮੀ ਸਾਹਿਬ ਆਪਣੇ ਫਨ ਵਿਚ ਬੇਹੱਦ ਮਾਹਿਰ ਸਨ ਅਤੇ ਸਰੋਤਿਆਂ ਦੇ ਅੰਦਰ ਤੱਕ ਉਤਰ ਜਾਣ ਦੀ ਜਾਚ ਕੋਈ ਆਪ ਪਾਸੋਂ ਹੀ ਸਿੱਖੇ। ਆਪ ਖੇਡਣ ਵਲ ਅਤੇ ਜਿਸਮਾਨੀ ਦੇਖ-ਰੇਖ ਵਲ ਉਚੇਚਾ ਧਿਆਨ ਦੇਂਦੇ ਸਨ। ਇੰਜ ਕਰਕੇ ਰਿਸ਼ਟ-ਪੁਸ਼ਟ ਰਹਿਣ ਲਈ ਫੁੱਟਬਾਲ ਖੇਡਣਾ ਆਪ ਦਾ ਜਨੂੰਨ ਸੀ। ਕੁਝ ਕੁ ਸਮਾਂ ਆਪਣੇ ਵੱਡੇ-ਵਡੇਰਿਆਂ ਬਜ਼ੁਰਗਾਂ ਦੇ ਜਥੇ ਨਾਲ ਕੀਰਤਨ ਕਰਨ ਉਪਰੰਤ ਭਾਈ ਸਾਹਿਬ ਨੇ ਆਪਣੇ ਛੋਟੇ ਭਰਾਵਾਂ ਭਾਈ ਸ਼ਮਸ਼ੇਰ ਸਿੰਘ ਤੇ ਭਾਈ ਗੁਰਸ਼ਰਨ ਸਿੰਘ ਹੁਰਾਂ ਨੂੰ ਨਾਲ ਲੈ ਕੇ ਆਪਣਾ ਜਥਾ ਕਾਇਮ ਕਰ ਲਿਆ। ਤਿੰਨਾਂ ਹੀ ਵੀਰਾਂ ਨੇ ਪਰਿਵਾਰਕ ਵਿੱਦਿਆ ਤੋਂ ਇਲਾਵਾ ਪ੍ਰਸਿੱਧ ਉਸਤਾਦ ਪ੍ਰੋਫੈਸਰ ਦਰਸ਼ਨ ਸਿੰਘ ਕੋਮਲ ਹੁਰਾਂ ਪਾਸੋਂ ਕੀਰਤਨ ਦੀਆਂ ਬਾਰੀਕੀਆਂ ਨੂੰ ਸਿੱਖਿਆ ਅਤੇ ਆਪਣੀ ਸੰਗੀਤਕ ਤਾਲੀਮ 'ਚ ਵਾਧਾ ਵੀ ਕੀਤਾ। ਇਸ ਰਾਗੀ ਜਥੇ ਦੀ ਮਿਲਤ ਅਤੇ ਬੁਲੰਦ ਸੁਰੀਲੀ ਆਵਾਜ਼ ਦੀ ਕਲਾਤਮਿਕ ਗਾਇਕੀ ਨੇ ਸਿੱਖ ਸੰਗਤਾਂ ਵਿਚ ਆਪਣਾ ਵਿਸ਼ੇਸ਼ ਅਸਥਾਨ ਬਣਾ ਕੇ ਅਮਿੱਟ ਛਾਪ ਛੱਡੀ।

ਸੰਤ ਫਤਿਹ ਸਿੰਘ ਇਸ ਰਾਗੀ ਜਥੇ ਨਾਲ ਵਿਸ਼ੇਸ਼ ਸਨੇਹ ਰੱਖਦੇ ਸਨ, ਕਿਉਂਕਿ ਸੰਤ ਜੀ ਖੁਦ ਵੀ ਕੀਰਤਨੀਏ ਸਨ ਤੇ ਗੁਣੀ ਜਨਾਂ ਦੀ ਆਪ ਨੂੰ ਚੰਗੇਰੀ ਪਰਖ ਸੀ ਅਤੇ ਸਦਾ ਹੀ ਇਸ ਰਾਗੀ ਜੱਥੇ ਨੂੰ ਮਾਣ-ਸਨਮਾਨ ਦੇਂਦੇ ਰਹੇ। 1960 ਦਰਮਿਆਨ ਇਸ ਜਥੇ ਵਿਚ ਅੱਜ ਦੇ ਪੰਥ ਪ੍ਰਸਿੱਧ ਨਾਮਵਰ ਕੀਰਤਨੀਏ ਭਾਈ ਸਾਹਿਬ ਦੇ ਸਪੁੱਤਰ ਭਾਈ ਅਮਰੀਕ ਸਿੰਘ ਵੀ ਸ਼ਾਮਲ ਹੋ ਗਏ ਜੋ ਕਿ ਮੰਨੇ ਹੋਏ ਆਰਟਿਸਟਾਂ ਦੀ ਤਰ੍ਹਾਂ ਦਿਲਰੁਬਾ ਵਜਾਉਂਦੇ ਸਨ। ਭਾਈ ਗੁਰਸ਼ਰਨ ਸਿੰਘ ਦੇ ਇੰਗਲੈਂਡ ਵੱਸ ਜਾਣ ਤੋਂ ਬਾਅਦ ਭਾਈ ਧਰਮ ਸਿੰਘ ਦੇ ਛੋਟੇ ਸਪੁੱਤਰ ਭਾਈ ਹਰਇਕਬਾਲ ਸਿੰਘ (ਬਾਲੀ) ਤਬਲੇ 'ਤੇ ਸੰਗਤ ਕਰਨ ਲੱਗੇ ਤੇ ਇਉਂ ਕਰਕੇ ਇਹ ਰਾਗੀ ਜਥਾ ਚਾਰ ਵਿਅਕਤੀਆਂ ਦਾ ਬਣ ਗਿਆ ਜੋ ਤਕਰੀਬਨ 25 ਸਾਲ ਤੱਕ ਲਗਾਤਾਰ ਸਿੱਖ ਸੰਗਤਾਂ ਪਾਸੋਂ ਵਾਹ-ਵਾਹ ਖੱਟਦਾ ਰਿਹਾ। ਨਿਤਨੇਮ ਭਾਈ ਸਾਹਿਬ ਦੇ ਜੀਵਨ ਦਾ ਆਹਾਰ ਤੇ ਅਨਿਖੜਵਾਂ ਅੰਗ ਸੀ। ਆਪ ਰੋਜ਼ਾਨਾ ਹੀ ਸੰਪੂਰਨ ਸੁੰਦਰ ਗੁਟਕੇ ਦਾ ਨੇਮ ਨਾਲ ਪਾਠ ਕਰਿਆ ਕਰਦੇ ਸਨ। ਭਾਈ ਸਾਹਿਬ ਦੇ ਪਰਿਵਾਰਕ ਸੂਤਰਾਂ ਮੁਤਾਬਕ ਇਕ ਵਾਰ ਭਾਈ ਧਰਮ ਸਿੰਘ ਕਿਤੇ ਆਸਾ ਜੀ ਦੀ ਵਾਰ ਦਾ ਕੀਰਤਨ ਕਰ ਕੇ ਆਏ ਅਤੇ ਘਰ ਪੁੱਜ ਕੇ ਗੁਟਕੇ ਤੋਂ ਆਸਾ ਜੀ ਦੀ ਵਾਰ ਦਾ ਹੀ ਮੁੜ ਪਾਠ ਕਰਨ ਲੱਗ ਪਏ। ਸਨੇਹੀਆਂ ਨੇ ਤਾਜ਼ੁਬ ਨਾਲ ਪੁੱਛਿਆ ਕਿ ਭਾਈ ਸਾਹਿਬ ਆਪ ਜੀ ਅੱਜ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰ ਤੇ ਆਏ ਹੋ, ਪਰ ਹੁਣ ਦੁਬਾਰਾ ਕਿਉਂ? ਅੱਗੋਂ ਭਾਈ ਸਾਹਿਬ ਕਹਿਣ ਲੱਗੇ ਕਿ ਉਹ ਗੁਰੂ ਨੇ ਮੇਰੀ ਉਪਜੀਵਕਾ ਦਾ ਸਾਧਨ ਬਣਾਇਆ ਹੈ। ਇਹ ਪਾਠ ਕਰਨਾ ਮੇਰਾ ਨਿਤਨੇਮ ਤੇ ਮੇਰੀ ਆਕਵਤ ਲਈ ਹੈ।

ਮੈਂ ਇਹ ਆਪਣੇ ਦੀਦਿਆਂ ਨਾਲ ਤੱਕਿਆ ਹੈ ਕਿ ਭਾਈ ਸਾਹਿਬ ਦੀ ਪਰਿਵਾਰਕ ਫੁਲਵਾੜੀ ਦੇ ਮੈਂਬਰਾਂ ਨੇ ਇਨ੍ਹਾਂ ਗੁਰ-ਰਵਾਇਤਾਂ ਨੂੰ ਜਿਉਂ ਦਾ ਤਿਉਂ ਸਾਂਭ ਕੇ ਰੱਖਿਆ ਹੈ। (ਮੇਰੀ ਮੁਰਾਦ ਭਾਈ ਅਮਰੀਕ ਸਿੰਘ ਜ਼ਖ਼ਮੀ ਦੇ ਰਾਗੀ ਜਥੇ ਤੋਂ ਹੈ) ਉਂਜ ਇਸ ਬਹੁਗੁਣੀ ਪਰਿਵਾਰ ਨਾਲ ਮੇਰੇ ਆਪਣੇ ਸਬੰਧ ਵੀ ਕਾਫ਼ੀ ਪੀਡੇ ਨੇ, ਮਿਸਾਲ ਦੇ ਤੌਰ 'ਤੇ ਭਾਈ ਧਰਮ ਸਿੰਘ ਜ਼ਖ਼ਮੀ ਦੇ ਫਰਜ਼ੰਦ ਭਾਈ ਰਘਬੀਰ ਸਿੰਘ ਸੰਨ 1974-76 ਦੇ ਸੈਸ਼ਨ ਵਿਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਵਿਖੇ ਮੇਰੇ ਹਮ-ਜਮਾਤੀ ਰਹੇ ਹਨ, ਜਿਨ੍ਹਾਂ ਨੂੰ ਮੈਂ ਸਤਿਕਾਰ ਵਜੋਂ ਚਾਚਾ ਜੀ ਕਿਹਾ ਕਰਦਾ ਸਾਂ। (ਕਿਉਂਕਿ ਆਪ ਮੇਰੇ ਸਕੇ ਚਾਚਾ ਗੁਰਬਚਨ ਸਿੰਘ ਅਮਰੀਕਾ ਵਾਲਿਆ ਦੇ ਭਰਾ ਬਣੇ ਹੋਏ ਸਨ) ਜ਼ਿਕਰਯੋਗ ਹੈ ਕਿ ਭਾਈ ਰਘਬੀਰ ਸਿੰਘ ਖੁਦ ਵੀ ਅਤਿ ਦੇ ਸੁਰੀਲੇ ਤੇ ਪਰਪੱਕ ਕੀਰਤਨੀਏ ਹਨ ਅਤੇ ਗੁਰਮਤਿ ਵਿਚਾਰਾਂ ਨੂੰ ਕਥਾ ਦੁਆਰਾ ਸੰਗਤਾਂ ਤੱਕ ਪਹੁੰਚਾਉਣ ਦੀ ਸੇਵਾ ਵੀ ਸੋਹਣੀ ਨਿਭਾਅ ਲੈਂਦੇ ਨੇ। ਕਾਲਜ ਟਾਈਮ ਆਪ ਵਲੋਂ ਆਪਣੇ ਪਿਤਾ ਦੀਆਂ ਗਾਈਆਂ ਹੋਈਆਂ ਰੀਤਾਂ ਦੀ ਸਦਾਅ ਅੱਜ ਤੱਕ ਵੀ ਮੇਰੇ ਕੰਨਾਂ 'ਚ ਰਸ ਘੋਲਦੀ ਹੈ। ਅੱਜਕੱਲ੍ਹ ਆਪ ਅਮਰੀਕਾ ਵਿਖੇ ਨਿਵਾਸ ਕਰਦੇ ਨੇ। ਸੰਨ 1977 ਦੀ ਇਕ ਵਿਸ਼ੇਸ਼ ਘਟਨਾ ਮੈਂ ਪਾਠਕਾਂ ਨਾਲ ਸਾਂਝੀ ਕਰਨੀ ਜ਼ਰੂਰੀ ਸਮਝਦਾ ਹਾਂ। ਸਮੇਂ ਦੀ ਨਜ਼ਾਕਤ ਦੇਖੋ ਕਿ ਮੈਂ ਉਨ੍ਹੀਂ ਦਿਨੀਂ ਦਿੱਲੀ ਸ਼ਹਿਰ ਵਿਖੇ ਮਜਬੂਰੀ ਵੱਸ ਇਕ ਲੋਕਲ ਬੱਸ ਦਾ ਕੰਡਕਟਰ ਹੁੰਦਾ ਸਾਂ। ਇਕੇਰਾਂ ਗੁ: ਬੰਗਲਾ ਸਾਹਿਬ ਜੀ ਵਿਖੇ ਮੱਥਾ ਟੇਕਣ ਸਮੇਂ ਮੇਰੇ ਨਾਲ ਮੇਰੇ ਗੁਰਭਾਈ ਰਘਬੀਰ ਸਿੰਘ ਦੀ ਅਚਿੰਤੇ ਈ ਮੁਲਾਕਾਤ ਹੋ ਗਈ। ਆਪ ਜੀ ਅਤਿ ਚਾਅ ਨਾਲ ਮੈਨੂੰ ਆਪਣੇ ਨਾਲ ਆਪਣੇ ਘਰ ਵਿਖੇ ਲੈ ਗਏ। ਘਰ ਵੜਦਿਆਂ ਹੀ ਆਪ ਦੇ ਪਿਤਾ ਭਾਈ ਧਰਮ ਸਿੰਘ ਜ਼ਖ਼ਮੀ ਦਾ ਆਸ਼ੀਰਵਾਦ ਪ੍ਰਾਪਤ ਕਰਕੇ ਮੈਂ ਗਦ-ਗਦ ਹੋ ਗਿਆ। ਪ੍ਰਸ਼ਾਦਾ-ਪਾਣੀ ਛਕਣ ਉਪਰੰਤ ਭਾਈ ਸਾਹਿਬ ਦੇ ਰਾਗੀ ਜੱਥੇ ਨੇ ਦਿੱਲੀ ਯੂਨੀਵਰਸਿਟੀ ਦੇ ਇਕ ਕੀਰਤਨ ਸਮਾਗਮ ਵਿਚ ਹਾਜ਼ਰੀ ਭਰਨ ਲਈ ਜਾਣਾ ਸੀ। ਭਾਈ ਸਾਹਿਬ ਨੇ ਇਸ਼ਾਰਾ ਕੀਤਾ ਕਿ ਬਰਖੁਰਦਾਰ ਨੂੰ ਵੀ ਨਾਲ ਹੀ ਲੈ ਚੱਲੋ, ਮੇਰੇ ਲਈ ਇਸ ਨਾਲੋਂ ਹੋਰ ਕਿਹੜੀ ਵੱਡੀ ਗੱਲ ਹੋ ਸਕਦੀ ਸੀ।

ਭਾਈ ਸਾਹਿਬ ਦੇ ਰਾਗੀ ਜਥੇ ਨੇ ਪਰੰਪਰਕ ਤਰੀਕੇ ਅਨੁਸਾਰ ਇਕ ਵੱਡੇ ਤੇ ਔਖੇ ਤਾਲ ਦੇ ਸ਼ਬਦ ਦੀ ਬੰਦਿਸ਼ ਸ਼ੁਰੂ ਕੀਤੀ ਜੋ ਕਿ ਅਤਿ ਵੱਜਦਮਈ ਅਤੇ ਸਰੂਰ ਭਰਪੂਰ ਸੀ। ਅਜੇ ਭਾਈ ਸਾਹਿਬ ਨੇ ਸ਼ਬਦ ਗਾਉਣਾ ਸ਼ੁਰੂ ਹੀ ਕੀਤਾ ਸੀ ਕਿ ਸਾਹਮਣੇ ਸਜੀ ਹੋਈ ਸੰਗਤ ਵਿਚੋਂ ਕੁਝ ਨੇ ਝੱਟ ਦੇਣੀ ਨਾਲ ਹੀ ਬੋਲਣਾ ਸ਼ੁਰੂ ਕਰ ਦਿੱਤਾ ਜੋ ਕਿ ਮੈਨੂੰ ਵੀ ਬੇ-ਰਸਾ ਜਿਹਾ ਲੱਗ ਰਿਹਾ ਸੀ। ਭਾਈ ਸਾਹਿਬ ਨੇ ਝੱਟਪਟ ਬੜੀ ਹੀ ਬੇਬਾਕੀ ਨਾਲ ਹਰਮੋਨੀਅਮ ਦੀ ਕੁੰਡੀ ਬੰਦ ਕਰਕੇ ਸੰਗਤ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਸਾਧ ਸੰਗਤ ਜੀ ਸੱਚ ਦੱਸਣਾ ਕਿ ਆਪ ਜੀ ਕੀਰਤਨ ਸੁਣਨ ਆਏ ਹੋ ਕਿ ਸੁਣਾਉਣ। ਸੰਗਤ 'ਚ ਖਾਮੋਸ਼ੀ ਪਸਰ ਗਈ। ਭਾਈ ਸਾਹਿਬ ਨੇ ਹੋਰ ਖੁਲਾਸਾ ਕਰਦਿਆਂ ਕਿਹਾ ਕਿ ਇਹ ਰਾਗ ਰੀਤ ਪੀੜ੍ਹੀ-ਦਰ-ਪੀੜ੍ਹੀ ਤੋਂ ਅਸੀਂ ਗਾਇਨ ਕਰ ਰਹੇ ਹਾਂ, ਜੋ ਕਿ ਬਹੁਤ ਹੀ ਰਿਆਜ਼ ਤੋਂ ਬਾਅਦ ਗਾਇਣ ਲਾਇਕ ਹੋਈ ਹੈ, ਪਰ ਤੁਸਾਂ ਤੇ ਕਿਧਰੋਂ ਸਿੱਖਿਆ ਹੀ ਨਹੀਂ। ਫਿਰ ਸਾਡੇ ਨਾਲ ਹੀ ਗਾਉਣਾ ਕਿੰਜ ਸ਼ੁਰੂ ਕਰ ਦਿੱਤਾ। ਇਸ ਲਈ ਜਾਂ ਤਾਂ ਤੁਸੀ ਖੁਦ ਹੀ ਕੀਰਤਨ ਕਰ ਲਵੋ ਜਾਂ ਫਿਰ ਸਾਨੂੰ ਸੁਣ ਲਵੋ, ਇਹ ਸਪਸ਼ਟ ਜੁਆਬ ਸੁਣ ਕੇ ਸੰਗਤਾਂ ਖਾਮੋਸ਼ ਹੋ ਗਈਆਂ ਅਤੇ ਭਾਈ ਸਾਹਿਬ ਨੇ ਮੁੜ ਕੀਰਤਨ ਦੀਆਂ ਛਹਿਬਰਾਂ ਹੀ ਲਾ ਦਿੱਤੀਆਂ। ਇਹ ਘਟਨਾ ਮੈਨੂੰ ਜਦੋਂ ਵੀ ਯਾਦ ਆਉਂਦੀ ਹੈ ਤਾਂ ਸੋਚਦਾ ਹਾਂ ਕਿ ਕਿੱਥੇ ਭਾਈ ਸਾਹਿਬ ਜਿਹੇ ਮਹਾਨ ਗੁਣੀ ਜਨ ਕੀਰਤਨੀਏ ਤੇ ਕਿੱਥੇ ਅੱਜ ਸਾਡੇ ਜਿਹੇ ਨਿਗੁਣੇ ਕੀਰਤਨੀਏ ਜਿਹੜੇ ਖੁਦ ਹੀ ਪੰਡਾਲ ਵਿਚ ਬੈਠੀਆਂ ਸੰਗਤਾਂ ਨੂੰ ਆਪਣੇ ਨਾਲ ਬੋਲਣ ਲਈ ਲਿਲਕੜੀਆਂ ਲੈਂਦੇ ਹੋਏ ਹਾਅਕੇ ਕੱਢਦੇ ਨਹੀਂ ਥੱਕਦੇ। ਮੈਂ ਸਮਝਦਾ ਹਾਂ ਕਿ ਜਿਹੜੇ ਗੁਰਬਖਸ਼ਿੰਦ ਕੀਰਤਨੀਆਂ ਨੂੰ ਕੀਰਤਨ ਕਰਨ ਦਾ ਵੱਲ ਹੈ ਤੇ ਜਿਨ੍ਹਾਂ ਉਸਤਾਦਾਂ ਦੀਆਂ ਮਾਰਾਂ ਖਾਧੀਆਂ ਹੋਵਣ, ਉਹ ਸਿਰਫ਼ ਕੀਰਤਨ ਸੁਣਾਉਂਦੇ ਹਨ, ਪਰ ਜਿਨ੍ਹਾਂ ਦੇ ਪੱਲੇ ਹੀ ਕੁਝ ਨਾ ਹੋਵੇ, ਉਹ ਸਦਾ ਸਹਾਰੇ ਹੀ ਭਾਲਦੇ ਫਿਰਦੇ ਨੇ। ਇੰਜ ਹੀ ਆਪ ਦੇ ਇਕ ਸਪੁੱਤਰ ਭਾਈ ਸੁਰਜੀਤ ਸਿੰਘ ਅਮਰੀਕਾ ਵਿਖੇ ਨਿਵਾਸ ਕਰਦੇ ਨੇ, ਜੋ ਕਿ ਅਤਿ ਵਿਦਵਿਤਾ ਭਰਪੂਰ ਗੁਰਮਤਿ ਵਿਚਾਰਾਂ ਦੀ ਕਥਾ ਕਰਦੇ ਨੇ। ਗੱਲ ਕੀ ਆਪ ਦਾ ਸਮੁੱਚਾ ਪਰਿਵਾਰ ਹੀ ਗੁਰਮਤਿ ਸੰਗੀਤ ਤੇ ਪੰਥ ਨੂੰ ਸਮਰਪਿਤ ਹੈ। 1972 ਵਿਚ ਆਪ ਨੂੰ ਇੰਗਲੈਂਡ ਦੌਰੇ ਸਮੇਂ ਦਿਲ ਦਾ ਅਪਰੇਸ਼ਨ ਕਰਵਾਉਣਾ ਪਿਆ ਅਤੇ ਗੁਰੂ ਰਹਿਮਤ ਨਾਲ ਆਪ ਤੰਦਰੁਸਤ ਵੀ ਹੋ ਗਏ ਪਰ ਡਾਕਟਰਾਂ ਦੀ ਸਲਾਹ 'ਤੇ ਜ਼ਿਆਦਾ ਤਾਣ ਨਾਲ ਬੋਲਣਾ ਬੰਦ ਕਰ ਦਿੱਤਾ, ਪ੍ਰੰਤੂ ਗੁਰਮਤਿ ਵਿਚਾਰਾਂ ਦੀ ਝੜੀ 'ਚ ਕੋਈ ਖੜੋਤ ਨਾ ਆਉਣ ਦਿੱਤੀ, ਆਪ ਦੇ ਛੋਟੇ ਭਰਾਤਾ ਭਾਈ ਸ਼ਮਸ਼ੇਰ ਸਿੰਘ ਜਥੇ ਦਾ ਸ਼ਿੰਗਾਰ ਸਨ, ਜੋ ਕਿ ਬਹੁਤ ਹੀ ਬੁਲੰਦ ਆਵਾਜ਼ ਨਾਲ ਸਾਥ ਦੇਂਦੇ ਸਨ ਅਤੇ ਭਾਈ ਧਰਮ ਸਿੰਘ ਦੇ ਸਪੁੱਤਰ ਭਾਈ ਅਮਰੀਕ ਸਿੰਘ ਵੀ ਬਹੁਤ ਹੀ ਤਾਣ ਨਾਲ ਸੋਜ਼ ਭਰੀਆਂ ਆਵਾਜ਼ਾਂ ਨਾਲ ਮਨ ਮੋਹ ਲੈਂਦੇ ਹਨ। ਜਿਸ ਰੋਜ਼ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ ਸੋਨੇ ਦੇ ਕਲਸ ਦੀ ਸੇਵਾ ਹੋਣੀ ਸੀ, ਸਿੱਖ ਸੰਗਤਾਂ ਦੇ ਉਤਸ਼ਾਹ ਕਾਰਨ ਜ਼ੋਰ ਨਾਲ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ, ਕੀਰਤਨ ਕਰਦੇ-ਕਰਦੇ ਆਪ ਦੇ ਪੇਟ ਵਿਚ ਇਕ ਖੂਨ ਦੀ ਨਾੜੀ ਫਟ ਗਈ ਜੋ ਕਿ ਜਾਨ ਲੇਵਾ ਸਾਬਤ ਹੋਈ। ਆਪ ਨੂੰ ਵਲਿੰਗਟਨ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ, ਪ੍ਰੰਤੂ ਡਾਕਟਰਾਂ ਵਲੋਂ ਪੂਰੀ ਵਾਹ ਲਾਉਣ ਦੇ ਬਾਵਜੂਦ ਆਪ ਨੂੰ ਬਚਾਇਆ ਨਾ ਜਾ ਸਕਿਆ। 18 ਜਨਵਰੀ, 1980 ਦੀ ਰਾਤ ਸਿੱਖ ਕੌਮ ਅਤੇ ਸੰਗੀਤਕ ਸਰੋਤਿਆਂ ਲਈ ਕਹਿਰ ਬਣ ਕੇ ਆਈ, ਜਦੋਂ ਭਾਈ ਸਾਹਿਬ ਨੇ ਆਪਣੇ ਸਪੁੱਤਰ ਭਾਈ ਅਮਰੀਕ ਸਿੰਘ ਨੂੰ ਪਾਸ ਬੁਲਾ ਕੇ ਕਿਹਾ ਕਿ ਬੇਟਾ ਸੰਗਤਾਂ ਆ ਕੇ ਬੈਠ ਵੀ ਗਈਆਂ ਨੇ, ਆਪਾਂ ਲੇਟ ਹੋ ਗਏ ਹਾਂ, ਛੇਤੀ ਕਰੋ। ਆਸਾ ਜੀ ਦੀ ਵਾਰ ਦਾ ਕੀਰਤਨ ਕਰੀਏ, ਬਸ ਇਤਨੇ ਬਚਨ ਆਖ ਕੇ ਭਾਈ ਸਾਹਿਬ ਗੁਰੂ ਚਰਨਾਂ ਵਿਚ ਜਾ ਬਿਰਾਜੇ ਅਤੇ ਆਪਣੇ ਚਾਹੁਣ ਵਾਲਿਆਂ ਨੂੰ ਸਦਾ ਲਈ ਅਲਵਿਦਾ ਆਖ ਗਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤਾਂ ਨੇ ਆਪ ਦੀ ਨਿੱਘੀ ਯਾਦ ਵਿਚ ਅਨੇਕਾਂ ਸਮਾਗਮ ਕਰਵਾਏ। ਸ਼੍ਰੋਮਣੀ ਕਮੇਟੀ ਨੇ ਆਪਣਾ ਫਰਜ਼ ਨਿਭਾਉਂਦਿਆਂ ਭਾਹਦੇ ਮਾਣ ਨਾਲ ਕੇਂਦਰੀ ਸਿੱਖ ਅਜਾਇਬ ਘਰ, ਸ੍ਰੀ ਅੰਮ੍ਰਿਤਸਰ ਵਿਖੇ ਅਤੇ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਗੁਰਦੁਆਰਾ ਬੰਗਲਾ ਸਾਹਿਬ ਵਿਚ ਬਣੇ ਸਿੱਖ ਅਜਾਇਬ ਘਰ ਵਿਖੇ ਆਪ ਦਾ ਚਿੱਤਰ ਲਗਵਾਏ। ਭਾਈ ਸਾਹਿਬ ਦੀ ਯਾਦ ਅਜੇ ਵੀ ਸਿੱਖ ਸੰਗਤਾਂ ਦੇ ਦਿਲਾਂ ਵਿਚ ਉਸੇ ਤਰ੍ਹਾਂ ਹੀ ਤਾਜ਼ਾ ਤੇ ਕਾਇਮ ਹੈ।

ਜਗਤ ਤਮਾਸ਼ਾ

# ਜੀਅ ਨੀ ਜਾਣ ਨੂੰ ਕਰਦਾ, ਬਈ ਰੰਗਲੀ ਦੁਨੀਆਂ ਤੋਂ

**ਡਾ. ਕਰਨੈਲ ਸਿੰਘ ਸੋਮਲ**

ਬਸੰਤ ਰੁੱਤ ਆਪਣੀ ਚੜ੍ਹਤ 'ਤੇ ਸੀ। ਬਾਬਾ ਮੋਹਣ ਸਿੰਘ ਨੇ ਸ਼ਾਮ ਵੇਲੇ ਆਪਣੇ ਖੇਤਾਂ ਨੂੰ ਜੀਅ ਭਰ ਕੇ ਤੱਕਿਆ। ਛਿਪਦੇ ਸੂਰਜ ਦੀ ਲੋਅ ਨਾਲ ਉਸ ਦੀਆਂ ਅੱਖਾਂ ਚਮਕ ਉਠੀਆਂ। ਖੇਤਾਂ ਵਿਚ ਪਸਰੀ ਭਰਪੂਰਤਾ ਨੂੰ ਵੇਖ ਕੇ ਉਹ ਵਿਸਮਾਦ-ਵਿਸਮਾਦ ਹੋ ਗਿਆ। ਉਸ ਦੀ ਰੂਹ ਪੂਰੀ ਤ੍ਰਿਪਤ ਸੀ। ਲੋਅ ਰਹਿਣ ਤਕ ਬਾਬਾ ਚੁਫੇਰੇ ਤਕਦਾ ਰਿਹਾ ਤੇ ਫਿਰ ਕਪਾਹ ਦੇ ਖੇਤ ਵਾਂਗ ਖਿੜਿਆ ਘਰ ਪਰਤਿਆ। ਸਵੇਰੇ ਟੱਬਰ ਅਜੇ ਜਾਗਿਆ ਨਹੀਂ ਸੀ ਕਿ ਉਹ ਇਸ ਸੁਹਾਵੇ ਜਗਤ ਨੂੰ ਅਲਵਿਦਾ ਆਖ ਗਿਆ।

ਦਰਿਆ ਨੂੰ ਪਾਰ ਕਰਨ ਤੋਂ ਪਹਿਲਾਂ ਤੱਕਣਾ ਤੇ ਫਿਰ ਪਾਰ ਕਰਨ ਉਪਰੰਤ ਪਿੱਛੇ ਵਹਿ ਰਹੇ ਪਾਣੀ 'ਤੇ ਝਾਤ ਮਾਰਨੀ-ਦੋਹਾਂ ਹਾਲਤਾਂ ਵਿਚ ਢੇਰ ਅੰਤਰ ਹੁੰਦਾ ਹੈ। ਪਹਿਲੀ ਵੇਰ ਕੇਵਲ ਅਨੁਮਾਨ ਹੁੰਦਾ ਹੈ। ਦੂਜੀ ਵਾਰੀ ਦਰਿਆ ਨੂੰ ਪਾਰ ਕਰਨ ਦਾ ਅਨੁਭਵ ਨਾਲ ਹੁੰਦਾ ਹੈ। ਦਰਿਆ ਨੂੰ ਇਉਂ ਰੋਮ-ਰੋਮ ਮਿਲਣ ਪਿੱਛੋਂ ਉਸ ਤੋਂ ਦੂਰ ਹੋਣ ਵਲ ਕਦਮ ਪੁੱਟਣਾ, ਪਿਆਰੇ ਦੇ ਮੇਲ ਦੀ ਪਕੜ ਤੋਂ ਮੁਕਤ ਹੋਣ ਜਿਹਾ ਹੀ ਸਮਝੋ। ਬਾਬਾ ਮੋਹਣ ਸਿੰਘ ਦੇ ਉਸ ਸ਼ਾਮ ਦੇ ਅਹਿਸਾਸ ਇਸ ਸੰਸਾਰ ਨੂੰ ਤ੍ਰਿਪਤ ਭਾਵ ਨਾਲ ਅਲਵਿਦਾ ਕਹਿਣ ਦੇ ਸਨ।


ਮੇਲੇ ਨੂੰ ਜਾਂਦਿਆਂ ਅੱਖਾਂ ਵਿਚ ਸਰੂਰ ਤੇ ਦਿਲ ਵਿਚ ਕੁਤਕੁਤਾਉਂਦੀ ਉਕਸਾਹਟ ਹੁੰਦੀ ਹੈ। ਪਾਣੀ ਪੀਣ ਲਈ ਹੱਥਾਂ ਦੀ ਓਕ ਅੱਡਣ ਵੇਲੇ ਵੀ ਪਿਆਸੇ ਦੀ ਪਿਆਸ ਭਾਵੇਂ ਓਨੀ ਹੀ ਹੁੰਦੀ ਹੈ ਪਰ ਪਹਿਲਾਂ ਵਾਂਗ ਖੋਹ ਨਹੀਂ ਪਾਉਂਦੀ। ਯਕੀਨ ਹੁੰਦਾ ਹੈ ਕਿ ਅਗਲੇ ਪਲ ਪਾਣੀ ਦੀ ਛੋਹ ਬੁੱਲ੍ਹਾਂ ਨੂੰ ਪ੍ਰਾਪਤ ਹੋ ਜਾਣੀ ਹੈ। ਬਹੁਤੀ ਬੇਕਰਾਰੀ ਤਾਂ ਪਾਣੀ ਮਿਲਣ ਦੀ ਆਸ ਨਾਲ ਹੀ ਮੁੱਕ ਜਾਂਦੀ ਹੈ। ਮੇਲੇ ਵਿਚ ਵੜਦਿਆਂ ਅਜਿਹਾ ਹੀ ਭਾਵ ਤਾਰੀ ਹੋਇਆ ਹੁੰਦਾ ਹੈ। ਫਿਰ ਕਲਪਨਾ ਵਿਚ ਵਸਿਆ ਮੇਲਾ ਅਸਲ ਮੇਲੇ ਵਿਚ ਮਿਲਣ ਲੱਗਦਾ ਹੈ ਜਿਵੇਂ ਦੋ ਨਦੀਆਂ ਸੰਗਮ ਵੇਲੇ ਮਿਲਦੀਆਂ ਹਨ। ਮੇਲਾ ਵੇਖਣ ਉਪਰੰਤ ਹਰ ਮੇਲੀ ਨੇ ਘਰ ਪਰਤਣਾ ਹੀ ਹੁੰਦਾ ਹੈ। ਮੁੜਦੇ ਦੀ ਚਾਲ ਉਂਜ ਮੇਲੇ ਵਲ ਆਉਣ ਦੀ ਚਾਲ ਤੋਂ ਭਿੰਨ ਹੁੰਦੀ ਹੈ। ਉਤਸੁਕਤਾ ਅਤੇ ਉਕਸਾਹਟ ਦੋਵੇਂ ਸ਼ਾਂਤ ਹੋਈਆਂ ਹੁੰਦੀਆਂ ਹਨ। ਕਾਹਲ ਵੀ ਕੋਈ ਨਹੀਂ ਹੁੰਦੀ। ਮੇਲੇ 'ਤੇ ਮਿਲੇ ਮੇਲੀਆਂ ਨਾਲ ਸਾਂਝੀਆਂ ਕੀਤੀਆਂ ਮੁਸਕਰਾਹਟਾਂ ਚਿਹਰੇ 'ਤੇ ਅਜੇ ਸਜੀਆਂ ਹੁੰਦੀਆਂ ਹਨ। ਥੱਕੇ ਕਦਮ ਬੇਸ਼ੱਕ ਕੁਝ ਸੁਸਤ ਤੁਰਦੇ ਹਨ।

ਬਾਬਾ ਮੋਹਣ ਸਿੰਘ ਇਸ ਜਗਤ ਮੇਲੇ ਦੀ ਭਰਪੂਰਤਾ ਵੇਖਣ ਉਪਰੰਤ ਇੰਜ ਸਹਿਜ ਭਾਵ ਵਿਦਾ ਹੋ ਗਿਆ ਸੀ। ਸੰਸਾਰ ਨੂੰ ਅਲਵਿਦਾ ਆਖਣ ਤੋਂ ਪਹਿਲਾਂ ਦੀ ਦ੍ਰਿਸ਼ਟੀ ਤਕ ਪਹੁੰਚਣਾ ਜ਼ਰਾ ਮੁਸ਼ਕਲ ਹੁੰਦਾ ਹੈ। ਉਮਰ ਦੀਆਂ ਅਨੇਕਾਂ ਅਵਸਥਾਵਾਂ ਦੇ ਅਨੁਭਵ ਅਤੇ ਕਈ ਤੱਕੜੀਆਂ-ਵੱਟਿਆਂ ਵਿਚ ਤੁਲੇ ਹੋਣ ਦਾ ਅਹਿਸਾਸ ਹੁੰਦਾ ਹੈ। ਦੁਨੀਆਂ ਵਿਚ ਬਹੁਤ ਕੁਝ ਦਿਲਕਸ਼ ਵੀ ਲੱਗਿਆ ਹੁੰਦਾ ਹੈ, ਤਰ੍ਹਾਂ-ਤਰ੍ਹਾਂ ਦੀਆਂ ਖਿੱਚਾਂ ਦਾ ਜਾਦੂ, ਖੁਆਰੀਆਂ ਵੀ ਤੇ ਮੁੜ-ਮੁੜ ਪੈਂਦੀਆਂ ਖੋਹਾਂ ਵੀ। ਬਾਬਾ ਮੋਹਣ ਸਿੰਘ ਨੇ ਕਿਤੇ ਆਪਣੀ ਡਾਇਰੀ ਵਿਚ ਇਸ ਤਰ੍ਹਾਂ ਦੇ ਭਾਵ ਲਿਖੇ ਵੀ ਸਨ। ਉਸ ਨੇ ਅੱਗੇ ਲਿਖਿਆ ਸੀ ਕਿ ਜਿਸ ਕਾਸੇ ਪਿੱਛੇ ਮੈਂ ਦੌੜਿਆ, ਉਹ ਕੁਝ ਨਾ ਕੁਝ ਹੱਥ ਆਉਂਦਾ ਰਿਹਾ ਪਰ ਹਾਸਲ ਹੋਏ ਦੀਆਂ ਕਸ਼ਿਸ਼ਾਂ ਪਹਿਲਾਂ ਵਾਲੀਆਂ ਨਾ ਰਹਿੰਦੀਆਂ। ਜ਼ਿੰਦਗੀ ਵਿਚ ਅਨੇਕਾਂ ਰਾਹ ਗਾਹੇ। ਦੌੜੇ ਜਿੰਨਾ ਦੌੜ ਸਕੇ। ਜੀਵਨ ਤੇ ਜਗਤ ਦੀਆਂ ਪਰਤਾਂ ਨੂੰ ਬਥੇਰਾ ਫੋਲਿਆ, ਕਦੇ ਕਦੇ ਰਮਜ਼ਾਂ ਨੂੰ ਜਾਣਿਆ ਵੀ। ਅਨੇਕਾਂ ਰਹੱਸ ਫਿਰ ਵੀ ਬਣੇ ਰਹੇ। ਅਨੇਕਾਂ ਸਵਾਲ ਅਖੀਰ ਤਕ ਉਠਦੇ ਰਹੇ।

ਬਾਬਾ ਜਾਣੋ ਕਵੀ ਸੀ। ਇਕ ਥਾਈਂ ਉਸ ਨੇ ਲਿਖਿਆ, "ਹਰ ਰਾਤ ਅਸਮਾਨ ਦੇ ਤਾਰੇ ਕਿੱਥੋਂ ਤੁਰਦੇ ਤੇ ਫਿਰ ਕਿੱਥੇ ਪਹੁੰਚ ਜਾਂਦੇ। ਦਿਸ਼ਾਵਾਂ ਵੀ ਬਦਲਦੀਆਂ, ਦ੍ਰਿਸ਼ ਵੀ ਬਦਲਦੇ। ਬੜਾ ਕੁਝ ਵਿਸਮਿਤ ਕਰਨ ਵਾਲਾ ਵੀ ਵਾਪਰਦਾ। ਬਾਲ-ਹੱਥ ਕਣੀਆਂ ਨੂੰ ਸਾਂਭਣ ਦਾ ਯਤਨ ਕਰਦੇ। ਬਹੁਤ ਕੁਝ ਭਰਵੇਂ ਮੀਂਹ ਵਾਂਗ ਵਰ੍ਹ ਕੇ ਵਗ ਜਾਂਦਾ ਰਿਹਾ। ਜਾਣਿਆ ਕਿ ਜਿਉਣ ਦਾ ਮਤਲਬ ਦਾਅਵੇ ਕਰਨਾ ਜਾਂ ਆਪਣੀ ਹਉਂ ਵਿਚ ਧੁੱਸਾਂ ਮਾਰਦੇ ਜਾਣਾ ਨਹੀਂ ਹੈ। ਇਹ ਤਾਂ ਤਾਰਿਆਂ ਨਾਲ ਭਰੀ ਰਾਤ ਦੀ ਛਬ ਨੂੰ ਨਿਹਾਰਦਿਆਂ-ਨਿਹਾਰਦਿਆਂ ਉਨ੍ਹਾਂ ਦੀ ਛਾਵੇਂ ਹੀ ਗੜੂੰਦ ਸੌਂ ਜਾਣਾ ਹੈ ਜਿਵੇਂ ਮਾਂ ਦੀ ਗੋਦ ਦੇ ਨਿੱਘ ਨੂੰ ਮਾਣਦਾ ਤੇ ਖੇਡਦਾ ਬਾਲ ਪਤਾ ਨਹੀਂ ਕਦੋਂ ਸੌਂ ਜਾਂਦਾ ਹੈ।"

ਬਾਬਾ ਮੋਹਣ ਸਿੰਘ ਦੀ ਡਾਇਰੀ ਦੇ ਇਕ ਹੋਰ ਵਰਕੇ 'ਤੇ ਇਹ ਸਤਰਾਂ ਸਨ, "ਰੂਹ ਨੇ ਜਿੰਨੇ ਕੁ ਸੋਹਣੇ ਅਕਸ ਅੰਦਰ ਵਸਾ ਲਏ ਸੋ ਧੰਨ, ਐਪਰ ਇਹ ਵੀ ਜਾਣਿਆ ਕਿ ਪ੍ਰਛਾਵੇਂ ਪੈੜਾਂ ਛੱਡ ਕੇ ਨਹੀਂ ਜਾਂਦੇ। ਵਗਦੇ ਰਾਹਾਂ ਉਤੇ ਵੀ ਕਿਸੇ ਦੀਆਂ ਪੈੜਾਂ ਦੇ ਨਿਸ਼ਾਨ ਲੱਭਿਆਂ ਨਹੀਂ ਲੱਭਦੇ। ਚੇਤਿਆਂ ਵਿਚੋਂ ਵਿਸਰ-ਵਿਸਰ ਜਾਂਦਾ ਇਹ ਸੰਸਾਰ ਵੀ ਮੈਨੂੰ ਇਸੇ ਤਰ੍ਹਾਂ ਜਾਪਿਆ। ਕਮਾਲ ਹੈ, ਜ਼ਿੰਦਗੀ ਅਕਲਾਂ, ਅਨੁਮਾਨਾਂ ਅਤੇ ਗਿੱਬ ਗਿੱਬ ਕੇ ਲਏ ਸਾਡੇ ਨਿਰਣਿਆਂ ਦੇ ਝੂਠ ਨੂੰ ਅਗੇਤ-ਪਿਛੇਤ ਸਾਹਮਣੇ ਲਿਆ ਲਿਆ ਰੱਖਦੀ ਹੈ। ਇਹ ਪਰਤੀਤੀ ਵੀ ਹੋ ਰਹੀ ਹੈ ਕਿ ਜਿਸ ਕਾਸੇ ਨੂੰ ਸੱਚ ਸਮਝ ਕੇ ਕਦੇ ਦਾਅਵੇ ਨਾਲ ਕਥਿਆ ਸੀ, ਅਗਲੇ ਪਲ ਝੂਠ ਬਣਦਾ ਗਿਆ, ਕੱਟਿਆ ਗਿਆ ਨਾਲੋ-ਨਾਲ। ਬੜੀ ਵਾਰੀ ਜਾਪਿਆ ਕਿ ਚੁੱਪ ਰਹਿਆਂ ਪਤ ਬਣੀ ਰਹਿਣੀ ਸੀ।"

ਰੁਖਸਤ ਹੋਣ ਤੋਂ ਪਹਿਲਾਂ 'ਚੰਗਾ ਬਈ, ਸਾਰੇ ਰੱਸੋ-ਵੱਸੋ ਤੇ ਖੁਸ਼ ਰਹੋ' ਦੇ ਅਣਪ੍ਰਗਟਾਏ ਭਾਵ ਬਾਬਾ ਮੋਹਣ ਸਿੰਘ ਦੇ ਰੋਮ-ਰੋਮ ਵਿਚ ਪ੍ਰਗਟ ਹੋਏ ਜਾਪੇ। ਉਸ ਨੂੰ ਜਿਵੇਂ ਅਗਾਊਂ ਹੀ ਆਪਣੇ ਅੰਤ ਦਾ ਅਨੁਮਾਨ ਹੋ ਗਿਆ ਸੀ। ਉਸ ਨੇ ਇਹ ਵੀ ਕਿਸੇ ਪੰਨੇ 'ਤੇ ਅੰਕਿਤ ਕੀਤਾ ਸੀ, "ਜਿੰਨਾ ਚਿਰ ਇਥੇ ਬਣਿਆਂ ਹੋਇਆਂ, ਰੂਹ ਖੁਸ਼ ਹੋ ਗਈ।



ਆਏ ਹਾਂ ਤਦ ਜਾਣਾ ਹੈ ਹੀ, ਸੋ ਚੱਲ ਪੈਣਾ ਹੈ।" ਬਾਬਾ ਮੋਹਣ ਸਿੰਘ ਨੇ ਅਜਿਹੀਆਂ ਸੋਝੀ ਦੀਆਂ ਗੱਲਾਂ ਵਿਦਾ ਹੋਣ ਤੋਂ ਪਹਿਲਾਂ ਕਈਆਂ ਨਾਲ ਕੀਤੀਆਂ ਵੀ ਸਨ।

ਉਂਜ ਬਾਬਾ ਮੋਹਣ ਸਿੰਘ ਨੂੰ ਆਪਣੇ ਹਰ ਅਨੁਭਵ ਬਾਰੇ ਕਹਿੰਦੇ ਜਾਣ ਦੀ ਵੀ ਬਹੁਤੀ ਤੁਕ ਨਹੀਂ ਸੀ ਜਾਪਦੀ। ਆਪਣੀ ਡਾਇਰੀ ਦੇ ਇਕ ਪੰਨੇ 'ਤੇ ਉਸ ਨੇ ਕੇਵਲ 'ਅਮੀਰੀ' ਸ਼ਬਦ ਲੈ ਕੇ ਹੀ ਲਿਖਿਆ, "ਇਸ ਸ਼ਬਦ ਦੇ ਕਿਹੜੇ ਕਿਹੜੇ ਭਰਮਾਊ ਅਰਥ ਮੈਂ ਸਮਝੇ। ਮਸਲਨ, ਬਚਪਨ ਵਿਚ ਜਿਹੜੇ ਬਾਲ ਨੂੰ ਬੇਰੋਕ-ਟੋਕ ਖੇਡਣ ਨੂੰ ਮਿਲਦਾ, ਉਹ ਅਮੀਰ ਜਾਪਦਾ। ਫਿਰ ਗੁਬਾਰਿਆਂ ਨਾਲ ਪਰਚਣ ਦੀ ਉਮਰੇ ਦੋ ਚਾਰ ਗੁਬਾਰਿਆਂ ਨੂੰ ਤਕਦਿਆਂ ਸਾਰੀ ਦੁਨੀਆਂ ਭੁੱਲ ਜਾਂਦੀ। ਅਖਰੋਟ ਖੇਡਦਿਆਂ ਜਿਸ ਦਾ ਪੱਲਾ ਜਿੱਤੇ ਅਖਰੋਟਾਂ ਨਾਲ ਭਰ ਜਾਂਦਾ, ਕੌਰੂ ਬਾਦਸ਼ਾਹ ਜਾਪਦਾ। ਕਿਥੇ-ਕਿਥੇ ਨਹੀਂ ਅਟਕਿਆ-ਫਟਕਿਆ ਇਹ ਦਿਲ। ਹਰੇਕ ਵਾਰੀ ਜਾਪਦਾ ਜੇ 'ਇਹ' ਮਿਲ ਜਾਵੇ, ਪਰ ਜ਼ਿੰਦਗੀ ਦੀ ਸਾਰ ਸਮਝ ਨਾ ਪਈ, ਇਸ ਦਾ ਬਣਨਾ-ਵਿਗੜਨਾ ਦੂਰ ਦੀ ਗੱਲ। ਸੱਚ ਜਾਪਦੇ ਝੂਠ ਅਤੇ ਜੂਠ ਨਿਕਲਦੇ ਸੱਚ ਦੀ ਲੁਕਣਮੀਚੀ ਖੇਡਦਿਆਂ ਅਉਧ ਬੀਤ ਗਈ। ਮੈਂ ਤਾਂ ਕੱਚਾ ਭਾਂਡਾ ਹਾਂ, ਐਵੇਂ ਗੁਮਾਨ ਕਰੀ ਜਾਂਦਾ ਹਾਂ।"

ਜਦੋਂ ਬਾਬਾ ਮੋਹਣ ਸਿੰਘ ਨੇ ਬਸੰਤ ਦੀ ਰੁੱਤੇ ਪੈਲੀਆਂ ਨੂੰ ਫੁੱਲ ਹੀ ਫੁੱਲ ਬਣਿਆਂ ਵੇਖਿਆ ਸੀ ਤਦ ਉਸ ਨੇ ਆਪਣੀ ਰੂਹ ਦੇ ਇਕ ਮੇਲੀ ਨੂੰ ਦੱਸਿਆ ਸੀ ਕਿ ਰਸ-ਰੰਗ ਦੀ ਇਸ ਦੁਨੀਆਂ ਦਾ ਕੋਈ ਪਾਰਾਵਾਰ ਨਹੀਂ। ਇਸ ਬਸੰਤ ਖਿੜੇ ਫੁੱਲਾਂ ਦਾ ਲੱਖਣ ਲਾਉਣਾ ਵੀ ਅਸੰਭਵ। ਪਿਛਲੀ ਬਸੰਤ ਵੀ ਅਨੰਤ ਰੰਗ-ਵੰਨ ਦੇ ਫੁੱਲ ਖਿੜੇ ਸਨ। ਫੁੱਲਾਂ ਨੂੰ ਵਿਦਾ ਹੁੰਦਿਆਂ ਕੋਈ ਨਹੀਂ ਤਕਦਾ। ਸੰਸਾਰ ਦੇ ਸਾਰੇ ਨਜ਼ਾਰਿਆਂ ਨੂੰ ਮਾਣਨਾ ਵੀ ਸੰਭਵ ਨਹੀਂ। ਇਹ ਸਭ ਕੁਝ ਜਸ ਵਾਂਗ ਅਮਿਤ ਹੈ ਤੇ ਤ੍ਰੇਹ ਲੱਗਣ ਤੇ ਇਸ ਨੂੰ ਪੀਵਿਆਂ ਵਧੇਰੇ ਨਿਸ਼ਾ ਹੁੰਦੀ ਹੈ। ਬਾਬਾ ਮੋਹਣ ਸਿੰਘ ਨੇ ਆਖਿਆ ਸੀ ਕਿ ਕਸਰ ਕੋਈ ਨਹੀਂ ਰਹਿ ਗਈ। ਜੇ ਕਮੀ ਰਹੀ ਤਾਂ ਸਾਡੀ ਆਪ ਸਿਰਜੀ ਦੁਨੀਆਂ ਵਿਚ ਰਹੀ। ਬਾਬੇ ਨੇ ਮਾਲਕੀਆਂ ਤੇ ਵਿਤਕਰਿਆਂ ਬਾਰੇ ਕਸੀਸ ਜਿਹੀ ਵੱਟ ਕੇ ਕਿਹਾ ਸੀ, "ਇਕ ਪਾਸੇ ਥੁੜ੍ਹਾਂ ਹੀ ਥੁੜ੍ਹਾਂ, ਦੂਜੇ ਪਾਸੇ ਅੰਬਾਰ ਹੀ ਅੰਬਾਰ। ਕੋਈ ਖਾ-ਖਾ ਆਫਰਿਆ ਤੇ ਕੋਈ ਭੁੱਖਾ ਹੀ ਹਉਕਾ ਭਰ ਕੇ ਸੌਂ ਗਿਆ।" ਹੱਥ ਖਾਲੀ ਹੋਣ ਅਤੇ ਢਿੱਡ ਭੁੱਖਾ ਹੋਵੇ ਤਦ ਸਬਰ ਸੰਤੋਖ ਬਾਰੇ ਚਿਤਵਣਾ ਔਖਾ ਹੈ। ਅਲਵਿਦਾ ਤੋਂ ਪਹਿਲਾਂ ਦੀ ਦ੍ਰਿਸ਼ਟੀ ਨਾਲ ਬਾਬਾ ਮੋਹਣ ਸਿੰਘ ਨੇ ਨਿਰਮਲ ਪਾਣੀਆਂ ਦੇ ਥੱਲੇ ਪਏ ਇਸ ਕੂੜ-ਕਬਾੜ ਨੂੰ ਤੱਕਿਆ। ਉਸ ਦੀ ਦ੍ਰਿਸ਼ਟੀ ਪਹਿਲਾਂ ਕਦੇ ਏਨੀ ਸਾਫ਼ ਨਹੀਂ ਸੀ ਹੋਈ।

ਅਲਵਿਦਾ ਤੋਂ ਪਹਿਲਾਂ ਦੀ ਦ੍ਰਿਸ਼ਟੀ ਲਿਖੇ ਜਾ ਰਹੇ ਖ਼ਤ ਦੀ ਇਬਾਰਤ ਦੀਆਂ ਅੰਤਲੀਆਂ ਸਤਰਾਂ ਲਿਖਣ ਵਾਂਗ ਹੁੰਦੀ ਹੈ। ਲਿਖਣ ਨੂੰ ਦੋ ਸ਼ਬਦ ਹੀ ਹੋਣ ਜਾਂ ਇਕ ਸਤਰ ਜਾਂ ਇਕ ਛੋਟਾ ਪੈਰਾ, ਇਸ ਦੇ ਨਾਲ ਪਹਿਲਾ ਲਿਖਿਆ ਗਿਆ ਪੂਰਨ ਹੋ ਜਾਂਦਾ ਹੈ। ਕਿਸੇ ਨੂੰ ਸਤਿਕਾਰ, ਕਿਸੇ ਨੂੰ ਪਿਆਰ, ਕਿਸੇ ਨੂੰ ਭਰਪੂਰ ਸ਼ੁਭ ਇਛਾਵਾਂ। ਕਦੇ ਅਸੀਸ ਲਿਖ ਦਿੱਤੀ ਜਾਂਦੀ ਹੈ, ਕਦੇ ਹਿਰਦੇ ਵਿਚ ਸਮੋ ਕੇ ਕੇਵਲ ਦੋ-ਤਿੰਨ ਵਿਸਮਕ ਚਿੰਨ੍ਹ ਕਾਗਜ਼ 'ਤੇ ਉਕਰ ਦਿੱਤੇ ਜਾਂਦੇ ਹਨ। ਪੜ੍ਹਨ-ਸੁਣਨ ਵਾਲੇ ਕਿਹੜੇ ਹੋਣਗੇ ਅਨੁਮਾਨ ਨਹੀਂ ਹੁੰਦਾ ਪਰ ਉਨ੍ਹਾਂ ਨੂੰ ਦੁਆ ਸਲਾਮ ਲਿਖ ਦਿੱਤੀ ਜਾਂਦੀ ਹੈ। ਨਿਮਰਤਾ ਨਾਲ ਨਮ ਹੁੰਦੀਆਂ ਅੱਖਾਂ ਅਤੇ ਕੁਝ ਬੋਲਣ ਦੀ ਥਾਂ ਚੁੱਪ ਸਭ ਕੁਝ ਬੋਲਦੀ ਹੈ। ਖ਼ਤ ਦੇ ਨਾਲ ਕਿਹੜਾ ਆਪ ਜਾਣਾ ਹੁੰਦੈ।

ਅਲਵਿਦਾ ਤੋਂ ਪਹਿਲਾਂ ਦੀਆਂ ਸੋਚਾਂ ਬਹੁਤ ਸੰਘਣੀਆਂ ਹੁੰਦੀਆਂ ਹਨ ਪਰ ਚਿਤਕਬਰੇ ਬੱਦਲਾਂ ਵਾਂਗੂ ਭਾਰੂ ਨਹੀਂ। ਨਿੱਖਰੇ ਦਿਨ ਦੇ ਨਿਰਮਲ ਆਕਾਸ਼ ਵਿਚ ਸਾਰੇ ਅਕਾਸ਼ੀ-ਪਿੰਡ ਹਾਜ਼ਰ ਹੁੰਦੇ ਹਨ ਪਰ ਕੋਈ ਉਘੜਵਾਂ ਨਜ਼ਰੀਂ ਨਹੀਂ ਪੈਂਦਾ। ਉਹ ਅਕਾਸ਼ ਦੇ ਦ੍ਰਿਸ਼ ਵਿਚ ਹੋ ਕੇ ਵੀ ਅਦ੍ਰਿਸ਼ ਹੁੰਦੇ ਹਨ। ਇਸੇ ਲਈ ਇਹ ਅਵਸਥਾ ਫੈਲਣ ਦੀ ਨਹੀਂ ਸੂਖਮ ਨੁਕਤੇ 'ਤੇ ਕੇਂਦ੍ਰਿਤ ਹੋਣ ਦੀ ਹੋ ਜਾਂਦੀ ਹੈ। ਬਾਬਾ ਮੋਹਣ ਸਿੰਘ ਦੇ ਇਕ ਮਿਤਰ ਨੇ, ਗੋਡਾ ਨੀਵਾਂ ਕਰਨ ਆਏ ਨੇ, ਬਾਬੇ ਦੀ ਉਸ ਨੂੰ ਕਈ ਵਾਰੀ ਆਖੀ ਇਹ ਗੱਲ ਦਸੀ, "ਮੋਹਣ ਕਹਿੰਦਾ ਹੁੰਦਾ ਸੀ ਕਿ ਕੰਮ ਇਸ ਤਰ੍ਹਾਂ ਕਰੋ ਜਿਵੇਂ ਸਦਾ ਰਹਿਣਾ ਹੈ ਪਰ ਜੀਓ ਇੰਜ ਜਿਵੇਂ ਇਹ ਜ਼ਿੰਦਗੀ ਦਾ ਆਖਰੀ ਦਿਨ ਹੋਵੇ।" ਤਦ ਮੈਨੂੰ ਬਾਬੇ ਦੀ ਡਾਇਰੀ ਦੇ ਮਾਘੀ ਦੇ ਦਿਨ ਅੰਕਿਤ ਸ਼ਬਦ ਚੇਤੇ ਆਏ, "ਜੀਵਨ ਦੇ ਵੱਡੇ ਭੇਤਾਂ ਵਿਚੋਂ ਇਕ ਇਹ ਹੈ ਕਿ ਕਿਸੇ ਹਾਲਤ ਵਿਚ ਜੋ ਕਿਸੇ ਨੂੰ ਦਿਸਦਾ ਹੈ, ਉਸੇ ਨੂੰ ਉਹ ਸੱਚ ਸਮਝਦਾ ਹੈ। ਹਰ ਉਮਰ ਦਾ ਅਤੇ ਹਰ ਅਵਸਥਾ ਦਾ ਆਪਣਾ ਸੱਚ ਹੁੰਦਾ ਹੈ। ਅਲਵਿਦਾ ਹੋਣ ਤੋਂ ਪਹਿਲਾਂ ਦੀ ਸੋਚ ਗਭਰੀਟ ਉਮਰ ਵਿਚ ਨਹੀਂ ਆ ਸਕਦੀ। ਉਦੋਂ ਤਾਂ ਉਹ ਝੂਠ ਹੀ ਲੱਗਦਾ ਹੈ ਕਿ ਇੱਥੋਂ ਕਦੇ ਤੁਰਨਾ ਵੀ ਹੈ। ਇਕੇਰਾਂ ਸਾਡਾ ਪੰਜਾਬੀ ਦਾ ਅਧਿਆਪਕ ਬਾਬਾ ਫਰੀਦ ਦੇ ਸਲੋਕ ਪੜ੍ਹਾ ਰਿਹਾ ਸੀ। ਗੁਲਾਬ ਦੇ ਫੁੱਲ ਵਾਂਗ ਖਿੜੇ ਮੇਰੇ ਇਕ ਜਮਾਤੀ ਨੇ ਆਖਿਆ ਸੀ, "ਜੀ, ਮੁੜ ਮੁੜ ਮੌਤ ਦੀਆਂ ਗੱਲਾਂ ਕਰਨਾ ਕਿੰਨਾ ਬੋਰਿੰਗ ਹੈ।"

ਅੱਗੇ ਇਹ ਵੀ ਲਿਖਿਆ ਸੀ, "ਇਹ ਜ਼ਿੰਦਗੀ ਬੜੀ ਸਰਲ ਹੈ। ਬਹੁਤੀਆਂ ਉਲਝਣਾਂ ਅਸੀਂ ਆਪ ਹੀ ਪੈਦਾ ਕੀਤੀਆਂ ਹਨ। ਮੂੜ੍ਹ ਮੱਤ ਵਿਚ ਅਸੀਂ ਗੁੰਝਲਾਂ ਉਤੇ ਹੋਰ ਗੁੰਝਲਾਂ ਪਾਈ ਜਾਂਦੇ ਹਾਂ। ਫਿਰ ਉਲਝੀ ਤਾਣੀ ਤੋਂ ਤੰਗ ਹੋਏ ਮੌਤ ਮੰਗਦੇ ਹਾਂ। ਗੁਰੂ ਨਾਨਕ ਦੇਵ ਦਾ ਭਾਈ ਲਹਿਣੇ ਨੂੰ ਆਪਣੇ ਹੱਥੀਂ ਗੁਰਿਆਈ ਸੌਂਪਣਾ ਬਹੁਤ ਵੱਡੀ ਰਮਜ਼ ਵਾਲੀ ਗੱਲ ਹੈ। ਇਕ ਦੀਪ ਜਗਾ ਕੇ ਆਪ ਪਿੱਛੇ ਹੋ ਜਾਣਾ ਅਤੇ ਉਸ ਜੋਤਿ ਦੇ ਜਗਦੇ ਜਾਣ ਦੀ ਕਾਮਨਾ ਕਰਨੀ। ਅਨੁਰਾਗ ਦਾ ਆਪਣਾ ਸੁੱਖ ਹੈ, ਤਿਆਗ ਦਾ ਉਸ ਤੋਂ ਵੀ ਵੱਡਾ। ਦਰਖਤ ਆਪਣੇ ਫਲਾਂ ਨੂੰ ਵਾਹ ਲਗਦੀ ਟੁੱਟਣ ਨਹੀਂ ਦਿੰਦਾ। ਪੱਕਣ 'ਤੇ ਉਨ੍ਹਾਂ ਨੂੰ ਆਪ ਹੀ ਇਕ ਇਕ ਕਰਕੇ ਕੇਰੀ ਜਾਂਦਾ ਹੈ। ਉਨ੍ਹਾਂ ਨੂੰ ਮੁਕਤ ਕਰਦਾ ਆਪ ਵੀ ਉਨ੍ਹਾਂ ਦੇ ਮੋਹ-ਬੰਧਨ ਤੋਂ ਮੁਕਤ ਹੋ ਜਾਂਦਾ ਹੈ। ਫੁੱਲ ਆਪਣੀ ਖੁਸ਼ਬੂ ਬਿਨਾਂ ਸ਼ਰਤ ਬਖੇਰੀ ਜਾਂਦਾ ਹੈ। ਇਵੇਂ ਹੀ ਰੁੱਖ ਵੀ ਸਹੀ ਸਮਾਂ ਆਉਣ 'ਤੇ ਆਪਣਾ ਆਪ ਲੁਟਾ ਦਿੰਦਾ ਹੈ।" ਸੰਸਾਰ ਨੂੰ ਅਲਵਿਦਾ ਆਖਣ ਵੇਲੇ ਬਾਬਾ ਮੋਹਣ ਸਿੰਘ ਦੇ ਚਿਹਰੇ ਉਤੇ ਸਕੂਨ ਝਲਕ ਰਿਹਾ ਸੀ।

---




**ਭੋਲਾ ਸਿੰਘ ਸ਼ਮੀਰੀਆ**

ਵਿਗਿਆਨੀ ਲੋਕ ਸਭ ਤੋਂ ਚੇਤੰਨ ਅਤੇ ਦਿਮਾਗੀ ਮੰਨੇ ਜਾਂਦੇ ਹਨ। ਇਸ ਵਿਚ ਸ਼ੱਕ ਵੀ ਕੋਈ ਨਹੀਂ ਹੈ, ਪਰ ਭਾਰਤੀ ਸਮਾਜ ਵਿਚ ਜ਼ਿਆਦਾ ਕਰਕੇ, ਦਿਮਾਗੀ ਕਸਵੱਟੀ ਨੂੰ ਡਿਗਰੀਆਂ ਜਾਂ ਅੱਖਰੀ ਗਿਆਨ ਦੇ ਪਲੜੇ ਰਾਹੀਂ ਤੋਲਿਆ ਜਾਂਦਾ ਹੈ। ਇਹ ਜ਼ਰੂਰੀ ਨਹੀਂ ਕਿ ਬਹੁਤੀਆਂ ਡਿਗਰੀਆਂ ਲੈਣ ਵਾਲੇ ਹੀ ਵਧੀਆ ਵਿਗਿਆਨੀ ਸਾਬਤ ਹੋਣ। ਹਾਂ, ਕਿਤਾਬਾਂ ਦੇ ਜ਼ਰੀਏ ਦਿਮਾਗ ਵਿਚ ਚੁਸਤੀ ਤੇ ਫੁਰਤੀ ਆਉਂਦੀ ਹੈ। ਕਿਤਾਬਾਂ ਸਾਨੂੰ ਤਰਕ ਸਿਖਾਉਂਦੀਆਂ ਹਨ ਕਿਤਾਬਾਂ ਦੇ ਜ਼ਰੀਏ ਅਸੀਂ ਦਿਮਾਗ ਦੀ ਤਹਿ ਵਿਚ ਹੋਰ ਡੂੰਘੇ ਉਤਰ ਸਕਦੇ ਹਾਂ। ਇਹ ਵੀ ਜ਼ਰੂਰੀ ਨਹੀਂ ਕਿ ਘੱਟ ਪੜ੍ਹਿਆ-ਲਿਖਿਆ ਬੰਦਾ ਦਿਮਾਗੀ ਨਹੀਂ ਹੁੰਦਾ।

ਸਮਾਜ ਵਿਚ ਕੁਝ ਅਨਪੜ੍ਹ ਬੰਦੇ ਅਜਿਹੇ ਮਿਲਣਗੇ, ਜਿਨ੍ਹਾਂ ਨੂੰ ਵਿਗਿਆਨ ਵਿਦਿਆ ਬਿਲਕੁਲ ਨਹੀਂ ਆਉਂਦੀ, ਪਰ ਆਪਣੇ ਤਜਰਬੇ ਨਾਲ ਕੰਮ ਵਿਗਿਆਨੀਆਂ ਵਾਲੇ ਹੀ ਕਰ ਰਹੇ ਹੁੰਦੇ ਹਨ। ਜੇਕਰ ਉਨ੍ਹਾਂ ਨੂੰ ਪੁੱਛੀਏ ਕਿ ਇਹ ਕਿਉਂ ਤੇ ਕਿਵੇਂ ਵਾਪਰਦਾ ਹੈ। ਉਹ ਦੱਸ ਨਹੀਂ ਸਕਣਗੇ, ਪਰ ਕਰਕੇ ਵਿਖਾ ਦੇਣਗੇ। ਮੇਰੇ ਗੁਆਂਢ ਵਿਚ ਇਕ ਬਜ਼ੁਰਗ ਘਰ ਦੀ ਸ਼ਰਾਬ ਕੱਢਿਆ ਕਰਦਾ ਸੀ।

ਉਹ ਰਾਤ ਨੂੰ ਚੋਰੀਉਂ ਭੱਠੀ ਲਾਉਂਦਾ। ਮੈਨੂੰ ਇਕ ਵਾਰੀ ਉਸ ਨੂੰ ਸ਼ਰਾਬ ਕੱਢਦੇ ਨੂੰ ਦੇਖਣ ਦਾ ਮੌਕਾ ਮਿਲਿਆ। ਉਸ ਨੇ ਵੱਡੇ ਸਾਰੇ ਪੀਪੇ ਵਿਚ ਲਾਹਣ ਪਾਈ ਤੇ ਉਸ ਉਪਰ ਮਿੱਟੀ ਦੀ ਬੱਠਲੀ (ਜਿਸ ਦੇ ਵਿਚ ਇਕ ਚੱਪਣ ਟਿਕਾਇਆ ਹੋਇਆ ਸੀ ਤੇ ਚੱਪਣ ਵਿਚੋਂ ਇਕ ਪਾਈਪ ਬੱਠਲੀ ਤੋਂ ਬਾਹਰ ਬੋਤਲ ਤਕ ਪੁੱਜਦੀ ਸੀ) ਆਟੇ ਨਾਲ ਚਿਪਕਾਈ ਹੋਈ ਸੀ। ਉਸ ਦੀ ਜੁਗਾੜਬੰਦੀ ਤੋਂ ਮੈਂ ਹੈਰਾਨ ਸਾਂ। ਮੈਨੂੰ ਉਸ ਨੇ ਭੱਠੀ ਹੇਠਾਂ ਅੱਗ ਮਚਾਉਣ ਲਾ ਦਿੱਤਾ। ਨਾਲ ਹੀ ਹਦਾਇਤ ਕੀਤੀ ਕਿ ਅੱਗ ਵੀ ਮੱਠੀ-ਮੱਠੀ ਮਚਾਉਣੀ। ਪਤਾ ਹੋਣ ਦੇ ਬਾਵਜੂਦ ਵੀ ਮੈਂ ਉਸ ਤੋਂ ਪੁੱਛ ਲਿਆ ਕਿ ਅੱਗ 'ਮੱਠੀ-ਮੱਠੀ' ਕਿਉਂ, ਤੇਜ਼ ਕਿਉਂ ਨਹੀਂ।

ਮੇਰੀ ਗੱਲ ਸੁਣਨ ਤੋਂ ਬਾਅਦ ਉਹ ਬੋਲਿਆ ਕਿ ਮੱਠੀ ਅੱਗ ਮਚਾਉਣ ਨਾਲ ਸ਼ਰਾਬ ਤੇਜ਼ ਨਿਕਲਦੀ ਹੈ। ਮੈਂ ਉਸ ਨੂੰ ਫੇਰ ਪੁੱਛ ਲਿਆ ਕਿ ਮੱਠੀ ਅੱਗ ਨਾਲ ਸ਼ਰਾਬ ਤੇਜ਼ ਕਿਉਂ ਨਿਕਲਦੀ ਹੈ? ਇਸ ਦਾ ਉਸ ਕੋਲ ਕੋਈ ਜਵਾਬ ਨਹੀਂ ਸੀ। ਇਹ ਕਾਰਨਾਮਾ ਉਸ ਦਾ ਵਿਗਿਆਨਕ ਸੀ, ਪਰ ਉਸ ਨੂੰ ਪਤਾ ਨਹੀਂ ਸੀ। ਹੁਣ ਨਾ ਤਾਂ ਉਸ ਨੂੰ ਵਾਸ਼ਪੀਕਰਣ ਦਾ ਪਤਾ ਸੀ ਤੇ ਨਾ ਹੀ ਉਸ ਨੂੰ ਅਲਕੋਹਲ ਬਾਰੇ ਜਾਣਕਾਰੀ ਸੀ ਇਸ ਦਾ ਵਿਗਿਆਨਕ ਤਰਕ ਇਹ ਸੀ ਕਿ ਲਾਹਣ ਵਿਚ ਅਲਕੋਹਲ ਘੁਲਿਆ ਹੁੰਦਾ ਹੈ। ਅਸੀਂ ਸਿਰਫ ਅਲਕੋਹਲ ਨੂੰ ਵਾਸ਼ਪ ਕਰਕੇ ਵੱਖ ਕਰਨਾ ਹੁੰਦਾ ਹੈ। ਅਲਕੋਹਲ ਘੱਟ ਤਾਪਮਾਨ 'ਤੇ ਵਾਸ਼ਪ ਹੋ ਜਾਂਦਾ ਹੈ ਹੁਣ ਇਸ ਵਿਗਿਆਨਕ ਤੱਥ ਦਾ ਉਸ ਨੂੰ ਨਹੀਂ ਸੀ ਪਤਾ, ਪਰ ਕਾਰਨਾਮਾ ਉਸ ਦਾ ਵਿਗਿਆਨੀਆਂ ਵਾਲਾ ਸੀ।

ਪਿੰਡ ਦੀਆਂ ਸੱਥਾਂ ਵਿਚ ਅਨਪੜ੍ਹ ਬਾਬੇ ਇਕੱਠੇ ਹੋ ਕੇ ਬੈਠਦੇ ਹਨ ਉਨ੍ਹਾਂ ਦੀਆਂ ਅਨੁਮਾਨਤ ਗੱਲਾਂ ਕਮਾਲ ਦੀਆਂ ਹੁੰਦੀਆਂ ਹਨ। ਉਨ੍ਹਾਂ ਦੀਆਂ ਗੱਲਾਂ ਵਿਚ ਕੁਝ ਵਿਗਿਆਨਕ ਤਰਕ ਵੀ ਹੁੰਦੇ ਹਨ, ਪਰ ਉਨ੍ਹਾਂ ਨੂੰ ਖੁਦ ਨੂੰ ਪਤਾ ਨਹੀਂ ਹੁੰਦਾ ਕਿ ਅਸੀਂ ਵਿਗਿਆਨਕ ਗੱਲਾਂ ਕਰ ਰਹੇ ਹਾਂ। ਇਕ ਦਿਨ ਹਵਾ ਬਿਲਕੁਲ ਬੰਦ ਸੀ। ਗਰਮੀ ਵੀ ਬਹੁਤ ਸੀ। ਸੱਥ ਵਿਚ ਬੈਠੇ ਬਜ਼ੁਰਗ ਨੇ ਕਿਹਾ, "ਬਈ ਅੱਜ ਤਾਂ ਗੱਜੂਗਾ ਕਿਸੇ ਪਾਸਿਉਂ।" ਉਸ ਦੇ ਕਹਿਣ ਦਾ ਭਾਵ ਸੀ ਕਿ ਮੀਂਹ ਦੀ ਸੰਭਾਵਨਾ ਹੈ। ਭਾਵੇਂ ਆਕਾਸ਼ ਵਿਚ ਕਿਧਰੇ ਵੀ ਕੋਈ ਬੱਦਲ ਨਹੀਂ ਸੀ, ਪਰ ਹੁਣ ਉਸ ਨੂੰ ਇਸ ਦੇ ਵਿਗਿਆਨਕ ਤਰਕ ਜਾਂ 'ਵਾਯੂ-ਦਾਬ ਪ੍ਰਣਾਲੀ' ਬਾਰੇ ਉਕਾ ਨਹੀਂ ਪਤਾ, ਪਰ ਅੰਦਾਜ਼ਾ ਉਸ ਦਾ ਠੀਕ ਸੀ। ਆਥਣ ਨੂੰ ਆਕਾਸ਼ ਵਿਚ ਬੱਦਲ ਹੀ ਬੱਦਲ ਹੋ ਗਏ।

ਮਾਲਵਾ ਪੱਟੀ ਦਾ ਜ਼ਿਆਦਾ ਹਿੱਸਾ ਨਰਮੇ-ਕਪਾਹ ਦੀ ਕਾਸ਼ਤ ਕਰਦਾ ਹੈ। ਅੱਜ ਤੋਂ ਦਸ ਕੁ ਸਾਲ ਪਹਿਲਾਂ ਇਸ ਕਿੱਤੇ ਵਿਚ 'ਅਮਰੀਕਨ ਸੁੰਡੀ' ਦਾ ਬਹੁਤ ਪ੍ਰਕੋਪ ਸੀ ਇਸ ਸੁੰਡੀ ਨੂੰ ਮਾਰਨ ਦੀਆਂ ਸਭ ਤਕਨੀਕਾਂ ਫੇਲ੍ਹ ਹੋ ਗਈਆਂ। ਹਾਂ, ਅਨਪੜ੍ਹ ਕਿਸਾਨਾਂ ਨੇ ਆਪਣਾ 'ਜੱਟੂ-ਵਿਗਿਆਨ' ਜ਼ਰੂਰ ਲੋਕਾਂ ਵਿਚ ਲਿਆ ਧਰਿਆ। ਅਨਪੜ੍ਹ ਕਿਸਾਨਾਂ ਨੇ ਸਾਬਤ ਕਰ ਦਿੱਤਾ ਕਿ ਸੁੰਡੀ ਉਦੋਂ ਜ਼ਿਆਦਾ ਹੁੰਦੀ ਹੈ ਜਦੋਂ 'ਪੁਰਾ' ਵਗਦਾ ਹੋਵੇ ਚਾਨਣੀ ਰਾਤ ਵਿਚ ਵੀ ਸੁੰਡੀਆਂ ਦੇ ਅੰਡਿਆਂ ਵਿਚ ਕਾਫੀ ਵਾਧਾ ਹੁੰਦਾ ਹੈ।

ਫੇਰ ਇਸ ਸਮੱਸਿਆ ਦੇ ਹੱਲ ਲਈ ਤਰੀਕਾ ਵੀ ਆਪ ਹੀ ਲੱਭ ਲਿਆ। ਖੇਤ ਵਿਚ ਜਗਦੇ ਲੈਂਪ ਨੂੰ ਪਾਣੀ ਵਾਲੇ ਭਾਂਡੇ ਵਿਚ ਟਿਕਾ ਕੇ ਰੱਖਣ ਲੱਗ ਪਏ। ਇਸ ਤਰ੍ਹਾਂ ਕੁਝ ਭਮੱਕੜ ਪਾਣੀ ਵਿਚ ਡੁੱਬਣ ਨਾਲ ਮਰ ਜਾਂਦੇ ਸਨ ਤੇ ਕੁਝ ਚਿਮਨੀ ਦੀ ਲਾਟ ਨਾਲ। ਵਿਗਿਆਨੀਆਂ ਨੇ ਇਸ ਦਾ ਪਤਾ ਮਗਰੋਂ ਲਾਇਆ ਪਰ 'ਜੱਟੂ-ਵਿਗਿਆਨੀਆਂ' ਨੇ ਇਸ ਦੀ ਖੋਜ ਪਹਿਲਾਂ ਕਰ ਲਈ। ਜਦੋਂ ਨਰਮਾ ਫੁੱਲਾਂ 'ਤੇ ਹੁੰਦਾ ਹੈ, ਉਦੋਂ ਜੇਕਰ 'ਦੱਖਣ' ਵਗਣ ਲੱਗ ਪਵੇ ਤਾਂ ਇਹ 'ਜੱਟੂ-ਵਿਗਿਆਨੀ' ਖੁਸ਼ ਹੁੰਦਾ ਹੈ। ਉਨ੍ਹਾਂ ਦਾ ਤਰਕ ਹੁੰਦਾ ਹੈ ਕਿ ਨਰਮੇ ਨੂੰ ਫਲ ਜ਼ਿਆਦਾ ਲਗਦਾ ਹੈ। ਜੇਕਰ ਉਨ੍ਹਾਂ ਨੂੰ ਇਸ ਦਾ ਕਾਰਨ ਪੁੱਛੀਏ ਤਾਂ ਉਨ੍ਹਾਂ ਕੋਲ ਕੋਈ ਵਿਗਿਆਨਕ ਤਰਕ ਨਹੀਂ ਹੁੰਦਾ।

'ਕਰੰਡ-ਭੰਨਣਾ' ਮਾਲਵੇ ਦੇ ਕਿਸਾਨਾਂ ਦੀ ਆਪਣੀ ਹੀ ਖੋਜ ਹੈ। ਨਰਮਾ ਉਗਣ ਤੋਂ ਪਹਿਲਾਂ ਜੇਕਰ ਹਲਕਾ ਜਿਹਾ ਮੀਂਹ ਪੈ ਜਾਵੇ ਤਾਂ ਜ਼ਮੀਨ ਉਪਰ ਇਕ ਪਾਪੜੀ ਜਿਹੀ ਬਣ ਜਾਂਦੀ ਹੈ। ਨਰਮੇ ਦੇ ਬੀਜ (ਵੜੇਵੇਂ) ਦੀ ਸੂਖਮ ਡੰਡੀ ਜਦੋਂ ਪੁੰਗਰਦੀ ਹੋਈ ਧਰਤੀ 'ਚੋਂ ਬਾਹਰ ਨਿਕਲਣਾ ਚਾਹੁੰਦੀ ਹੈ ਤਾਂ ਸੂਖਮ ਹੋਣ ਕਰਕੇ ਧਰਤੀ ਉਪਰਲੀ ਪਾਪੜੀ ਨੂੰ ਤੋੜਨ ਵਿਚ ਨਾਕਾਮਯਾਬ ਰਹਿੰਦੀ ਹੈ। ਇਸ ਤਰ੍ਹਾਂ ਇਹ ਧਰਤੀ ਉਪਰਲੀ ਪਾਪੜੀ ਨਰਮੇ ਨੂੰ ਪੁੰਗਰਨ ਨਹੀਂ ਦਿੰਦੀ। 'ਜੱਟੂ-ਵਿਗਿਆਨੀ' ਨਰਮੇ ਨੂੰ ਪੁੰਗਰਨ ਲਈ ਧਰਤੀ ਉਪਰਲੀ ਪਾਪੜੀ ਨੂੰ ਭੰਨ ਦਿੰਦੇ ਹਨ। ਇਸ ਨੂੰ 'ਕਰੰਡ-ਭੰਨਣਾ' ਕਹਿੰਦੇ ਹਨ। ਇਸ ਤਰ੍ਹਾਂ ਨਰਮਾ ਠੀਕ-ਠਾਕ ਪੁੰਗਰਦਾ ਹੈ। ਇਹ ਤਰੀਕਾ ਅਨਪੜ੍ਹ ਕਿਸਾਨਾਂ ਦੇ ਆਪਣੇ ਤਜਰਬੇ ਦਾ ਸਿੱਟਾ ਹੈ।

ਕਈ ਦਹਾਕੇ ਪਹਿਲਾਂ ਲੋਕ ਕੀਟਨਾਸ਼ਕ ਸਪਰੇਅ ਕਰਨ ਨੂੰ ਚੰਗਾ ਨਹੀਂ ਸਨ ਸਮਝਦੇ। ਉਸ ਸਮੇਂ ਕਪਾਹ ਦੇ ਖੇਤ ਵਿਚ ਗੁਲਗੁਲੇ ਜਾਂ ਪੂੜੇ ਪਕਾਉਣ ਦੀ ਰਵਾਇਤ ਸੀ। ਇਹ ਪੂੜੇ ਜਾਂ ਗੁਲਗੁਲੇ ਤਾਂ ਘਰੇ ਵੀ ਪਕਾਏ ਜਾ ਸਕਦੇ ਹਨ, ਪਰ ਕਪਾਹ ਜਾਂ ਨਰਮੇ ਦੀ ਫਸਲ ਵਿਚ ਪੂੜੇ ਪਕਾਉਣ ਨੂੰ ਸ਼ੁਭ ਮੰਨਿਆ ਜਾਂਦਾ ਸੀ।


ਖੇਤ ਵਿਚ ਪੂੜੇ ਜਾਂ ਗੁਲਗੁਲੇ ਪਕਾਉਣ ਤੋਂ ਬਾਅਦ ਸਾਰੇ ਖੇਤ ਦੇ ਉਪਰ ਦੀ ਇਕ ਧੂਣੀ ਦਿੱਤੀ ਜਾਂਦੀ ਸੀ। ਕੁਝ ਲੋਕ ਇਸ ਨੂੰ ਟੂਣਾ ਵੀ ਕਹਿ ਦਿੰਦੇ ਸਨ। ਇਸ ਦਾ ਵਿਗਿਆਨਕ ਤਰਕ ਇਹ ਹੈ ਕਿ ਤੇਲ ਦੇ ਬਲਣ ਨਾਲ ਜੋ ਗੰਧ ਪੈਦਾ ਹੁੰਦੀ ਸੀ ਜਾਂ ਧੂੰਏਂ ਨਾਲ ਖਤਰਨਾਕ ਜਾਂ ਦੁਸ਼ਮਣ ਕੀਟ ਮਰ ਜਾਂਦੇ ਸਨ।

ਇਸ ਤਰ੍ਹਾਂ ਦੇ ਹੋਰ ਵੀ ਕਈ ਵਿਗਿਆਨਕ ਕਾਰਨਾਮੇ ਹਨ, ਜਿਨ੍ਹਾਂ ਨੂੰ ਅਸੀਂ ਆਪਣੇ ਤਜਰਬੇ ਨਾਲ ਨਿਭਾਅ ਤਾਂ ਰਹੇ ਹਾਂ, ਪਰ ਸਾਨੂੰ ਇਨ੍ਹਾਂ ਦੇ ਵਿਗਿਆਨਕ ਪਿਛੋਕੜ ਦਾ ਪਤਾ ਨਹੀਂ ਹੁੰਦਾ। ਇਸ ਸਮੇਂ ਅਸੀਂ ਵਿਗਿਆਨੀ ਹੁੰਦੇ ਹੋਏ ਵੀ ਅਗਿਆਨੀ ਹੁੰਦੇ ਹਾਂ। ਜਿਸ ਤਰ੍ਹਾਂ ਪਿੱਪਲ ਨੂੰ ਨਾ ਬਾਲਣਾ, ਨਿੰਮ ਦਾ ਘੋਟਣਾ ਵਰਤਣਾ, ਚੁੱਲ੍ਹੇ-ਚੌਂਕੇ ਨੂੰ ਗਊ ਦੇ ਗੋਬਰ ਦਾ ਪੋਚਾ ਦੇਣਾ, ਦੁੱਧ ਵਾਲੀ ਕਾੜ੍ਹਨੀ ਵਿਚ ਲੋਹੇ ਦੀ ਖੁਰਚਣੀ ਰੱਖਣੀ, ਚੰਦਨ ਦਾ ਤਿਲਕ ਲਾਉਣਾ ਆਦਿ ਅਜਿਹੇ ਵਿਗਿਆਨਕ ਤਰਕ ਹਨ, ਜਿਨ੍ਹਾਂ ਨੂੰ ਅਸੀਂ ਕਰ ਤਾਂ ਰਹੇ ਹਾਂ, ਪਰ ਸਾਨੂੰ ਇਹ ਨਹੀਂ ਪਤਾ ਹੁੰਦਾ ਕਿ ਇਸ ਦੇ ਪਿੱਛੇ ਕੋਈ ਵਿਗਿਆਨਕ ਸੱਚਾਈ ਵੀ ਛੁਪੀ ਹੁੰਦੀ ਹੈ।

## ਸਫ਼ਰ ਜ਼ਿੰਦਗੀ ਦਾ

# ਬਠਿੰਡੇ ਦੀਆਂ ਯਾਦਾਂ

ਬਲਵੰਤ ਗਾਰਗੀ



ਮੇਰਾ ਬਚਪਨ ਨਹਿਰ ਦੇ ਕੰਢੇ ਇਕ ਰੇਤਲੇ ਪਿੰਡ ਗੁਜ਼ਰਿਆ, ਇਥੇ ਮੇਰੇ ਪਿਤਾ ਨਹਿਰ ਦੇ ਮਹਿਕਮੇ ਵਿਚ ਕਲਰਕ ਸਨ। ਸਾਡਾ ਨਿੱਕਾ ਜਿਹਾ ਘਰ ਪੱਕੀ ਇੱਟ ਦਾ ਕੁਆਟਰ ਸੀ। ਦੂਰ-ਦੂਰ ਤੀਕ ਰੇਤਾ, ਹਨ੍ਹੇਰੀਆਂ ਚਲਦੀਆਂ ਤੇ ਹਵਾ ਸੂਕਦੀ ਹੋਈ ਲੰਘਦੀ ਤੇ ਸਾਡੀਆਂ ਖਿੜਕੀਆਂ ਪਟਾਕ-ਪਟਾਕ ਵੱਜਦੀਆਂ। ਮੇਰੀ ਮਾਂ ਆਖਦੀ ਵਾ-ਵਰੌਲਿਆਂ ਵਿਚ ਭੂਤਨੀਆਂ ਨੱਚਦੀਆਂ ਤੇ ਗਿੱਧਾ ਪਾਉਂਦੀਆਂ ਸਨ। ਸਾਨੂੰ ਉਨ੍ਹਾਂ ਦੀ ਹਾਸੀ ਤੇ ਪੰਜੇਬਾਂ ਦੀ ਛਣਕਾਰ ਸੁਣਦੀ। ਸਿਖਰ ਦੁਪਹਿਰੇ ਹਨ੍ਹੇਰੀ ਆਉਂਦੀ ਤਾਂ ਕੱਕੀ ਰੇਤ ਅਸਮਾਨ ਨੂੰ ਚੜ੍ਹ ਜਾਂਦੀ। ਮੀਲਾਂ ਤੱਕ ਰੇਤਾ ਸੀ, ਸੁਨਹਿਰੀ ਜ਼ੱਰਿਆਂ ਦਾ ਸਮੁੰਦਰ ਜੋ ਧੁੱਪ ਵਿਚ ਚਮਕਦਾ। ਇਸ ਦਾ ਲਹਿਰੀਆ ਦੁਮੇਲ ਤੀਕ ਦਿਸਦਾ। ਮੈਂ ਜੁੱਤੇ ਨਹੀਂ ਸੀ ਪਾਉਂਦਾ ਕਿਉਂਕਿ ਮੈਨੂੰ ਇਨ੍ਹਾਂ ਦੀ ਜਕੜ ਤੇ ਕੈਦ ਪਸੰਦ ਨਹੀਂ ਸੀ। ਇਸ ਦੇ ਇਲਾਵਾ ਮੇਰੇ ਹਾਣੀ, ਜੱਟਾਂ ਤੇ ਜੁਲਾਹਿਆਂ ਦੇ ਮੁੰਡੇ ਵੀ ਨੰਗੇ ਪੈਰੀਂ ਘੁੰਮਦੇ। ਤਪਦੀ ਦੁਪਹਿਰ ਵਿਚ ਜਦੋਂ ਅਸੀਂ ਸਕੂਲ ਤੋਂ ਮੁੜਦੇ ਤਾਂ ਭੁੱਬਲ ਵਰਗੇ ਰੇਤੇ 'ਤੇ ਤੇਜ਼ ਪੱਬਾਂ ਭਾਰ ਚਲਦੇ। ਸਾਡੇ ਪੈਰ ਜ਼ਮੀਨ 'ਤੇ ਘੱਟ ਤੇ ਹਵਾ ਵਿਚ ਬਹੁਤੇ ਹੁੰਦੇ ਸਨ।

ਮੇਰੀ ਮਾਂ ਅਨਪੜ੍ਹ ਸੀ ਤੇ ਮਸਾਂ ਵੀਹ ਤੀਕ ਗਿਣਤੀ ਜਾਣਦੀ ਸੀ। ਘਰ ਵਿਚ ਕੋਈ ਕਿਤਾਬ ਨਹੀਂ ਸੀ। ਮੈਂ ਪਹਿਲੀ ਵਾਰ ਜਦੋਂ ਮੂਰਤਾਂ ਵਾਲੀ ਕਿਤਾਬ ਦੇਖੀ ਤਾਂ ਮੈਨੂੰ ਇਸ ਵਿਚ ਬੈਠੀ ਬਿੱਲੀ ਤੇ ਕੁੱਕੜ ਅਸਲੀ ਜਾਪੇ। ਮੈਂ ਕਿਤਾਬਾਂ ਤੋਂ ਘੱਟ ਹੀ ਪੜ੍ਹਿਆ। ਮੇਰੀ ਬਹੁਤੀ ਤਾਲੀਮ ਮੇਰੇ ਆਲੇ-ਦੁਆਲੇ ਦੇ ਲੋਕਾਂ ਤੋਂ ਸੀ... ਰਾਤ ਨੂੰ ਬਾਬਾ ਰੌਣਕ ਸਿੰਘ ਡਾਕੂਆਂ ਤੇ ਰਾਜ ਕੁਮਾਰੀਆਂ ਦੀਆਂ ਕਹਾਣੀਆਂ ਸੁਣਾਉਂਦਾ, ਖੋਦੀ ਦਾੜ੍ਹੀ ਵਾਲਾ ਵਧਾਵਾ ਸਿੰਘ ਭੂਤਾਂ ਦੀਆਂ। ਰਾਤ ਨੂੰ ਚਰਖਾ ਕੱਤਦੀਆਂ ਤੀਵੀਆਂ ਗੀਤ ਗਾਉਂਦੀਆਂ। ਵਿਆਹ ਸ਼ਾਦੀ 'ਤੇ ਕਾਲੀ ਮਰਾਸਣ ਢੋਲਕੀ ਵਜਾਉਂਦੀ ਤੇ ਨੱਚਦੀ ਹੋਈ ਗਾਉਂਦੀ, ਤੇ ਕਿਸੇ ਦੀ ਮੌਤ 'ਤੇ ਕੀਰਨੇ ਪਾ ਕੇ ਸਿਆਪਾ ਕਰਾਉਂਦੀ। ਸਭ ਤੋਂ ਵੱਧ ਮੈਂ ਸਿੱਖਿਆ ਆਪਣੀ ਮਾਂ ਤੋਂ ਜਿਸ ਦੀਆਂ ਉਚੀਆਂ ਗਾਲ੍ਹਾਂ ਵਿਚ ਲਾਟਾਂ ਸਨ।

ਮੇਰੀ ਮਾਂ, ਮੈਨੂੰ ਤੇ ਮੇਰੇ ਦੋ ਭਰਾਵਾਂ ਨੂੰ ਜਟਾਂ ਵਾਲੇ ਸਾਧ ਕੋਲ ਲੈ ਗਈ ਜਿਸਦੇ ਬੁੱਲ੍ਹ ਕਾਲੇ ਤੇ ਮੱਥੇ 'ਤੇ ਤਿੰਨ ਸੰਧੂਰੀ ਲੀਕਾਂ ਸਨ। ਉਸ ਨੇ ਸਾਧ ਤੋਂ ਪੁੱਛਿਆ ਕਿ ਉਸ ਦੇ ਤਿੰਨ ਪੁੱਤਾਂ 'ਚੋਂ ਕਿਸ ਦੇ ਭਾਗਾਂ ਵਿਚ ਵਿਦਿਆ ਲਿਖੀ ਸੀ। ਸਾਧ ਨੇ ਸਾਡੇ ਤਿੰਨਾਂ ਵਲ ਨੀਝ ਗੱਡ ਕੇ ਦੇਖਿਆ, ਅੱਖਾਂ ਮੀਚੀਆਂ, ਮੰਤਰ ਪੜ੍ਹਿਆ, ਹਵਾ ਵਿਚ ਹੱਥ ਘੁਮਾਇਆ ਤੇ ਆਪਣੀ ਉਂਗਲ ਮੇਰੇ ਵਲ ਕੀਤੀ। ਬਸ ਇਸੇ ਨਾਲ ਮੇਰੇ ਭਵਿੱਖ ਦਾ ਫੈਸਲਾ ਹੋ ਗਿਆ। ਮੇਰੀ ਮਾਂ ਮੈਨੂੰ ਮਦਰੱਸੇ ਲੈ ਗਈ ਤੇ ਮਾਸਟਰਾਂ ਦੀਆਂ ਮਿੰਨਤਾਂ ਕਰਨ ਲੱਗੀ ਕਿ ਉਹ ਕੁਝ ਅੱਖਰ ਮੇਰੇ ਢਿੱਡ ਵਿਚ ਪਾ ਦੇਣ।

ਮੈਂ ਸੱਤ ਸਾਲ ਦਾ ਸਾਂ ਜਦੋਂ ਅਸੀਂ ਬਠਿੰਡੇ ਆ ਗਏ। ਭਾਵੇਂ ਬਠਿੰਡਾ ਵੱਡਾ ਰੇਲਵੇ ਜੰਕਸ਼ਨ ਸੀ ਪਰ ਕੋਈ ਪੱਕੀ ਸੜਕ ਇਥੋਂ ਕਿਸੇ ਹੋਰ ਪਿੰਡ ਜਾਂ ਸ਼ਹਿਰ ਨਹੀਂ ਸੀ ਜਾਂਦੀ। ਇਹ ਨਿੱਕਾ ਜਿਹਾ ਕਸਬਾ ਰੇਤੇ ਦੇ ਮਾਰੂਥਲਾਂ ਨਾਲ ਘਿਰਿਆ ਹੋਇਆ ਸੀ। ਕਿਲ੍ਹਾ ਸੀ ਜਿਸ ਨੂੰ ਨੌਵੀਂ-ਦਸਵੀਂ ਸਦੀ ਵਿਚ ਰਾਜਾ ਅਨੰਦ ਪਾਲ ਨੇ ਬਣਵਾਇਆ ਸੀ। ਸੁਣਿਆ ਏ ਉਸ ਵੇਲੇ ਸਤਲੁਜ ਦਰਿਆ ਇਸ ਕਿਲ੍ਹੇ ਦੀਆਂ ਢਾਲਾਂ ਨਾਲ ਖਹਿ ਕੇ ਲੰਘਦਾ ਸੀ। ਦਰਿਆ ਨੇ ਆਪਣਾ ਰਸਤਾ ਬਦਲ ਲਿਆ ਤੇ ਪਿੱਛੇ ਰੇਤੇ ਦੇ ਟਿੱਬੇ ਤੇ ਬਰੇਤੀ ਛੱਡ ਗਿਆ।

ਬਠਿੰਡਾ ਮਾਲਵੇ ਦੇ ਵਿਚਕਾਰ ਇਕੱਲਾ ਖੜ੍ਹਾ ਸੀ। ਸਿਵਾਏ ਰੇਲ ਗੱਡੀ ਦੇ ਇੱਥੇ ਪਹੁੰਚਣ ਲਈ ਕੋਈ ਵਸੀਲਾ ਨਹੀਂ ਸੀ। ਬੱਸ ਊਠ ਜਾਂ ਗੱਡੇ। ਉਸ ਜ਼ਮਾਨੇ ਦੀ ਇਕ ਘਟਨਾ ਹੁਣ ਤੀਕ ਲੋਕ ਸੁਣਾਉਂਦੇ ਹਨ। ਰੂੰ ਦੀ ਇਕ ਫੈਕਟਰੀ ਨੂੰ ਅੱਗ ਲੱਗ ਗਈ। ਲੋਕਾਂ ਨੇ ਪਟਿਆਲੇ ਤਾਰਾਂ ਭੇਜੀਆਂ ਕਿ ਫੌਰਨ ਅੱਗ ਬੁਝਾਉਣ ਵਾਲਾ ਇੰਜਣ ਭੇਜਿਆ ਜਾਵੇ। ਇਕ ਸਾਲ ਪਿੱਛੋਂ ਅੱਗ ਬੁਝਾਉਣ ਵਾਲਾ ਇੰਜਣ ਆ ਗਿਆ। ਬਠਿੰਡਾ ਕਿਉਂਕਿ ਪਟਿਆਲਾ ਰਿਆਸਤ ਦਾ ਹਿੱਸਾ ਸੀ, ਇਸ ਲਈ ਇਸ ਨੂੰ ਭਾਰਤ ਦੀਆਂ ਸਿਆਸੀ ਲਹਿਰਾਂ ਤੇ ਲੋਕਤੰਤਰੀ ਵਿਚਾਰਾਂ ਤੋਂ ਕੱਟ ਕੇ ਰੱਖਿਆ ਗਿਆ ਸੀ। ਇਸ ਨਾਲ ਇਹ ਇਲਾਕਾ ਪੱਛੜ ਗਿਆ ਪਰ ਇਸ ਦਾ ਫਾਇਦਾ ਹੋਇਆ ਕਿ ਇੱਥੋਂ ਦੇ ਲੋਕਾਂ ਨੇ ਆਪਣੇ ਲੋਕ-ਗੀਤ, ਲੋਕ ਕਥਾਵਾਂ, ਲੋਕ-ਸ਼ਕਤੀ ਤੇ ਧਰਤੀ ਦੀ ਨਿਮਰਤਾ ਸਾਂਭੀ ਰੱਖੀ।

ਬਠਿੰਡਾ ਹਨ੍ਹੇਰੀਆਂ ਲਈ ਮਸ਼ਹੂਰ ਸੀ। ਵਾ-ਵਰੋਲੇ ਉਡਦੇ ਤੇ ਕੱਕਾ ਰੇਤਾ ਅਸਮਾਨ ਨੂੰ ਚੜ੍ਹ ਜਾਂਦਾ ਤੇ ਸਿਖਰ ਦੁਪਹਿਰੇ ਹਨੇਰਾ ਛਾ ਜਾਂਦਾ। ਹਰ ਚੀਜ਼ ਵਿਚ ਰੇਤਾ ਆ ਵੜਦਾ। ਤੁਸੀਂ ਰੋਟੀ ਖਾਣ ਲੱਗੇ ਜੇ ਘਰ ਦੇ ਬੂਹੇ-ਤਾਕੀਆਂ ਬੰਦ ਨਾ ਕਰਦੇ ਤਾਂ ਰੇਤਾ ਤੁਹਾਡੇ ਮੂੰਹ ਤੇ ਨਾਸਾਂ ਵਿਚ ਆ ਵੜਦਾ।

ਪਰ ਹੁਣ ਪਿਛਲੇ ਦਸ ਸਾਲਾਂ ਵਿਚ ਬਠਿੰਡੇ ਨੇ ਬੜੀ ਤੇਜ਼ੀ ਨਾਲ ਤਰੱਕੀ ਕੀਤੀ ਸੀ। ਇਥੇ ਥਰਮਲ ਪਲਾਂਟ ਲੱਗਿਆ ਤੇ ਇਸ ਦੀਆਂ ਚਾਰ ਦੈਂਤਾਂ ਵਰਗੀਆਂ ਚਿਮਨੀਆਂ ਸਨ, ਚਾਰ ਸੌ ਚਾਲ੍ਹੀ ਫੁੱਟ ਉਚੀਆਂ, ਕੁਤਬ ਮਿਨਾਰ ਤੋਂ ਤਕਰੀਬਨ ਦੁੱਗਣੀਆਂ ਉਚੀਆਂ, ਇਸ 'ਤੇ ਸੌ ਕਰੋੜ ਤੋਂ ਉਪਰ ਰੁਪਈਆ ਖਰਚ ਆਇਆ। ਨਾਲ ਹੀ ਛਾਉਣੀ ਬਣੀ ਤਾਂ ਚਾਲੀ ਮੀਲ ਦੇ ਘੇਰੇ ਵਿਚ ਇਕ ਵਿਸ਼ਾਲ ਦੁਨੀਆ ਵਸ ਗਈ, ਅਰਬਾਂ ਰੁਪਈਆ ਇਸ ਛਾਉਣੀ ਦੇ ਬਣਾਉਣ 'ਤੇ ਲੱਗਿਆ, ਕਾਰਖਾਨੇ ਲੱਗ ਗਏ। ਹਰ ਮਹੀਨੇ ਕਰੋੜਾਂ ਰੁਪਈਆ ਬਠਿੰਡੇ ਦੇ ਬਾਜ਼ਾਰਾਂ ਵਿਚ ਪਾਣੀ ਵਾਂਗ ਰੁੜਨ ਲੱਗਾ। ਰੇਤੇ ਦੇ ਵੱਡੇ-ਵੱਡੇ ਟਿੱਬੇ ਅਲੋਪ ਹੋ ਗਏ ਤੇ ਉਸ ਦੀ ਥਾਂ ਨਵੀਆਂ ਸੜਕਾਂ ਤੇ ਕੋਠੀਆਂ ਉਗ ਆਈਆਂ। ਅੰਗੂਰਾਂ ਦੇ ਬਾਗ ਤੇ ਸੱਤ ਝੀਲਾਂ ਨੇ ਬਠਿੰਡੇ ਦੀ ਨੁਹਾਰ ਬਦਲ ਦਿੱਤੀ। ਨਵੇਂ ਕੈਫੇ, ਨਵੇਂ ਹੋਟਲ, ਨਵੀਆਂ ਮਾਰਕੀਟਾਂ ਬਣ ਗਈਆਂ। ਦੁਕਾਨਾਂ 'ਤੇ ਨਵੇਂ ਫੈਸ਼ਨ ਦੇ ਮਾਲ ਤੇ ਚੀਜ਼ਾਂ ਦਾ ਤੋੜਾ ਨਹੀਂ ਸੀ। ਬਠਿੰਡੇ ਦੀ ਸ਼ਕਲ ਬਦਲ ਗਈ ਸੀ। ਪਹਿਲਾਂ ਵਾਲਾ ਉਚਾ ਜੰਗੀ ਕਿਲ੍ਹਾ ਹੁਣ ਬਹੁਤ ਛੋਟਾ ਲਗਦਾ ਸੀ।

ਸਾਰੇ ਬਠਿੰਡੇ ਵਿਚ ਰੌਲਾ ਪੈ ਗਿਆ ਕਿ ਸੰਜੇ ਗਾਂਧੀ ਆ ਰਿਹਾ ਹੈ। ਅਫਸਰਸ਼ਾਹੀ ਸ਼ਹਿਰ ਨੂੰ ਸਜਾਉਣ ਵਿਚ ਜੁਟ ਗਈ। ਵਜ਼ੀਰਾਂ ਤੇ ਸਰਕਾਰੀ ਅਹੁਦੇਦਾਰਾਂ ਨੇ ਸੜਕਾਂ ਦੀ ਸਫਾਈ ਤੇ ਇੰਤਜ਼ਾਮਾਤ ਦੇਖਣ ਲਈ ਇਥੇ ਹੀ ਡੇਰੇ ਲਾ ਰੱਖੇ ਸਨ। ਇਕ ਹਫਤੇ ਲਈ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਬਜਾਇ ਬਠਿੰਡਾ ਹੋ ਗਈ ਸੀ।

ਰਾਤੋ-ਰਾਤ ਮਾਲ ਰੋਡ ਚੌੜੀ ਕੀਤੀ ਗਈ। ਰਾਜਸਥਾਨ ਦੀਆਂ ਬਾਗੜਨੀਆਂ ਰੰਗ-ਬਰੰਗੇ ਘੱਗਰੇ ਤੇ ਚੋਲੀਆਂ ਪਾਈ ਸੜਕ 'ਤੇ ਉਬਲਦੀ ਹੋਈ ਲੁੱਕ ਤੇ ਬਜਰੀ ਪਾ ਰਹੀਆਂ ਸਨ। ਸਾਰਾ ਬਠਿੰਡਾ ਇਸ ਤਿਆਰੀ ਵਿਚ ਜੁਟਿਆ ਸੀ। ਸਾਰੇ ਇਲਾਕੇ ਦੀਆਂ ਕਾਰਾਂ, ਟਰੱਕਾਂ, ਬੱਸਾਂ ਅਤੇ ਟਰੈਕਟਰ ਜਨਤਾ ਨੂੰ ਢੋਣ ਵਿਚ ਲੱਗੇ ਹੋਏ ਸਨ। ਬਠਿੰਡੇ ਦਾ ਚਿਹਰਾ ਲਿਸ਼ਕਾਇਆ ਜਾ ਰਿਹਾ ਸੀ।

ਇਕ ਮਿਉਂਸਪਲ ਕਲਰਕ ਨੇ ਦੌੜ ਕੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਇਤਲਾਹ ਦਿੱਤੀ ਕਿ ਵੱਡਾ ਟੋਭਾ ਜਿੱਥੇ ਸ਼ਹਿਰ ਦਾ ਗੰਦ-ਮੂਤ ਪੈਂਦਾ ਸੀ, ਇਸ ਵੇਲੇ ਬੁਲਬੁਲੇ ਛੱਡ ਰਿਹਾ ਸੀ। ਕੀ ਪਤਾ ਸੰਜੇ ਗਾਂਧੀ ਕਿਤੇ ਇਸ ਪਾਸੇ ਹੀ ਆ ਨਿਕਲੇ। ਉਸ ਪਾਸੇ ਇਕ ਤਾਂਤ੍ਰਿਕ ਯੋਗੀ ਦਾ ਮਠ ਸੀ। ਸੰਜੇ ਨੂੰ ਯੋਗੀਆਂ ਨਾਲ ਦਿਲਚਸਪੀ ਸੀ। ਝੱਟਪਟ ਸਲਾਹ-ਮਸ਼ਵਰੇ ਹੋਏ ਤੇ ਮਿਉਂਸਪਲ ਕਮੇਟੀ ਨੇ ਹੁਕਮ ਦਿੱਤਾ ਕਿ ਟੋਭੇ ਦੇ ਇਰਦ-ਗਿਰਦ ਕਨਾਤਾਂ ਲਾ ਦਿੱਤੀਆਂ ਜਾਣ। ਜਦੋਂ ਕਿਸੇ ਨੇ ਇਹ ਗੱਲ ਸਮਝਾਈ ਕਿ ਵੱਡੇ ਟੋਭੇ ਦੀ ਬਦਬੂ ਨੂੰ ਕਨਾਤਾਂ ਨਹੀਂ ਰੋਕ ਸਕਦੀਆਂ ਤਾਂ ਹੁਕਮ ਹੋਇਆ ਕਿ ਉਥੇ ਧੂਫ ਦੇ ਡਲੇ ਧੁਖਾਏ ਜਾਣ।

ਸੰਜੇ ਦੀ ਸ਼ਾਨ ਵਿਚ ਪੰਜ ਮੀਲ ਤੀਕ ਫੁੱਲਾਂ ਦੇ ਦਰਵਾਜ਼ੇ ਬਣਾਏ ਗਏ। ਸੰਜੇ ਸ਼ਹਿਰ ਵਿਚ ਦਾਖਲ ਹੋਇਆ ਤਾਂ ਉਸ ਦੇ ਸਵਾਗਤ ਵਿਚ ਨਾਹਰਿਆਂ ਨਾਲ ਆਸਮਾਨ ਗੂੰਜ ਉਠਿਆ। ਸਭ ਨੇ ਇਕ ਦੂਜੇ ਤੋਂ ਵਧ ਚੜ੍ਹ ਕੇ ਤਕਰੀਰਾਂ ਕੀਤੀਆਂ। ਤਾਰੀਫ ਨਾਲ ਭਰੇ ਭਾਸ਼ਣ ਦਿੱਤੇ। ਇਕ ਮੋਟੇ ਲੀਡਰ ਜਿਸ ਨੇ ਖੱਦਰ ਦੀ ਕਮੀਜ਼ ਤੇ ਪਜਾਮਾ ਪਾਇਆ ਹੋਇਆ ਸੀ, ਨੇ ਉਚਾ ਨਾਹਰਾ ਲਾਇਆ, "ਆਜ ਕੀ ਨੇਤਾ-ਇੰਦਰਾ ਗਾਂਧੀ, ਕੱਲ੍ਹ ਕਾ ਨੇਤਾ-ਸੰਜੇ ਗਾਂਧੀ!"

ਸਾਰਾ ਮਾਹੌਲ ਤਾੜੀਆਂ ਨਾਲ ਗੂੰਜ ਉਠਿਆ। ਸੰਜੇ ਆਪਣੀ ਸੀਟ ਤੋਂ ਉਠਿਆ ਤੇ ਮਾਈਕਰੋਫੋਨ ਦੇ ਸਾਹਮਣੇ ਆਇਆ। ਯਕਦਮ ਚੁੱਪ ਛਾ ਗਈ। ਲੋਕਾਂ ਦੇ ਦਿਲ ਧੜਕਣ ਲੱਗੇ। ਤੀਵੀਆਂ ਨੇ ਇਕ ਦੂਜੀ ਨੂੰ ਕੂਹਣੀ ਮਾਰ ਕੇ ਆਖਿਆ, "ਕੂੜੇ ਸੋਹਣਾ ਏ!" ਕਾਲਜਾਂ ਦੀਆਂ ਕੁੜੀਆਂ ਦੀਆਂ ਰਗਾਂ ਵਿਚ ਖੂਨ ਤੇਜ਼ ਵਗਣ ਲੱਗਾ।

ਸੰਜੇ ਨੇ ਬਹੁਤ ਸਾਦਾ ਤੇ ਠੰਢੀ ਆਵਾਜ਼ ਵਿਚ ਬੋਲਣਾ ਸ਼ੁਰੂ ਕੀਤਾ। ਇਸ ਸਪੀਚ ਵਿਚ ਨਾ ਕੋਈ ਅਲੰਕਾਰ ਸੀ, ਨਾ ਵੱਡੇ ਵੱਡੇ ਵਿਸ਼ੇਸ਼ਣ। ਬਿਲਕੁਲ ਸਾਦਾ ਤੇ ਸਿੱਧੀ ਗੱਲ। ਚਾਰ ਮਿੰਟ ਪਿੱਛੋਂ ਉਹ ਆਪਣਾ ਭਾਸ਼ਣ ਖਤਮ ਕਰਕੇ ਯਕਦਮ ਬੈਠ ਗਿਆ। ਤਾੜੀਆਂ ਨਾਲ ਫਿਰ ਅਸਮਾਨ ਗੂੰਜ ਉਠਿਆ।

ਸੰਜੇ ਏਨਾ ਥੋੜ੍ਹਾ ਬੋਲਿਆ ਤੇ ਏਨੀ ਛੇਤੀ ਆਪਣੀ ਗੱਲ ਮੁਕਾ ਦਿੱਤੀ ਕਿ ਲੋਕਾਂ ਨੂੰ ਹੈਰਾਨੀ ਹੋਈ। ਬਹੁਤ ਸਾਰੇ ਲੋਕ ਤਾਂ ਹਾਲੇ ਉਸ ਦਾ ਭਾਸ਼ਣ ਸੁਨਣ ਲਈ ਤਿਆਰ ਹੀ ਹੋ ਰਹੇ ਸਨ। ਉਸ ਨੇ ਮੋਟੀਆਂ-ਮੋਟੀਆਂ ਪੰਜ ਗੱਲਾਂ ਆਖੀਆਂ, "ਯਿਹ ਬਾਤੇਂ ਕਰਨੇ ਦਾ ਵਕਤ ਨਹੀਂ, ਕਾਮ ਕਰਨੇ ਕਾ ਵਕਤ ਹੈ। ਮੈਂ ਚਾਹਤਾ ਹੂੰ ਕਿ ਮੁਲਕ ਮੇਂ ਕਾਮ ਹੋ... ਨੌਜਵਾਨੋ ਨੇ ਇਸ ਕਾਮ ਕਾ ਬੀੜਾ ਉਠਾਇਆ ਹੈ... ਹਮਾਰੇ ਸਾਹਮਣੇ ਸਭ ਸੇ ਜ਼ਰੂਰੀ ਪਾਂਚ ਕਾਮ ਹੈਂ: ਅਨਪੜ੍ਹਤਾ ਕਾ ਖਾਤਮਾ, ਦਰਖਤੋਂ ਕਾ ਉਗਾਨਾ, ਗੰਦੀ ਬਸਤੀਓਂ ਕੋ ਸਾਫ ਕਰਨਾ, ਪਰਿਵਾਰ ਨਿਯੋਜਨ ਔਰ ਦਹੇਜ ਕੀ ਬੁਰੀ ਰਸਮ ਕਾ ਖਾਤਮਾ। ਦੇਸ਼ ਕੀ ਤਰੱਕੀ ਕੇ ਲੀਏ ਯਿਹ ਸਭ ਚੀਜ਼ੇਂ ਜ਼ਰੂਰੀ ਹੈਂ... ਮੁਝੇ ਬਠਿੰਡਾ ਪਸੰਦ ਹੈ... ਯਹਾਂ ਕੇ ਲੋਗ ਬੜੇ ਮਿਹਨਤੀ ਔਰ ਕਾਮ ਕਰਨੇ ਵਾਲੇ ਹੈਂ... ਕਾਮ ਬਹੁਤ ਹੋਨਾ ਚਾਹੀਏ। ਬਾਤੇਂ ਕਮ। ਧੰਨਯਵਾਦ!"

ਉਸ ਦੇ ਅੰਦਾਜ਼ ਵਿਚ ਇਕ ਫ਼ਖਰ ਤੇ ਗੰਭੀਰਤਾ ਸੀ, ਸਹਿਜ਼ਾਦਿਆਂ ਵਾਲਾ ਜਮਾਂਦਰੂ ਗੌਰਵ ਜੋ ਲੋਕਾਂ ਦੀ ਪੂਰਨ ਅਧੀਨਗੀ ਨੂੰ ਸਹਿ-ਸੁਭਾਵਕ ਕਬੂਲ ਕਰਵਾਉਂਦਾ ਸੀ। ਉਸ ਨੂੰ ਖੁਸ਼ਾਮਦੀ ਵਿਉਪਾਰੀਆਂ, ਕਾਂਗਰਸੀ ਲੀਡਰਾਂ, ਅਫਸਰਾਂ ਤੇ ਔਰਤਾਂ ਤੋਂ ਚਿੜ੍ਹ ਸੀ। ਹਰ ਕੋਈ ਇਸ ਗੱਲ ਲਈ ਕਾਹਲਾ ਸੀ ਕਿ ਉਸ ਦੀ ਹਾਜ਼ਰੀ ਲੱਗ ਜਾਵੇ ਤਾਂ ਜੋ ਦੁਨੀਆਂ ਦੀ ਸਭ ਤੋਂ ਵੱਡੀ ਡੈਮੋਕਰੇਸੀ ਦੀ ਮਲਿਕਾ ਦੇ ਨਿੱਖਰੇ ਹੋਏ ਰਾਜ ਕੁਮਾਰ ਦੀ ਨਜ਼ਰ ਉਸ ਵਲ ਸਵੱਲੀ ਰਹੇ। ਚੰਡੀਗੜ੍ਹ ਦੀਆਂ ਫੈਸ਼ਨੇਬਲ ਕੁੜੀਆਂ ਲੰਮੀਆਂ ਕਾਰਾਂ ਵਿਚ ਇਸ ਜਲਸੇ ਵਿਚ ਸ਼ਾਮਿਲ ਹੋਣ ਲਈ ਦੌੜ ਪਈਆਂ ਸਨ। ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਖੁਦ ਕਈ ਰਾਤਾਂ ਉਨੀਂਦਰੀਆਂ ਕੱਟੀਆਂ ਤਾਂ ਜੁ ਸੰਜੇ ਦੀ ਆਮਦ ਲਈ ਇੰਤਜ਼ਾਮ ਪੂਰੇ ਹੋਣ।

ਮੋਟੇ ਲਾਲੇ ਤੇ ਚੋਪੜੀਆਂ ਦਾੜ੍ਹੀਆਂ ਵਾਲੇ ਸਰਦਾਰ ਸੰਜੇ ਨੂੰ ਦੇਖ ਕੇ ਖੁਸ਼ੀ ਪਰਗਟ ਕਰ ਰਹੇ ਸਨ ਤੇ ਹਾਸੇ ਨਾਲ ਉਨ੍ਹਾਂ ਦੀਆਂ ਖਾਖਾਂ ਕੰਨਾਂ ਨੂੰ ਲੱਗ ਰਹੀਆਂ ਸਨ। ਸੰਜੇ ਨੂੰ ਇਸ ਤਰ੍ਹਾਂ ਦੀਆਂ ਚਿਕਨੀਆਂ ਤੇ ਝੂਠੀਆਂ ਮੁਸਕਰਾਹਟਾਂ ਤੋਂ ਨਫਰਤ ਸੀ। ਉਹ ਲੋਕ ਪੂਰਾ ਯਤਨ ਲਾ ਰਹੇ ਸਨ ਉਸ ਨੂੰ ਖੁਸ਼ ਕਰਨ ਦਾ। ਉਨ੍ਹਾਂ ਦੀਆਂ ਮੁਸਕਰਾਹਟਾਂ ਵਿਚ ਖੌਫ ਜੰਮਿਆ ਹੋਇਆ ਸੀ ਕਿਉਂਕਿ ਉਹ ਡਰਦੇ ਸਨ ਕਿ ਸੰਜੇ ਕਿਤੇ ਉਨ੍ਹਾਂ ਦੀ ਚਾਪਲੂਸੀ ਉਪਰ ਨਾਰਾਜ਼ ਨਾ ਹੋ ਜਾਵੇ।

ਭਾਸ਼ਣ ਦੇਣ ਪਿੱਛੋਂ ਸੰਜੇ ਸਟੇਜ ਤੋਂ ਉਤਰਿਆ ਤੇ ਸਿੱਧਾ ਆਪਣੀ ਮੋਟਰ-ਕਾਰ ਵਿਚ ਜਾ ਬੈਠਾ, ਗਿਆਨੀ ਜ਼ੈਲ ਸਿੰਘ ਵੀ ਉਸ ਦੇ ਨਾਲ ਸੀ। ਲੋਕਾਂ ਦੇ ਹਜੂਮ ਵਿਚੋਂ ਉਨ੍ਹਾਂ ਦੀ ਕਾਰ ਲੰਘੀ, ਪੁਲਿਸ ਲੋਕਾਂ ਦੇ ਪਾਗਲ ਜੋਸ਼ ਨੂੰ ਰੋਕਣ ਲਈ ਸ਼ਿੱਦਤ ਨਾਲ ਕੰਮ ਕਰ ਰਹੀ ਸੀ।

ਯਕਦਮ ਇਕ ਔਰਤ ਰੋਂਦੀ ਹੋਈ ਸੰਜੇ ਦੀ ਕਾਰ ਅੱਗੇ ਆ ਕੇ ਲਿਟ ਗਈ, ਉਸ ਦੇ ਵਾਲ ਖੁੱਲ੍ਹੇ ਸਨ। ਸੰਜੇ ਕਾਰ ਤੋਂ ਹੇਠਾਂ ਉਤਰਿਆ ਤਾਂ ਉਹ ਤੀਵੀਂ ਉਹਦੇ ਪੈਰਾਂ 'ਤੇ ਡਿੱਗ ਗਈ। ਸੰਜੇ ਫੌਰਨ ਪਿੱਛੇ ਹਟਿਆ ਤੇ ਰੋਂਦੀ ਹੋਈ ਔਰਤ ਨੂੰ ਪੁੱਛਿਆ ਕਿ ਕੀ ਗੱਲ ਐ? ਔਰਤ ਨੇ ਹਿੱਚਕੀਆਂ ਲੈਂਦੇ ਹੋਏ ਸ਼ਿਕਾਇਤ ਕੀਤੀ ਕਿ ਉਸ ਦੀ ਸ਼ਾਦੀ ਇਕ ਅਜਿਹੇ ਜ਼ਾਲਿਮ ਨਾਲ ਹੋਈ ਜੋ ਹੋਰ ਦਹੇਜ ਮੰਗਦਾ ਸੀ ਤੇ ਵਾਰ-ਵਾਰ ਉਸ ਨੂੰ ਕੁੱਟ ਕੇ ਉਸ ਦੇ ਮਾਪਿਆਂ ਦੇ ਘਰ ਭੇਜ ਦਿੰਦਾ ਸੀ ਕਿ ਹੋਰ ਪੈਸਾ ਲਿਆਵੇ। ਉਸ ਨੇ ਸ਼ਰਾਬ ਪੀ ਕੇ ਉਸ ਨੂੰ ਮਾਰਿਆ ਤੇ ਘਰੋਂ ਕੱਢ ਦਿੱਤਾ। ਉਹ ਰੋ ਕੇ ਬੋਲੀ, "ਮੇਰੀ ਮਦਦ ਕਰੋ ਰੱਬ ਦੇ ਵਾਸਤੇ, ਹੁਣ ਤੁਸੀਂ ਹੀ ਸਾਡੇ ਮਾਈ-ਬਾਪ ਹੋ!"

ਸੰਜੇ ਨੇ ਗਿਆਨੀ ਜ਼ੈਲ ਸਿੰਘ ਨੂੰ ਕਿਹਾ, "ਇਸ ਕੇਸ ਦੀ ਤਫਤੀਸ਼ ਆਪ ਫੌਰਨ ਕਰੇਂ! ਅਗਰ ਜ਼ਰੂਰਤ ਪੜ੍ਹੇ ਤੋ ਉਸੇ ਗ੍ਰਿਫਤਾਰ ਭੀ ਕਰ ਸਕਤੇਂ ਹੈਂ।" ਗਿਆਨੀ ਜ਼ੈਲ ਸਿੰਘ ਨੇ ਪੁਲਿਸ ਅਫਸਰ ਨੂੰ ਫੌਰਨ ਹੁਕਮ ਦਿੱਤਾ ਕਿ ਰਾਤ ਤੋਂ ਪਹਿਲਾਂ-ਪਹਿਲਾਂ ਇਸ ਵਾਕਿਆ ਦਾ ਪਤਾ ਲਾਇਆ ਜਾਵੇ ਤੇ ਉਸ ਆਦਮੀ ਨੂੰ ਪੇਸ਼ ਕੀਤਾ ਜਾਵੇ। ਸੰਜੇ ਦੇ ਦਿਲਾਸਾ ਦੇਣ ਨਾਲ ਉਹ ਔਰਤ ਸ਼ਾਂਤ ਹੋ ਗਈ ਤੇ ਅਸੀਸਾਂ ਦੇਣ ਲੱਗੀ।

ਸੰਜੇ ਦਾ ਇਨਸਾਫ ਉਨ੍ਹਾਂ ਰਾਜਿਆਂ ਤੇ ਬਾਦਸ਼ਾਹਾਂ ਦੀ ਯਾਦ ਦੁਆਉਂਦਾ ਸੀ ਜੋ ਪਿੰਡਾਂ ਵਿਚ ਜਾ ਕੇ ਪਰਜਾ ਦੇ ਦੁੱਖ ਪੁੱਛਦੇ ਤੇ ਉਥੇ ਹੀ ਕਚਹਿਰੀ ਲਾ ਲੈਂਦੇ। ਇਹ ਤੁਰੰਤ ਇਲਾਜ ਤੇ ਤੁਰੰਤ ਅਸਰ ਵਾਲੀ ਦਵਾ ਸੀ। ਰਾਜੇ ਦੇ ਇਨਸਾਫ ਦੀ ਧੁੰਮ ਫੈਲ ਜਾਂਦੀ। ਸੰਜੇ ਵੀ ਗਰੀਬ ਕਿਸਾਨਾਂ ਤੇ ਜੱਟਾਂ-ਜੱਟੀਆਂ ਦੀਆਂ ਅੱਖਾਂ ਵਿਚ ਇਹੋ ਜਿਹਾ ਹੀ ਰਾਜ ਕੁਮਾਰ ਸੀ। ਪਿੰਡਾਂ ਦੇ ਲੋਕ ਹੁਣ ਵੀ ਮੱਧ-ਕਾਲ ਦੇ ਵਾਯੂਮੰਡਲ ਵਿਚ ਰਹਿ ਰਹੇ ਸਨ ਤੇ ਉਨ੍ਹਾਂ ਦੀਆਂ ਕੁਝ-ਕੁਝ ਸਮਾਜੀ ਕਦਰਾਂ-ਕੀਮਤਾਂ ਉਸੇ ਮੱਧ-ਕਾਲ ਦੀਆਂ ਸਨ। ਸ਼ਾਇਦ ਇਹੋ ਇਕ ਤਰੀਕਾ ਸੀ ਲੋਕਾਂ ਨੂੰ ਦੱਸਣ ਦਾ ਤੇ ਉਨ੍ਹਾਂ ਦਾ ਯਕੀਨ ਜਿੱਤਣ ਦਾ। ਉਹ ਸਾਬਤ ਕਰਨਾ ਚਾਹੁੰਦਾ ਸੀ ਕਿ ਜੋ ਉਸਨੇ ਆਖਿਆ ਹੈ, ਉਹ ਪੱਥਰ 'ਤੇ ਲੀਕ ਹੈ। ਉਸ ਦਾ ਵਚਨ ਪੱਕਾ ਤੇ ਫੈਸਲਾ ਅਟੱਲ ਹੈ।

ਆਖਰ ਕਾਨੂੰਨ ਕੀ ਚੀਜ਼ ਹੈ? ਇਹ ਸਿਰਫ ਕਿਤਾਬਾਂ ਵਿਚ ਲਿਖੇ ਸ਼ਬਦ ਨਹੀਂ ਤੇ ਨਾ ਹੀ ਅਦਾਲਤੀ ਬੂਹਿਆਂ ਪਿੱਛੇ ਕੋਈ ਗੁਪਤ ਅਣਡਿੱਠਾ ਕ੍ਰਿਸ਼ਮਾ। ਕਾਨੂੰਨ ਉਹ ਚੀਜ਼ ਹੈ ਜਿਸ ਨੂੰ ਲੋਕ ਦੇਖ ਸਕਣ। ਉਹ ਇਸ ਨੂੰ ਹੱਥ ਲਾ ਕੇ ਮਹਿਸੂਸ ਕਰ ਸਕਣ ਜਿਵੇਂ ਕਿ ਉਹ ਕਿਸੇ ਦਰੱਖਤ ਜਾਂ ਬੁੱਤ ਨੂੰ ਹੱਥ ਲਾ ਕੇ ਦੇਖਦੇ ਤੇ ਮਹਿਸੂਸ ਕਰਦੇ ਹਨ। ਜਦੋਂ ਕੋਈ ਜੱਟ ਗੁੜ ਜਾਂ ਘਿਉ ਖਰੀਦਣ ਜਾਂਦਾ ਹੈ ਤਾਂ ਉਹ ਇਸ ਨੂੰ ਹੱਥ ਲਾ ਕੇ ਪਰਖਦਾ ਤੇ ਚੱਖਦਾ ਹੈ। ਪਿੰਡਾਂ ਦੇ ਲੋਕ ਕਾਨੂੰਨ ਨੂੰ ਵੀ ਇਸੇ ਤਰ੍ਹਾਂ ਚੱਖਣਾ ਤੇ ਪਰਖਣਾ ਚਾਹੁੰਦੇ ਹਨ, ਇਸ ਨੂੰ ਪਰਤੱਖ ਦੇਖਣਾ ਚਾਹੁੰਦੇ ਹਨ। ਸੰਜੇ ਇਕ ਇਹੋ ਕਾਨੂੰਨ ਸੀ ਜਿਸ ਨੂੰ ਲੋਕ ਸਾਖਸ਼ਾਤ ਦੇਖ ਸਕਦੇ ਸਨ, ਇਸ ਨਾਲ ਲੋਕਾਂ ਦੀ ਉਤਸੁਕਤਾ ਸੰਤੁਸ਼ਟ ਹੁੰਦੀ ਸੀ ਤੇ ਉਹ ਸ਼ਕਤੀ ਵਿਚ ਵਿਸ਼ਵਾਸ ਰੱਖਣ ਲਈ ਤਿਆਰ ਹੋ ਜਾਂਦੇ ਸਨ ਜੋ ਸੰਜੇ ਵਿਚ ਝਲਕਦੀ ਸੀ। ਉਸ ਨੇ ਦੁੱਧ ਚਿੱਟੇ ਖੱਦਰ ਦਾ ਕੁੜਤਾ-ਪਜਾਮਾ ਪਾਇਆ ਸੀ ਤੇ ਪੈਰੀਂ ਚੱਪਲ। ਹੋਰ ਕੋਈ ਸ਼ਿੰਗਾਰ ਨਹੀਂ ਸੀ। ਉਸ ਦੇ ਸਾਰੇ ਵਤੀਰੇ ਵਿਚ ਇਕ ਨਿਤਰੇਵਾਂ ਸੀ ਜੋ ਫੈਸਲਾ ਕਰਨ ਵਾਲੇ ਮਰਦਾਂ ਵਿਚ ਹੁੰਦਾ ਹੈ। ਉਸ ਦੀਆਂ ਲੰਮੀਆਂ-ਪਤਲੀਆਂ ਉਂਗਲਾਂ, ਲਾਲੀ ਮਾਰਦਾ ਕਸ਼ਮੀਰੀ ਚਿਹਰਾ ਤੇ ਉਚਾ ਮੱਥਾ ਲੋਕਾਂ ਨੂੰ ਕਿਤੇ-ਕਿਤੇ ਨੌਜਵਾਨ ਪੰਡਿਤ ਨਹਿਰੂ ਦੀ ਝਲਕ ਦੁਆਉਂਦਾ ਸੀ।

ਪ੍ਰੋਗਰਾਮ ਅਨੁਸਾਰ ਸੰਜੇ ਦੇ ਸੁਆਗਤ ਵਿਚ ਲੰਚ ਸੀ। ਹਰ ਕੋਈ ਖਾਣੇ ਦੇ ਮੇਜ਼ਾਂ ਦੁਆਲੇ ਇਕੱਠਾ ਹੋ ਗਿਆ। ਕਾਂਗਰਸੀ ਲੀਡਰ ਤੇ ਯੂਥ ਕਾਂਗਰਸੀਏ ਮੁਰਗੇ ਪਾੜਨ ਤੇ ਛਕਣ ਵਿਚ ਮਸ਼ਰੂਫ ਸਨ ਕਿ ਸੰਜੇ ਛੇਤੀ ਨਾਲ ਉਥੋਂ ਚਲਾ ਗਿਆ। ਕਈ ਲੀਡਰ ਮੁਰਗਿਆਂ ਦੀਆਂ ਅੱਧ-ਚੱਬੀਆਂ ਟੰਗਾਂ ਛੱਡ ਕੇ ਸੰਜੇ ਦੇ ਮਗਰ ਦੌੜੇ। ਸੰਜੇ ਬਹੁਤ ਤੇਜ਼ ਜਾ ਰਿਹਾ ਸੀ। ਮੋਟੇ ਲੀਡਰ ਹਫਦੇ ਹੋਏ ਪਿੱਛੇ-ਪਿੱਛੇ ਦੌੜ ਰਹੇ ਸਨ ਤੇ ਜਦੋਂ ਸੰਜੇ ਕਾਰ ਵਿਚ ਬੈਠਾ ਤਾਂ ਮਸਾਂ ਉਸ ਨਾਲ ਜਾ ਕੇ ਰਲੇ। ਕਾਰਾਂ ਦਾ ਕਾਫਲਾ ਧੂੜ ਉਡਾਉਂਦਾ ਤੁਰਿਆ। ਸਾਰੇ ਜਣੇ ਸੰਜੇ ਨੂੰ ਹਵਾਈ ਜਹਾਜ਼ ਤੱਕ ਛੱਡਣ ਗਏ। ਸਾਰਾ ਹਫਤਾ ਸੰਜੇ ਦੀਆਂ ਗੱਲਾਂ ਹੁੰਦੀਆਂ ਰਹੀਆਂ।

ਮੈਂ ਕਈ ਸਾਲਾਂ ਤੋਂ ਬਠਿੰਡੇ ਨਹੀਂ ਸੀ ਗਿਆ। ਹੁਣ ਯਕਦਮ ਇਉਂ ਲੱਗਿਆ ਜਿਵੇਂ ਇਹ ਮੇਰਾ ਇਕ ਹਿੱਸਾ ਹੀ ਹੋਵੇ। ਮੈਨੂੰ ਜ਼ਿੰਦਗੀ ਦੀ ਇਕ ਨਵੀਂ ਤਹਿ ਦਾ ਅਹਿਸਾਸ ਹੋਇਆ। ਮੈਂ ਪੁਰਾਣੇ ਦੋਸਤਾਂ ਨੂੰ ਮਿਲਿਆ ਜੋ ਹੁਣ ਬਿਲਕੁੱਲ ਬਦਲ ਗਏ ਸਨ। ਮੈਂ ਵੀ ਜ਼ਰੂਰ ਬਦਲ ਗਿਆ ਹੋਵਾਂਗਾ...

ਹਰ ਚੀਜ਼ ਬਦਲ ਰਹੀ ਸੀ। ਮੇਰਾ ਪੁਰਾਣਾ ਸਕੂਲ ਜਿੱਥੇ ਮੈਂ ਪੜ੍ਹਦਾ ਹੁੰਦਾ ਸਾਂ, ਹੁਣ ਕਿਤੇ ਨਜ਼ਰ ਨਹੀਂ ਸੀ ਆ ਰਿਹਾ। ਰੇਤ ਦੇ ਟਿੱਬੇ ਜਿਨ੍ਹਾਂ ਤੋਂ ਬਚਪਨ ਵਿਚ ਡਰ ਆਉਂਦਾ ਸੀ, ਹੁਣ ਨਿੱਕੇ ਤੇ ਮਾਸੂਮ ਜਾਪਦੇ ਸਨ। ਮੇਰੀ ਤਾਈ ਜੋ ਇੰਨੀ ਤਾਕਤਵਰ ਸੀ ਕਿ ਉਸ ਨੇ ਇਕ ਵਾਰ ਇਕੱਲੀ ਨੇ ਰਾਤ ਨੂੰ ਚੋਰ ਫੜ ਕੇ ਢਾਹ ਲਿਆ ਸੀ, ਹੁਣ ਬੁੱਢੀ ਹੋ ਗਈ ਸੀ ਤੇ ਡਿਉੜੀ ਵਿਚ ਬੈਠੀ ਚਰਖਾ ਕੱਤ ਰਹੀ ਸੀ। ਇਕ ਪਤਲਾ ਇਨਕਲਾਬੀ ਮਿੱਤਰ ਜਿਸ ਨੇ ਕਈ ਹੜਤਾਲਾਂ ਕਰਵਾਈਆਂ ਸਨ, ਨੇ ਹੁਣ ਘਿਉ ਦੀ ਹੱਟੀ ਖੋਹਲ ਲਈ ਤੇ ਮੋਟਾ ਹੋ ਗਿਆ ਸੀ।

ਮੇਰੇ ਦੋਸਤ ਕੰਵਰ ਚੰਦ ਗੁਪਤਾ ਦਾ ਅਮੀਰ ਬਾਪ ਲਾਲਾ ਮਿੱਤਰ ਸੈਨ ਮਰਿਆ ਤਾਂ ਪਿੱਛੇ ਲੱਖਾਂ ਦੀ ਜਾਇਦਾਦ ਤੇ ਜ਼ਮੀਨਾਂ ਛੱਡ ਗਿਆ ਸੀ। ਕੰਵਰ ਚੰਦ ਨੇ ਸਾਰੀ ਉਮਰ ਕੋਈ ਕੰਮ ਨਹੀਂ ਸੀ ਕੀਤਾ, ਸਿਰਫ ਫਿਲਾਸਫੀ ਤੇ ਸਾਹਿਤ ਦੀਆਂ ਕਿਤਾਬਾਂ ਪੜ੍ਹੀਆਂ ਤੇ ਉਚੇ ਇਨਸਾਫ ਦੀਆਂ ਗੱਲਾਂ ਕੀਤੀਆਂ। ਉਸ ਪਿੱਛੋਂ ਜਦੋਂ ਜ਼ਮੀਨਾਂ ਦੇ ਨਵੇਂ ਕਾਨੂੰਨ ਲਾਗੂ ਹੋਏ ਤੇ ਮੁਜ਼ਾਰਿਆਂ ਨੂੰ ਜ਼ਮੀਨ ਦੇ ਹੱਕ ਮਿਲ ਗਏ ਤਾਂ ਕੰਵਰ ਚੰਦ ਨੂੰ ਉਦਾਸੀ ਦੇ ਦੌਰੇ ਪੈਣ ਲੱਗੇ... ਹਰ ਕੋਈ ਉਸ ਨੂੰ ਲੁੱਟ ਰਿਹਾ ਸੀ ਤੇ ਉਸ ਦੀਆਂ ਚੀਜ਼ਾਂ ਖੋਹ ਰਿਹਾ ਸੀ...ਇਸ ਦੇ ਝਾਉਲੇ ਪੈਂਦੇ। ਉਸ ਦੀਆਂ ਉਦਾਸ ਅੱਖਾਂ ਦੇ ਗਿਰਦ ਕਾਲੇ ਛੱਲੇ ਸਨ, ਅੱਖਾਂ ਦੇ ਹੇਠਾਂ ਗਹਿਰੇ ਰਸੌਂਤੀ ਛੱਲੇ ਸਨ। ਜਿਵੇਂ ਕਿਸੇ ਨੇ ਕੌਲੀ ਨੂੰ ਖੁਭੋ ਦਿੱਤਾ ਹੋਵੇ। ਉਹ ਲੋਕਾਂ ਨਾਲ ਗੱਲ ਕਰਨੋਂ ਹਟ ਗਿਆ। ਜਦੋਂ ਡਾਕਟਰ ਉਸਦੇ ਸੂਆ ਲਾਉਣ ਆਉਂਦਾ ਤਾਂ ਉਹ ਬੋਲਣ ਦੀ ਪੂਰੀ ਕੋਸ਼ਿਸ਼ ਕਰਦਾ... ਪਰ ਆਵਾਜ਼ ਉਸ ਦੀ ਸੰਘੀ 'ਚੋਂ ਬੱਤਖ ਦੀ ਕੈਂ-ਕੈਂ ਵਾਂਗ ਨਿਕਲਦੀ।

ਉਸ ਨੂੰ ਰਾਂਚੀ ਦੇ ਪਾਗਲਖਾਨੇ ਦਾਖਲ ਕਰਵਾ ਦਿੱਤਾ ਗਿਆ। ਉਥੇ ਉਸ ਨੂੰ ਬਿਜਲੀ ਦੇ ਝਟਕਿਆਂ ਨਾਲ ਮਸਾਂ ਠੀਕ ਕੀਤਾ ਗਿਆ। ਉਹ ਛੇ ਮਹੀਨਿਆਂ ਪਿੱਛੋਂ ਮੁੜਿਆ ਤਾਂ ਪਤਲਾ ਹੋ ਗਿਆ ਸੀ। ਉਸ ਦੀਆਂ ਅੱਖਾਂ ਹੋਰ ਅੰਦਰ ਨੂੰ ਧਸ ਗਈਆਂ ਸਨ, ਇਕ ਅਜੀਬ ਚਮਕ ਬਲਦੀ ਸੀ ਇਨ੍ਹਾਂ ਅੱਖਾਂ ਵਿਚ। ਉਹ ਆਪਣੇ ਘਰ ਗੱਦੀ 'ਤੇ ਪਿਆ ਚੈਖਵ, ਦਸਤੋਵਸਕੀ, ਜ਼ੋਲਾ ਤੇ ਸ਼ੋਪਨਹਾਵਰ ਪੜ੍ਹਦਾ ਰਹਿੰਦਾ। ਉਹ ਸੌਂ ਕੇ ਦਿਨ ਦੇ ਬਾਰਾਂ ਵਜੇ ਉਠਦਾ। ਗੱਦੀ 'ਤੇ ਪਿਆ ਸੋਚਦਾ ਰਹਿੰਦਾ, ਚਾਰ ਵਜੇ ਨਾਸ਼ਤਾ ਕਰਦਾ ਤੇ ਸੂਰਜ ਅਸਤ ਹੋਣ ਵੇਲੇ ਨਹਾ-ਧੋ ਕੇ ਤਿਆਰ ਹੁੰਦਾ। ਮੈਨੂੰ ਕੰਵਰ ਚੰਦ ਦੀ ਸੋਹਬਤ ਬਹੁਤ ਚੰਗੀ ਲਗਦੀ। ਉਸ ਨਾਲ ਗੱਲਾਂ ਕਰਕੇ ਬਹੁਤ ਅਨੰਦ ਆਉਂਦਾ ਕਿਉਂਕਿ ਇਨ੍ਹਾਂ ਵਿਚ ਜ਼ਿੰਦਗੀ ਦੀਆਂ ਅਜੀਬ ਹਨੇਰੀਆਂ ਕੁੜੱਤਣਾਂ ਤੇ ਸੱਚਾਈਆਂ ਸਨ।

ਹੁਣ ਜਦੋਂ ਮੈਂ ਉਸ ਨੂੰ ਮਿਲਣ ਗਿਆ ਤਾਂ ਉਹ ਆਪਣੇ ਘਰ ਦੀ ਬੈਠਕ ਵਿਚ ਆਰਾਮ ਕੁਰਸੀ 'ਤੇ ਬੈਠਾ ਸੀ। ਫਰਸ਼ 'ਤੇ ਸਿਗਰਟਾਂ ਦੇ ਟੋਟੇ ਖਿਲਰੇ ਪਏ ਸਨ। ਮੈਂ ਉਸ ਤੋਂ ਇਕ ਸਿਗਰਟ ਲੈ ਕੇ ਸੁਲਗਾਈ ਤੇ ਇਸ ਦੀ ਰਾਖ ਫਰਸ਼ 'ਤੇ ਝਾੜਨ ਤੋਂ ਸੰਕੋਚ ਕੀਤਾ। ਮੈਂ ਉਸ ਨੂੰ ਪੁੱਛਿਆ ਕਿ ਐਸ਼-ਟਰੇ ਕਿੱਥੇ ਹੈ। ਉਹ ਬੋਲਿਆ, "ਇਹ ਸਾਰਾ ਕਮਰਾ ਹੀ ਐਸ਼-ਟਰੇ ਹੈ। ਤੂੰ ਸਿਗਰਟ ਝਾੜ ਤੇ ਪ੍ਰਵਾਹ ਨਾ ਕਰ।" ਅਸੀਂ ਜ਼ਿੰਦਗੀ ਬਾਰੇ ਗੱਲਾਂ ਕਰਨ ਲੱਗੇ। ਕੰਵਰ ਚੰਦ ਨੇ ਆਖਿਆ, "ਆਦਮੀ ਦਾ ਖਿਆਲ ਐ ਕਿ ਸਿਰਫ ਉਸੇ ਵਿਚ ਸੋਚਣ ਦੀ ਸ਼ਕਤੀ ਐ। ਬਕਵਾਸ! ਪੱਥਰ ਵੀ ਸੋਚਦੇ ਨੇ। ਪੌਦੇ ਵੀ। ਇਨਸਾਨ ਵੀ। ਪਰ ਅਸੀਂ ਇਕ-ਦੂਜੇ ਦੇ ਮਨ ਦੀ ਗੱਲ ਨਹੀਂ ਸਮਝ ਸਕਦੇ। ਕੋਈ ਕਿਵੇਂ ਜਾਣ ਸਕਦੈ ਕਿ ਮੇਰੇ ਮਨ ਵਿਚ ਕੀ ਹੋ ਰਿਹੈ। ਮੈਨੂੰ ਆਪ ਨਹੀਂ ਪਤਾ। ਯਕਦਮ ਖਿਆਲ ਆਉਂਦੇ ਨੇ ਪਤਾ ਨਹੀਂ ਕਿੱਥੋਂ... ਸਾਉਣ ਦੇ ਬੱਦਲਾਂ ਵਾਂਗ... ਪਤਾ ਨਹੀਂ ਕਿੱਥੋਂ ਆਉਂਦੇ ਨੇ ਇਹ ਖਿਆਲ ਤੇ ਉਹ ਗੱਲਾਂ ਆਖ ਬੈਠਦਾ ਹਾਂ ਜਿਨ੍ਹਾਂ ਦਾ ਇਕ ਮਿੰਟ ਪਹਿਲਾਂ ਮੈਨੂੰ ਸੁਫਨਾ ਵੀ ਨਹੀਂ ਸੀ ਆ ਸਕਦਾ...ਮੈਂ ਜੋ ਹੁਣੇ ਗੱਲਾਂ ਆਖ ਰਿਹਾ ਹਾਂ, ਇਹ ਵੀ ਤੁਰੰਤ ਫੁਰੀਆਂ ਨੇ.. ਨਾਲ-ਨਾਲ ਤੁਰੀਆਂ ਆਉਂਦੀਆਂ ਨੇ। ਕਿਸੇ ਹੋਰ ਪਾਸਿਉਂ ਜਾਂ ਸ਼ਾਇਦ ਤੈਨੂੰ ਦੇਖ ਕੇ ਖਿਆਲ ਆ ਗਏ ਨੇ ਕੁਝ... ਜਾਂ ਸ਼ਾਇਦ ਸਾਹਮਣੇ ਬ੍ਰਿਛ ਨੂੰ ਦੇਖ ਕੇ... ਅਸੀਂ ਸਮਝ ਨਹੀਂ ਸਕਦੇ ਇਕ ਦੂਜੇ ਨੂੰ, ਨਾ ਇਕ ਦੂਜੇ ਦੀ ਗੱਲਬਾਤ ਨੂੰ। ਮੈਂ ਆਪਣੀ ਬੀਵੀ ਨੂੰ ਨਹੀਂ ਸਮਝਦਾ... ਮੈਂ ਉਸ ਦੀ ਗੱਲ ਨਹੀਂ ਸਮਝਦਾ, ਉਹ ਮੇਰੀ ਗੱਲ ਨਹੀਂ ਸਮਝਦੀ.. ਨਾ ਮੈਂ ਆਪਣੇ ਦਸ ਪੁੱਤਾਂ ਦੀ ਗੱਲ ਸਮਝਦਾ ਹਾਂ, ਉਹ ਮੈਨੂੰ ਨਹੀਂ ਸਮਝਦੇ, ਮੈਂ ਉਨ੍ਹਾਂ ਨੂੰ ਨਹੀਂ ਸਮਝਦਾ। ਫਿਰ ਦੱਸ ਮੈਨੂੰ ਕਿ ਅਸੀਂ ਫੁੱਲਾਂ ਤੇ ਪੌਦਿਆ ਦੀ ਗੱਲਬਾਤ ਕਿਵੇਂ ਸਮਝ ਸਕਦੇ ਹਾਂ ਤੇ ਪੱਥਰ ਦੀ? ਪੱਥਰ ਵਿਚ ਵੀ ਜ਼ਿੰਦਗੀ ਹੈ, ਧੜਕਣ ਹੈ, ਤਣਾਉ ਹੈ ਤੇ ਇਕ ਪੱਥਰ, ਦੂਜੇ ਪੱਥਰ ਨਾਲ ਜ਼ਰੂਰ ਗੱਲਾਂ ਕਰ ਰਿਹਾ ਹੋਵੇਗਾ ਜਿਵੇਂ ਫੁੱਲ ਇਕ ਦੂਜੇ ਨਾਲ ਗੱਲਾਂ ਕਰਦੇ ਨੇ, ਤੇ ਪਰਿੰਦੇ, ਤੇ ਕੀੜੀਆਂ... ਅੱਜਕੱਲ੍ਹ ਮੈਂ ਉੱਲੂ ਦੀ ਜ਼ਿੰਦਗੀ ਬਾਰੇ ਸੋਚ ਰਿਹਾ ਹਾਂ। ਅਸੀਂ ਉਸ ਨੂੰ ਬੇਵਕੂਫ ਸਮਝਦੇ ਹਾਂ, ਉਹ ਸਾਨੂੰ ਪਤਾ ਨਹੀਂ ਕੀ ਸਮਝਦੈ... ਉਹ ਉਜਾੜ ਵਿਚ ਕਿਸੇ ਦਰੱਖਤ 'ਤੇ ਬੈਠਾ ਸੋਚਦਾ ਰਹਿੰਦੈ। ਪਰਿੰਦਿਆਂ 'ਚੋਂ ਇਹ ਪਰਿੰਦਾ ਫਿਲਾਸਫਰ ਹੈ। ਯੋਗੀ। ਬੱਸ ਇਕਾਂਤ ਵਿਚ ਵਾਸਾ, ਸੋਚਦਾ ਹੋਵੇਗਾ ਕਿ ਇਹ ਸਾਰਾ ਦਿਨ ਚੋਗੇ ਦੀ ਤਲਾਸ਼ ਵਿਚ ਉਡਦੇ-ਫਿਰਦੇ ਹਨ, ਰੌਲਾ ਪਾਉਂਦੇ, ਗਾਉਂਦੇ, ਝਗੜਦੇ, ਬਹਿਸਾਂ ਕਰਦੇ, ਇਕ ਦੂਜੇ ਨਾਲ ਲੜਦੇ। ਸਾਰਾ ਦਿਨ ਚਾਂ-ਚਾਂ ਕਰਦੇ... ਕਲਰਕਾਂ ਤੇ ਪ੍ਰੋਫੈਸਰਾਂ ਵਾਂਗ... ਉਨ੍ਹਾਂ ਕੋਲ ਵਿਹਲ ਕਿੱਥੇ ਕਿ ਬੈਠ ਕੇ

ਸੋਚਣ...। ਜ਼ਿੰਦਗੀ ਬਹੁਤ ਖ਼ੂਬਸੂਰਤ ਹੈ, ਪਰ ਬਹੁਤੇ ਲੋਕਾਂ ਨੂੰ ਇਸ ਦਾ ਗਿਆਨ ਨਹੀਂ। ਹਰ ਚੀਜ਼ ਆਪਣੇ-ਆਪ ਹੋਈ ਜਾਂਦੀ ਹੈ... ਕੋਈ ਕਿਸੇ 'ਤੇ ਕੰਟਰੋਲ ਨਹੀਂ ਕਰ ਸਕਦਾ। ਇਹ ਹੋਂਦ ਖ਼ੂਬਸੂਰਤ ਹੈ। ਇਸ ਨੂੰ ਪਾਊਡਰ ਤੇ ਲਿਪਸਟਿਕ ਦੀ ਲੋੜ ਨਹੀਂ ਆਪਣੇ-ਆਪ ਨੂੰ ਸ਼ਿੰਗਾਰਨ ਲਈ। ਇਹ ਖ਼ੂਬਸੂਰਤ ਹੈ... ਹਰ ਚੀਜ਼... ਜੰਗਲ ਵੀ ਖ਼ੂਬਸੂਰਤ ਹੈ ਤੇ ਉਜਾੜ ਵੀ। ਗਧੇ ਦੀ ਜ਼ਿੰਦਗੀ ਵੀ ਉਨੀ ਹੀ ਦਿਲਚਸਪ ਹੈ ਜਿੰਨੀ ਰਾਕੀਫੈਲਰ ਦੀ...।"

ਦੂਜੀ ਸਵੇਰ ਮੈਂ ਉਠਿਆ ਤਾਂ ਪਤਾ ਲੱਗਾ ਕਿ ਕੰਵਰ ਚੰਦ ਮੁਕ ਗਿਆ ਸੀ। ਉਹ ਬਹੁਤ ਸਵੇਰੇ ਉਠਿਆ ਤੇ ਉਸ ਨੇ ਸਿਗਰਟ ਸੁਲਗਾਈ ਤੇ ਕਸ਼ ਖਿੱਚੇ। ਉਸ ਦੀ ਬੇਟੀ ਚਾਹ ਦਾ ਪਿਆਲਾ ਲੈ ਕੇ ਆਈ ਤੇ ਉਸ ਨੇ ਕੰਵਰ ਚੰਦ ਦੇ ਕੋਲ ਹੀ ਇਸ ਨੂੰ ਰੱਖ ਦਿੱਤਾ। ਪਰ ਕੰਵਰ ਚੰਦ ਬਿਸਤਰ ਤੋਂ ਨਾ ਉਠਿਆ। ਉਸ ਦੇ ਸਵਾਸ ਮੁੱਕ ਚੁੱਕੇ ਸਨ...।

ਬਠਿੰਡੇ ਦਾ ਸਭ ਤੋਂ ਪੀੜਿਤ ਤੇ ਸੰਵੇਦਨਸ਼ੀਲ ਮਨ ਹੁਣ ਸ਼ਾਂਤ ਹੋ ਗਿਆ ਸੀ।

ਜ਼ਮੀਨ ਦੇ ਭਾਅ ਚੜ੍ਹ ਰਹੇ ਹਨ। ਰੇਤੇ ਦੇ ਟਿੱਬੇ ਵੀ ਕੀਮਤੀ ਹੋ ਗਏ ਸਨ। ਸਾਡਾ ਜੱਦੀ ਖੇਤ ਸ਼ਹਿਰ ਦੀ ਹੱਦ ਵਿਚ ਸੀ ਤੇ ਇਸ ਦੇ ਪਲਾਟ ਬਣ ਕੇ ਵਿਕ ਗਏ ਸਨ। ਮੈਂ ਆਪਣੇ ਪੜਦਾਦੇ ਦਾ ਸ਼ੁਕਰੀਆ ਅਦਾ ਕੀਤਾ ਜਿਸ ਨੇ ਇਹ ਬੰਜਰ ਧਰਤੀ ਕਿਸੇ ਵੇਲੇ ਪੰਜ ਰੁਪਏ ਵਿੱਘੇ ਦੇ ਹਿਸਾਬ ਮੁੱਲ ਲੈ ਲਈ ਸੀ। ਇਹ ਸੋਚ ਕੇ ਕਿ ਕਿਸੇ ਦਿਨ ਇਥੇ ਫਸਲਾਂ ਲਹਿ-ਲਹਾਉਣਗੀਆਂ। ਲੋਕ ਉਸ ਵੇਲੇ ਉਸ 'ਤੇ ਹੱਸੇ ਸਨ ਕਿ ਬੁੱਢੇ ਦੀ ਮੱਤ ਮਾਰੀ ਗਈ ਜਿਸਨੇ ਮਸਾਣਾਂ ਵਾਲੇ ਜੰਡ ਤੋਂ ਪਰ੍ਹਾਂ ਦੇ ਟਿੱਬੇ ਖਰੀਦ ਲਏ ਸਨ। ਪਰ ਹੁਣ ਉਹ ਸ਼ਮਸ਼ਾਨ ਭੂਮੀ ਵੀ ਸ਼ਾਹੂਕਾਰਾਂ ਦੀਆਂ ਕੋਠੀਆਂ ਵਿਚ ਬਦਲ ਗਈ ਸੀ।

ਮੇਰੇ ਭਰਾਵਾਂ ਨੇ ਆਪਣੇ ਹਿੱਸੇ ਦੀ ਜ਼ਮੀਨ ਵੇਚ ਦਿੱਤੀ ਸੀ। ਮੇਰੇ ਹਿੱਸੇ ਦੀ ਬਹੁਤੀ ਜ਼ਮੀਨ ਵਿਕ ਗਈ ਸੀ ਪਰ ਇਕ ਛੋਟਾ ਜਿਹਾ ਟੁਕੜਾ ਬਚਿਆ ਪਿਆ ਸੀ, ਮੈਂ ਇਸੇ ਨੂੰ ਵੇਚਣ ਲਈ ਬਠਿੰਡੇ ਆਇਆ ਸਾਂ। ਮੇਰੇ ਛੋਟੇ ਭਰਾ ਨੇ ਆਪਣੇ ਹਿੱਸੇ ਵਿਚ ਪੱਕੀ ਇੱਟ ਦੀ ਛੋਟੀ ਜਿਹੀ ਕੋਠੀ ਬਣਾ ਲਈ ਸੀ। ਉਹ ਇਥੇ ਕਦੇ-ਕਦੇ ਆ ਕੇ ਟਹਿਲਦਾ। ਮੈਂ ਹੁਣ ਜਦੋਂ ਬਠਿੰਡੇ ਆਇਆ ਤਾਂ ਇਸੇ ਦੋ ਕਮਰਿਆਂ ਦੀ ਕੋਠੀ ਵਿਚ ਰਿਹਾ। ਮੈਨੂੰ ਇਰਦ-ਗਿਰਦ ਦੀ ਉਜਾੜ ਤੇ ਸੁੰਞ ਚੰਗੀ ਲਗਦੀ ਸੀ। ਬਸ ਕੁਝ ਸਾਲਾਂ ਵਿਚ ਹੀ ਸ਼ਹਿਰ ਦੀ ਵਧਦੀ ਆਬਾਦੀ ਇਸ ਥਾਂ ਵੀ ਆ ਜਾਵੇਗੀ। ਮੈਨੂੰ ਇਹ ਇਕਾਂਤ ਪਸੰਦ ਸੀ। ਇਥੇ ਮੈਂ ਆਰਾਮ ਕੀਤਾ ਤੇ ਸ਼ਾਮ ਨੂੰ ਟਹਿਲਦਾ ਰਿਹਾ। ਬਚਪਨ ਦੀਆਂ ਯਾਦਾਂ ਆਈਆਂ ਤੇ ਮੈਂ ਸਾਰੇ ਜੀਵਨ ਬਾਰੇ ਸੋਚਦਾ ਰਿਹਾ।

ਰਾਤ ਪੈ ਚੁੱਕੀ ਸੀ। ਮੈਂ ਨਿੱਕੇ ਖਿੜਕ ਕੋਲ ਖੜ੍ਹਾ ਸਾਂ। ਉਪਰ ਦੇਖਿਆ ਤਾਂ ਆਕਾਸ਼ ਵਿਚ ਵੱਡਾ ਪੀਲਾ ਚੰਨ ਉਭਰ ਆਇਆ ਸੀ ਤੇ ਇਸ ਦੇ ਕੰਢੇ ਕਿਰਮਚੀ ਤੇ ਨੀਲੇ ਸਨ। ਪੀਲੀ ਫਿੱਕੀ ਚਾਂਦਨੀ ਵਿਚ ਖੇਤ ਉਦਾਸ ਲਗਦਾ ਸੀ। ਦੂਰ ਕੁੱਤੇ ਭੌਂਕ ਰਹੇ ਸਨ। ਮੈਂ ਖੇਤ ਵਿਚੋਂ ਲੰਘਦਾ ਹੋਇਆ ਅੱਗੇ ਗਿਆ। ਥਾਂ-ਥਾਂ ਕਾਸ਼ਨੀ ਫੁੱਲਾਂ ਵਾਲੇ ਅੱਕ ਉਗੇ ਹੋਏ ਸਨ। ਇਨ੍ਹਾਂ ਦੇ ਮੋਟੇ-ਚੌੜੇ ਪੱਤੇ ਕੌੜੇ ਦੁੱਧ ਨਾਲ ਭਰੇ ਹੋਏ। ਇਹ ਦੁੱਧ ਕਿਥੋਂ ਆ ਗਿਆ ਇਸ ਉਜਾੜ ਵਿਚ? ਤੇ ਅੱਕ ਦੇ ਮਧਰੇ, ਚੌੜੇ ਪੌਦੇ ਕਿਥੋਂ ਉਗ ਆਏ?

ਜੀਵਨ ਬਾਰੇ ਸੋਚਦਾ ਤੇ ਹੌਲੀ-ਹੌਲੀ ਤੁਰਦਾ ਮੈਂ ਖੇਤ ਦੇ ਕੰਢੇ ਆ ਗਿਆ ਜਿਥੇ ਮੇਰੇ ਪੜਦਾਦੇ ਤੇ ਪੜਦਾਦੀ ਦੀਆਂ ਦੋ ਮੜ੍ਹੀਆਂ ਸਨ। ਮੀਂਹ ਤੇ ਹਨੇਰੀ ਨਾਲ ਝੰਬੀਆਂ। ਮੇਰੇ ਪੜਦਾਦੇ ਤੇ ਪੜਦਾਦੀ ਦਾ ਇਥੇ ਹੀ ਦਾਹ-ਸਸਕਾਰ ਹੋਇਆ। ਉਨ੍ਹਾਂ ਦੀ ਯਾਦ ਵਿਚ, ਉਨ੍ਹਾਂ ਦੇ ਪੁੱਤਾਂ ਨੇ ਖੇਤ ਦੇ ਖੂੰਜੇ ਵਿਚ ਇਹ ਮੜ੍ਹੀਆਂ ਬਣਾ ਦਿੱਤੀਆਂ ਸਨ। ਹੁਣ ਚੰਨ ਦੀ ਫਿੱਕੀ ਤੇ ਉਦਾਸ ਰੌਸ਼ਨੀ ਵਿਚ ਇਨ੍ਹਾਂ ਮੜ੍ਹੀਆਂ 'ਚੋਂ ਭੂਤ-ਕਾਲ ਦੀਆਂ ਯਾਦਾਂ ਜਾਗ ਪਈਆਂ। ਮੈਂ ਆਪਣੇ ਪੜਦਾਦੇ ਦੀ ਮੜ੍ਹੀ ਨੂੰ ਮੱਥਾ ਟੇਕਿਆ, ਇਸ ਅਨਪੜ੍ਹ ਬਜ਼ੁਰਗ ਨੂੰ, ਖਾਨਦਾਨ ਦੇ ਇਸ ਮੋਢੀ ਨੂੰ ਜਿਸ ਨੇ ਹਰ ਚੀਜ ਆਪਣੇ ਪੁੱਤ-ਪੋਤਿਆਂ ਲਈ ਸਾਂਭ ਕੇ ਰੱਖੀ ਸੀ ਤੇ ਕਦੇ ਪੈਸਾ ਵੀ ਨਹੀਂ ਸੀ ਖਰਚਿਆ। ਮਰਨ ਲੱਗੇ ਪੇਟੀ ਦੀਆਂ ਕੁੰਜੀਆਂ ਉਸ ਦੇ ਲੱਕ ਬੰਨ੍ਹੀਆਂ ਹੋਈਆਂ ਸਨ ਤੇ ਉਹ ਸਭ ਕੁਝ ਸਾਡੇ ਲਈ ਛੱਡ ਗਿਆ ਸੀ।

ਮੜ੍ਹੀਆਂ 'ਚ ਉਸ ਦੀਆਂ ਪੀਲੀਆਂ ਹੱਡੀਆਂ ਭੁਰ ਕੇ ਮਿੱਟੀ ਵਿਚ ਖੁਰ ਗਈਆਂ ਹੋਣਗੀਆਂ ਤੇ ਧਰਤੀ ਦਾ ਹੀ ਇਕ ਹਿੱਸਾ ਬਣ ਗਈਆਂ ਹੋਣਗੀਆਂ... ਇਨ੍ਹਾਂ ਅੱਕ ਦੇ ਪੌਦਿਆਂ ਲਈ ਤੇ ਇਕ ਵੱਡੇ ਅੰਬ ਦੇ ਦਰੱਖਤ ਲਈ ਖਾਦ ਦਾ ਕੰਮ ਦੇ ਰਹੀਆਂ ਹੋਣਗੀਆਂ...ਅੰਬ ਦੇ ਦਰੱਖਤ ਦੀਆਂ ਜੜ੍ਹਾਂ ਧਰਤੀ ਦੇ ਅੰਦਰ ਹੀ ਅੰਦਰ ਖੁਰਾਕ ਟੋਲਦੀਆਂ, ਖੋਜਦੀਆਂ ਤੇ ਚੂਸਦੀਆਂ ਜ਼ਿੰਦਾ ਰਹਿਣ ਦਾ ਸੰਘਰਸ਼ ਕਰ ਰਹੀਆਂ ਹੋਣਗੀਆਂ। ਮੇਰੇ ਪੜਦਾਦੇ ਦੀਆਂ ਹੱਡੀਆਂ ਜ਼ਰੂਰ ਅੰਬ ਦੇ ਦਰੱਖਤ ਦੀ ਖੁਰਾਕ ਬਣ ਗਈਆਂ ਹੋਣਗੀਆਂ ਤੇ ਉਸ ਦੇ ਰਸਦਾਰ ਤੇ ਮਿੱਠੇ ਅੰਬਾਂ ਵਿਚ ਰਚ ਗਈਆਂ ਹੋਣਗੀਆਂ... ਕਈ ਵਾਰ ਮੈਂ ਇਸ ਦਰੱਖਤ ਦੇ ਅੰਬ ਖਾਧੇ ਸਨ। ਇਹ ਭਰਵੇਂ ਗੱਦਰ ਮਿੱਠੇ ਅੰਬ ਚੂਸਦਾ ਹੋਇਆ ਮੈਂ ਸ਼ਾਇਦ ਆਪਣੇ ਪੜਦਾਦੇ ਦੀਆਂ ਹੱਡੀਆਂ ਚੂਸ ਰਿਹਾ ਸਾਂ...।

ਕਿਸ ਤਰ੍ਹਾਂ ਧਰਤੀ ਤੋਂ ਇਨਸਾਨ ਅਲੋਪ ਹੋ ਜਾਂਦਾ ਹੈ ਤੇ ਫਿਰ ਇਸੇ ਦਾ ਹਿੱਸਾ ਬਣ ਜਾਂਦਾ ਹੈ। ਹੁਣ ਮੇਰੇ ਬਜ਼ੁਰਗਾਂ ਦੀ ਕੋਈ ਨਿਸ਼ਾਨੀ ਨਹੀਂ ਸੀ ਰਹੀ ਸਿਵਾਏ ਇਨ੍ਹਾਂ ਦੋ ਮੜ੍ਹੀਆਂ ਦੇ, 8×8 ਫੁੱਟ ਧਰਤੀ ਦੇ। ਮੇਰੇ ਬਜ਼ੁਰਗ ਕੀ ਇਥੇ ਇਨ੍ਹਾਂ ਮੜ੍ਹੀਆਂ ਵਿਚ ਸੌਂ ਰਹੇ ਸਨ? ਉਨ੍ਹਾਂ ਦੀਆਂ ਰੂਹਾਂ। ਕਿੱਥੇ ਉਡ ਗਈਆਂ ਸਨ ਇਹ ਰੂਹਾਂ? ਰੂਹ ਕਿੱਥੇ ਵਾਸ ਕਰਦੀ ਹੈ? ਕੀ ਰੂਹ ਵਾਕਿਆ ਕੋਈ ਚੀਜ਼ ਹੈ? ਜਾਂ ਇਨਸਾਨ ਦਾ ਵਹਿਮ।



ਭਲਾ ਮੋਇਆਂ ਨੂੰ ਇਸ ਗੱਲ ਦਾ ਕੀ ਲਾਭ ਕਿ ਉਨ੍ਹਾਂ ਦੀਆਂ ਮੜ੍ਹੀਆਂ 'ਤੇ ਕੋਈ ਦੀਵੇ ਬਾਲਦਾ ਤੇ ਫੁੱਲ ਚੜ੍ਹਾਉਂਦਾ ਹੈ? ਉਨ੍ਹਾਂ ਨੂੰ ਕੀ ਪ੍ਰਵਾਹ...? ਮੈਂ ਰੂਹਾਂ ਬਾਰੇ ਕਦੇ ਏਨਾ ਨਹੀਂ ਸੋਚਿਆ, ਜਿੰਨਾ ਹੁਣ। ਦਰਅਸਲ ਮੈਂ ਆਪਣੇ ਪੜਦਾਦੇ ਤੇ ਪੜਦਾਦੀ ਬਾਰੇ ਭੁੱਲ ਚੁੱਕਾ ਸਾਂ ਤੇ ਇਨ੍ਹਾਂ ਮੜ੍ਹੀਆਂ ਬਾਰੇ ਵੀ। ਮੈਂ ਝੁਕ ਕੇ ਇਕ ਮੜ੍ਹੀ ਨੂੰ ਹੱਥ ਲਾਇਆ ਤਾਂ ਇਸ ਦੀ ਕੱਚੀ ਇੱਟ ਭੁਰ ਗਈ। ਮੈਂ ਮਿੱਟੀ ਦਾ ਡਲਾ ਚੁੱਕ ਲਿਆ ਤੇ ਇਸ ਨੂੰ ਮੁੱਠੀ ਵਿਚ ਘੁੱਟ ਕੇ ਫੜ ਲਿਆ। ਇਹ ਡਲਾ ਮੇਰੀ ਮੁੱਠੀ 'ਚ ਭੁਰ ਗਿਆ...ਏਨਾ ਕਮਜ਼ੋਰ...ਕਿੰਨਾ ਫਾਨੀ...।

ਮੈਂ ਲੰਮੀਆਂ ਪੁਲਾਂਘਾ ਭਰਦਾ ਹੋਇਆ ਕੋਠੀ ਵਿਚ ਆ ਗਿਆ। ਮੈਨੂੰ ਡਰ ਲੱਗਾ ਕਿਤੇ ਇਹ ਦੋ ਮੜ੍ਹੀਆਂ ਪਾਟ ਕੇ ਮੇਰਾ ਪੜਦਾਦਾ ਤੇ ਪੜਦਾਦੀ ਬਾਹਰ ਨਾ ਆ ਜਾਣ...।

ਇਹੋ ਸੋਚਦਾ ਮੈਂ ਸੌਂ ਗਿਆ।

ਯਕਦਮ ਮੈਂ ਚੌਂਕ ਕੇ ਉਠਿਆ ਤਾਂ ਦੇਖਿਆ ਕਿ ਬਾਹਰ ਬੱਦਲ ਗਰਜ ਰਿਹਾ ਸੀ। ਖਿੜਕੀ ਦੇ ਸ਼ੀਸ਼ਿਆਂ 'ਚੋਂ ਬਿਜਲੀ ਵਾਰ-ਵਾਰ ਚਮਕਦੀ ਸੀ। ਕਾਲਾ ਦਰੱਖਤ ਵਾਰ-ਵਾਰ ਨੀਲੀ ਰੋਸ਼ਨੀ ਵਿਚ ਜਗਮਗਾ ਉਠਦਾ, ਮੈਂ ਫਿਰ ਬੱਦਲ ਦੇ ਗਰਜਣ ਦੀ ਆਵਾਜ਼ ਸੁਣੀ। ਫਿਰ ਮੀਂਹ ਦੇ ਫਰਾਟੇ ਜੋ ਛੇਤੀ ਹੀ ਤੂਫਾਨੀ ਮੀਂਹ ਵਿਚ ਬਦਲ ਗਏ। ਬਿਸਤਰ ਵਿਚ ਪਿਆ ਮੈਂ ਕੁਦਰਤ ਦੀ ਇਸ ਘਨਘੋਰ ਲੀਲਾ ਬਾਰੇ ਸੋਚਦਾ ਰਿਹਾ ਤੇ ਮੇਰਾ ਖਿਆਲ ਜ਼ਮੀਨ ਦੇ ਟੁਕੜੇ ਵਲ ਚਲਾ ਗਿਆ। ਮੈਨੂੰ ਇਹ ਜ਼ਮੀਨ ਵੇਚ ਦੇਣੀ ਚਾਹੀਦੀ ਹੈ, ਹੁਣ ਜਦੋਂ ਕਿ ਮੈਨੂੰ ਰੁਪਈਆਂ ਦੀ ਲੋੜ ਸੀ। ਸ਼ੁਕਰ ਦੀ ਗੱਲ ਸੀ ਕਿ ਇਹ ਜ਼ਮੀਨ ਪਈ ਸੀ... ਮੈਨੂੰ ਫਿਰ ਆਪਣੇ ਪੜਦਾਦੇ ਦੀਆਂ ਮੜ੍ਹੀਆਂ ਦਾ ਖਿਆਲ ਆਇਆ... 8×8 ਫੁੱਟ ਧਰਤੀ ਦਾ ਵੀ। ਜਿੱਥੇ ਉਹ ਸੁੱਤੇ ਪਏ ਸਨ।

ਇਨ੍ਹਾਂ ਮੜ੍ਹੀਆਂ ਦਾ ਕੀ ਲਾਭ ਸੀ ਭਲਾ ਕਿਸੇ ਨੂੰ? ਸਾਡੇ ਟੱਬਰ 'ਚੋਂ ਕਦੇ ਵੀ ਕੋਈ ਇਨ੍ਹਾਂ ਨੂੰ ਦੇਖਣ ਨਹੀਂ ਸੀ ਆਇਆ, ਨਾ ਦੀਵਾ ਬਾਲਣ। ਉਨ੍ਹਾਂ ਦੀ ਹੁਣ ਦੀ ਹਾਲਤ ਤਰਸਯੋਗ ਸੀ। ਥਾਂ-ਥਾਂ ਤੋਂ ਟੁੱਟੀਆਂ ਤੇ ਭੁਰੀਆਂ... ਪੁਰਾਣੇ ਸਮਿਆਂ ਦੀ ਫਾਲਤੂ ਯਾਦ। ਮੈਂ ਹਿਸਾਬ ਲਾਇਆ ਜ਼ਮੀਨ ਦਾ, 250 ਰੁਪਏ ਫੀ ਮੁਰੱਬਾ ਗਜ਼। ਇਸ ਦਾ ਮਤਲਬ ਐ ਕਿ ਇਹ ਮੜ੍ਹੀਆਂ ਦੋ ਹਜ਼ਾਰ ਦੀ ਜ਼ਮੀਨ ਮੱਲੀ ਬੈਠੀਆਂ ਸਨ। ਨਹੀਂ, ਇਸ ਤੋਂ ਵੀ ਵੱਧ। ਭਲਾ ਮੜ੍ਹੀਆਂ ਦੇ ਨੇੜੇ ਕੌਣ ਕੋਠੀ ਬਣਾਏਗਾ? ਇਸ ਦੇ ਲਾਗੇ ਥਾਂ ਛੱਡਣੀ ਪਏਗੀ... ਦਸ ਗਜ਼ ਇਕ ਪਾਸੇ ਤੇ ਦਸ ਗਜ਼ ਦੂਜੇ ਪਾਸੇ। ਸੌ ਮੁਰੱਬਾ ਗਜ਼। ਇਸ ਦਾ ਮਤਲਬ ਐ 25000 ਰੁਪਈਆ।

ਮੈਂ ਇਸ ਬਾਰੇ ਸੋਚਿਆ ਹੀ ਨਹੀਂ ਸੀ। ਏਨਾ ਰੁਪਈਆ ਜਾਇਆ ਕਰ ਦੇਣਾ ਪਾਗਲਪਨ ਸੀ। ਕੀ ਲੋੜ ਸੀ ਏਨੀ ਕੀਮਤੀ ਜ਼ਮੀਨ ਨੂੰ ਬਜ਼ੁਰਗਾਂ ਦੇ ਹਿੱਤ ਦਾਨ ਕਰ ਦੇਣਾ ਜੋ ਮਰ ਚੁੱਕੇ ਸਨ? ਭਲਾ ਜੇ ਮੈਂ ਇਹ ਜ਼ਮੀਨ ਵੇਚ ਦੇਵਾਂ? ਇਸ ਖਿਆਲ ਨਾਲ ਮੈਂ ਕੰਬ ਉਠਿਆ, ਇਹ ਡਰ ਸੀ? ਜਾਂ ਕਿਸੇ ਖ਼ੁਸ਼ੀ ਦੀ ਲੂਹਰੀ? ਜਾਂ ਪਾਪ ਦਾ ਸੰਸਾ? ਪਰ ਕਿਸੇ ਨੂੰ ਕੀ ਪਤਾ ਲੱਗੇਗਾ ਜੇ ਮੈਂ ਹਨੇਰੇ ਵਿਚ ਕਹੀ ਮਾਰ ਕੇ ਇਨ੍ਹਾਂ ਮੜ੍ਹੀਆਂ ਨੂੰ ਬਰਾਬਰ ਕਰ ਦੇਵਾਂ...ਲੋਕ ਤਾਂ ਇਹੋ ਸੋਚਣਗੇ ਕਿ ਬਾਰਸ਼ ਵਿਚ ਇਹ ਢਹਿ ਗਈਆਂ ਤੇ ਰੁੜ੍ਹ ਗਈਆਂ।

ਮੈਂ ਵਰਾਂਡੇ ਵਿਚ ਆਇਆ ਤੇ ਰੌਸ਼ਨੀ ਕੀਤੀ। ਇਕ ਪੁਰਾਣੀ ਕਹੀ ਜੁੱਕੀ ਜੋ ਮਾਲੀ ਨੇ ਖੂੰਜੇ ਵਿਚ ਰੱਖੀ ਹੋਈ ਸੀ, ਪਤਲੂਨ ਨੂੰ ਗੋਡਿਆਂ ਤੀਕ ਚੜ੍ਹਾਇਆ ਤੇ ਬਾਹਰ ਨਿਕਲ ਪਿਆ। ਬਾਰਸ਼ ਦੇ ਛਿੱਟੇ ਮੇਰੇ ਮੂੰਹ 'ਤੇ ਪੈ ਰਹੇ ਸਨ। ਠੰਡੇ ਰੇਤਲੇ ਚਿੱਕੜ ਵਿਚ ਮੇਰੇ ਪੈਰ ਖੁੱਭ-ਖੁੱਭ ਜਾਂਦੇ। ਅੰਨੇ ਜਜ਼ਬੇ ਨਾਲ ਪਰੇਰਿਆ, ਮੈਂ ਬਿਜਲੀ ਦੀਆਂ ਲਿਸ਼ਕੋਰਾਂ ਵਿਚ ਮੜ੍ਹੀਆਂ 'ਤੇ ਪਹੁੰਚ ਗਿਆ।

ਮੈਂ ਕਹੀ ਚੁੱਕੀ ਤੇ ਸਾਰੇ ਜ਼ੋਰ ਨਾਲ ਖਿੱਚ ਕੇ ਮੜ੍ਹੀਆਂ 'ਤੇ ਮਾਰੀ, ਇਕ ਮੜ੍ਹੀ ਦਾ ਪਾਸਾ ਢਹਿ ਗਿਆ। ਮੈਂ ਅੰਨ੍ਹੇਵਾਹ ਵਾਰ-ਵਾਰ ਕਹੀਆਂ ਮਾਰਦਾ ਰਿਹਾ। ਫਿਰ ਮੜ੍ਹੀਆਂ ਦੇ ਮਲਬੇ ਨੂੰ ਪੈਰਾਂ ਨਾਲ ਤੇ ਕਹੀ ਨਾਲ ਕੁੱਟ ਕੇ ਪੱਧਰਾ ਕਰ ਦਿੱਤਾ। ਆਪਣੇ ਬਜ਼ੁਰਗਾਂ ਦੀਆਂ ਦੋਵੇਂ ਨਿਸ਼ਾਨੀਆਂ ਨੂੰ ਮਿਟਾ ਕੇ ਮਿੱਟੀ ਨਾਲ ਇਕਮਿਕ ਕਰ ਦਿੱਤਾ। ਮੇਰੇ ਪੜਦਾਦੇ ਤੇ ਪੜਦਾਦੀ ਦੀਆਂ ਰੂਹਾਂ ਜੋ ਵੱਖਰੀਆਂ-ਵੱਖਰੀਆਂ ਮੜ੍ਹੀਆਂ 'ਚ ਪਈਆਂ ਸਨ, ਆਪਣੀ ਮ੍ਰਿਤੂ ਪਿਛੋਂ ਹੁਣ ਪਹਿਲੀ ਵਾਰ ਇਕ ਦੂਜੇ ਨੂੰ ਮਿਲੀਆਂ। ਧਰਤੀ ਨੂੰ ਪੱਧਰ ਕਰ ਕੇ ਮੈਂ ਕਹੀ ਸਾਂਭੀ ਤਾਂ ਬਾਰਸ਼ ਮੱਠੀ ਪੈ ਰਹੀ ਸੀ। ਕਣੀਆਂ ਦੀ ਭੂਰ ਉਠ ਰਹੀ ਸੀ ਤੇ ਦੁਮੇਲ 'ਤੇ ਬਿਜਲੀ ਸੱਪ ਵਾਂਗ ਵਾਰ-ਵਾਰ ਜੀਭਾਂ ਕੱਢ ਰਹੀ ਸੀ। ਥੱਕਿਆ ਤੇ ਪਾਣੀ ਵਿਚ ਗੜੁੱਚ ਮੈਂ ਕੋਠੀ ਨੂੰ ਮੁੜਿਆ। ਪੈਰਾਂ ਦੇ ਚਿੱਕੜ ਨੂੰ ਪਾਣੀ ਦੀ ਮਟਕੀ ਉਲ ਕੇ ਧੋਤਾ, ਚੱਪਲਾਂ ਪਾਈਆਂ ਤੇ ਅੰਦਰ ਆ ਗਿਆ। ਮੈਂ ਕੰਬ ਰਿਹਾ ਸਾਂ।

ਬਿਸਤਰੇ ਵਿਚ ਜਾਗਦਾ ਪਿਆ ਮੈਂ ਆਪਣੇ ਜੀਵਨ ਦੇ ਸੰਘਰਸ਼ ਬਾਰੇ ਸੋਚਦਾ ਰਿਹਾ, ਆਪਣੇ ਬੱਚਿਆਂ ਦੇ ਪਿਆਰ ਬਾਰੇ ਤੇ ਜੀਨੀ ਨੂੰ ਦਿੱਤੇ ਵਚਨਾਂ ਬਾਰੇ ਕਿ ਮੈਂ ਪੈਸੇ ਲੈ ਕੇ ਆਵਾਂਗਾ। ਹੁਣ ਮੈਂ ਸੰਤੁਸ਼ਟ ਸਾਂ, ਖ਼ੁਸ਼ ਸਾਂ ਕਿ ਵੇਲੇ ਸਿਰ ਮੈਂ ਇਸ ਮੁਰਦਾ ਧਰਤੀ ਨੂੰ ਸਾਂਭ ਲਿਆ ਸੀ ਜੋ ਮੈਨੂੰ 25000 ਰੁਪਈਆ ਦੇਵੇਗੀ। ਇਹ ਰੁਪਈਆ ਰੱਬ ਦੀ ਮਿਹਰਬਾਨੀ ਸੀ। ਉਸ ਦੀ ਮਿਹਰ। ਮੈਂ ਆਪਣੇ ਬਜ਼ੁਰਗਾਂ ਦੀਆਂ ਅਸਥੀਆਂ ਦਾ ਮਨ ਹੀ ਮਨ 'ਚ ਧੰਨਵਾਦ ਕੀਤਾ। ਉਨ੍ਹਾਂ ਦੀ ਬਦੌਲਤ ਹੁਣ ਮੈਂ ਪੁਰਾਣੇ ਕਰਜ਼ੇ ਲਾਹ ਸਕਾਂਗਾ, ਜੀਨੀ ਨੂੰ ਅਮਰੀਕਾ ਵਾਪਸ ਜਾਣ ਲਈ ਰੁਪਏ ਦੇ ਸਕਾਂਗਾ ਤੇ ਬੱਚਿਆਂ ਲਈ ਨਵੇਂ ਕੱਪੜੇ ਤੇ ਤੋਹਫੇ ਖਰੀਦ ਸਕਾਂਗਾ।

ਦੂਜੇ ਦਿਨ ਮੈਨੂੰ ਪਤਾ ਲੱਗਾ ਕਿ ਮੇਰੇ ਵੱਡੇ ਭਰਾ ਨੇ ਜ਼ਮੀਨ ਦਾ ਇਹ ਟੁਕੜਾ ਨੌਂ ਸਾਲ ਹੋਏ ਕਿਸੇ ਜੱਟ ਨੂੰ ਵੇਚ ਦਿੱਤਾ ਸੀ। ਉਹ ਮੇਰੇ ਵਲੋਂ ਅਸ਼ਟਾਮ ਉਪਰ ਦਸਖ਼ਤ ਕਰ ਕੇ ਪਹਿਲਾਂ ਹੀ ਰੁਪਈਆ ਵਸੂਲ ਕਰ ਚੁੱਕਾ ਸੀ।

# ਪਰਸਨਲ ਗੱਲ

ਪ੍ਰੀਤਮ ਰੁਪਾਲ

ਇਹ ਘਟਨਾ ਕਰੀਬ ਢਾਈ ਦਹਾਕੇ ਪਹਿਲਾਂ ਦੀ ਹੈ। ਪਟਿਆਲੇ ਪੰਜਾਬੀ ਯੂਨੀਵਰਸਿਟੀ ਕੈਂਪਸ 'ਚ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ 'ਚ ਨਵਾਂ-ਨਵਾਂ ਦਾਖ਼ਲਾ ਲਿਆ ਸੀ। ਯੂਨੀਵਰਸਿਟੀ ਮੇਰੇ ਲਈ ਭਾਵੇਂ ਕੋਈ ਨਵੀਂ ਨਹੀਂ ਸੀ ਪਰ ਕੈਂਪਸ ਦਾ ਵਿਦਿਆਰਥੀ ਹੋਣ ਦਾ ਅਨੁਭਵ ਨਵਾਂ ਹੀ ਸੀ। ਇਸ ਮਾਹੌਲ ਵਿਚ ਮੇਰੀ ਅਜੇ ਸੰਗ ਨਹੀਂ ਸੀ ਖੁੱਲ੍ਹੀ। ਸ਼ੁਰੂ-ਸ਼ੁਰੂ 'ਚ ਮੈਂ ਸ਼ਹਿਰ ਦੇ ਆਰੀਆ ਸਮਾਜ ਚੌਕ ਨੇੜੇ ਸੰਜੀਵਨੀ ਗਲੀ ਵਿਚ ਬਿੰਦਰ ਤੇ ਕੇਸਰ ਹੁਰਾਂ ਕੋਲ ਟਿਕਾਣਾ ਕੀਤਾ ਪਰ ਬਲਵਿੰਦਰ ਦੇ ਪੰਜਾਬੀ ਵਿਭਾਗ ਵਿਚ ਐਮ. ਫਿਲ ਵਿਚ ਦਾਖ਼ਲਾ ਲੈਣ ਮਗਰੋਂ ਮੈਂ ਵੀ ਹੋਸਟਲ ਆ ਗਿਆ। ਹੋਸਟਲ ਦੇ ਨਜ਼ਾਰੇ ਹੀ ਵੱਖਰੇ ਸਨ। ਭਾਈ ਵੀਰ ਸਿੰਘ ਹੋਸਟਲ ਦਾ ਕਮਰਾ ਨੰਬਰ 49-ਡੀ ਸਾਡਾ ਸਾਂਝਾ ਆਲ੍ਹਣਾ ਸੀ।

ਮੈਂ ਮਾਨਸਾ ਦੇ ਪੇਂਡੂ ਕਾਲਜ 'ਚੋਂ ਪੜ੍ਹ ਕੇ ਆਇਆ ਸਾਂ। ਸਾਡੇ ਵੇਲੇ ਕਾਲਜਾਂ ਵਿਚ ਮੁੰਡੇ ਕੁੜੀਆਂ ਦਾ ਮੇਲ-ਜੋਲ ਉਵੇਂ ਨਹੀਂ ਸੀ ਹੁੰਦਾ ਜਿਵੇਂ ਅੱਜਕੱਲ੍ਹ ਦੇ ਕਾਲਜੀਏਟਾਂ ਦਾ ਹੈ। ਸਾਡੇ ਵੇਲੇ ਜੇ ਕਿਸੇ ਸਹਿਪਾਠਣ ਨਾਲ ਮਾੜੀ ਮੋਟੀ ਗੱਲ ਹੋ ਜਾਂਦੀ ਤਾਂ ਹਫ਼ਤਾ-ਹਫ਼ਤਾ ਚਾਹ ਸਮੋਸਿਆਂ ਦੀਆਂ ਪਾਰਟੀਆਂ ਚਲਦੀਆਂ ਰਹਿੰਦੀਆਂ। ਗੱਲ ਭਾਵੇਂ ਏਨੀ ਕੁ ਹੁੰਦੀ ਕਿ 'ਤੂੰ ਭਈ ਹਿਸਟਰੀ ਦੇ ਨੋਟਸ ਬਣਾਏ ਨੇ? ਜੇ ਬਣਾਏ ਨੇ ਤਾਂ ਉਤਾਰਨ ਲਈ ਮੈਨੂੰ ਵੀ ਦੇ ਦੇਈਂ।' ਆਪਣੇ ਜੋਟੀਦਾਰਾਂ ਨੂੰ ਕੋਈ ਇਹ ਥੋੜ੍ਹੀ ਦੱਸਦਾ ਸੀ ਕਿ ਕੁੜੀ ਨੇ ਉਸ ਨੂੰ 'ਬਾਈ' ਕਹਿ ਕੇ ਸੰਬੋਧਨ ਕੀਤੈ। ਉਦੋਂ ਕੁੜੀਆਂ ਆਪਣੇ ਸਹਿਪਾਠੀਆਂ ਨੂੰ ਭਰਾ ਹੀ ਤਸੱਵਰ ਕਰਦੀਆਂ ਸਨ।

ਯੂਨੀਵਰਸਿਟੀ ਕੈਂਪਸ ਵਾਲੀ ਘਟਨਾ ਇਸ ਵਰਤਾਰੇ ਦੇ ਉਲਟ ਹੋਈ। ਸ਼ੁੱਕਰਵਾਰ ਦਾ ਦਿਨ ਸੀ ਤੇ ਮੈਂ ਕਲਾਸਾਂ ਲਾਉਣ ਮਗਰੋਂ ਵਾਪਸ ਮਾਨਸਾ ਜਾ ਰਿਹਾ ਸੀ। ਜਦੋਂ ਦੋ ਛੁੱਟੀਆਂ ਹੁੰਦੀਆਂ ਅਸੀਂ ਵਾਪਸ ਆਪਣੇ ਘਰਾਂ ਨੂੰ ਭੱਜਣ ਦੀ ਕਰਦੇ। ਬਲਵਿੰਦਰ ਨੇ ਸ਼ਾਮ ਨੂੰ ਆਪਣੇ ਗਾਈਡ ਨੂੰ ਮਿਲਣਾ ਸੀ, ਇਸ ਲਈ ਉਹ ਹੋਸਟਲ ਹੀ ਰਹਿ ਗਿਆ। ਲਾਇਬਰੇਰੀ ਲਾਗਿਓਂ ਪੀ.ਆਰ.ਟੀ.ਸੀ. ਦੀ ਲੋਕਲ ਬੱਸ 'ਸਟੂਡੈਂਟਸ ਗੁਡਵਿਲ' ਨਿਕਲ ਜਾਣ ਕਾਰਨ ਮੈਂ ਮੋਢੇ 'ਤੇ ਆਪਣਾ ਲਾਲ ਬੈਗ ਪਾ ਕੇ ਯੂਨੀਵਰਸਿਟੀ ਦੇ ਬਾਹਰ ਮੇਨ ਗੇਟ ਵਲ ਨੂੰ ਚੱਲ ਪਿਆ ਜਿਥੋਂ ਸ਼ਹਿਰ ਦੀਆਂ ਬੱਸਾਂ ਜਾਂ ਆਟੋ ਰਿਕਸ਼ਾ ਮਿਲ ਜਾਂਦੇ ਸਨ। ਮੈਂ ਪੰਜਾਬੀ ਭਵਨ ਦੇ ਪਿਛਵਾੜੇ ਤੇ ਗੁਰੂ ਗੋਬਿੰਦ ਸਿੰਘ ਭਵਨ ਸਾਹਮਣੇ ਬਣੀ ਪਗਡੰਡੀ ਤੋਂ ਲੰਘ ਰਿਹਾ ਸੀ ਜਦ ਕੁੜੀਆਂ ਦੀ ਇਕ ਢਾਣੀ ਨੇ ਮੈਨੂੰ ਛੇੜਨ ਦੀ ਕੋਸ਼ਿਸ਼ ਕੀਤੀ। ਮੇਰੇ ਮੋਢੇ 'ਚ ਪੁਰਾਣਾ ਜਿਹਾ ਲਾਲ ਬੈਗ ਪਾਇਆ ਵੇਖ ਕੇ ਕਿਸੇ ਕੁੜੀ ਨੇ ਆਵਾਜ਼ਾ ਕੱਸਿਆ, 'ਪਾਲਿਸ਼! ਬੂਟ ਪਾਲਿਸ਼।'

ਮੈਂ ਉਨ੍ਹਾਂ ਵਲ ਵੇਖਿਆ ਤਾਂ ਠਹਾਕਾ ਮਾਰ ਕੇ ਹੱਸ ਪਈਆਂ। ਮੈਂ ਇਕ ਵਾਰ ਰੁਕ ਗਿਆ ਤੇ ਸੋਚਣ ਲੱਗਾ ਕਿ ਇਨ੍ਹਾਂ ਕੁੜੀਆਂ ਨੂੰ ਜੁਆਬ ਦੇਵਾਂ ਕਿ ਨਾ। ਫਿਰ ਦੁਚਿੱਤੀ 'ਚ ਪੈ ਕੇ ਤੁਰ ਪਿਆ। ਫਿਰ ਮੈਂ ਇਹ ਸੋਚ ਕੇ ਵਾਪਸ ਮੁੜ ਪਿਆ ਕਿ ਜੇ ਚਾਂਭਲੀਆਂ ਹੋਈਆਂ ਕੁੜੀਆਂ ਨੂੰ ਅੱਜ ਜੁਆਬ ਨਾ ਦਿੱਤਾ ਤਾਂ ਇਨ੍ਹਾਂ ਨੇ ਯੂਨੀਵਰਸਿਟੀ 'ਚ ਕਦੋਂ ਵਸਣ ਦਿੱਤਾ। ਮੁੜ ਕੇ ਵੇਖਿਆ ਤਾਂ ਕੁੜੀਆਂ ਦੀ ਢਾਣੀ ਉਥੇ ਹੀ ਮੇਰੇ ਵਰਗੇ ਕਿਸੇ ਹੋਰ 'ਗਰੀਬੜੇ' ਉਪਰ ਕੁਮੈਂਟ ਕਰਨ ਲਈ ਘਾਤ ਲਾਈ ਖੜ੍ਹੀ ਸੀ। ਜਦ ਮੈਂ ਉਨ੍ਹਾਂ ਵਲ ਅਹੁਲਿਆ ਤਾਂ ਮੈਨੂੰ ਵੇਖ ਕੇ ਉਨ੍ਹਾਂ ਨੇ ਮੂੰਹਾਂ ਵਾਂਗ ਕੰਨ ਚੁੱਕ ਲਏ। ਮੈਂ ਕੋਈ ਸੋਚ ਕੇ ਨਹੀਂ ਸੀ ਗਿਆ ਕਿ ਉਨ੍ਹਾਂ ਦੀ ਬੂਟ ਪਾਲਿਸ਼ ਵਾਲੀ ਟਿੱਪਣੀ ਦਾ ਕੀ ਜੁਆਬ ਦੇਣਾ ਹੈ। ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ, 'ਹਾਂ ਜੀ, ਬੂਟ ਪਾਲਿਸ਼ ਕਿਸ ਨੇ ਕਰਾਉਣੀ ਏ।' ਕੁੜੀਆਂ ਛੈਂ ਹੋ ਗਈਆਂ। ਸਭ ਨੇ ਨੀਵੀਆਂ ਪਾ ਲਈਆਂ। ਇਕ ਹੌਸਲੇ ਨਾਲ ਬੋਲੀ, 'ਉਦੋਂ ਕਿਉਂ ਖਿਸਕ ਗਿਆ ਸੀ?'

'ਮੈਂ ਪਾਲਿਸ਼ ਅਤੇ ਬੁਰਸ਼ (ਬਰੱਸ਼) ਲੈਣ ਚਲਾ ਗਿਆ ਸੀ।' ਕੁੜੀਆਂ ਨੇ ਫੇਰ ਹਾਸਾ ਚੱਕ ਲਿਆ। ਮੈਨੂੰ ਗੁੱਸਾ ਚੜ੍ਹ ਗਿਆ। ਮੈਂ ਦਲੀਲ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਉਨ੍ਹਾਂ ਨੂੰ ਦੱਸਿਆ ਕਿ ਕਿਵੇਂ ਅਸੀਂ ਪੇਂਡੂ ਕਾਲਜਾਂ 'ਚ ਕੁੜੀਆਂ ਦੇ ਮਾਣ ਸਤਿਕਾਰ ਦੀ ਰਾਖੀ ਲਈ 'ਕਾਕਿਆਂ' ਨਾਲ ਲੜਾਈਆਂ ਲੜਦੇ ਰਹੇ ਹਾਂ। ਸੜਕਾਂ 'ਤੇ ਲੇਟ ਕੇ, ਬੱਸਾਂ ਰੋਕ ਕੇ ਕੁੜੀਆਂ ਨੂੰ ਬੱਸਾਂ 'ਤੇ ਚੜ੍ਹਾਉਂਦੇ ਰਹੇ ਹਾਂ। ਮੈਂ ਉਨ੍ਹਾਂ ਨੂੰ ਤਨਜ਼ ਨਾਲ ਕਿਹਾ ਕਿ ਮੈਨੂੰ ਲਗਦੈ ਕਿ ਮੈਂ ਇਥੇ ਦਾਖ਼ਲਾ ਲੈ ਕੇ ਬਹੁਤ ਵੱਡੀ ਭੁੱਲ ਕੀਤੀ ਹੈ ਜਿੱਥੇ ਸੀਨੀਅਰਜ਼ ਨੂੰ ਏਨੀ ਵੀ ਤਹਿਜ਼ੀਬ ਨਹੀਂ ਕਿ ਜੂਨੀਅਰਜ਼ ਨਾਲ ਕਿਸ ਤਰ੍ਹਾਂ ਵਰਤਾਓ ਕਰੀਦੈ। ਮੈਂ ਗੱਲ ਮੁਕਾਉਂਦਿਆਂ ਕਿਹਾ ਕਿ ਬੂਟ ਪਾਲਿਸ਼ ਕਰਨਾ ਵੀ ਕੋਈ ਮਾੜੀ ਗੱਲ ਨਹੀਂ, ਜੇ ਪੈਸੇ ਥੁੜ੍ਹਦੇ ਦਿਸੇ ਮੈਂ ਬੂਟ ਪਾਲਿਸ਼ ਦੀ ਫੜ੍ਹੀ ਵੀ ਲਾ ਲਵਾਂਗਾ। ਕਿੱਤਾ ਕੋਈ ਵੱਡਾ ਜਾਂ ਛੋਟਾ ਨਹੀਂ ਹੁੰਦਾ, ਅਮਰੀਕੀ ਰਾਸ਼ਟਰਪਤੀ ਅਬਰਾਹਿਮ ਲਿੰਕਨ ਦਾ ਪਿਉ ਵੀ ਕੌਬਲਰ (ਮੋਚੀ) ਸੀ। ਕੌਬਲਰ ਲਫ਼ਜ਼ ਮੈਂ ਜਾਣ-ਬੁੱਝ ਕੇ ਵਰਤਿਆ ਕਿ ਇਨ੍ਹਾਂ ਕੁੜੀਆਂ ਨੂੰ ਪਤਾ ਲੱਗਜੇ ਕਿ ਇਸ ਨੂੰ ਚਾਰ ਅੱਖਰ ਅੰਗਰੇਜ਼ੀ ਦੇ ਵੀ ਆਉਂਦੇ ਨੇ। ਮੇਰੇ ਵੇਖਦੇ ਹੀ ਕੁੜੀਆਂ ਉਥੋਂ ਖਿਸਕ ਗਈਆਂ ਤੇ ਮੈਂ ਆਪਣੇ ਰਾਹ ਪੈ ਗਿਆ।

ਹੌਲੀ-ਹੌਲੀ ਯੂਨੀਵਰਸਿਟੀ ਦੇ ਮਾਹੌਲ 'ਚ ਰਚ-ਮਿਚ ਗਏ। ਇਹ ਘਟਨਾ ਭੁੱਲ-ਭੁਲਾ ਗਈ। ਕੈਂਪਸ 'ਚ ਹਜ਼ਾਰਾਂ ਮੁੰਡੇ ਕੁੜੀਆਂ ਸਨ। ਮੈਨੂੰ ਤਾਂ ਕਿਸੇ ਕੁੜੀ ਦੀ ਸ਼ਕਲ ਵੀ ਯਾਦ ਨਾ ਰਹੀ ਕਿ ਬੂਟ ਪਾਲਿਸ਼ ਵਾਲੀ ਟਿੱਪਣੀ ਕਰਨ ਵਾਲੀਆਂ ਕੁੜੀਆਂ ਕੌਣ ਸਨ। ਬਲਵਿੰਦਰ ਨਾਲ ਇਕੱਠੇ ਰਹਿਣ ਕਰਕੇ ਉਨ੍ਹਾਂ ਦੇ ਪੰਜਾਬੀ ਵਿਭਾਗ ਦੇ ਮੁੰਡੇ-ਕੁੜੀਆਂ ਨਾਲ ਜਾਣ ਪਛਾਣ ਹੋ ਗਈ। ਯੁਵਾ ਗਤੀਵਿਧੀਆਂ ਅਤੇ ਐਨ.ਐਸ.ਐਸ. ਦੀਆਂ ਸਰਗਰਮੀਆਂ 'ਚ ਹਿੱਸਾ ਲੈਣ ਕਾਰਨ ਸਾਡੀ ਮਿੱਤਰ ਮੰਡਲੀ ਦਾ ਘੇਰਾ ਹੋਰ ਮੋਕਲਾ ਹੋ ਗਿਆ। ਬਲਵਿੰਦਰ ਤੋਂ ਇਲਾਵਾ ਸੁਦਰਸ਼ਨ ਗਾਸੋ, ਵੱਡਾ ਯੋਗਰਾਜ, ਗੁਰਪਾਲ, ਮਨਜੀਤ, ਛੋਟੀ ਮਨਜੀਤ, ਅਮਰਜੀਤ ਵੜੈਚ, ਦਵਿੰਦਰ, ਵੀਨਾ ਤੇ ਪੰਜਾਬੀ ਵਿਭਾਗ ਦੇ ਹੋਰ ਮੁੰਡੇ-ਕੁੜੀਆਂ, ਕਿੰਨੇ-ਕਿੰਨੇ ਘੰਟੇ ਇਕੱਠੇ ਬੈਠੇ ਪਿੰਡਾਂ, ਸ਼ਹਿਰਾਂ, ਦੇਸ਼-ਵਿਦੇਸ਼ ਤੇ ਰਾਜਨੀਤੀ ਦੀਆਂ ਗੱਲਾਂ ਕਰਦੇ ਰਹਿੰਦੇ। ਕਦੇ-ਕਦੇ ਮੈਡਮ ਬਲਵਿੰਦਰ ਕੌਰ ਬਰਾੜ ਜਾਂ ਡਾ. ਸਤੀਸ਼ ਵਰਮਾ ਦੇ ਘਰ ਲੰਗਰ ਲੱਗ ਜਾਂਦਾ। ਗੱਲ ਕੀ ਸਾਰਾ ਪਿੰਡ ਮਿੱਤਰਾਂ ਦਾ ਜਾਪਣ ਲੱਗ ਪਿਆ।

ਹੋਸਟਲ ਵਾਲੀਆਂ ਕੁੜੀਆਂ ਨਾਲ ਕਦੇ ਕਦੇ ਡਿਫੈਂਸ ਸਟੱਡੀਜ਼ ਦੀ ਇਕ ਕੁੜੀ ਸਾਡੇ ਗਰੁਪ 'ਚ ਸ਼ਾਮਲ ਹੁੰਦੀ ਸੀ। ਉਸ ਦਾ ਪੱਕਾ ਨਾਂ ਤਾਂ ਪਤਾ ਨਹੀਂ ਕੀ ਸੀ। ਉਸ ਦੀਆਂ ਸਾਥਣਾਂ ਉਸ ਨੂੰ ਕਮਲ ਕਹਿ ਕੇ ਹੀ ਬੁਲਾਉਂਦੀਆਂ। ਅਸੀਂ ਵੀ ਜੇ ਨਾਂ ਲੈਣ ਦੀ ਲੋੜ ਪੈਂਦੀ ਤਾਂ ਕਮਲ ਹੀ ਕਹਿੰਦੇ। ਸੂਰਤ ਅਤੇ ਸੀਰਤ ਪੱਖੋਂ ਵੀ ਉਹ 'ਕਮਲ' ਵਰਗੀ ਹੀ ਸੀ। ਕਈ ਵਾਰ ਉਹ ਮੇਰੀ ਗੱਲਬਾਤ 'ਚ ਖਾਸ ਦਿਲਚਸਪੀ ਲੈਂਦੀ ਤਾਂ ਮੈਨੂੰ ਬੜੀ ਚੰਗੀ ਲਗਦੀ। ਇਕ ਦਿਨ ਆਰਟਸ ਆਡੀਟੋਰੀਅਮ 'ਚ ਸ਼ਾਮ ਦਾ ਸਭਿਆਚਾਰਕ ਪ੍ਰੋਗਰਾਮ ਕਾਫ਼ੀ ਦੇਰ ਨਾਲ ਖ਼ਤਮ ਹੋਇਆ। ਮੈਂ ਤੇ ਬਲਵਿੰਦਰ ਹੋਸਟਲ ਵਾਲੀਆਂ ਕੁੜੀਆਂ ਨੂੰ ਉਨ੍ਹਾਂ ਦੇ ਹੋਸਟਲ ਤੱਕ ਛੱਡਣ ਲਈ ਚਲੇ ਗਏ। ਇਨ੍ਹਾਂ 'ਚ ਕਮਲ ਵੀ ਸੀ। ਜਦ ਅਸੀਂ ਬਾਹਰਲੇ ਗੇਟ ਤੋਂ ਮੁੜਨ ਲੱਗੇ ਤਾਂ ਉਸ ਨੇ ਕੁੜੀਆਂ ਨਾਲੋਂ ਥੋੜਾ ਵੱਖਰਾ ਹੋ ਕੇ ਮੈਨੂੰ ਕਿਹਾ, "ਮੈਂ ਤੁਹਾਡੇ ਨਾਲ ਇਕ ਪਰਸਨਲ ਗੱਲ ਕਰਨੀ ਏ"। ਇਹ ਸੁਣ ਕੇ ਮੈਂ ਇਕਦਮ ਭਵੰਤਰ ਗਿਆ ਤੇ ਉਸ ਨੂੰ ਗੱਲ ਪੁੱਛਣੀ ਚਾਹੀ। ਉਸ ਨੇ ਕਿਹਾ ਕਿ ਕਦੀ ਫਿਰ ਬੈਠ ਕੇ ਗੱਲ ਕਰਾਂਗੇ। ਅਸੀਂ ਵਾਪਸ ਹੋਸਟਲ ਆ ਗਏ।

ਉਸ ਦਿਨ ਤੋਂ ਬਾਅਦ ਮੇਰੀ ਰਾਤਾਂ ਦੀ ਨੀਂਦ ਗਾਇਬ ਹੋ ਗਈ ਤੇ ਦਿਨ ਦਾ ਚੈਨ। ਮੈਂ ਕਮਲ ਬਾਰੇ ਹੀ ਸੋਚਦਾ ਰਹਿੰਦਾ। ਉਸ ਦੇ ਮਾਂ-ਪਿਉ ਬਾਰੇ। ਜਾਤ ਬਰਾਦਰੀ ਬਾਰੇ। ਪਤਾ ਨਹੀਂ ਕੀ-ਕੀ ਖਿਆਲ ਮਨ ਵਿਚ ਆਉਂਦੇ। ਅਸੀਂ ਜਦੋਂ ਵੀ ਮਿਲਦੇ ਗਰੁਪ ਵਿਚ ਹੀ ਮਿਲਦੇ। ਉਸ ਨੇ ਮੁੜ ਕਦੇ ਉਸ ਪਰਸਨਲ ਗੱਲ ਦੀ ਬਾਤ ਨਾ ਪਾਈ। ਇਸ ਤਰ੍ਹਾਂ ਕਰਦੇ-ਕਰਾਉਂਦੇ ਪੂਰਾ ਸੈਸ਼ਨ ਲੰਘ ਗਿਆ। ਇਕ ਦਿਨ ਸਾਡੀ ਇਕੱਲਿਆਂ ਦੀ ਮੁਲਾਕਾਤ ਹੋ ਗਈ। ਮੈਂ ਥੋੜ੍ਹੀ ਜਿਹੀ ਦਲੇਰੀ ਕਰਕੇ ਪੁੱਛ ਲਿਆ ਕਿ ਤੁਸੀਂ ਕੋਈ ਗੱਲ ਕਰਨੀ ਸੀ। ਅਸੀਂ ਚਾਹ ਪੀਣ ਲਈ ਕੌਫੀ ਹਾਊਸ 'ਚ ਵੜ ਗਏ। ਮੈਨੂੰ ਉਤਸੁਕਤਾ ਸੀ ਕਿ ਉਹ ਗੱਲ ਕਿਵੇਂ ਸ਼ੁਰੂ ਕਰੇਗੀ? ਮੈਂ ਸਰਸਰੀ ਪਰਿਵਾਰ ਦਾ ਹਾਲ-ਚਾਲ ਪੁੱਛਣ ਲੱਗ ਪਿਆ। ਉਸ ਨੇ ਸੰਖੇਪ ਜਿਹਾ ਹੀ ਜੁਆਬ ਦਿੱਤਾ ਤੇ ਅਸਲੀ ਗੱਲ 'ਤੇ ਆ ਗਈ।

ਮੈਨੂੰ ਪੁੱਛਣ ਲੱਗੀ ਕਿ ਤੁਹਾਨੂੰ ਯਾਦ ਐ ਜਦੋਂ ਕਲਾਸਾਂ ਸ਼ੁਰੂ ਹੋਈਆਂ ਸਨ ਤਾਂ ਤੁਹਾਨੂੰ ਪੰਜਾਬੀ ਭਵਨ ਕੋਲ ਕੁੜੀਆਂ ਨੇ ਬੂਟ ਪਾਲਿਸ਼ ਵਾਲਾ ਕਹਿ ਕੇ ਛੇੜਿਆ ਸੀ। ਕਹਿਣ ਲੱਗੀ ਕਿ ਉਨ੍ਹਾਂ ਕੁੜੀਆਂ 'ਚ ਉਹ ਵੀ ਸੀ। ਉਸ ਨੇ ਕਿਹਾ ਕਿ ਉਸ ਨੂੰ ਮੇਰਾ ਜੁਆਬ ਸੁਣ ਕੇ ਕਈ ਦਿਨ ਨੀਂਦ ਨਹੀਂ ਸੀ ਆਈ ਤੇ ਇਹੋ ਸੋਚਦੀ ਰਹੀ ਕਿ ਅਸੀਂ ਯੂਨੀਵਰਸਿਟੀ 'ਚ ਕੀ ਕਰਨ ਆਏ ਹਾਂ? ਉਹ ਕਹਿਣ ਲੱਗੀ ਕਿ ਉਸ ਨੇ ਉਸ ਘਟਨਾ ਲਈ ਮੁਆਫ਼ੀ ਮੰਗਣ ਵਾਸਤੇ ਕਈ ਵਾਰ ਮਨ ਬਣਾਇਆ ਪਰ ਗਰੁਪ 'ਚ ਗੱਲ ਕਰਨ ਦਾ ਹੀਆ ਨਹੀਂ ਪਿਆ।

ਉਹ ਅੱਖਾਂ ਭਰ ਆਈ ਤੇ ਕਹਿਣ ਲੱਗੀ ਜੇ ਤੁਸੀਂ ਮੁਆਫ਼ ਕਰ ਦਿਉ ਤਾਂ ਬਹੁਤ ਚੰਗਾ। ਉਸ ਨੇ ਆਪਣਾ ਪਛਤਾਵਾ ਕਰ ਲਿਆ ਹੈ। ਕਮਲ ਦੀਆਂ ਗੱਲਾਂ ਮੈਨੂੰ ਫਿਲਾਸਫਰਾਂ ਵਰਗੀਆਂ ਲੱਗੀਆਂ। ਚਾਹ ਬਿਲਕੁਲ ਠੰਢੀ ਹੋ ਗਈ। ਮੈਂ ਚਾਹ ਦਾ ਕੱਪ ਚੁੱਕਦਿਆਂ ਉਸ ਨੂੰ ਟੋਕਿਆ ਕਿ ਮੈਂ ਤਾਂ ਸਵੇਰੇ ਜਾਗਣ ਵੇਲੇ ਹੀ ਹਜ਼ਾਰਾਂ ਮਾਫ਼ੀਆਂ ਦੇ ਕੇ ਬਾਹਰ ਨਿਕਲਦਾ ਹਾਂ, ਇਸ ਲਈ ਮਾਫ਼ੀ ਵਾਲੀ ਕੋਈ ਗੱਲ ਨਹੀਂ। ਉਸ ਨੇ ਵੀ ਠੰਢੀ ਚਾਹ ਗਟ-ਗਟ ਪੀਤੀ ਤੇ ਇਕ ਵਾਰ ਫੇਰ ਹੱਥ ਜੋੜ ਕੇ ਮੈਨੂੰ ਫਤਿਹ ਬੁਲਾਈ। ਮੈਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਜਿਵੇਂ ਇਹ ਸਾਡੀ ਆਖ਼ਰੀ ਮੁਲਾਕਾਤ ਹੋਵੇ। ਉਹ ਮੈਨੂੰ ਕੌਫ਼ੀ ਹਾਊਸ 'ਚ ਛੱਡ ਕੇ ਹੀ ਪਰਸ ਤੇ ਕਿਤਾਬਾਂ ਚੁੱਕ ਕੇ ਤੁਰ ਪਈ। ਉਸ ਦੀਆਂ ਅੱਖਾਂ ਅਜੇ ਵੀ ਨਮ ਸਨ। ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਇਹ ਘਟਨਾ ਮੇਰੀ ਜਿੱਤ ਸੀ ਜਾਂ ਹਾਰ।



# ਚਿਰਾਂ ਤੱਕ ਗੂੰਜਣਗੇ ਬਿੰਦਰਖ ਵਾਲੇ ਸੁਰਜੀਤ ਦੇ ਗੀਤ

**ਸਵਰਨ ਸਿੰਘ ਟਹਿਣਾ**

18 ਨਵੰਬਰ, 2003 ਦੀਆਂ ਅਖ਼ਬਾਰਾਂ ਨੇ ਕਿੰਨਾ ਰੁਆਇਆ ਸੀ ਸੰਗੀਤ ਪ੍ਰੇਮੀਆਂ ਨੂੰ। ਮੋਟੇ ਸਿਰਲੇਖਾਂ ਨਾਲ ਖ਼ਬਰਾਂ ਛਪੀਆਂ ਸਨ, 'ਬਿੰਦਰਖੀਆ ਨਹੀਂ ਰਿਹਾ', 'ਬੁਲੰਦ ਅਵਾਜ਼ ਦੇ ਮਾਲਕ ਸੁਰਜੀਤ ਬਿੰਦਰਖੀਆ ਵਲੋਂ ਅਲਵਿਦਾ...।' ਕਿਸੇ ਨੂੰ ਕਹੀ-ਸੁਣੀ ਗੱਲ 'ਤੇ ਯਕੀਨ ਨਹੀਂ ਸੀ ਆ ਰਿਹਾ। ਦਿਮਾਗ ਸੁੰਨ ਜਿਹਾ ਹੋ ਗਿਆ...ਕਿੰਨਾ ਗਹਿਰਾ ਸਦਮਾ ਸੀ ਇਹ। ਜਿਹੜੇ ਬਿੰਦਰਖੀਏ ਦੀ ਲੰਮੀ ਹੇਕ ਅਤੇ ਧੱਕੜ ਆਵਾਜ਼ ਸਰੋਤਿਆਂ ਦਾ ਪੈਰ ਭੁੰਜੇ ਨਹੀਂ ਸੀ ਲੱਗਣ ਦਿੰਦੀ, ਅੱਜ ਉਹ ਸੁਰਜੀਤ ਇਸ ਜੱਗ ਦਾ ਮੋਹ ਤਿਆਗ ਗਿਆ ਸੀ।

ਹੁਣ ਬਿੰਦਰਖੀਏ ਨੂੰ ਗਿਆਂ ਲਗਭਗ ਸਾਢੇ ਛੇ ਸਾਲ ਹੋ ਗਏ ਨੇ, ਪਰ ਉਸ ਫਨਕਾਰ ਦੀ ਆਵਾਜ਼ ਹਾਲੇ ਵੀ ਸੁਰਜੀਤ ਹੈ। ਅੱਜ ਜਣਾ-ਖਣਾ ਖੁਦ ਨੂੰ 'ਬੁਲੰਦ ਆਵਾਜ਼ ਦਾ ਮਾਲਕ' ਅਖਵਾਉਣ ਦੀ ਕੋਸ਼ਿਸ਼ ਕਰ ਰਿਹੈ, ਪਰ ਅਸਲ 'ਬੁਲੰਦੀ' ਬਿੰਦਰਖੀਏ ਕੋਲ ਹੀ ਸੀ। ਉਸ ਨੇ ਹਲਕੇ ਵਿਸ਼ਿਆਂ ਵਾਲੇ ਗੀਤ ਵੀ ਏਸ ਅੰਦਾਜ਼ 'ਚ ਗਾਏ ਕਿ ਹਰ ਪੰਜਾਬੀ ਦੇ ਦਿਮਾਗ਼ 'ਤੇ ਉਨ੍ਹਾਂ ਦਾ ਜਾਦੂ ਛਾਇਆ। ਡੀ.ਜੇ. ਗਰੁਪਾਂ ਵਾਲੇ ਅੱਜ ਵੀ 'ਤੇਰੇ 'ਚ ਤੇਰਾ ਯਾਰ ਬੋਲਦਾ', 'ਦੁਪੱਟਾ ਤੇਰਾ ਸੱਤ ਰੰਗ ਦਾ', 'ਲੱਕ ਟੁਣੂੰ-ਟੁਣੂੰ' ਗੀਤ ਵਾਰ-ਵਾਰ ਚਲਾਉਂਦੇ ਨੇ ਤੇ ਲੋਰ 'ਚ ਆਇਆ ਮੇਲ-ਗੇਲ ਉਸ ਦੇ ਗੀਤਾਂ 'ਤੇ ਬੱਕਰੇ ਬੁਲਾਉਂਦੈ।

ਕਲਾਕਾਰਾਂ ਦਾ ਜਿਊਣਾ ਵੀ ਨਿਰਾਲਾ ਹੁੰਦੈ। ਜਦੋਂ ਨਾਂ ਦਾ ਦਾਇਰਾ ਵਧਦੈ, ਪ੍ਰਸ਼ੰਸਕਾਂ ਦੀ ਗਿਣਤੀ ਹਜ਼ਾਰਾਂ ਤੋਂ ਲੱਖਾਂ ਤੱਕ ਅੱਪੜਦੀ ਏ ਤਾਂ ਖਾਰ ਖਾਣ ਵਾਲੇ ਵੀ ਸੈਂਕੜੇ ਹੋ ਜਾਂਦੇ ਨੇ। ਜਿਉਂ-ਜਿਉਂ ਬਿੰਦਰਖੀਆ ਅੱਗੇ ਵਧਦਾ ਗਿਆ, ਪੈਰ ਮਿੱਧਣ ਵਾਲਿਆਂ ਦੀ ਗਿਣਤੀ ਵੀ ਵਧਦੀ ਗਈ। ਜਦੋਂ ਕਾਲ ਨੇ ਉਹਦੇ ਸਾਹ ਸੂਤ ਲਏ ਤਾਂ ਕਈਆਂ ਨੂੰ ਸੁੱਖ ਦਾ ਸਾਹ ਆਇਆ, ਪਰ ਖੁਸ਼ੀਆਂ ਮਨਾਉਣ ਵਾਲਿਆਂ ਦੇ ਪੂਰ 'ਚੋਂ ਅੱਜ ਤੱਕ ਕੋਈ ਵੀ ਏਨਾ ਕਾਮਯਾਬ ਨਹੀਂ ਹੋ ਸਕਿਆ ਕਿ ਉਨ੍ਹਾਂ ਦੀ ਤੁਲਨਾ ਬਿੰਦਰਖੀਏ ਨਾਲ ਕੀਤੀ ਜਾ ਸਕੇ।

ਬਿੰਦਰਖੀਏ ਬਾਰੇ ਬੜੀਆਂ ਗੱਲਾਂ ਮਸ਼ਹੂਰ ਨੇ। ਕਈ ਉਸ ਦੇ ਵਡੱਪਣ ਨੂੰ ਦਰਸਾਉਂਦੀਆਂ ਨੇ ਤੇ ਕਈਆਂ ਤੋਂ ਪਰਦਾ ਚੁੱਕਣਾ ਸਿਆਣਪ ਦੀ ਗੱਲ ਨਹੀਂ। ਉਹ ਸਿੱਧਾ ਜਿਹਾ ਬੰਦਾ ਸੀ ਤੇ ਕਲਾਕਾਰਾਂ ਵਾਲੇ ਟਸ਼ਨਿਆਂ-ਮਸ਼ਨਿਆਂ ਤੋਂ ਦੂਰ ਰਹਿੰਦਾ ਸੀ। ਉਹਨੇ ਕਈਆਂ ਦੇ ਸੁੱਤੇ ਭਾਗ ਜਗਾਏ, ਟੀਮ ਬਣਾ ਕੇ ਚੱਲਣ ਵਾਲੇ ਸਾਥੀਆਂ ਨੂੰ ਵੀ ਖਾਸ ਮੁਕਾਮ ਦਿਵਾਇਆ ਪਰ ਉਸਦੇ ਜਾਂਦਿਆਂ ਹੀ ਸਭ ਕੁਝ ਬਿਖਰ ਗਿਆ। ਸਭ ਤੋਂ ਵੱਧ ਗੀਤ ਸ਼ਮਸ਼ੇਰ ਸੰਧੂ ਦੇ ਗਾਏ, ਗੀਤਾਂ ਨੂੰ ਸੰਗੀਤ 'ਚ ਅਤੁਲ ਸ਼ਰਮਾ ਨੇ ਪਰੁੰਨਿਆ। ਸਿੱਟੇ ਵਜੋਂ ਜਿਉਂ-ਜਿਉਂ ਬਿੰਦਰਖੀਏ ਦੀ ਗੁੱਡੀ ਚੜ੍ਹਦੀ ਗਈ, ਨਾਲ-ਨਾਲ ਬਾਕੀਆਂ ਦਾ ਨਾਂ ਵੀ ਵਧਦਾ ਗਿਆ। ਅਤੁਲ ਸ਼ਰਮਾ ਨੂੰ ਪਤਾ ਸੀ ਕਿ ਉਸ ਤੋਂ ਕਿਹੜਾ ਗੀਤ ਕਿਵੇਂ ਗੁਆਉਣੈ, ਕਿੱਥੇ ਹੇਕ ਦੀ ਲੋੜ ਏ, ਕਿਹੜੇ ਗੀਤ ਵਿਚ ਟੱਪੇ ਹੋਣੇ ਚਾਹੀਦੇ ਨੇ, ਕਿਹੜੇ ਗੀਤ ਤੋਂ ਪਹਿਲਾਂ ਕੁੜੀਆਂ ਦੀ ਆਵਾਜ਼ ਲੋੜੀਂਦੀ ਏ। ਸੰਗੀਤਕਾਰ ਨੂੰ ਕਲਾਕਾਰ ਦੀ ਨਬਜ਼ ਬਾਰੇ ਪਤਾ ਹੁੰਦੈ, ਜਿਵੇਂ ਗੁਰਦਾਸ ਮਾਨ ਕੋਲੋਂ ਜੈਦੇਵ ਵਧੀਆ ਗੁਆ ਸਕਦੈ, ਪੰਮੀ ਬਾਈ ਕੋਲੋਂ ਕੁਲਜੀਤ, ਜੈਜ਼ੀ ਬੈਂਸ ਕੋਲੋਂ ਸੁਖਸ਼ਿੰਦਰ ਸ਼ਿੰਦਾ ਤੇ ਮਨਮੋਹਨ ਵਾਰਿਸ-ਕਮਲ ਹੀਰ ਤੋਂ ਸੰਗਤਾਰ, ਠੀਕ ਉਸੇ ਤਰ੍ਹਾਂ ਸੁਰਜੀਤ ਬਿੰਦਰਖੀਆ ਦੀ ਆਵਾਜ਼ ਤੇ ਅੰਦਾਜ਼ ਬਾਰੇ ਅਤੁਲ ਸ਼ਰਮਾ ਨੂੰ ਗਿਆਨ ਸੀ।

ਜੇ ਇਹ ਕਹਿ ਲਿਆ ਜਾਵੇ ਕਿ ਬਿੰਦਰਖੀਏ ਦੀ ਦਮਦਾਰ ਆਵਾਜ਼ ਨੇ ਗੀਤਾਂ ਦੇ ਬੋਲਾਂ, ਵੀਡੀਓ ਦੇ ਧਰਾਤਲ ਤੇ ਉਸ ਦੀ ਸਟੇਜੀ ਪੇਸ਼ਕਾਰੀ ਵਲ ਕਿਸੇ ਦਾ ਬਹੁਤਾ ਧਿਆਨ ਨਹੀਂ ਜਾਣ ਦਿੱਤਾ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਉਹ ਭੰਗੜੇਨੁਮਾ ਗੀਤਾਂ ਦਾ ਬਾਦਸ਼ਾਹ ਸੀ, ਪਰ ਆਪ ਘੱਟ ਹੀ ਭੰਗੜਾ ਪਾਉਂਦਾ ਸੀ। ਜਦੋਂ ਉਹ ਗਾਉਂਦਾ ਤਾਂ ਸਟੇਜ ਮੂਹਰੇ ਨੱਚਣ ਵਾਲੇ ਭੈਣ-ਭਰਾ, ਪਤੀ-ਪਤਨੀ ਤੇ ਹੋਰ ਲੋਕ ਭੁੱਲ ਜਾਂਦੇ ਸਨ ਕਿ ਉਹ 'ਤੂੰ ਨੀਂ ਬੋਲਦੀ ਰਕਾਨੇ ਤੂੰ ਨਹੀਂ ਬੋਲਦੀ, ਤੇਰੇ 'ਚ ਤੇਰਾ ਯਾਰ ਬੋਲਦਾ' ਗੀਤ 'ਤੇ ਭੰਗੜਾ ਪਾ ਰਹੇ ਨੇ। ਘਰਵਾਲਾ ਘਰਵਾਲੀ ਵਲ ਉਂਗਲਾਂ ਕਰ-ਕਰ ਕਹਿੰਦਾ, 'ਤੂੰ ਨਹੀਂ ਬੋਲਦੀ...।'

ਬਹੁਤ ਘੱਟ ਲੋਕਾਂ ਨੂੰ ਪਤੈ ਕਿ ਬਿੰਦਰਖੀਆ ਗਾਇਕੀ ਵਲ ਆਉਣ ਤੋਂ ਪਹਿਲਾਂ ਭਲਵਾਨੀ ਕਰਦਾ ਸੀ। ਉਸ ਦੀ ਕਿਸਮਤ 'ਚ ਅਖਾੜਿਆਂ ਦੀ ਵਾਹ-ਵਾਹ ਲੁੱਟਣੀ ਲਿਖੀ ਸੀ, ਏਸੇ ਕਰਕੇ ਉਹ ਨਿੱਕਰ-ਬੁਨੈਣ ਵਾਲੀ ਭਲਵਾਨੀ ਛੱਡ ਜਦੋਂ ਗਾਇਕੀ ਦੇ ਅਖਾੜੇ 'ਚ ਨਿੱਤਰਿਆ ਤਾਂ ਸਭ ਗਾਇਕਾਂ ਨੂੰ ਇਕ ਪਾਸੇ ਕਰ ਗਿਆ। ਜ਼ੋਰ ਅਜ਼ਮਾਇਸ਼ ਵਾਲੀ ਭਲਵਾਨੀ ਉਸ ਨੂੰ ਵਿਰਸੇ 'ਚੋਂ ਮਿਲੀ ਸੀ, ਕਿਉਂਕਿ ਪਿਤਾ ਸੁੱਚਾ ਸਿੰਘ ਆਪਣੇ ਵੇਲ਼ੇ ਦੇ ਮੰਨੇ-ਪ੍ਰਮੰਨੇ ਭਲਵਾਨ ਸਨ। ਸੁਰਜੀਤ ਬਾਪੂ ਦੇ ਨਕਸ਼ੇ ਕਦਮਾਂ 'ਤੇ ਤੁਰਨ ਲੱਗਾ, ਫੇਰ ਉਸ ਨੇ ਮੋੜ ਕੱਟਿਆ ਤੇ ਉਚੀ ਲੰਮੀ ਹੇਕ, ਦਮਦਾਰ ਆਵਾਜ਼ ਤੇ ਦਿਲ ਟੁੰਬਵਾਂ ਅੰਦਾਜ਼ ਉਸ ਨੂੰ ਹਰ ਕਿਸੇ ਦਾ ਚਹੇਤਾ ਬਣਾ ਗਿਆ।

ਪਹਿਲੀ ਕੈਸਿਟ ਤੋਂ ਲੈ ਕੇ ਆਖਰੀ ਗੀਤ 'ਤਿੜਕੇ ਘੜੇ ਦਾ ਪਾਣੀ ਮੈਂ ਕੱਲ੍ਹ ਤੱਕ ਨਹੀਂ ਰਹਿਣਾ' ਤੱਕ ਉਸ ਨੇ ਪੰਜਾਬੀ ਗਾਇਕੀ ਦੀ ਪਿੱਚ 'ਤੇ ਅਜਿਹਾ ਟਵੰਟੀ-20 ਮੈਚ ਖੇਡਿਆ ਕਿ 'ਟੀ-ਸੀਰੀਜ਼' ਦੇ ਨਾਲ-ਨਾਲ ਹਰ ਸੰਗੀਤ ਪ੍ਰੇਮੀ ਦਾ ਉਹ ਮਹਿਰਮ ਬਣਿਆ ਰਿਹਾ। ਚੜ੍ਹਤ ਦੇ ਦਿਨਾਂ ਵਿਚ ਉਸ ਦਾ ਦਾਰੂ ਨਾਲ ਯਾਰਾਨਾ ਪੈ ਗਿਆ, ਨੇੜਲੇ ਸੰਗੀ ਉਸ ਨੂੰ ਰੋਕਦੇ ਵੀ ਪਰ ਉਹ ਮਸਤ ਰਹਿੰਦਾ।

ਜਿਵੇਂ ਅੱਜ ਦੀਆਂ ਫ਼ਿਲਮਾਂ ਖਿੱਚ ਭਰਪੂਰ ਬਣਾਉਣ ਲਈ ਉਨ੍ਹਾਂ ਨੂੰ ਆਈਟਮ ਡਾਂਸ ਨਾਲ ਜੋੜਿਆ ਜਾਂਦੈ ਤੇ ਦਰਸ਼ਕ ਭੁੱਲ ਜਾਂਦੇ ਨੇ ਫ਼ਿਲਮ ਦੀ ਸਟੋਰੀ ਕੀ ਹੈ, ਗੀਤ ਇਥੇ ਢੁੱਕਦਾ ਵੀ ਸੀ ਕਿ ਨਹੀਂ? ਉਸੇ ਤਰ੍ਹਾਂ 'ਲੱਕ ਟੁਣੂੰ ਟੁਣੂੰ' ਤੇ 'ਯਾਰ ਬੋਲਦਾ' ਗੀਤਾਂ ਦੇ ਅਰਥਾਂ ਵਲ ਕਿਸੇ ਨੇ ਖਿਆਲ ਨਾ ਕੀਤਾ ਕਿਉਂਕਿ ਉਸ ਦੀ ਆਵਾਜ਼ ਦਾ ਜ਼ੋਰ ਏਨਾ ਸੀ ਕਿ ਹਰ ਕੋਈ ਉਸ ਨਾਲ ਤੁਰ ਪਿਆ।

ਬਿੰਦਰਖੀਏ ਦੀਆਂ ਤੀਹ ਤੋਂ ਵੱਧ ਕੈਸਿਟਾਂ ਦੇ ਤਿੰਨ ਦਰਜਨ ਤੋਂ ਵੱਧ ਗੀਤਾਂ ਨੂੰ ਵਾਰ-ਵਾਰ ਸੁਣਦਿਆਂ ਪਤਾ ਲੱਗਦੈ ਕਿ ਭਾਵੇਂ ਉਸਦੇ ਗੀਤ 'ਭੰਗੜੇ ਦੇ ਰਾਜੇ' ਦਾ ਰੁਤਬਾ ਰੱਖਦੇ ਸਨ, ਪਰ ਇਸ਼ਕ ਦੇ ਪੱਟਿਆਂ ਦੀ ਹਾਲ ਦੁਹਾਈ, ਝਕਾਨੀ ਦੇਣ ਵਾਲੀਆਂ ਪ੍ਰੇਮਿਕਾਵਾਂ, ਮਜਬੂਰੀ ਮਾਰੇ ਪਿਆਰ, ਇਸ਼ਕ ਦੇ ਪੀਂਘ ਝੂਟਣ ਲਈ ਕਾਹਲੇ ਚੋਬਰਾਂ ਦੀਆਂ ਬਾਤਾਂ ਉਸ ਨੇ ਗੀਤਾਂ ਜ਼ਰੀਏ ਜ਼ਿਆਦਾ ਪਾਈਆਂ। ਕੁਝ ਕੁ ਗੀਤ ਸਮਾਜਿਕ ਸਰੋਕਾਰਾਂ ਨਾਲ ਵੀ ਜੁੜੇ ਹੋਏ ਸਨ ਪਰ ਜ਼ਿਆਦਾ ਵਿਸ਼ੇ ਸ਼ਰਾਰਤੀ ਰਹੇ, ਜਿਨ੍ਹਾਂ ਦਾ ਇੱਕੋ-ਇਕ ਮਕਸਦ ਕੈਸਿਟ ਦੀ ਕਾਮਯਾਬੀ ਨਾਲ ਜੁੜਿਆ ਹੁੰਦਾ ਸੀ। ਬਿੰਦਰਖੀਏ ਦਾ ਪ੍ਰਭਾਵ ਕਦੇ ਵੀ ਉਦਾਸ ਗੀਤਾਂ ਵਾਲੇ ਗਾਇਕ ਵਜੋਂ ਨਹੀਂ ਸਿਰਜਿਆ ਗਿਆ। ਉਸ ਨੇ 'ਦਿਲ ਕਾਲੇ ਨੇ ਤੇ ਸੂਰਤਾਂ ਪਿਆਰੀਆਂ, ਕੱਚੇ ਤੰਦਾਂ ਜਿਹੀਆਂ ਅੱਜ ਕੱਲ੍ਹ ਯਾਰੀਆਂ' ਤੇ 'ਦਿਲ ਵੱਖ ਰੋਵੇ, ਅੱਖ ਰੋਵੇ ਵੱਖ ਹਾਣਦੇ' ਗੀਤਾਂ ਨੂੰ ਇਸ ਅੰਦਾਜ਼ 'ਚ ਗਾਇਆ ਕਿ ਇਨ੍ਹਾਂ ਵਿਚੋਂ ਉਦਾਸੀ ਵਾਲੀ ਹਾਲ-ਦੁਹਾਈ ਘੱਟ ਨਜ਼ਰ ਆਈ।

'ਮੁੱਖੜਾ ਦੇਖ ਕੇ' ਕੈਸਿਟ ਨੂੰ ਧਿਆਨ ਨਾਲ ਸੁਣੋ। 'ਦਿਲ ਤਾਂ ਪਤਾ ਨਹੀਂ ਤੇਰਾ ਕਿਹੋ ਜਿਹਾ ਹੋਣਾ ਮੈਂ ਤਾਂ ਮੁੱਖੜਾ ਦੇਖ ਕੇ ਮਰ ਗਿਆ ਨੀ' ਗੀਤ ਇਸ਼ਕ ਤੋਂ ਬਾਅਦ ਵਾਲੇ ਤਜਰਬਿਆਂ ਨੂੰ ਜ਼ਾਹਰ ਕਰਦਾ ਹੈ। ਏਸੇ ਕੈਸਿਟ ਵਿਚ ਬਿੰਦਰਖੀਏ ਦਾ ਮੁਟਿਆਰ ਨਾਲ ਸਵਾਲਾਂ-ਜਵਾਬਾਂ ਵਾਲਾ ਗੀਤ ਕਿੰਨਾ ਮਕਬੂਲ ਹੋਇਆ, ਜਿਸ ਵਿਚ ਮੁਟਿਆਰ ਆਪਣੇ ਭਰਾਵਾਂ ਦੇ ਜ਼ੋਰ ਦੀ ਗੱਲ ਕਰਦੀ ਹੈ, ਉਸ ਨੂੰ ਝੂਠਾ-ਮੂਠਾ ਖੰਘਣੋਂ ਮਨ੍ਹਾਂ ਕਰਦੀ ਹੈ ਪਰ ਨਾਇਕ ਜਵਾਨੀ ਦੇ ਜ਼ੋਰ ਵਿਚ ਸਭ ਗੱਲਾਂ ਨੂੰ ਟਿੱਚ ਜਾਣਦਾ ਹੈ। ਉਸ ਨੂੰ ਖੁਦ 'ਤੇ ਮਾਣ ਹੈ, ਤਰਕ ਪੱਲੇ ਨਾਲ ਬੰਨਿਆ ਹੋਇਐ ਕਿ ਸਰਕਾਰੀ ਗਲੀਆਂ ਕਿਸੇ ਦੀ ਜਗੀਰ ਨਹੀਂ ਹੁੰਦੀਆਂ ਤੇ ਸਿਰਜਣਹਾਰੇ ਵਲੋਂ ਲਾਈਆਂ ਅੱਖਾਂ ਦੇ ਦੇਖਣ 'ਤੇ ਕੋਈ ਪਾਬੰਦੀ ਨਹੀਂ ਲਗਾ ਸਕਦਾ:

> ਸਾਨੂੰ ਟੇਢੀ ਟੇਢੀ ਤੱਕਦੀ ਤੂੰ,
> ਇਹ ਗਲੀ ਸਰਕਾਰੀ ਏ,
> ਸਾਨੂੰ ਰੋਕ ਨਹੀਂ ਸਕਦੀ ਤੂੰ।

ਬਿੰਦਰਖੀਏ ਦੇ ਗੀਤਾਂ ਦਾ ਵੱਖਰਾ ਪਹਿਲੂ ਇਹ ਵੀ ਰਿਹਾ ਕਿ ਅਨੇਕਾਂ ਗੀਤਾਂ ਵਿਚ ਟੱਪਿਆਂ ਤੇ ਬੋਲੀਆਂ ਨੂੰ ਸਫਲਤਾ ਨਾਲ ਫਿੱਟ ਕੀਤਾ ਗਿਆ। ਭਾਵੇਂ ਇਹ ਤਜਰਬਾ ਪਹਿਲੀ ਵਾਰ ਨਹੀਂ ਸੀ ਹੋਇਆ, ਕਈ ਗਾਇਕਾਂ ਨੇ ਉਸ ਤੋਂ ਪਹਿਲਾਂ ਇਹ ਪੱਤਾ ਖੇਡ ਕੇ ਦੇਖਿਆ ਸੀ ਪਰ ਬਿੰਦਰਖੀਏ ਨੇ ਗੀਤਾਂ ਵਿਚ ਇਨ੍ਹਾਂ ਨੂੰ ਇਸ ਤਰ੍ਹਾਂ ਨਿਭਾਇਆ ਕਿ ਪਤਾ ਹੀ ਨਹੀਂ ਸੀ ਲਗਦਾ ਕਿ ਗੀਤ ਕਿਹੜੇ ਵੇਲੇ ਮੋੜ ਕੱਟ ਕੇ ਫਿਰ ਮੁੱਖ ਧਾਰਾ ਵਿਚ ਆ ਗਿਆ। 'ਦੁਪੱਟਾ ਤੇਰਾ ਸੱਤ ਰੰਗ ਦਾ' ਗੀਤ ਵਿਚ ਵਧੀਆ ਢੰਗ ਨਾਲ ਟੱਪੇ ਫਿੱਟ ਕੀਤੇ ਗਏ।

ਬਿੰਦਰਖੀਏ ਦੇ ਕਈ ਗੀਤਾਂ ਦੇ ਫ਼ਿਲਮਾਂਕਣ 'ਤੇ ਕਿੰਤੂ-ਪ੍ਰੰਤੂ ਹੁੰਦੀ ਰਹੀ ਕਿ ਗੀਤ ਦੇ ਬੋਲਾਂ ਨਾਲ ਵੀਡੀਓ ਦਾ ਕੋਈ ਮੇਲ ਨਹੀਂ ਹੁੰਦਾ। ਚੜ੍ਹਤ ਦੇ ਦਿਨਾਂ 'ਚ ਕਲਾਕਾਰ ਪ੍ਰੋਗਰਾਮਾਂ, ਵਿਦੇਸ਼ੀ ਦੌਰਿਆਂ ਜਾਂ ਹੋਰ ਕੰਮਾਂ-ਕਾਜਾਂ 'ਚ ਏਨਾ ਮਸ਼ਰੂਫ਼ ਰਹਿੰਦਾ ਹੈ ਕਿ ਵੀਡੀਓ ਡਾਇਰੈਕਟਰ ਨਾਲ ਮਿਲ ਬਹਿਣ ਦਾ ਸਮਾਂ ਨਹੀਂ ਮਿਲਦਾ। ਬੰਬੇ ਮਾਰਕਾ ਵੀਡੀਓ ਡਾਇਰੈਕਟਰਾਂ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਹੁੰਦਾ ਕਿ ਵੀਡੀਓ ਕਿਹੜੀ ਚੀਜ਼ ਦੀ ਮੰਗ ਕਰਦਾ ਹੈ, ਬਸ ਉਹ 'ਸਟਾਈਲਿਸ਼' ਦੇ ਚੱਕਰ 'ਚ ਸਭ ਕੁਝ ਦਰਕਿਨਾਰ ਕਰ ਦਿੰਦੇ ਹਨ। ਬਿੰਦਰਖੀਏ ਨਾਲ ਵੀ ਕਈ ਵਾਰ ਅਜਿਹਾ ਹੋਇਆ। 'ਮੋਢੇ ਤੋਂ ਤਿਲਕਦਾ ਜਾਵੇ, ਦੁਪੱਟਾ ਤੇਰਾ ਸੱਤ ਰੰਗ ਦਾ' ਗੀਤ ਦੇ ਫ਼ਿਲਮਾਂਕਣ 'ਚ ਮੁਟਿਆਰ ਦੇ ਸਿਰ 'ਤੇ ਦੁਪੱਟਾ ਹੀ ਨਹੀਂ ਸੀ। ਇਸ ਗੀਤ ਬਾਰੇ ਵਾਹਵਾ ਬਿਆਨਬਾਜ਼ੀ ਹੋਈ ਪਰ ਸਾਡੀ ਜਾਚੇ ਬਿੰਦਰਖੀਏ ਦਾ ਇਸ ਵਿਚ ਕਸੂਰ ਨਹੀਂ ਸੀ, ਉਹ ਤਾਂ ਪ੍ਰੋਗਰਾਮਾਂ ਤੇ ਕੈਸਿਟ ਦੀ ਤਿਆਰੀ ਤੱਕ ਜ਼ਿੰਮੇਵਾਰ ਰਹਿੰਦਾ ਸੀ, ਬਾਕੀ ਸਾਰਾ ਕੰਮ ਤਾਂ ਉਸ ਦੇ ਪ੍ਰਬੰਧਕਾਂ ਜਾਂ ਕੰਪਨੀ ਦੀ ਨਿਗਰਾਨੀ ਹੇਠ ਹੁੰਦਾ ਸੀ।

ਬਿੰਦਰਖੀਏ ਦੇ ਬਹੁਤੇ ਮਕਬੂਲ ਗੀਤਾਂ ਦੇ ਵੀਡੀਓ ਦੇਸੀ ਢੰਗ ਨਾਲ ਤਿਆਰ ਕੀਤੇ ਗਏ। 'ਤੇਰੇ 'ਚ ਤੇਰਾ ਯਾਰ ਬੋਲਦਾ' ਗੀਤ ਦਾ ਵੀਡੀਓ ਇਕ ਸਟੇਜ 'ਤੇ ਸਾਦੇ ਢੰਗ ਨਾਲ ਤਿਆਰ ਕੀਤਾ ਗਿਆ, ਜਿਸ ਵਿਚ ਨਾਲ ਨੱਚਣ ਵਾਲੀ ਮੁਟਿਆਰ ਦੇ ਲੱਕ ਦੇ ਠੁਮਕਿਆਂ ਨੇ ਸਭ ਦਾ ਧਿਆਨ ਖਿੱਚਿਆ ਤੇ ਬਿੰਦਰਖੀਏ ਦੇ ਅੱਖਾਂ ਤੇ ਹੱਥਾਂ ਦੇ ਇਸ਼ਾਰਿਆਂ ਨੇ ਵੀ। 'ਪੱਟੀ ਫ੍ਰੈਸ਼ਨਾਂ ਦੀ ਹੱਥ 'ਚ ਰੁਮਾਲ ਰੱਖਦੀ' ਵੀ ਸਟੇਜ 'ਤੇ ਫ਼ਿਲਮਾਇਆ ਗਿਆ ਤੇ 'ਇਕ ਫੁੱਲ ਕੱਢਦਾ ਫੁਲਕਾਰੀ' ਸਮੇਤ ਹੋਰ ਕਈ ਗੀਤਾਂ ਦੇ ਵੀਡੀਓ ਭਾਵੇਂ ਬੇਹੱਦ ਘੱਟ ਬਜਟ ਵਾਲੇ ਜਾਪਦੇ ਸਨ ਪਰ ਆਵਾਜ਼ ਦੇ ਪ੍ਰਭਾਵ ਅੱਗੇ ਮਹਿੰਗੇ-ਸਸਤੇ ਵੀਡੀਓ ਦਾ ਕੋਈ ਮੁੱਲ ਨਾ ਰਿਹਾ।

ਬਿੰਦਰਖੀਏ ਦੇ ਕਈ ਗੀਤਾਂ ਵਿਚ 'ਯਾਰ' ਤੇ 'ਯਾਰੀ' ਸ਼ਬਦ ਦੀ ਬਹੁਤਾਤ ਮਿਲਦੀ ਹੈ। 'ਝਾਂਜਰ ਪਤਲੋ ਦੀ' ਗੀਤ ਵਿਚੋਂ ਵੀ 'ਯਾਰ' ਦੀ 'ਯਾਰੀ' ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ:

> ਔਹ ਜਾਂਦੀ ਇਕ ਕੁੜੀ ਕੁਆਰੀ,
> ਕਹਿੰਦੇ ਉਸ ਨੇ ਲਾ ਲਈ ਯਾਰੀ,
> ਜਦ ਦੀ ਲਾ ਲਈ ਯਾਰੀ ਯਾਰੋ,
> ਰਹਿੰਦੀ ਏ ਬਣ ਠਣ ਕੇ ,
> ਝਾਂਜਰ ਪਤਲੋ ਦੀ ਸਿਖਰ ਦੁਪਹਿਰੇ ਛਣਕੇ।

ਬਿੰਦਰਖੀਏ ਨੇ ਬਹੁਤੇ ਗੀਤ ਸ਼ਰਾਰਤੀ ਅੰਦਾਜ਼ ਵਾਲੇ ਗਾਏ ਤੇ ਸੱਚ ਹੈ ਕਿ ਇਹੀ ਉਸ ਦੀ ਪਛਾਣ ਦੇ ਜ਼ਾਮਨ ਬਣੇ। 'ਮੋਢੇ ਨਾਲ ਮੋਢਾ ਮਾਰ ਕੇ, ਮੋਢਾ ਮਾਰ ਕੇ ਮਜਾਜਣ ਲੰਘ ਗਈ', 'ਅੱਜ ਬਾਂਹ ਦੇ ਵਿਚ ਵੰਗ ਹੋਗੀ ਤੰਗ ਕੁੜੀਏ', 'ਤੂੰਬਾ ਵੱਜਦਾ ਦਿਲਾਂ ਦੇ ਵਿਚਕਾਰ ਕੁੜੀਏ, ਸੱਚੀਂ ਮੁੱਚੀਂ ਸੱਚੀਂ ਮੁੱਚੀਂ ਹੋਗੀ ਮੁਟਿਆਰ ਕੁੜੀਏ', 'ਵੰਗ ਵਰਗੀ ਕੁੜੀ ਦੇ ਨਾਲ ਨੱਚਣੇ ਨੂੰ ਚਿੱਤ ਕਰਦੈ', 'ਅੱਖਾਂ ਨਾਲ ਕਰ੍ਹ ਹੁਣ ਦਿਲਾਂ ਦੀਆਂ ਚੋਰੀਆਂ', 'ਪਾ ਲੈ ਚੀਚੀ ਵਿਚ ਮਿੱਤਰਾਂ ਦਾ ਛੱਲਾ ਕੁੜੀਏ', 'ਨੀਂ ਤੂੰ ਜੱਟ ਦੀ ਪਸੰਦ ਜੱਟ ਨੇ ਵਿਆਹੁਣੀ ਆ', 'ਗਿੱਧੇ ਵਿਚ ਨੱਚਦੀ ਦਾ ਖੁੱਲ੍ਹ ਗਿਆ ਜਲੇਬੀ ਜੂੜਾ' ਗੀਤਾਂ ਦੇ ਵਿਸ਼ੇ ਸ਼ਰਾਰਤੀ ਜਿਹੇ ਹਨ ਤੇ ਜ਼ੱਗ ਜਾਣਦਾ ਹੈ ਕਿ ਇਕ-ਇਕ ਗੀਤ ਬਿੰਦਰਖੀਏ ਦੇ ਤੁਰ ਜਾਣ ਦੇ ਛੇ ਸਾਲ ਤੋਂ ਵੱਧ ਸਮੇਂ ਬਾਅਦ ਵੀ ਚੇਤੇ ਦੀ ਸਲੇਟ 'ਤੇ ਉਕਰਿਆ ਹੋਇਐ।

ਬਿੰਦਰਖੀਏ ਨੇ ਦਿਓਰ ਵਲੋਂ ਭਾਬੀ ਅੱਗੇ ਕੀਤੀ ਅਰਜ਼ੋਈ ਵਾਲਾ ਗੀਤ 'ਲਾਟੂ ਦਿਓਰ ਦੇ ਚੁਬਾਰੇ 'ਤੇ ਜਗਾਦੇ ਭਾਬੀਏ' ਵੀ ਗਾਇਆ ਤੇ ਮਾਂਵਾਂ ਨਾਲ ਧੀਆਂ ਦੀ ਸਾਂਝ ਵਾਲਾ ਗੀਤ ਏਨੇ ਭਾਵੁਕ ਲਹਿਜ਼ੇ 'ਚ ਪੇਸ਼ ਕੀਤਾ ਕਿ ਸੁਣਦਿਆਂ ਸਾਰ ਅੱਖਾਂ ਨਮ ਹੋ ਜਾਂਦੀਆਂ ਨੇ। ਮਾਂ ਦੇ ਜਾਣ ਤੋਂ ਬਾਅਦ ਧੀ ਦਾ ਪੇਕੇ ਆਉਣ ਨੂੰ ਮਨ ਨਹੀਂ ਕਰਦਾ, ਕਿਉਂਕਿ ਦਿਲ ਦੀਆਂ ਗੰਢਾਂ ਖੋਲ੍ਹਣ ਵਾਲਾ ਕੋਈ ਨਹੀਂ ਬਚਿਆ। ਪੇਕੇ ਘਰ ਪਹਿਲਾਂ ਵਰਗੀ ਅਪਣੱਤ ਨਹੀਂ ਰਹੀ, ਭਰਾ ਆਪਣੀ ਭੈਣ ਲਈ ਕੁਝ ਕਰਨਾ ਚਾਹੁੰਦਾ ਹੈ ਪਰ ਘਰਵਾਲੀ ਦੀ ਘੂਰਕੀ ਤੋਂ ਡਰਦਾ ਮਜਬੂਰ ਹੈ ਤੇ ਬੁੱਢੇ ਬਾਪੂ ਦੇ ਵੱਸ 'ਚ ਵੈਸੇ ਹੀ ਕੁਝ ਨਹੀਂ।


> ਕਬਰਾਂ ਵਿਚੋਂ ਬੋਲ ਨੀਂ ਮਾਏ,
> ਦੁੱਖ ਸੁੱਖ ਧੀ ਨਾਲ ਫੋਲ ਨੀਂ ਮਾਏ।
> ਆਵਾਂ ਤਾਂ ਮੈਂ ਆਵਾਂ ਮਾਏ,
> ਆਵਾਂ ਕਿਹੜੇ ਚਾਵਾਂ ਨਾਲ।
> ਮਾਂ ਮੈਂ ਮੁੜ ਪੇਕੇ ਨਹੀਂ ਆਉਣਾ
> ਪੇਕੇ ਹੁੰਦੇ ਮਾਂਵਾਂ ਨਾਲ।

ਇਹ ਸਭ ਬਿੰਦਰਖੀਏ ਦੀ ਗਾਇਕੀ ਦਾ ਪ੍ਰਭਾਵ ਹੀ ਸੀ ਕਿ ਉਸ ਦਾ ਗੀਤ 'ਦੁਪੱਟਾ ਤੇਰਾ ਸੱਤ ਰੰਗ ਦਾ' ਇੰਗਲੈਂਡ ਦੇ ਸੁਪਰਹਿੱਟ ਗੀਤਾਂ ਦੇ ਚਾਰਟ ਵਿਚ ਪਹਿਲੇ ਨੰਬਰ 'ਤੇ ਰਿਹਾ। ਅੱਜ ਭਾਵੇਂ ਜਣਾ-ਖਣਾ ਆਪਣੇ ਬੋਰਡਾਂ 'ਤੇ 'ਲੋਕ ਗਾਇਕ' ਲਿਖਵਾਈ ਫਿਰਦਾ ਹੈ ਪਰ ਅਸਲ ਵਿਚ ਬਿੰਦਰਖੀਆ ਹੀ 'ਲੋਕ ਗਾਇਕ' ਸੀ। ਉਸ ਨੇ ਲੋਕ ਗਾਇਕੀ ਨੂੰ ਆਧੁਨਿਕ ਅੰਦਾਜ਼ ਦਾ ਅਜਿਹਾ ਤੁੜਕਾ ਲਾਇਆ ਕਿ ਇੰਗਲੈਂਡ ਦੇ ਪੰਜਾਬੀ ਮੂਲ ਨਾਲੋਂ ਟੁੱਟ ਚੁੱਕੇ ਨਿਆਣੇ ਵੀ ਉਸ ਦੇ ਦੀਵਾਨੇ ਹੋ ਗਏ ਸਨ।

ਜਿਵੇਂ ਅਮਰ ਸਿੰਘ ਚਮਕੀਲਾ ਦੇ ਤੁਰ ਜਾਣ ਤੋਂ ਬਾਅਦ ਕਈ ਗਾਇਕਾਂ ਨੇ ਉਸ ਦੀ ਥਾਂ ਲੈਣ ਦੀ ਕੋਸ਼ਿਸ਼ ਕੀਤੀ ਪਰ ਸਫਲ ਨਹੀਂ ਹੋਏ, ਠੀਕ ਉਸੇ ਤਰ੍ਹਾਂ ਸੁਰਜੀਤ ਤੋਂ ਬਾਅਦ ਕਈ ਗਾਇਕਾਂ ਨੇ ਉਸ ਵਾਂਗ ਬਨਾਉਟੀ ਹੇਕ ਲਾਉਣ ਤੇ ਉੱਚੀ ਗਾਉਣ ਦੀ ਕੋਸ਼ਿਸ਼ ਕੀਤੀ, ਪਰ ਲੋਕ ਕਹਿਣ ਲੱਗੇ, 'ਇਹ ਤਾਂ ਐਵੇਂ ਕਿੱਲ੍ਹ-ਕਿੱਲ੍ਹ ਕੇ ਬਿੰਦਰਖੀਆ ਬਣਨ ਦੀ ਕੋਸ਼ਿਸ਼ ਕਰ ਰਿਹੈ।' ਨਵੇਂ ਪੂਰ 'ਚੋਂ ਸਿਰਫ ਬਲਜੀਤ ਮਾਲਵਾ ਅਜਿਹਾ ਗਵੱਈਆ ਹੋ ਨਿੱਬੜਿਆ, ਜਿਸ ਬਾਰੇ ਕਿਹਾ ਜਾ ਸਕਦੈ ਕਿ ਉਹ ਬਿੰਦਰਖੀਏ ਦੀ ਪੈੜ 'ਚ ਪੈਰ ਧਰਨ 'ਚ ਕੁਝ ਹੱਦ ਤੱਕ ਕਾਮਯਾਬ ਹੋਇਆ।

ਭਾਵੇਂ ਬਿੰਦਰਖੀਆ ਅੱਜ ਸਾਡੇ ਦਰਮਿਆਨ ਨਹੀਂ ਰਿਹਾ, ਪਰ ਉਸ ਦੀਆਂ ਦੋ ਅਨਮੋਲ ਨਿਸ਼ਾਨੀਆਂ ਗੀਤਾਜ ਬੈਂਸ ਤੇ ਮੀਨਾਜ ਬੈਂਸ ਸਾਡੇ ਕੋਲ ਮੌਜੂਦ ਨੇ। ਉਸ ਦੀ ਸੱਧਰਾਂ ਦੀ ਸਾਥਣ ਪ੍ਰੀਤ ਕਮਲ ਨੂੰ ਮਾਣ ਹੈ ਕਿ ਉਸ ਦੇ ਸਾਈਂ ਨੇ ਲੰਮੇ ਸਮੇਂ ਤੱਕ ਯਾਦ ਰੱਖਣਯੋਗ ਗੀਤ ਦਿੱਤੇ। ਉਨ੍ਹਾਂ ਦੀ ਗੂੜ੍ਹੀ ਸਾਂਝ ਰਹੀ ਹੈ। ਸੰਗੀਤ ਪ੍ਰੇਮੀਆਂ ਨੂੰ ਮਾਣ ਹੈ ਕਿ ਉਨ੍ਹਾਂ ਨੇ ਉਸਦੀ ਹਰ ਕੈਸਿਟ ਦਾ ਰੱਜ ਕੇ ਅਨੰਦ ਮਾਣਿਆ ਹੈ।

# ਪੰਜਾਬੀ ਗੀਤਕਾਰੀ ਦਾ ਮਾਣ-ਮਾਨ ਮਰਾੜ੍ਹਾਂ ਵਾਲਾ



ਮੌਜੂਦਾ ਦੌਰ ਵਿਚ ਪੰਜਾਬੀ ਦੀ ਹਾਲਤ ਬਾਰੇ ਬਾਬੂ ਸਿੰਘ ਮਾਨ ਨੇ ਵੀ ਲਗਭਗ ਫਿਰੋਜ਼ਦੀਨ ਸ਼ਰਫ ਜਿਹੀ ਵੇਦਨਾ ਪ੍ਰਗਟਾਉਂਦੀਆਂ ਤੇ ਸਾਨੂੰ ਸਭਨਾਂ ਨੂੰ ਝੰਜੋੜਦੀਆਂ ਕੁਝ ਸਤਰਾਂ ਲਿਖੀਆਂ ਹਨ, ਜਿਨ੍ਹਾਂ ਨੂੰ ਹਰਭਜਨ ਮਾਨ ਨੇ ਗਾਇਆ ਹੈ:

> 'ਮੈਨੂੰ ਇਉਂ ਨਾ ਮਨੋਂ ਵਿਸਾਰ ਵੇ
> ਮੈਂ ਤੇਰੀ ਮਾਂ ਦੀ ਬੋਲੀ ਆਂ।'

ਸਭ ਤੋਂ ਪਹਿਲੀਆਂ ਸਤਰਾਂ ਵਿਚ ਅੰਕਿਤ ਹੈ:

> 'ਮੈਂ ਪੰਜਾਬੀ ਗੁਰੂਆਂ ਪੀਰਾਂ ਅਵਤਾਰਾਂ ਦੀ ਬੋਲੀ
> ਮਾਂ ਦੀ ਮਮਤਾ ਵਰਗੀ ਮਿੱਠੀ,
> ਦੁੱਧ ਵਿਚ ਮਿਸ਼ਰੀ ਘੋਲੀ।
> ਰੱਜ-ਰੱਜ ਲਾਡ ਲਡਾਇਆ ਤੈਨੂੰ,
> ਲੋਰੀਆਂ ਨਾਲ ਖਿਡਾਇਆ ਤੈਨੂੰ,
> ਭੁੱਲ ਗਿਆ ਮੇਰਾ ਪਿਆਰ...
> ਵੇ ਮੈਂ ਤੇਰੀ....।

ਗੀਤ ਦੇ ਪਹਿਲੇ ਅੰਤਰੇ ਵਿਚ ਪੰਜਾਬ ਦੀ ਵੰਡ ਦਾ ਕਲਾਤਮਿਕ ਜ਼ਿਕਰ ਕੀਤਾ ਗਿਆ ਹੈ ਤੇ ਪੰਜਾਬੀ ਬੋਲਣ ਵਾਲਿਆਂ ਦੀ ਦੋ-ਹਿੱਸਿਆਂ ਵਿਚ ਕੀਤੀ ਗਈ ਵੰਡ ਦਾ ਦਰਦ ਮਾਂ-ਬੋਲੀ ਦੇ ਮੂੰਹੋਂ ਪ੍ਰਗਟਾਇਆ ਗਿਆ ਹੈ:

> 'ਦੁਨੀਆਂ ਵਾਲੇ ਕਹਿੰਦੇ ਸੀ ਮੈਨੂੰ
> ਪੰਜ ਦਰਿਆ ਦੀ ਰਾਣੀ,
> ਪਾਣੀ ਵਿਚ ਲਕੀਰਾਂ ਵਾਹ ਕੇ,
> ਚੀਰ ਦਿੱਤੇ ਗਏ ਪਾਣੀ।
> ਖਿੰਡ ਗਏ ਮੋਤੀ ਮੈਂ ਤੱਤੜੀ ਦੇ,
> ਟੁੱਟ ਗਿਆ ਰਾਣੀ ਹਾਰ...
> ਵੇ ਮੈਂ ਤੇਰੀ...।'

ਇਹ ਕ੍ਰਿਸ਼ਮਾ ਮਾਨ ਮਰਾੜ੍ਹਾਂ ਵਾਲੇ ਦੀ ਕਲਮ ਦੇ ਹੀ ਹਿੱਸੇ ਆਇਆ ਹੈ ਕਿ ਇਕ ਪਾਸੇ ਦੇਸ਼ ਦੀ ਵੰਡ ਦੀ ਇਸ ਅਣਹੋਣੀ ਨੂੰ 'ਪਾਣੀ 'ਤੇ ਲੀਕ' ਕਹਿ ਕੇ ਇਸ ਦੇ ਅਸਥਾਈ ਹੋਣ ਵਲ ਇਸ਼ਾਰਾ ਕੀਤਾ ਹੈ ਤੇ ਅਗਲੀ ਹੀ ਸਤਰ ਵਿਚ ਪੰਜ ਪਾਣੀਆਂ ਦੇ ਚੀਰਨ ਦੀ ਗੱਲ ਕਰਕੇ ਇਸ ਦੇ ਅਸਰਾਂ ਨੂੰ ਸਥਾਈ ਰੂਪ ਦੇ ਦਿੱਤਾ ਹੈ। ਅਗਲਾ ਅੰਤਰਾ ਹੈ:

> 'ਕਲਮ ਤੇਰੀ ਤੋਂ ਏ ਬੀ ਸੀ ਨੇ
> ਖੋਹ ਲਿਆ ਉੜਾ ਆੜਾ,
> ਸੁਣ ਪੁੱਤਰਾ ਮੇਰੇ ਦਿਲ 'ਚੋਂ
> ਨਿਕਲਿਆ ਹੌਕੇ ਵਰਗਾ ਹਾੜ੍ਹਾ।
> ਕਾਹਦਾ ਪੁੱਤ ਦਾ ਰਾਜ ਭਾਗ,
> ਮਾਂ ਖੜ੍ਹੀ ਦਫਤਰੋਂ ਬਾਹਰ...
> ਵੇ ਮੈਂ ਤੇਰੀ...।'

ਆਖਰੀ ਅੰਤਰਾ ਹੈ:

> 'ਜੰਮੇ ਜਾਏ, ਗੋਦ ਖਿਡਾਏ,
> ਰੀਝਾਂ ਨਾਲ ਪੜ੍ਹਾਏ,
> ਜਿਉਂ ਜਿਉਂ ਵੱਡੇ ਬਣਦੇ ਗਏ
> ਮੈਥੋਂ ਹੁੰਦੇ ਗਏ ਪਰਾਏ।
> ਵੇ 'ਮਾਨਾ' ਨਾ ਹੋਈਂ ਬਿਗਾਨਾ,
> ਤੂੰ ਤਾਂ ਸੋਚ ਵਿਚਾਰ...
> ਵੇ ਮੈਂ ਤੇਰੀ ਮਾਂ ਦੀ ਬੋਲੀ ਆਂ।'

ਬਾਬੂ ਸਿੰਘ ਮਾਨ ਪੰਜਾਬੀ ਗੀਤਕਾਰੀ ਦਾ ਬੇਤਾਜ ਬਾਦਸ਼ਾਹ ਹੈ। ਉਸ ਦੀ ਸ਼ਾਇਰੀ ਵਿਚ ਸਰਲਤਾ ਹੈ, ਪੰਜਾਬੀਅਤ ਹੈ ਤੇ ਇਸ ਸਭ ਕੁਝ ਦੇ ਨਾਲ-ਨਾਲ ਇਕ ਸਭਿਆਚਾਰਕ ਡੂੰਘਾਈ ਹੈ। ਆਪਣੀ ਮਾਂ-ਬੋਲੀ ਦੀ ਤਰਸਯੋਗ ਹਾਲਤ ਬਿਆਨ ਕਰਦੀ ਇਸ ਸਮਰੱਥ ਕਲਮ ਤੋਂ ਅਜੇ ਪੰਜਾਬੀਆਂ ਨੂੰ ਵੱਡੀਆਂ ਆਸਾਂ ਹਨ। ਇਹ ਵੱਡੇ ਮਾਣ ਵਾਲੀ ਗੱਲ ਹੈ ਕਿ ਇਕ ਰੇਡੀਓ ਚੈਨਲ ਵਲੋਂ ਪੰਜਾਬੀ ਗੀਤਕਾਰਾਂ ਨੂੰ ਸਨਮਾਨੇ ਜਾਣ ਦੀ ਅਰੰਭੀ ਗਈ ਇਕ ਲੜੀ ਤਹਿਤ ਪਹਿਲਾ 'ਸ਼ਿਵ ਕੁਮਾਰ ਬਟਾਲਵੀ ਐਵਾਰਡ' ਬਾਬੂ ਸਿੰਘ ਮਾਨ ਨੂੰ ਦਿੱਤਾ ਜਾ ਰਿਹਾ ਹੈ।

*-ਗੁਰਮੀਤ ਸਿੰਘ ਕੋਟਕਪੂਰਾ*

**ਪ੍ਰੇਮ ਪਿਟਾਰੀ**

# ਸੰਤਾਲੀ ਵਾਲੀ ਵੰਡ ਮੁਹੱਬਤ ਦੀਆਂ ਜੜ੍ਹਾਂ 'ਚ ਬਹਿ ਗਈ

**ਅਮਰ ਸੂਫ਼ੀ**

ਦਸਵੀਂ ਜਮਾਤ ਦਾ ਇਮਤਿਹਾਨ ਦੇ ਕੇ ਵਿਹਲਾ ਸਾਂ। ਨਹਿਰੋਂ ਪਾਰਲੇ ਪਿੰਡ ਮੌਲਵੀ ਵਾਲੇ ਸ਼ਰੀਕੇ 'ਚੋਂ ਭਰਾ ਲਗਦੇ ਪੂਰਨ ਸਿੰਘ ਦਾ ਪਿਛਲੀ ਰਾਤ ਚੜ੍ਹਦੀ ਜਵਾਨੀ 'ਚ ਹੀ ਕਤਲ ਹੋ ਗਿਆ ਸੀ। ਮੇਰੀ ਛੋਟੀ ਭੈਣ ਤੇ ਭਰਾ ਨੂੰ ਭੂਆ ਧੰਨੋ ਕੇ ਘਰ ਛੱਡ ਕੇ ਬਾਪੂ ਜੀ ਤੇ ਮਾਂ ਹੋਰ ਸ਼ਰੀਕੇ-ਕਬੀਲੇ ਦੇ ਬੰਦੇ-ਬੁੜ੍ਹੀਆਂ ਨਾਲ ਸਸਕਾਰ ਕਰਾਉਣ ਲਈ, ਮੈਨੂੰ ਵਿਹੜੇ ਵਿਚ ਪਏ ਕਣਕ ਦੇ ਢੇਰ ਦੀ ਰਾਖੀ ਕਰਨ ਅਤੇ ਘਰ ਰਹਿਣ ਲਈ ਸੌਂਪੀ ਕਰ ਕੇ ਗਏ ਸਨ।

ਛਤੜੇ ਦੀ ਛਾਵੇਂ ਮੰਜੇ 'ਤੇ ਕਣਕ ਦੀ ਰਾਖੀ ਬੈਠਾ ਮੈਂ ਉਕਤਾ ਰਿਹਾ ਸਾਂ। ਮੇਰਾ ਮਨ ਪੜ੍ਹਨ ਨੂੰ ਕਰ ਰਿਹਾ ਸੀ। ਘਰ ਵਿਚ ਵਾਹਵਾ ਸਾਰੀਆਂ ਕਿਤਾਬਾਂ ਪਈਆਂ ਸਨ। ਜ਼ਿਆਦਾਤਰ ਉਰਦੂ ਦੀਆਂ ਕਿਤਾਬਾਂ ਵਿਚੋਂ ਸਿਰਫ਼ ਦੋ ਹੀ ਪੰਜਾਬੀ ਦੀਆਂ ਸਨ। ਇਕ ਬਾਬੂ ਫਿਰੋਜ਼ਦੀਨ 'ਸ਼ਰਫ਼' ਦੀ 'ਸੁਨਹਿਰੀ ਕਲੀਆਂ' ਅਤੇ ਦੂਜੀ ਪ੍ਰੋਫੈਸਰ ਮੋਹਨ ਸਿੰਘ ਦੀ ਸੀ, 'ਸਾਵੇ ਪੱਤਰ'। ਇਹ ਦੋਵੇਂ ਕਿਤਾਬਾਂ ਮੈਂ ਪਹਿਲਾਂ ਕਈ ਵਾਰੀ ਪੜ੍ਹ ਚੁੱਕਾ ਸਾਂ। ਦੋਵੇਂ ਕਿਤਾਬਾਂ ਹੀ ਅੰਦਰੋਂ ਕੱਢ ਲਿਆਇਆ ਸਾਂ। ਮੋਹਨ ਸਿੰਘ ਦੀਆਂ ਚਾਰ ਕਵਿਤਾਵਾਂ ਰੱਬ, ਬਸੰਤ, ਤਾਜ ਮਹੱਲ ਤੇ ਅਨਾਰਕਲੀ ਅਤੇ ਸ਼ਰਫ਼ ਦੀ ਮਾਂ-ਬੋਲੀ ਪੰਜਾਬੀ ਬਾਰੇ ਲਿਖੀ ਲੰਬੀ ਕਵਿਤਾ ਮੇਰੀਆਂ ਮਨ-ਪਸੰਦ ਰਚਨਾਵਾਂ ਸਨ। ਇਹ ਕਵਿਤਾਵਾਂ ਤਾਂ ਜ਼ੁਬਾਨੀ ਯਾਦ ਹੋਈਆਂ ਪਈਆਂ ਸਨ। ਮੈਂ ਇਨ੍ਹਾਂ ਨੂੰ ਸਕੂਲ ਬਾਲ-ਸਭਾ ਵਿਚ ਸੁਣਾਉਂਦਾ ਹੁੰਦਾ ਸਾਂ। ਪਰ ਫਿਰ ਵੀ ਮੈਂ ਇਨ੍ਹਾਂ ਨੂੰ ਦੁਬਾਰਾ ਪੜ੍ਹ ਲਿਆ। ਇਸ ਉਮਰ ਦੀ ਅਣਟਿਕਾਊ ਬਿਰਤੀ ਹੋਣ ਕਰ ਕੇ ਹੱਥ-ਕਰੋਲੇ ਦੇਣ ਲੱਗ ਪਿਆ ਸਾਂ ਕਿ ਕੋਈ ਪੜ੍ਹਨ ਵਾਲੀ ਜਾਂ ਖਾਣ ਵਾਲੀ ਚੀਜ਼ ਹੀ ਮਿਲ ਜਾਏ। ਰਸੋਈ 'ਚ ਜਾ ਕੇ ਖੰਡ ਦਾ ਫੱਕਾ ਹੀ ਮਾਰ ਆਇਆ ਸਾਂ। ਗੁੜ ਦੇ ਲੱਡੂ ਨਾਲ ਇਕ ਰੋਟੀ ਵੀ ਨਿਗਲ ਲਈ ਸੀ। ਦੋ ਕੁ ਸੇਰ ਦਾਣੇ ਝੱਗੇ ਦੀ ਝੋਲੀ 'ਚ ਪਾ ਕੇ ਭਾਗ ਮਹਾਜਨ ਦੀ ਹੱਟੀ ਤੋਂ ਖਤਾਈਆਂ ਲਿਆ ਕੇ ਖਾ ਲਈਆਂ ਸਨ। ਵੱਡੇ ਸਾਰੇ ਘਰ ਵਿਚ ਇਕੱਲ ਕਾਰਨ ਮੈਂ ਬੇਚੈਨ ਹੋਇਆ ਪਿਆ ਸਾਂ।

ਸੁਫ਼ੇ ਅੰਦਰ ਗਿਆ। ਲਟੈਣ 'ਤੇ ਧੁਆਂਖੇ ਜਿਹੇ ਕੱਪੜੇ ਵਿਚ ਬੱਧਾ ਹੋਇਆ ਕਿਤਾਬ ਵਰਗਾ ਕੁਝ ਦਿਖਾਈ ਦਿੱਤਾ। 'ਅੰਨ੍ਹਾਂ ਕੀ ਭਾਲੇ, ਦੋ ਅੱਖਾਂ' ਵਾਲੀ ਗੱਲ ਹੋ ਗਈ ਸੀ। ਮੇਜ਼ ਰੱਖ ਕੇ ਹੱਥ ਨਾ ਅੱਪੜਿਆ ਤਾਂ ਪੌੜੀ ਚੁੱਕ ਲਿਆਂਦੀ ਅਤੇ ਲਟੈਣ ਨੂੰ ਲਾ ਕੇ ਉਹ ਕਿਤਾਬ ਲਾਹ ਲਈ।

ਵੱਡੇ ਸਾਰੇ ਆਕਾਰ ਦੀ ਕਿਤਾਬ 'ਤੇ ਵਲ੍ਹੇਟਿਆ ਹੋਇਆ ਮੈਲਾ ਜਿਹਾ ਨਿੱਕੇ-ਨਿੱਕੇ ਲਾਲ-ਨੀਲੇ ਫੁੱਲਾਂ ਵਾਲਾ ਰੇਸ਼ਮੀ ਰੁਮਾਲ ਧੂੜ ਨਾਲ ਅੱਟਿਆ ਪਿਆ ਸੀ। ਧੂੜ ਝਾੜ ਕੇ ਰੁਮਾਲ ਨੂੰ ਖੋਲ੍ਹਿਆ ਤਾਂ ਮੋਟੇ-ਮੋਟੇ ਅੱਖਰਾਂ 'ਚ ਛਪੀ ਹੋਈ ਭੁਰੂੰ-ਭੁਰੂੰ ਕਰਦੇ ਮਿੱਟੀ ਰੰਗੇ ਵਰਕਿਆਂ ਵਾਲੀ ਇਹ ਮੋਟੀ ਸਾਰੀ ਕਿਤਾਬ ਵਾਰਸ ਸ਼ਾਹ ਦੀ 'ਹੀਰ' ਨਿਕਲੀ। ਪੱਟਾਂ 'ਚ ਰੱਖ ਕੇ ਵਾਕ ਲੈਣ ਵਾਂਙ ਹੀਰ ਖੋਲ੍ਹੀ ਤਾਂ ਬਹੁਤ ਪੁਰਾਣੇ ਤਿੰਨ ਪੱਤਰ ਵਿਚ ਪਏ ਹੋਏ ਮਿਲੇ। ਇਹ ਪੱਤਰ ਭਾਰਤੀ ਅੰਤਰਦੇਸ਼ੀ ਪੱਤਰਾਂ ਵਰਗੇ ਸਨ ਪਰ ਉਨ੍ਹਾਂ ਉਪਰ ਛਪੇ ਚੰਦ-ਤਾਰੇ ਦੀ ਤਸਵੀਰ ਅਤੇ ਉਰਦੂ ਲਿਪੀ ਨੇ ਸ਼ੰਕਾ ਨਹੀਂ ਸੀ ਰਹਿਣ ਦਿੱਤਾ ਕਿ ਇਹ ਪੱਤਰ ਪਾਕਿਸਤਾਨੋਂ ਆਏ ਹੋਏ ਹਨ। ਮੈਨੂੰ ਉਰਦੂ ਨਹੀਂ ਆਉਂਦੀ ਸੀ, ਬਾਪੂ ਜੀ ਦਾ ਅੰਗਰੇਜ਼ੀ ਵਿਚ ਲਿਖਿਆ ਹੋਇਆ ਪਤਾ ਅਤੇ 1948-49 ਦੀਆਂ ਤਾਰੀਖਾਂ ਹੀ ਪੜ੍ਹ ਸਕਿਆ ਸਾਂ। ਮਹੀਨਿਆਂ ਦੇ ਨਾਂ ਵੀ ਉਰਦੂ 'ਚ ਹੀ ਲਿਖੇ ਹੋਏ ਸਨ।

'ਹੀਰ' ਦੀਆਂ ਕੁਝ ਕੁ ਸਤਰਾਂ ਪੜ੍ਹ ਕੇ ਵਰਕੇ ਉਲੱਦਦਾ ਜਾ ਰਿਹਾ ਸਾਂ। ਕਿਤਾਬ ਦੇ ਪਿਛਲੇ ਪਾਸੇ ਜਿਲਦ ਦੇ ਅੰਦਰਵਾਰ ਮੋਟੇ ਕਾਗਜ਼ ਦਾ ਬਣਿਆ ਹੋਇਆ ਖਾਕੀ ਰੰਗ ਦਾ ਇਕ ਲਿਫਾਫਾ ਪਿਆ ਹੋਇਆ ਸੀ। ਖੋਲ੍ਹ ਕੇ ਵੇਖਿਆ ਤਾਂ ਇਕ ਤਸਵੀਰ ਨਿਕਲੀ। ਪੋਸਟ ਕਾਰਡ ਜਿੱਡੇ ਮੋਟੇ ਸਾਰੇ ਦਾਣੇਦਾਰ ਗੱਤਾਨੁਮਾ ਕਾਗਜ਼ 'ਤੇ ਮੋਟੀਆਂ-ਮੋਟੀਆਂ ਅੱਖਾਂ, ਚੌੜਾ ਮੱਥਾ, ਤਿੱਖਾ ਨੱਕ, ਖੱਬੀ ਗੱਲ੍ਹ 'ਤੇ ਮੋਟੇ ਸਾਰੇ ਤਿਲ ਦਾ ਨਿਸ਼ਾਨ, ਲੰਬੀ ਧੌਣ, ਖੱਬੇ ਮੋਢੇ 'ਤੋਂ ਦੀ ਅੱਗੇ ਸੁੱਟੀ ਤਿੱਲੜੀ ਗੁੰਦਵੀਂ ਮੋਟੀ ਗੁੱਤ ਵਾਲੀ ਮੁਟਿਆਰ ਦੀ 'ਸਾਈਡ ਪੋਜ਼' ਤੋਂ ਖਿੱਚੀ ਹੋਈ ਬੜੀ ਖੂਬਸੂਰਤ ਤਸਵੀਰ ਸੀ। ਵਾਹਵਾ ਦੇਰ ਮੈਂ ਉਸ ਵਲ ਵੇਂਹਦਾ ਹੀ ਰਿਹਾ। ਉਸ ਦੇ ਨੈਣ-ਨਕਸ਼ਾਂ ਤੋਂ ਭਾਸਦਾ ਸੀ ਕਿ ਉਹ ਸੁੰਦਰ ਹੋਣ ਦੇ ਨਾਲ-ਨਾਲ ਸੁਡੌਲ ਜੁੱਸੇ ਵਾਲੀ ਲੰਬੀ-ਲੰਝੀ ਧੜੱਲੇਦਾਰ ਕੁੜੀ ਹੋਵੇਗੀ। ਬੇਸ਼ੱਕ ਵਕਤ ਨੇ ਕਾਗਜ਼ 'ਤੇ ਆਪਣਾ ਅਸਰ ਵਿਖਾਇਆ ਹੋਇਆ ਸੀ ਪਰ ਤਸਵੀਰ 'ਤੇ ਇਸ ਦਾ ਕੋਈ ਅਸਰ ਹੋਇਆ ਨਹੀਂ ਸੀ ਜਾਪਦਾ। ਤਸਵੀਰ ਵਿਚਲੀ ਕਾਟਵੀਂ ਮੁਸਕੁਰਾਹਟ ਤੋਂ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਉਹ ਹੁਣੇ ਹੀ ਬੋਲ ਪਵੇਗੀ। ਤਸਵੀਰ ਦੇ ਪਿਛਲੇ ਪਾਸੇ ਕਾਲੀ ਸਿਆਹੀ ਨਾਲ ਉਰਦੂ 'ਚ ਕੁਝ ਲਿਖਿਆ ਹੋਇਆ ਸੀ ਅਤੇ ਨੀਲੀ ਸਿਆਹੀ ਨਾਲ ਅੰਗਰੇਜ਼ੀ 'ਚ ਗੋਲ ਮੋਹਰ ਲੱਗੀ ਹੋਈ ਸੀ, 'ਕਬੀਰ ਸਟੂਡੀਓ ਲਾਹੌਰ, ਮਿਤੀ 22.11.1942, ਮੈਂ ਸੋਚੀਂ ਪੈ ਗਿਆ।

ਬਾਪੂ ਜੀ ਦਾ ਜਨਮ ਉਨੀ ਸੌ ਬਾਈ ਦਾ ਸੀ। ਗੱਲੀਂ-ਬਾਤੀਂ ਦੱਸਦੇ ਹੁੰਦੇ ਕਿ ਉਹ ਲਾਹੌਰ ਪੜ੍ਹਦੇ ਰਹੇ ਸਨ। ਸੰਨ ਬਿਆਲੀ 'ਚ ਉਹ ਵੀਹ ਵਰ੍ਹਿਆਂ ਦੇ ਹੋਣਗੇ। ਇਹ ਕੁੜੀ ਪਿਤਾ ਜੀ ਨਾਲ ਪੜ੍ਹਦੀ ਰਹੀ ਹੋਵੇਗੀ। ਚੜ੍ਹਦੀ ਜਵਾਨੀ ਦੀ ਉਮਰ ਵਾਲੀ ਸਮਝ ਨਾਲ ਮੈਂ ਹੋਰ ਵੀ ਕਈ ਕੁਝ ਚਿਤਵ ਗਿਆ ਸਾਂ। ਮਨ ਵਿਚ ਇਕ ਨਵੀਂ ਕਿਸਮ ਦੀ ਖੁਤਖੁਤੀ ਨੇ ਜਨਮ ਲੈ ਲਿਆ ਹੋਇਆ ਸੀ। ਪਤਾ ਲਾਉਣਾ ਚਾਹੁੰਦਾ ਸਾਂ ਕਿ ਤਸਵੀਰ ਦੇ ਪਿੱਛੇ ਉਰਦੂ ਵਿਚ ਕੀ ਲਿਖਿਆ ਹੋਇਆ ਹੈ। ਮੈਨੂੰ ਪਤਾ ਸੀ ਕਿ ਹੱਟੀ ਵਾਲੇ ਤਾਏ ਭਾਗ ਨੂੰ ਉਰਦੂ ਆਉਂਦੀ ਸੀ ਕਿਉਂਕਿ ਉਧਾਰ ਗਿਆ ਹੋਇਆ ਸੌਦਾ ਉਹ ਆਪਣੀ ਵਹੀ ਵਿਚ ਇਸ ਲਿਪੀ 'ਚ ਹੀ ਲਿਖਦਾ ਸੀ।

ਬਾਪੂ ਜੀ ਦਾ ਉਸ ਕੋਲ ਆਮ ਬਹਿਣ-ਉਠਣ ਸੀ। ਤਸਵੀਰ ਲੈ ਕੇ ਜਾਂਦਾ ਤਾਂ ਉਸ ਨੇ ਸਾਰੀ ਗੱਲਬਾਤ ਬਾਪੂ ਜੀ ਨੂੰ ਦੱਸ ਦੇਣੀ ਸੀ। ਮੈਂ ਕਾਫ਼ੀ ਉਲਝਣ 'ਚੋਂ ਲੰਘ ਰਿਹਾ ਸਾਂ। ਅਖੀਰ ਇਸ ਸਿੱਟੇ 'ਤੇ ਪੁੱਜਾ ਕਿ ਉਰਦੂ ਅੱਖਰਾਂ ਨੂੰ ਵੇਖ-ਵੇਖ ਕੇ ਉਤਾਰਾ ਲਾਹ ਲਿਆ ਜਾਏ। ਕਾਫ਼ੀ ਮਿਹਨਤ ਕਰਨ ਤੋਂ ਬਾਅਦ ਮੈਂ ਪੱਥਰ ਦੀ ਸਲੇਟ 'ਤੇ ਸਲੇਟੀ ਨਾਲ ਉਹ ਲਿਖਤ ਉਤਾਰ ਲਈ ਅਤੇ ਤਾਏ ਭਾਗ ਕੋਲ ਪੜ੍ਹਾਉਣ ਲਈ ਲੈ ਗਿਆ। ਸਲੇਟ ਫੜ ਕੇ ਉਹ ਪੁੱਛਣ ਲੱਗਿਆ ਕਿ ਇਹ ਕਿੱਥੋਂ ਲਿਖ ਕੇ ਲਿਆਇਆ ਹੈਂ? ਮੈਨੂੰ ਕੋਈ ਜੁਆਬ ਨਹੀਂ ਸੀ ਅਹੁੜ ਰਿਹਾ, ਪਰ ਛੇਤੀ ਹੀ ਸੰਭਲ ਕੇ ਮੈਂ ਬੋਲਿਆ, "ਬਾਪੂ ਜੀ ਤੋਂ ਉਰਦੂ ਸਿੱਖਦਾ ਹਾਂ, ਕਿਸੇ ਕਿਤਾਬ ਤੋਂ ਵੇਖ ਕੇ ਲਿਖਿਆ ਹੈ।"

**ਲੋਹਾ ਪੂਰਾ ਗਰਮ ਵੇਖ ਕੇ ਮੈਂ ਆਪਣੀ ਸਾਰੀ ਤਾਕਤ ਇਕੱਠੀ ਕਰਕੇ ਸੱਟ ਮਾਰ ਦਿੱਤੀ, "ਬਾਪੂ ਜੀ! ਆਪਣੇ ਘਰ 'ਹੀਰ' 'ਚ ਇਕ ਤਸਵੀਰ ਪਈ ਐ, ਸੁਰੱਈਆ ਦੀ। ਉਹ ਕੁੜੀ ਕੌਣ ਸੀ?" ਜੀਭ 'ਤੇ ਚਿਰਾਂ ਦਾ ਜੰਮਿਆ ਹੋਇਆ ਸਵਾਲ ਪਿਘਲ ਕੇ ਸ਼ਬਦ ਰੂਪ ਧਾਰ ਗਿਆ ਸੀ। ਉਂਜ ਇਹ ਗੱਲ ਪੁੱਛਣ ਤੋਂ ਬਾਅਦ ਮੈਂ ਅੰਦਰੋਂ ਕੰਬ ਗਿਆ ਸਾਂ। ਪਿਤਾ ਜੀ ਨੇ ਇਕਦਮ ਮੇਰੇ ਵਲ ਵੇਖਿਆ ਅਤੇ ਹੌਲੀ ਜਿਹੇ ਬੋਲੇ, "ਉਹ ਸੁਰੱਈਆ ਦੀ ਤਸਵੀਰ ਹੈ। ਉਹ ਮੇਰੀ ਜਮਾਤਣ ਸੀ...ਤੇ ਬੇਟੇ। ਉਹ ਨਾ... ਮੈਨੂੰ ਬਹੁਤ ਮੁਹੱਬਤ ਕਰਦੀ ਸੀ।" ਉਹ ਥੋੜ੍ਹਾ ਜਿਹਾ ਠਹਿਰ ਕੇ ਫਿਰ ਬੋਲੇ, "ਐਫ.ਸੀ. ਕਾਲਜ ਵਾਲੇ ਜੌੜੇ ਅੰਬ ਮੇਰੇ ਅਤੇ ਸੁਰੱਈਆ ਦੇ ਹੱਥਾਂ ਨਾਲ ਲਾਏ ਹੋਏ ਨੇ। ਸੰਤਾਲੀ ਵਾਲੀ ਵੰਡ ਸਾਡੀ ਮੁਹੱਬਤ ਦੀਆਂ ਜੜ੍ਹਾਂ 'ਚ ਬਹਿ ਗਈ..ਨਹੀਂ ਤਾਂ ਜ਼ਿੰਦਗੀ ਕੁਝ ਹੋਰ ਹੀ...।"**



ਥੋੜ੍ਹਾ ਜਿਹਾ ਰੁਕ, ਮੇਰੇ ਵਲ ਤੱਕ ਕੇ ਉਹ ਬੋਲਿਆ, "ਬੇਪਨਾਹ ਮੁਹੱਬਤ ਸੇ ਆਪਣੇ ਮਹਿਬੂਬ ਹਰਬੰਸ ਕੋ, ਸੁਰੱਈਆ, ਲਾਹੌਰ।"... ਅਤੇ ਨਾਲ ਹੀ ਮਿਤੀ ਬੋਲ ਕੇ, ਸਲੇਟ ਮੇਰੇ ਵਲ ਕਰਦਿਆਂ ਉਹ ਮੁਸਕਰਾ ਪਿਆ ਸੀ।

ਘਰ ਆ ਕੇ ਬਹੁਤ ਦੇਰ ਮੈਂ ਉਸ ਤਸਵੀਰ ਨੂੰ ਵੇਖਦਾ ਰਿਹਾ ਸਾਂ। ਤਸਵੀਰ ਵਿਚਲੀ 'ਕੁੜੀ' ਬਾਰੇ ਸੋਚਦਾ ਰਿਹਾ ਸਾਂ। ਸੋਚਦਿਆਂ, ਬੀਤੇ 'ਚ ਵਾਪਰਿਆ ਕਈ ਕੁਝ ਯਾਦ ਆਉਣ ਲੱਗਿਆ।

ਕੰਵਰ ਮਹਿੰਦਰ ਸਿੰਘ ਬੇਦੀ, ਜੋ ਉਰਦੂ ਦਾ ਬਹੁਤ ਹੀ ਉਚ-ਪਾਏ ਦਾ ਸ਼ਾਇਰ, ਲੇਖਕ ਤੇ ਫਿਲਮਕਾਰ ਰਾਜਿੰਦਰ ਸਿੰਘ ਬੇਦੀ ਦਾ ਭਰਾ ਸੀ, ਗੁੜਗਾਉਂ ਡੀ.ਸੀ. ਲੱਗਿਆ ਹੁੰਦਾ ਸੀ। ਉਹ ਪਿਤਾ ਜੀ ਦਾ ਲਾਹੌਰ ਦਾ ਜਮਾਤੀ ਸੀ। ਜਿਗਰੀ ਯਾਰ ਅਤੇ ਸ਼ਿਕਾਰ ਦਾ ਸ਼ੁਕੀਨ। ਇਕ ਵਾਰ ਉਹ ਸਾਡੇ ਪਿੰਡ ਦੇ ਸੱਜੇ-ਖੱਬੇ ਲੰਘਦੀਆਂ ਨਹਿਰਾਂ 'ਤੇ ਤਿੱਤਰਾਂ ਦਾ ਸ਼ਿਕਾਰ ਖੇਡਣ ਆਇਆ ਆਪਣੇ ਤਿੰਨ ਹੋਰ ਹਰਿਆਣਵੀ ਸ਼ਿਕਾਰੀ ਮਿੱਤਰਾਂ ਨਾਲ ਸਾਡੇ ਘਰ ਰਾਤ ਠਹਿਰਿਆ ਹੋਇਆ ਸੀ। ਰਾਤ ਨੂੰ ਕੋਠਿਆਂ ਦੀ ਲੰਬੀ ਛੱਤ 'ਤੇ ਮੰਜੇ ਡਾਹੇ ਹੋਏ ਸਨ। ਰੋਟੀ ਖਾਣ ਤੋਂ ਬਾਅਦ ਦੁੱਧ ਪੀਂਦਿਆਂ ਚੰਨ-ਚਾਨਣੀ ਰਾਤ ਵਿਚ ਪਿਤਾ ਜੀ ਤੇ ਬੇਦੀ ਹੁਰੀਂ ਬੀਤੇ ਨੂੰ ਯਾਦ ਕਰ-ਕਰ ਹੱਸ ਰਹੇ ਸਨ। ਟਿਕੀ ਰਾਤ ਵਿਚ ਉਨ੍ਹਾਂ ਦਾ ਹਾਸਾ-ਠੱਠਾ ਵਾਹਵਾ ਦੂਰ ਤੱਕ ਸੁਣਾਈ ਦਿੰਦਾ ਸੀ। ਮੈਂ ਉਨ੍ਹਾਂ ਦੀ ਟਹਿਲ-ਸੇਵਾ ਕਰ ਰਿਹਾ ਸਾਂ। ਸੋਟੀਆਂ 'ਤੇ ਵਲ੍ਹੇਟੀਆਂ ਹੋਈਆਂ ਮੱਛਰਦਾਨੀਆਂ ਲੈ ਕੇ ਪੌੜੀ ਚੜ੍ਹਦਿਆਂ ਮੈਨੂੰ ਬੇਦੀ ਸਾਹਬ ਦੀ ਆਵਾਜ਼ ਸੁਣੀ, "ਸੁਣਾ ਭਾਊ! ਕਦੇ ਗਿਆ ਨਹੀਂ ਲੌਰ? ਤੇਰੀ ਸੁਰੱਈਆ ਦਾ ਕੀ ਹਾਲ ਹੈ? ਮਿਲੀ ਊ ਕਦੀ ਕਿ ਮਰ ਮੁੱਕ ਈ ਗਈ ਊ?" ਮੈਨੂੰ ਉਤਾਂਹ ਆਇਆ ਵੇਖ ਕੇ ਸਾਰੇ ਚੁੱਪ ਕਰ ਗਏ ਸਨ। ਮੈਂ ਉਦੋਂ ਸੱਤਵੀਂ-ਅੱਠਵੀਂ 'ਚ ਹੋਵਾਂਗਾ। ਸੂਝ ਕੱਚੀ ਹੋਣ ਕਰ ਕੇ ਮੇਰੇ ਲਈ ਉਦੋਂ ਇਹ ਗੱਲਾਂ ਕੋਈ ਅਰਥ ਨਹੀਂ ਰੱਖਦੀਆਂ ਸਨ ਭਾਵੇਂ ਕਿ ਮੈਨੂੰ ਮਹਿਸੂਸ ਹੋਇਆ ਸੀ ਕਿ ਇਹ ਗੱਲ ਕੰਵਰ ਨੇ ਬਾਪੂ ਜੀ ਨੂੰ ਹੀ ਕਹੀ ਹੈ। ਉਂਜ ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਉਦੋਂ ਬਾਪੂ ਜੀ ਨੇ ਮੇਰੇ ਵਲ ਵੇਖ ਕੇ ਮੂੰਹ ਭੁਆ ਲਿਆ ਸੀ।...ਤੇ ਇਸੇ ਤਰ੍ਹਾਂ ਸਾਲ ਕੁ ਪਹਿਲਾਂ ਸ਼ਰਾਬੀ ਹੋਏ ਚਾਚੇ ਪ੍ਰਕਾਸ਼ ਨੇ ਬਾਪੂ ਜੀ ਨੂੰ ਮਿਹਣਾ ਮਾਰਿਆ ਸੀ, "ਮੈਂ ਜਾਣਦਾਂ ਤੈਨੂੰ ਵੱਡੇ ਨਵਾਬ ਨੂੰ। ਦੁਆਨੀ ਦੀ ਮੁਸਲੀ ਪਿੱਛੇ ਬਾਰਡਰ ਟੱਪ-ਟੱਪ ਕੇ ਜਾਨੈਂ। ਭਾਵੇਂ ਬਾਰਡਰ ਲੰਘਣ ਲੱਗਿਆਂ ਕੋਈ ਗੋਲੀ ਮਾਰ ਕੇ ਮਾਰ ਦੇਵੇ। ਪਿੱਛੇ ਇਨ੍ਹਾਂ ਜੁਆਕਾਂ ਦਾ ਕੀ ਬਣੂੰ?" ਹਿੰਦ-ਪਾਕਿ ਵੰਡ ਹੋਈ ਨੂੰ ਉਨ੍ਹਾਂ ਦਿਨਾਂ 'ਚ ਚੌਵੀ-ਪੰਝੀ ਵਰ੍ਹੇ ਹੋ ਚੁੱਕੇ ਸਨ।

ਯਾਦ ਆ ਰਿਹਾ ਸੀ ਕਿ ਬਾਪੂ ਜੀ 'ਵਲਟੋਹੇ ਚੱਲਿਆਂ' ਕਹਿ ਕੇ ਕਈ-ਕਈ ਦਿਨ ਘਰ ਨਹੀਂ ਸੀ ਮੁੜਦੇ ਹੁੰਦੇ। ਖੇਮਕਰਨ ਲਾਗੇ ਹਿੰਦ-ਪਾਕਿ ਸਰਹੱਦ 'ਤੇ ਵਸਿਆ ਪਿੰਡ ਵਲਟੋਹਾ ਸਾਡੇ ਪੁਰਖਿਆਂ ਦਾ ਪਿੰਡ ਹੈ। ਉਨ੍ਹੀਂ ਦਿਨੀਂ ਸਰਹੱਦ 'ਤੇ ਤਾਰ ਵੀ ਨਹੀਂ ਸੀ ਲੱਗੀ ਹੁੰਦੀ। ਲੁਕ-ਛਿਪ ਕੇ ਪਾਰ ਲੰਘ ਜਾਣਾ ਉਨ੍ਹਾਂ ਦਿਨਾਂ 'ਚ ਬਹੁਤਾ ਔਖਾ ਕੰਮ ਨਹੀਂ ਹੁੰਦਾ ਹੋਵੇਗਾ।

ਹੁਣ ਆਪਣੇ ਹੱਥਾਂ 'ਚ ਤਸਵੀਰ ਫੜੀ ਬੈਠਾ ਮੈਂ ਇਨ੍ਹਾਂ ਗੱਲਾਂ ਨੂੰ ਤਸਵੀਰ ਵਿਚਲੀ ਕੁੜੀ ਨਾਲ ਮੇਲ ਕੇ ਵੇਖ ਰਿਹਾ ਸਾਂ। ਇਹ ਕੁੜੀ ਬਾਪੂ ਜੀ ਨਾਲ ਪੜ੍ਹਦੀ ਰਹੀ ਹੋਵੇਗੀ। ਉਨ੍ਹਾਂ ਨੂੰ ਮੁਹੱਬਤ ਕਰਦੀ ਹੋਵੇਗੀ, ਨਹੀਂ ਤਾਂ ਆਪਣੀ ਤਸਵੀਰ 'ਤੇ ਇਹੋ ਜਿਹੇ ਮੋਹ ਭਰੇ ਸ਼ਬਦ ਲਿਖ ਕੇ ਕਦੋਂ ਕੋਈ ਕਿਸੇ ਨੂੰ ਦਿੰਦਾ ਹੈ? ਪਤਾ ਨਹੀਂ ਹੁਣ ਜਿਉਂਦੀ ਹੋਵੇਗੀ ਕਿ ਨਹੀਂ? ਵਾਰ-ਵਾਰ ਮੇਰਾ ਧਿਆਨ ਤਾਏ ਭਾਗ ਦੇ ਬੋਲੇ ਹੋਏ ਸ਼ਬਦਾਂ ਵਲ ਜਾ ਰਿਹਾ ਸੀ। ਮੈਂ ਇਨ੍ਹਾਂ ਸ਼ਬਦਾਂ ਨੂੰ ਪੰਜਾਬੀ 'ਚ ਲਿਖ ਲਿਆ ਸੀ। ਸਲੇਟ ਵਲ ਵੇਖ, ਮੈਂ ਕਈ ਵਾਰ ਇਹ ਸ਼ਬਦ ਆਪ-ਮੁਹਾਰੇ ਹੀ ਦੁਹਰਾ ਗਿਆ ਸਾਂ।

ਯਾਦ ਆਈ ਇਕ ਹੋਰ ਗੱਲ ਨੇ ਇਸ ਸ਼ੱਕ ਨੂੰ ਪੱਕ ਵਿਚ ਬਦਲ ਦਿੱਤਾ ਸੀ। ਬਾਪੂ ਜੀ ਆਪਣੇ 'ਮਰਫੀ' ਰੇਡੀਓ ਨੂੰ ਬਹੁਤ ਸੰਭਾਲ-ਸੰਭਾਲ ਕੇ ਰੱਖਦੇ ਸਨ। ਰੇਡੀਓ ਨੂੰ ਹੱਥ ਲਾਉਣ ਦੀ ਸਾਨੂੰ ਆਗਿਆ ਨਹੀਂ ਸੀ। ਉਹ ਦੱਸਦੇ ਹੁੰਦੇ ਸਨ ਕਿ ਇਹ ਰੇਡੀਓ ਉਨ੍ਹਾਂ ਨੇ ਪੰਜ ਸੌ ਅੱਸੀ ਰੁਪਏ ਦਾ ਉਦੋਂ ਖਰੀਦਿਆ ਸੀ ਜਦੋਂ ਇਕ ਕਿੱਲਾ ਜ਼ਮੀਨ ਦਾ ਮੁੱਲ ਕੇਵਲ ਤਿੰਨ ਸੌ ਰੁਪਏ ਹੁੰਦਾ ਸੀ। ਉਦੋਂ ਪਿੰਡ ਵਿਚ ਇੱਕੋ-ਇਕ ਰੇਡੀਓ ਹੁੰਦਾ ਸੀ। ਉਹ ਸ਼ਾਮ ਵੇਲੇ ਰੇਡੀਓ ਅਤੇ 'ਬਿੱਲੀ' ਵਾਲੀ ਬੈਟਰੀ ਨੂੰ ਮੇਜ਼ 'ਤੇ ਰੱਖ ਕੇ ਅਤੇ ਕੋਠੇ ਦੇ ਬਨੇਰੇ 'ਤੇ ਗੱਡੀ ਵੰਝੀ ਨਾਲ 'ਏਰੀਅਲ' ਜੋੜ ਕੇ ਬਹੁਤ ਚਾਅ ਨਾਲ ਸੁਣਦੇ ਹੁੰਦੇ ਸਨ। ਮੈਂ ਆਪ ਵੇਖਿਆ ਸੀ ਕਿ ਜਦੋਂ ਕਦੇ ਫਿਲਮੀ ਗਾਇਕਾ ਸੁਰੱਈਆ ਦਾ ਗਾਇਆ ਹੋਇਆ ਕੋਈ ਗਾਣਾ, ਖਾਸ ਤੌਰ 'ਤੇ 'ਓ ਦੂਰ ਜਾਨੇ ਵਾਲੇ ਵਾਅਦਾ ਨਾ ਭੂਲ ਜਾਨਾ' ਰੇਡੀਓ 'ਤੇ ਚੱਲ ਰਿਹਾ ਹੁੰਦਾ ਤਾਂ ਉਹ ਨਾਲ-ਨਾਲ ਗਾਉਂਦੇ ਹੋਏ ਚੁਟਕੀਆਂ ਵਜਾਉਣ ਲੱਗ ਪੈਂਦੇ ਸਨ ਅਤੇ ਉਨ੍ਹਾਂ ਦੇ ਚਿਹਰੇ 'ਤੇ ਅਜੀਬ ਕਿਸਮ ਦੀ ਰੌਣਕ ਆ ਜਾਂਦੀ ਸੀ। ਸੁਰੱਈਆ ਨਾਂ ਨਾਲ ਉਨ੍ਹਾਂ ਨੂੰ ਕਿੰਨਾ ਲਗਾਅ ਸੀ...?

ਬਾਪੂ ਜੀ ਦੇ ਮੁੜ ਆਉਣ ਤੋਂ ਪਹਿਲਾਂ ਹੀ ਮੈਂ ਤਸਵੀਰ ਅਤੇ ਪੱਤਰਾਂ ਨੂੰ ਉਸੇ ਤਰ੍ਹਾਂ ਹੀ ਹੀਰ ਵਿਚ ਟਿਕਾ ਕੇ ਉਸੇ ਥਾਂ 'ਤੇ ਰੱਖ ਦਿੱਤਾ। ਪੌੜੀ ਵੀ ਜਿੱਥੋਂ ਚੁੱਕੀ ਸੀ, ਉਸੇ ਥਾਂ ਟਿਕਾ ਦਿੱਤੀ। ਛੋਟੇ ਜਿਹੇ ਦਿਨ ਪਿਤਾ ਜੀ ਸਸਕਾਰ ਕਰਵਾ ਕੇ ਪਰਤ ਆਏ ਸਨ। ਮੈਂ ਉਨ੍ਹਾਂ ਦੇ ਚਿਹਰੇ ਵਲ ਇਕ ਅਜੀਬ ਜਿਹੀ ਤੱਕਣੀ ਨਾਲ ਤੱਕਿਆ। ਉਨ੍ਹਾਂ ਦੇ ਚਿਹਰੇ 'ਤੇ ਜਵਾਨ ਭਤੀਜੇ ਦੀ ਅਣਹੋਣੀ ਮੌਤ ਦਾ ਪ੍ਰਛਾਵਾਂ ਸਾਫ ਵੇਖਿਆ ਜਾ ਸਕਦਾ ਸੀ।

ਬਾਪੂ ਜੀ ਕਾਫੀ ਖੂਬਸੂਰਤ ਸਨ ਪਰ ਸਖਤ ਸੁਭਾਅ। ਉਂਜ ਕਦੇ-ਕਦੇ ਉਨ੍ਹਾਂ ਦਾ ਵਿਹਾਰ ਬੜਾ ਹੀ ਦੋਸਤਾਨਾ ਹੋ ਜਾਂਦਾ ਸੀ। ਜਿਨ੍ਹਾਂ ਦਿਨਾਂ 'ਚ ਉਨ੍ਹਾਂ ਦਾ ਲਹਿਜਾ ਮਿੱਤਰਮਈ ਹੁੰਦਾ, ਮਨ 'ਚ ਆਉਂਦਾ ਕਿ ਉਨ੍ਹਾਂ ਨੂੰ ਤਸਵੀਰ ਵਿਚਲੀ 'ਸੁਰੱਈਆ' ਬਾਰੇ ਪੁੱਛਿਆ ਜਾਏ। ਕਈ ਵਾਰ ਬੋਲ ਬੁੱਲ੍ਹਾਂ 'ਤੇ ਆ ਕੇ ਰੁਕ ਜਾਂਦੇ। ਉਨ੍ਹਾਂ ਦਾ ਸਖਤ ਸੁਭਾਅ ਅਤੇ ਬਚਪਨ ਵਿਚ ਨਿੱਕੀਆਂ-ਮੋਟੀਆਂ ਗਲਤੀਆਂ ਕਾਰਨ ਕਈ ਵਾਰ ਪਈ ਮਾਰ ਨੂੰ ਚਿਤਵ ਕੇ ਪੁੱਛਣ ਦਾ ਹੀਆ ਨਹੀਂ ਸੀ ਪੈਂਦਾ।...ਚੋਰੀ ਚੋਰੀ ਉਸ ਤਸਵੀਰ ਨੂੰ ਮੈਂ ਕਈ ਵਾਰ ਬਾਅਦ 'ਚ ਵੀ ਵੇਖਿਆ ਸੀ...। ਅਤੇ ਉਹ ਤਿੰਨ ਪੱਤਰ ਪੜ੍ਹਨ ਲਈ ਮੈਂ ਬਾਅਦ ਵਿਚ ਪਿਤਾ ਜੀ ਤੋਂ ਉਰਦੂ ਪੜ੍ਹਨੀ-ਲਿਖਣੀ ਵੀ ਸਿੱਖ ਲਈ ਸੀ।

ਵਕਤ ਆਪਣੀ ਚਾਲੇ ਚਲਦਾ ਰਿਹਾ। ਮੈਂ ਨੌਕਰੀ ਕਾਰਨ ਪਿੰਡ ਛੱਡ ਕੇ ਢੁੱਡੀਕੇ ਰਹਿਣ ਲੱਗ ਪਿਆ। ਮਹੀਨੇ, ਵੀਹੀਂ ਦਿਨੀਂ ਜਦੋਂ ਵੀ ਪਿੰਡ ਜਾਂਦਾ, ਹਰੇਕ ਵਾਰ ਸੋਚ ਕੇ ਜਾਂਦਾ ਕਿ ਇਸ ਵਾਰ 'ਸੁਰੱਈਆ' ਵਾਲੀ ਗੱਲ ਪੁੱਛ ਹੀ ਲੈਣੀ ਹੈ। ਪ੍ਰੰਤੂ ਹਰ ਵਾਰ ਹੀ ਬੋਲ ਜੀਭ 'ਤੇ ਜੰਮ ਜਾਂਦੇ ਅਤੇ ਮੈਂ ਜਿਵੇਂ ਜਾਂਦਾ, ਉਂਜ ਦਾ ਉਂਜ ਹੀ ਮੁੜ ਆਉਂਦਾ।

ਕੁਝ ਵਰ੍ਹੇ ਪਹਿਲਾਂ ਬਾਪੂ ਜੀ ਦੀ ਮੌਤ ਤੋਂ ਦੋ ਕੁ ਸਾਲ ਪਹਿਲਾਂ ਉਨ੍ਹਾਂ ਨੂੰ ਅਧਰੰਗ ਦਾ ਦੌਰਾ ਪੈ ਗਿਆ ਸੀ। ਉਦੋਂ ਉਹ ਅੱਸੀਆਂ ਦੇ ਨੇੜੇ-ਤੇੜੇ ਸਨ। ਕੁਝ ਦੇਰ 'ਚ ਹੀ ਉਹ ਸੰਭਲ ਗਏ ਸਨ। ਇਸ ਦੌਰਾਨ ਮੈਂ ਉਨ੍ਹਾਂ ਦਾ ਪਤਾ ਲੈਣ ਗਿਆ, ਇਕ ਰਾਤ ਪਿੰਡ ਹੀ ਰਹਿ ਪਿਆ ਸਾਂ। ਰਾਤ ਦੀ ਰੋਟੀ ਖਾ ਕੇ ਉਹ ਬਿਸਤਰੇ ਨੂੰ ਢੋਅ ਲਾ ਕੇ ਅਧਲੇਟੇ ਜਿਹੇ ਪਏ ਹੋਏ ਸਨ। ਮੈਂ ਵੀ ਉਨ੍ਹਾਂ ਦੇ ਨਾਲ ਵਾਲੇ ਮੰਜੇ 'ਤੇ ਟੇਢਾ ਜਿਹਾ ਹੋ ਕੇ ਪਿਆ ਹੋਇਆ ਸੀ। ਮੈਂ ਪੱਕਾ ਸੋਚਿਆ ਹੋਇਆ ਸੀ ਕਿ ਅੱਜ ਬਾਪੂ ਜੀ ਤੋਂ 'ਸੁਰੱਈਆ' ਵਾਲੀ ਗੱਲ ਪੁੱਛ ਹੀ ਲੈਣੀ ਹੈ, ਚਾਹੇ ਕੁਝ ਵੀ ਹੋ ਜਾਵੇ। ਮੈਂ ਕੁਝ ਦੇਰ ਪਹਿਲਾਂ ਹੀ ਪਾਕਿਸਤਾਨ ਦਾ ਚੱਕਰ ਲਾ ਕੇ ਆਇਆ ਸਾਂ। ਪਾਕਿਸਤਾਨ ਨੂੰ ਤੁਰਨ ਤੋਂ ਪਹਿਲਾਂ ਉਨ੍ਹਾਂ ਨੇ ਮੈਨੂੰ ਆਪਣੇ ਕਾਲਜ ਵਿਚਲੀਆਂ ਕਈ ਥਾਵਾਂ 'ਤੇ ਜਾਣ ਅਤੇ ਉਥੋਂ ਦੇ ਸੂਰਤ-ਏ-ਹਾਲ ਲਿਖ ਕੇ ਲਿਆਉਣ ਲਈ ਪੱਕੀ ਕੀਤੀ ਸੀ। ਬਹੁਤ ਬਲ ਦੇ ਕੇ ਦੱਸੀ ਹੋਈ ਥਾਂ, ਫਾਰਮਨ ਕ੍ਰਿਸ਼ਚੀਅਨ ਕਾਲਜ ਦੇ ਦਫਤਰ ਦੇ ਪਿਛਲੇ ਪਾਸੇ ਜੌੜੇ ਅੰਬਾਂ ਦੇ ਰੁੱਖਾਂ ਹੇਠ ਆਪਣੇ ਨਾਲ ਗਏ ਸਾਥੀਆਂ ਸਮੇਤ ਅੱਧਾ ਘੰਟਾ ਗੁਜ਼ਾਰ ਕੇ ਵੀ ਆਇਆ ਸਾਂ। ਮੁੜਨ 'ਤੇ ਉਨ੍ਹਾਂ ਪੁੱਛਿਆ ਸੀ, "ਅੰਬਾਂ ਦੇ ਦੋਵੇਂ ਦਰਖਤ ਅਜੇ ਹੈਗੇ ਨੇ ਕਿ ਪੁੱਟ ਦਿੱਤੇ ਹੋਏ ਨੇ?" ਜਦੋਂ ਮੈਂ ਦੱਸਿਆ ਸੀ ਕਿ ਉਹ ਦੋਵੇਂ ਰੁੱਖ ਬਹੁਤ ਹੀ ਵੱਡੇ ਹੋਏ ਪਏ ਨੇ, ਪੂਰੇ ਫੈਲਰੇ ਹੋਏ ਤਾਂ ਉਨ੍ਹਾਂ ਦੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ ਰਿਹਾ। ਖੁਸ਼ੀ ਦੇ ਮਾਰੇ ਉਨ੍ਹਾਂ ਦੀਆਂ ਅੱਖਾਂ 'ਚ ਆਪ-ਮੁਹਾਰੇ ਅੱਥਰੂ ਆ ਗਏ ਸਨ। ਇਸ ਤੋਂ ਪਹਿਲਾਂ ਮੈਂ ਉਨ੍ਹਾਂ ਨੂੰ ਕਦੇ ਵੀ ਇੰਨੇ ਖੁਸ਼ ਨਹੀਂ ਸੀ ਵੇਖਿਆ। ਜਿਹੜੀ ਲਾਲੀ ਉਨ੍ਹਾਂ ਦੇ ਚਿਹਰੇ 'ਤੇ ਉਸ ਦਿਨ ਸੀ, ਬਿਆਨ ਨਹੀਂ ਕੀਤੀ ਜਾ ਸਕਦੀ। ਮੈਂ ਓਦਣ ਦਿਲੋਂ ਮਹਿਸੂਸ ਕੀਤਾ ਸੀ ਕਿ ਅੰਦਰਲੀ ਖੁਸ਼ੀ ਦੀ ਆਪਣੀ ਵੱਖਰੀ ਹੀ ਰੰਗਤ ਹੁੰਦੀ ਹੈ।

ਆਸ਼ੇ ਨੂੰ ਮੁੱਖ ਰੱਖ ਕੇ ਮੈਂ ਲਾਹੌਰ ਦੀਆਂ ਗੱਲਾਂ ਛੇੜ ਲਈਆਂ। ਮੈਂ ਤਾਂ ਗੱਲ 'ਛੇੜਨ' ਵਾਸਤੇ ਹੀ ਛੇੜੀ ਸੀ। ਲਾਹੌਰ ਦਾ ਨਾਂ ਸੁਣਦਿਆਂ ਹੀ ਉਨ੍ਹਾਂ ਨੂੰ ਚਾਅ ਚੜ੍ਹ ਗਿਆ ਲਗਦਾ ਸੀ। ਪਿਤਾ ਜੀ ਉਥੋਂ ਦੀਆਂ ਗੱਲਾਂ ਸੁਣਾਉਣ ਲਈ ਉਠ ਕੇ ਬਹਿ ਗਏ। ਉਹ ਪੂਰੇ ਟਹਿਕਰੇ 'ਚ ਲੈਅਬੱਧ ਹੋ ਕੇ ਗੱਲਾਂ ਸੁਣਾ ਰਹੇ ਸਨ। ਪਾਕਪਟਨ ਦੇ ਨੇੜੇ ਆਪਣੀ ਜੰਮਣ ਭੋਂਇ ਚੱਕ ਨੰਬਰ ਛੱਬੀ, ਸਾਹੀਵਾਲ, ਕਸੂਰ ਅਤੇ ਲਾਹੌਰ ਦੀਆਂ ਗੱਲਾਂ। ਅਨਾਰਕਲੀ ਬਾਜ਼ਾਰ ਦੀਆਂ ਗੱਲਾਂ। ਇਸ ਸ਼ਹਿਰ ਨਾਲ ਖਹਿ, ਠਾਠਾਂ ਮਾਰ ਕੇ ਵਗਦੇ ਰਾਵੀ ਦਰਿਆ ਦੀਆਂ ਗੱਲਾਂ। ਮਹਾਰਾਜਾ ਰਣਜੀਤ ਸਿੰਘ ਦੇ ਕਿਲ੍ਹੇ ਦੀਆਂ ਗੱਲਾਂ। ਕਿਲ੍ਹੇ ਦੇ ਦੱਖਣ 'ਚ ਦਰਵਾਜ਼ਿਓਂ ਬਾਹਰ ਮੱਲਾਂ ਦੇ ਅਖਾੜੇ ਦੀਆਂ ਗੱਲਾਂ। ਇਕ ਅੱਧੀ ਗੱਲ ਉਨ੍ਹਾਂ ਸ਼ਾਹੀ ਮਸਜਿਦ ਦੀ ਦੱਖਣੀ ਵੱਖੀ 'ਚ ਆਬਾਦ ਬਾਜ਼ਾਰ-ਏ-ਹੁਸਨ ਦੀ ਵੀ ਸੁਣਾ ਛੱਡੀ ਸੀ ਕਿ ਇਥੋਂ ਦੇ ਲੋਕ ਦਿਨੇ ਸੌਂਦੇ ਹਨ ਅਤੇ ਰਾਤ ਨੂੰ ਜਾਗਦੇ ਹਨ। ਮੈਂ ਹੁੰਗਾਰਾ ਭਰਦਿਆਂ ਉਨ੍ਹਾਂ ਨੂੰ ਲਾਹੌਰ ਕਾਲਜ ਦੀ ਕੋਈ ਗੱਲ ਸੁਣਾਉਣ ਲਈ ਆਖਿਆ। ਉਨ੍ਹਾਂ, ਆਪਣੇ ਇਕ ਜਮਾਤੀ ਦੀ ਮਾਂ ਨਾਲ ਇਕ ਰੰਗੀਨ ਤਬੀਅਤ ਪ੍ਰੋਫੈਸਰ ਦੀ ਇਕ ਪਾਸੜ ਪਿਆਰ ਦੀ ਬਹੁਤ ਹੀ ਮਜ਼ੇਦਾਰ ਗੱਲ ਸੁਣਾਈ। ਸੁਣ ਕੇ ਵੱਖੀਆਂ ਟੁੱਟਣ ਵਾਲੀਆਂ ਹੋ ਗਈਆਂ। ਲੋਹਾ ਪੂਰਾ ਗਰਮ ਵੇਖ ਕੇ ਮੈਂ ਆਪਣੀ ਸਾਰੀ ਤਾਕਤ ਇਕੱਠੀ ਕਰਕੇ ਸੱਟ ਮਾਰ ਦਿੱਤੀ, "ਬਾਪੂ ਜੀ! ਆਪਣੇ ਘਰ 'ਹੀਰ' 'ਚ ਇਕ ਤਸਵੀਰ ਪਈ ਐ, ਸੁਰੱਈਆ ਦੀ। ਉਹ ਕੁੜੀ ਕੌਣ ਸੀ?" ਜੀਭ 'ਤੇ ਚਿਰਾਂ ਦਾ ਜੰਮਿਆ ਹੋਇਆ ਸਵਾਲ ਪਿਘਲ ਕੇ ਸ਼ਬਦ ਰੂਪ ਧਾਰ ਗਿਆ ਸੀ। ਉਂਜ ਇਹ ਗੱਲ ਪੁੱਛਣ ਤੋਂ ਬਾਅਦ ਮੈਂ ਅੰਦਰੋਂ ਕੰਬ ਗਿਆ ਸਾਂ।

ਪਿਤਾ ਜੀ ਨੇ ਇਕਦਮ ਮੇਰੇ ਵਲ ਵੇਖਿਆ ਅਤੇ ਹੌਲੀ ਜਿਹੇ ਬੋਲੇ, "ਉਹ ਸੁਰੱਈਆ ਦੀ ਤਸਵੀਰ ਹੈ। ਉਹ ਮੇਰੀ ਜਮਾਤਣ ਸੀ...ਤੇ ਬੇਟੇ। ਉਹ ਨਾ...ਮੈਨੂੰ ਬਹੁਤ ਮੁਹੱਬਤ ਕਰਦੀ ਸੀ।" ਉਹ ਥੋੜ੍ਹਾ ਜਿਹਾ ਠਹਿਰ ਕੇ ਫਿਰ ਬੋਲੇ, "ਐਫ. ਸੀ. ਕਾਲਜ ਵਾਲੇ ਜੌੜੇ ਅੰਬ ਮੇਰੇ ਅਤੇ ਸੁਰੱਈਆ ਦੇ ਹੱਥਾਂ ਨਾਲ ਲਾਏ ਹੋਏ ਨੇ। ਸੰਤਾਲੀ ਵਾਲੀ ਵੰਡ ਸਾਡੀ ਮੁਹੱਬਤ ਦੀਆਂ ਜੜ੍ਹਾਂ 'ਚ ਬਹਿ ਗਈ, ਨਹੀਂ ਤਾਂ ਜ਼ਿੰਦਗੀ ਕੁਝ ਹੋਰ ਹੀ...।"

ਬਿਜਲੀ ਦੇ ਲਾਟੂ ਦੇ ਚਾਨਣ 'ਚ ਮੈਂ ਵੇਖਿਆ ਕਿ ਉਨ੍ਹਾਂ ਦੀਆਂ ਅੱਖਾਂ 'ਚੋਂ ਮੋਟੇ-ਮੋਟੇ ਹੰਝੂਆਂ ਦੀ ਘਰਾਲ ਉਨ੍ਹਾਂ ਦੀ ਦੁੱਧ-ਚਿੱਟੀ ਦਾੜ੍ਹੀ 'ਚ ਗੁਆਚ ਰਹੀ ਸੀ। ਕੁਝ ਦੇਰ ਬਾਅਦ ਉਹ ਲੰਮੇ ਪੈ ਗਏ। ਇਸ ਤੋਂ ਬਾਅਦ ਉਹ ਸਾਰੀ ਰਾਤ ਇਕ ਸ਼ਬਦ ਵੀ ਨਹੀਂ ਸਨ ਬੋਲੇ। ਉਨ੍ਹਾਂ ਦੀਆਂ ਸਿਸਕੀਆਂ ਦੀ ਆਵਾਜ਼ ਸਾਫ ਸੁਣਾਈ ਦੇ ਰਹੀ ਸੀ। ਚਾਹੁੰਦਾ ਹੋਇਆ ਵੀ ਮੈਂ ਹੋਰ ਕੁਝ ਨਹੀਂ ਸੀ ਪੁੱਛ ਸਕਿਆ ਉਨ੍ਹਾਂ ਨੇ ਸਾਰੀ ਰਾਤ ਉਸਲਵੱਟੇ ਭੰਨਦਿਆਂ ਹੀ ਕੱਢ ਦਿੱਤੀ ਸੀ। ਮੈਨੂੰ ਵੀ ਸਾਰੀ ਰਾਤ ਨੀਂਦ ਨਹੀਂ ਸੀ ਆਈ। ... ਪਰ ਮੈਨੂੰ ਇਕ ਅਣਸੁਲਝੇ ਸਵਾਲ ਦਾ ਜਵਾਬ ਮਿਲ ਗਿਆ ਸੀ, ਉਸ ਸਵਾਲ ਦਾ ਜਿਸ ਨੂੰ ਮੈਂ ਪਿਛਲੇ ਤੀਹ ਸਾਲਾਂ ਤੋਂ ਪੁੱਛਣ-ਪੁੱਛਣ ਕਰਦਾ ਰਿਹਾ ਸਾਂ, ਪਰ ਪੁੱਛ ਨਹੀਂ ਸਕਿਆ ਸੀ। ਇਕ ਨਿੱਕੀ ਜਿਹੀ ਗੱਲ ਪੁੱਛਣ ਵਿਚ ਮੈਨੂੰ ਕਿੰਨੇ ਹੀ ਵਰ੍ਹੇ ਲੱਗ ਗਏ ਸਨ।

#

# ਫਿਲਮ ਫੇਅਰ ਐਵਾਰਡ ਵਿਜੇਤਾ ਗੀਤਕਾਰ

# ਗੁਲਸ਼ਨ ਬਾਵਰਾ

ਸੁਪਰਹਿੱਟ ਸੰਗੀਤਮਈ ਫਿਲਮ 'ਜੰਜੀਰ' ਜਿਸ ਵਿਚ ਅਮਿਤਾਭ ਬੱਚਨ, ਜਯਾ ਭਾਦੁੜੀ, ਪ੍ਰਾਣ ਤੇ ਅਜੀਤ ਸਨ, ਦੇ ਇਕ ਗੀਤ 'ਦੀਵਾਨੇ ਹੈਂ ਦੀਵਾਨੋ ਕੋ ਨਾ ਘਰ ਚਾਹੀਏ...', ਵਿਚ ਇਕ ਪਤਲਾ ਜਿਹਾ ਮੁੰਡਾ ਹਾਰਮੋਨੀਅਮ ਵੀ ਵਜਾਉਂਦਾ ਤੇ ਗੀਤ ਵੀ ਗਾਉਂਦਾ ਹੈ, ਇਹੀ ਪ੍ਰਸਿਧ ਫਿਲਮੀ ਗੀਤਕਾਰ ਗੁਲਸ਼ਨ ਬਾਵਰਾ ਸੀ, ਜਿਸ ਦਾ ਜਨਮ 1937 ਵਿਚ ਸ਼ੇਖੂਪੁਰਾ, ਜ਼ਿਲ੍ਹਾ ਲਾਹੌਰ



(ਪਾਕਿਸਤਾਨ) ਵਿਚ ਹੋਇਆ ਸੀ ਤੇ ਉਹ ਤਦ ਸਿਰਫ 10 ਸਾਲਾਂ ਦਾ ਹੀ ਸੀ, ਜਦੋਂ ਭਾਰਤ-ਪਾਕਿਸਤਾਨ ਵੰਡ 1947 ਦੇ ਦੰਗਿਆਂ ਵਿਚ ਉਸਦੇ ਮਾਪੇ ਮਾਰ ਦਿੱਤੇ ਗਏ। ਉਸ ਦੇ ਵੱਡੇ ਭਰਾ ਤੇ ਭੈਣ ਨੇ ਉਸਦਾ ਪਾਲਣ-ਪੋਸਣ ਕੀਤਾ ਤੇ ਦਿੱਲੀ ਵਿਚਲੇ ਇਕ ਕਾਲਜ ਵਿਚ ਪੜ੍ਹਨ ਲਗਾ ਦਿੱਤਾ, ਜਿੱਥੇ ਗੁਲਸ਼ਨ ਬਾਵਰਾ ਨੇ ਸ਼ੇਅਰੋ-ਸ਼ਾਇਰੀ ਸ਼ੁਰੂ ਕੀਤੀ। ਫਿਰ 1955 ਵਿਚ ਉਹ ਮੁੰਬਈ ਆ ਕੇ ਰੇਲਵੇ ਵਿਚ ਨੌਕਰੀ ਕਰਨ ਲੱਗਾ, ਜਿੱਥੇ ਉਸਨੇ ਅਨੇਕਾਂ ਵਧੀਆ ਗੀਤ ਲਿਖੇ। ਉਸਨੂੰ ਯਕੀਨ ਸੀ ਕਿ ਉਸ ਦੇ ਗੀਤਾਂ ਦਾ ਵਧੀਆ ਮੁੱਲ ਪਏਗਾ ਤੇ ਉਸ ਦੇ ਗੀਤ ਮੁਫਤ ਦੇਣ ਲਈ ਫਾਲਤੂ ਨਹੀਂ ਹਨ। ਜਦੋਂ ਖੁਦ ਲੋੜਵੰਦ ਉਸ ਕੋਲੋਂ ਗੀਤ ਮੰਗਣ ਆਉਣਗੇ ਤਾਂ ਉਹ ਉਨ੍ਹਾਂ ਨਾਲ ਕੋਈ ਘਟੀਆ ਸਮਝੌਤਾ ਨਹੀਂ ਕਰੇਗਾ।

ਉਸਨੂੰ ਇਕ ਫਿਲਮ ਵਿਚ ਗੀਤ ਲਿਖ ਕੇ ਦੇਣ ਦਾ ਮਿਹਨਤਾਨਾ 90 ਹਜ਼ਾਰ ਰੁਪਏ ਮਿਲਣ ਲੱਗਾ। ਫਿਰ ਤਾਂ ਗੀਤਕਾਰੀ ਪਿੱਛੇ ਉਸਨੇ ਰੇਲਵੇ ਦੀ ਵਧੀਆ ਨੌਕਰੀ ਵੀ ਛੱਡ ਦਿੱਤੀ। ਗੁਲਸ਼ਨ ਬਾਵਰਾ ਨੇ 1960 ਤੋਂ 2000 ਤੱਕ ਕਰੀਬ 250 ਫਿਲਮੀ ਗੀਤ ਲਿਖੇ। ਕਲਿਆਣ ਜੀ-ਅਨੰਦ ਜੀ ਤੇ ਆਰ.ਡੀ. ਬਰਮਨ ਵਰਗੇ ਪ੍ਰਸਿਧ ਸੰਗੀਤਕਾਰਾਂ ਨੇ ਉਸਦੇ ਗੀਤਾਂ ਨੂੰ ਸੰਗੀਤ ਵਿਚ ਪਰੋਇਆ। ਉਸ ਦੇ ਲਿਖੇ ਫਿਲਮ 'ਉਪਕਾਰ' ਵਿਚਲੇ ਗੀਤ 'ਮੇਰੇ ਦੇਸ਼ ਕੀ ਧਰਤੀ ਸੋਨਾ ਉਗਲੇ, ਉਗਲੇ ਹੀਰੇ ਮੋਤੀ' ਬਾਰੇ ਅਖਬਾਰ 'ਟਾਈਮਜ਼ ਆਫ਼ ਇੰਡੀਆ' ਨੇ ਲਿਖਿਆ ਸੀ, "ਇਹ ਸਿਰਫ ਦੇਸ਼ ਭਗਤੀ ਭਰਪੂਰ ਇਕ ਗੀਤ ਹੀ ਨਹੀਂ ਹੈ, ਸਗੋਂ ਇਹ ਤਾਂ ਭਾਰਤ ਦੇ ਮਿਸ਼ਨ ਬਾਰੇ ਇਕ ਸੱਚਾਈ ਭਰਿਆ ਬਿਆਨ ਵੀ ਹੈ।"

ਤਦ ਹੀ ਸ੍ਰੀ ਲਾਲ ਬਹਾਦਰ ਸ਼ਾਸ਼ਤਰੀ ਨੇ ਦੇਸ਼ ਵਾਸੀਆਂ ਨੂੰ 'ਜੈ ਜਵਾਨ-ਜੈ ਕਿਸਾਨ' ਦਾ ਨਾਹਰਾ ਦੇ ਕੇ ਦੇਸ਼ ਭਗਤੀ ਲਈ ਹਲੂਣਿਆ ਸੀ। ਇਸ ਗੀਤ ਨੂੰ ਵੀ ਤੇ ਫਿਲਮ 'ਜ਼ੰਜੀਰ' ਦੇ ਪ੍ਰਾਣ ਉਪਰ ਫਿਲਮਾਏ 'ਯਾਰੀ ਹੈ ਈਮਾਨ ਮੇਰਾ, ਯਾਰ ਮੇਰੀ ਜ਼ਿੰਦਗੀ...।' ਦੋਵਾਂ ਗੀਤਾਂ ਲਈ ਗੁਲਸ਼ਨ ਬਾਵਰਾ ਨੂੰ ਫਿਲਮ ਫੇਅਰ ਐਵਾਰਡ ਕ੍ਰਮਵਾਰ 1968 ਤੇ 1974 ਵਿਚ ਭੇਟ ਕੀਤੇ ਗਏ।

ਗੁਲਸ਼ਨ ਬਾਵਰਾ ਬੇ-ਔਲਾਦ ਹੀ ਸਨ, ਜਦੋਂ ਦਿਲ ਫੇਲ੍ਹ ਹੋਣ ਕਾਰਨ 7 ਅਗਸਤ, 2009 ਨੂੰ ਉਹ ਸਦਾ ਲਈ ਇਸ ਦੁਨੀਆ ਤੋਂ ਅਲਵਿਦਾ ਹੋ ਗਏ।

ਗੁਲਸ਼ਨ ਬਾਵਰਾ ਦੁਆਰਾ ਲਿਖੇ ਕੁਝ ਹੋਰ ਫਿਲਮੀ ਗੀਤ ਜੋ ਕਾਫੀ ਹਰਮਨ ਪਿਆਰੇ ਹੋਏ:

'ਅਗਰ ਤੁਮ ਨਾ ਹੋਤੇ...।'
'ਸਨਮ ਤੇਰੀ ਕਸਮ.....।'
'ਕਸਮੇਂ ਵਾਦੇ ਨਿਭਾਏਂਗੇ ਹਮ'
(ਕਸਮੇਂ ਵਾਦੇ)
'ਵਾਦਾ ਕਰਲੇ ਸਾਜਨਾ' ਅਤੇ 'ਪੀਨੇ ਵਾਲੋਂ ਕੋ ਪੀਨੇ ਕਾ ਬਹਾਨਾ ਚਾਹੀਏ'
(ਹਾਥ ਕੀ ਸਫਾਈ)
'ਦੀਵਾਨੇਂ ਹੈਂ ਦੀਵਾਨੋਂ ਕੋ ਨਾ ਘਰ ਚਾਹੀਏ, ਮੁਹੱਬਤ ਭਰੀ ਇਕ ਨਜ਼ਰ ਚਾਹੀਏ' (ਜ਼ੰਜੀਰ)

ਇਸੇ ਫ਼ਿਲਮ ਵਿਚਲਾ ਪ੍ਰਾਣ ਉਪਰ ਫਿਲਮਾਇਆ, ਕਲਿਆਣ ਜੀ-ਅਨੰਦ ਜੀ ਦਾ ਸੰਗੀਤਬੱਧ ਕੀਤਾ, ਮੰਨਾ ਡੇ ਦਾ ਗਾਇਆ ਗੀਤ 'ਯਾਰੀ ਹੈ ਈਮਾਨ ਮੇਰਾ...' ਜਿਸ ਵਿਚ ਗੁਲਸ਼ਨ ਬਾਵਰਾ ਦੀ ਅਨੋਖੀ ਸ਼ਾਇਰੀ ਪ੍ਰਤੱਖ ਸਬੂਤ ਹੈ:

'ਗਰ ਖੁਦਾ ਮੁਝਸੇ ਕਹੇ,
ਕੁਛ ਮਾਂਗ ਐ ਬੰਦੇ ਮੇਰੇ,
ਮੈ ਯੇ ਮਾਂਗੂੰ ਮਹਿਫਲੋਂ ਕੇ
ਦੌਰ ਯੂੰ ਚਲਤੇ ਰਹੇਂ।
ਹਮ ਪਿਆਲਾ, ਹਮ ਨਿਵਾਲਾ,
ਹਮ ਸਫਰ, ਹਮਰਾਜ਼ ਹੋ,
ਕਿਆਮਤ ਇਨ ਚਿਰਾਗੋਂ
ਕੀ ਤਰ੍ਹਾਂ ਜਲਤੇ ਰਹੇਂ।
ਯਾਰੀ ਹੈ ਈਮਾਨ ਮੇਰਾ
ਯਾਰ ਮੇਰੀ ਜ਼ਿੰਦਗੀ,
ਪਿਆਰ ਹੋ ਬੰਦੋ ਸੇ
ਯੇ ਸਭਸੇ ਬੜੀ ਹੈ ਬੰਦਗੀ...।

*-ਜੁਗਰਾਜ ਗਿੱਲ ਸ਼ਰਲਟ*
*ਫੋਨ:704-257-6693*

# ਪੰਜਾਬੀ ਫ਼ਿਲਮਾਂ ਕਰਕੇ ਮਨ ਨੂੰ ਵੱਧ ਖੁਸ਼ੀ ਮਿਲੀ-ਗੁਰਲੀਨ

ਮਿਲਾਪੜੇ ਸੁਭਾਅ ਵਾਲੀ ਤੇ ਸੁਨੱਖੀ ਅਭਿਨੇਤਰੀ ਗੁਰਲੀਨ ਚੋਪੜਾ ਨੂੰ ਇਹ ਮਾਣ ਹਾਸਲ ਹੈ ਕਿ ਉਸ ਦੀ ਬਤੌਰ ਹੀਰੋਇਨ ਜਿਥੇ ਪਲੇਠੀ ਪੰਜਾਬੀ ਫ਼ਿਲਮ 'ਬਾਗੀ' ਨੂੰ ਨੈਸ਼ਨਲ ਐਵਾਰਡ ਪ੍ਰਾਪਤ ਹੋਇਆ ਉਥੇ ਉਘੀ ਫ਼ਿਲਮ ਸ਼ਖਸੀਅਤ ਓਮ ਪੁਰੀ ਨਾਲ ਅਭਿਨੈ ਕਰਕੇ ਕਾਫੀ ਕੁਝ ਸਿੱਖਣ ਦਾ ਮੌਕਾ ਵੀ ਮਿਲਿਆ। ਗੁਰਲੀਨ ਚੋਪੜਾ ਕਲਾ ਤੇ ਸੁਹੱਪਣ ਦਾ ਉਹ ਮੁਜੱਸਮਾ ਹੋ ਨਿਬੜੀ ਹੈ, ਜਿਸ ਨੂੰ ਹਰ ਕੋਈ ਆਪਣੀਆਂ ਸਨੇਹ ਭਰੀਆਂ ਅੱਖਾਂ ਨਾਲ ਤੱਕਣਾ ਪਸੰਦ ਕਰਦਾ ਹੈ... ਲਾਰੈਂਸ ਡਿਸੂਜ਼ਾ ਦੀ ਹਿੰਦੀ ਫ਼ਿਲਮ 'ਇੰਡੀਅਨ ਬਾਬੂ' 'ਚ ਇਕ ਵਿਲੱਖਣ ਕਿਰਦਾਰ 'ਚ ਅਤੇ ਨਿਰਮਾਤਾ, ਨਿਰਦੇਸ਼ਕ ਸੁਰੇਸ਼ ਹੁਰਾਂ ਦੀ ਹਿੰਦੀ ਕਾਮੇਡੀ ਫ਼ਿਲਮ 'ਕੁਛ ਤੋ ਗੜਬੜ ਹੈ' 'ਚ ਇਕ ਅਨਾਥ ਕੁੜੀ ਦੀ ਭੂਮਿਕਾ 'ਚ ਆਪਣੇ ਵਧੀਆ ਅਭਿਨੈ ਦੀ ਗੁਰਲੀਨ ਚੋਪੜਾ ਨੇ ਛਾਪ ਛੱਡੀ। ਉਸ ਨੇ ਆਪਣੀ ਕਲਾ ਦਾ ਅਹਿਸਾਸ ਕੋਈ ਡੇਢ ਦਰਜਨ ਦੇ ਕਰੀਬ ਦੱਖਣ ਦੀਆਂ ਤੇਲਗੂ, ਤਾਮਿਲ, ਕੰਨੜ ਆਦਿ ਦੇ ਨਾਲ-ਨਾਲ ਚਰਚਿਤ ਪੰਜਾਬੀ ਫ਼ਿਲਮ 'ਹਸ਼ਰ' ਅਤੇ 'ਕਬੱਡੀ-ਇਕ ਮੁੱਹਬਤ' ਆਦਿ 'ਚ ਸਹਿਜੇ ਹੀ ਕਰਵਾਇਆ ਹੈ। ਉਸ ਇਕ ਮੁਲਾਕਾਤ ਦੌਰਾਨ ਆਪਣੀ ਅਦਾਕਾਰੀ ਦੇ ਸਫਰ ਬਾਰੇ ਗੱਲਾਂ ਕੀਤੀਆਂ, ਜੋ ਪਾਠਕਾਂ ਦੀ ਨਜ਼ਰ ਹਨ:



**ਫ਼ਿਲਮ 'ਕਬੱਡੀ-ਇਕ ਮੁਹੱਬਤ' ਵਿਚ ਅਭਿਨੈ ਕਰਕੇ ਕਿਵੇਂ ਲੱਗਾ?**

-ਫ਼ਿਲਮ 'ਹਸ਼ਰ' ਜਿਸ ਨੂੰ ਮੈਂ ਆਪਣੇ ਫ਼ਿਲਮੀ ਕੈਰੀਅਰ ਦਾ ਟਰਨਿੰਗ ਪੁਆਇੰਟ ਸਮਝਦੀ ਹਾਂ, ਤੋਂ ਬਾਅਦ ਗੁਰਿੰਦਰ ਡਿੰਪੀ ਦੀ ਨਿਰਦੇਸ਼ਨਾ 'ਚ ਕਬੱਡੀ 'ਤੇ ਆਧਾਰਤ ਬਣੀ ਫਿਲਮ 'ਕਬੱਡੀ-ਇਕ ਮੁਹੱਬਤ' 'ਚ ਮੁੱਖ ਭੂਮਿਕਾ ਨਿਭਾ ਕੇ ਬੇਹੱਦ ਚੰਗਾ ਲੱਗਾ।

**ਤੁਸੀਂ ਹਿੰਦੀ, ਪੰਜਾਬੀ ਤੇ ਦੱਖਣੀ ਭਾਸ਼ਾਵਾਂ ਦੀਆਂ ਫ਼ਿਲਮਾਂ ਕੀਤੀਆਂ ਹਨ, ਤੇ ਇਨ੍ਹਾਂ ਬਾਰੇ ਤੁਹਾਡਾ ਨਜ਼ਰੀਆ?**

-ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੰਜਾਬਣ ਹੋਣ ਦੇ ਨਾਤੇ ਮੇਰੀ ਕੈਰੀਅਰ ਦੀ ਸ਼ੁਰੂਆਤ ਪੰਜਾਬੀ ਫ਼ਿਲਮ 'ਬਾਗੀ' ਤੋਂ ਹੋਈ ਤੇ ਦੂਜੀ ਖੁਸ਼ੀ ਇਹ ਕਿ ਬਤੌਰ ਹੀਰੋਇਨ ਆਈ ਮੇਰੀ ਇਸ ਫ਼ਿਲਮ ਨੂੰ ਨੈਸ਼ਨਲ ਐਵਾਰਡ ਦੇ ਕੇ ਨਿਵਾਜਿਆ ਗਿਆ। ਦੱਖਣੀ ਭਾਸ਼ਾਵਾਂ ਦੀਆਂ ਫ਼ਿਲਮਾਂ 'ਚ ਵਧੀਆ ਤਕਨੀਕ ਤੇ ਚੰਗੇ ਬਜਟ ਦੀਆਂ ਫ਼ਿਲਮਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਫ਼ਿਲਮਾਂ ਨੂੰ ਦੱਖਣ ਭਾਰਤ ਦੇ ਲੋਕ ਵੱਡੀ ਗਿਣਤੀ ਵਿਚ ਵੇਖਦੇ ਹਨ ਤੇ ਮੈਨੂੰ ਵੀ ਦੱਖਣੀ ਫ਼ਿਲਮਾਂ ਦੇ ਵੱਡੇ ਨਿਰਮਾਤਾ-ਨਿਰਦੇਸ਼ਕਾਂ ਨਾਲ ਕਾਫੀ ਫ਼ਿਲਮਾਂ ਕਰਨ ਦਾ ਮੌਕਾ ਮਿਲਿਆ ਹੈ। ਹਿੰਦੀ ਫ਼ਿਲਮਾਂ ਦੀ ਸ਼ੁਰੂਆਤ ਮੈਂ ਲਾਰੈਂਸ ਡਿਸੂਜ਼ਾ ਜਿਹੀ ਸ਼ਖਸੀਅਤ ਨਾਲ ਕੀਤੀ, ਜੋ ਮੇਰੇ ਲਈ ਚੰਗੀ ਸਾਬਤ ਹੋਈ।

**ਫ਼ਿਲਮਾਂ ਵਿਚ ਆਉਣ ਤੋਂ ਪਹਿਲਾਂ ਕੀ ਗਤੀਵਿਧੀਆਂ ਰਹੀਆਂ?**

-ਮੈਂ ਚੰਡੀਗੜ੍ਹ ਦੀ ਲੜਕੀ ਹਾਂ ਅਤੇ ਚੰਡੀਗੜ੍ਹ ਪੜ੍ਹਦੇ ਸਮੇਂ ਫੈਸ਼ਨ ਸ਼ੋਆਂ, ਸੁੰਦਰਤਾ ਮੁਕਾਬਲੇ, ਮਾਡਲਿੰਗ, ਟੀ. ਵੀ. ਸੀਰੀਅਲ ਅਤੇ ਬਹੁਤ ਸਾਰੇ ਸੰਗੀਤਕ ਵੀਡੀਓ ਵੀ ਕੀਤੇ।

**ਪੰਜਾਬੀ ਦੇ ਕਿਹੜੇ-ਕਿਹੜੇ ਗਾਇਕ ਹਨ, ਜਿਨ੍ਹਾਂ ਦੇ ਗੀਤਾਂ ਦੇ ਫ਼ਿਲਮਾਂਕਣ ਵਿਚ ਤੁਸੀਂ ਆਏ?**

-ਮਰਹੂਮ ਗਾਇਕ ਸੁਰਜੀਤ ਬਿੰਦਰਖੀਏ ਦੇ ਮਕਬੂਲ ਗੀਤ 'ਸਾਨੂੰ ਟੇਢੀ-ਟੇਢੀ ਤੱਕਦੀ ਏ ਤੂੰ...' ਵੀਡੀਓ ਦੇ ਜ਼ਰੀਏ ਦਰਸ਼ਕਾਂ ਨੇ ਜਿਥੇ ਮੇਰੀ ਕਲਾ ਨੂੰ ਸਲਾਹਿਆ, ਉਥੇ ਉਘੇ ਗਾਇਕ ਮਲਕੀਤ ਸਿੰਘ (ਯੂ. ਕੇ.) ਦੇ ਨਾਲ ਗੀਤ 'ਤੂਰੂ ਤੂਰੂ...,' ਹਰਭਜਨ ਮਾਨ ਨਾਲ ਗੀਤ 'ਤੇਰੀ ਭਿੱਜ ਗਈ ਕੁੜਤੀ ਲਾਲ...,' 'ਦਿਲ ਸਾਡੇ ਨਾਂ ਕਰ ਦੇ' ਅਤੇ ਹੋਰ ਕਈ ਨਾਮਵਰ ਗਾਇਕਾਂ ਨਾਲ ਵੀਡੀਓ ਕੀਤੇ।

**ਟੀ. ਵੀ. ਸੀਰੀਅਲਾਂ 'ਚ ਐਂਟਰੀ ਤੇ ਇਨ੍ਹਾਂ ਦਾ ਤਜਰਬਾ ਕਿਸ ਤਰ੍ਹਾਂ ਰਿਹਾ?**

-ਸੰਗੀਤਕ ਵੀਡੀਓ ਦੇ ਨਾਲ-ਨਾਲ 'ਆਪਣੇ ਬੇਗਾਨੇ' ਤੇ 'ਕਮਲੀ' ਅਤੇ 'ਬਾਕਸ ਆਫਿਸ' ਸੀਰੀਅਲਾਂ 'ਚ ਨਿਭਾਈ ਵਿਲੱਖਣ ਭੂਮਿਕਾ ਕਾਰਨ ਮੇਰਾ ਫ਼ਿਲਮੀ ਦੁਨੀਆਂ 'ਚ ਪ੍ਰਵੇਸ਼ ਜ਼ਰੂਰ ਸੁਖਾਲਾ ਹੋਇਆ। ਦੂਜੇ ਪਾਸੇ ਜਲੰਧਰ ਦੂਰਦਰਸ਼ਨ, ਡੀ. ਡੀ. 1, ਡੀ. ਡੀ. 2, ਏ. ਟੀ. ਐਨ. ਤੇ ਹੋਰ ਚੈਨਲਾਂ 'ਤੇ ਦਿੱਤੀਆਂ ਪੇਸ਼ਕਾਰੀਆਂ ਨੇ ਮੇਰੀ ਚੰਗੀ ਪਛਾਣ ਬਣਾਈ। ਟੀ. ਵੀ. ਸੀਰੀਅਲਾਂ ਦਾ ਤਜਰਬਾ ਫ਼ਿਲਮਾਂ 'ਚ ਵੀ ਕਾਰਗਰ ਸਾਬਤ ਹੋਇਆ।

**ਤੁਸੀਂ ਹਿੰਦੀ, ਪੰਜਾਬੀ ਦੇ ਨਾਲ-ਨਾਲ ਤੇਲਗੂ, ਤਾਮਿਲ ਅਤੇ ਮਲਿਆਲਮ ਫ਼ਿਲਮਾਂ ਵੀ ਕੀਤੀਆਂ, ਸਕੂਨ ਕਿਸ ਭਾਸ਼ਾ ਦੀ ਫ਼ਿਲਮ 'ਚ ਮਿਲਿਐ?**

-ਦੇਖੋ ਜੀ, ਭਾਸ਼ਾ, ਜ਼ੁਬਾਨ ਤਾਂ ਕੋਈ ਵੀ ਮਾੜੀ ਨਹੀਂ ਹੁੰਦੀ ਪਰ ਆਪਣੀ ਮਾਂ ਬੋਲੀ ਦਾ ਰੰਗ ਕੁਝ ਵੱਖਰਾ ਹੀ ਹੁੰਦੈ, ਇਸ ਕਰਕੇ ਪੰਜਾਬੀ ਫ਼ਿਲਮਾਂ ਕਰਕੇ ਮਨ ਨੂੰ ਵਧੇਰੇ ਖੁਸ਼ੀ ਮਿਲਦੀ ਹੈ।

*-ਅਜਾਇਬ ਔਜਲਾ*

## ਹੁਣ ਡਾਕੂ ਚੜ੍ਹਨਗੇ ਗਧਿਆਂ ਉਤੇ

ਆਪਣੇ ਸਮੇਂ ਦੇ ਕਈ ਰਿਕਾਰਡ ਤੋੜਨ ਵਾਲੀ ਫ਼ਿਲਮ 'ਸ਼ੋਲੇ' ਦਾ ਛੋਟਾ ਐਡੀਸ਼ਨ 'ਆਖਰੀ ਗੱਬਰ' ਦੀਵਾਲੀ 'ਤੇ ਪ੍ਰਦਰਸ਼ਤ ਹੋਣ ਜਾ ਰਹੀ ਹੈ। ਇਸ ਵਿਚ ਵੀ 'ਸ਼ੋਲੇ' ਵਾਂਗ ਹੀ ਡਾਕੂ ਗੱਬਰ ਸਿੰਘ ਅਤੇ ਉਸਦੇ ਸਾਥੀ ਕਾਲੀਆ ਤੇ ਸਾਂਭਾ, ਜਯ ਅਤੇ ਵੀਰੂ ਨਾਲ ਲੜਦੇ ਨਜ਼ਰ ਆਉਣਗੇ।

'ਸ਼ੋਲੇ' ਦਾ ਛੋਟਾ ਐਡੀਸ਼ਨ ਹੋਣ ਦੇ ਬਾਵਜੂਦ ਇਹ ਇਕ ਕਾਮੇਡੀ ਫ਼ਿਲਮ ਹੈ। 'ਆਖਰੀ ਗੱਬਰ' ਦੇ ਸਾਰੇ ਡਾਕੂ ਬੌਣੇ ਹਨ ਅਤੇ ਉਹ ਘੋੜਿਆਂ ਦੀ ਨਹੀਂ ਬਲਕਿ ਗਧਿਆਂ ਦੀ ਸਵਾਰੀ ਕਰਨਗੇ। ਫ਼ਿਲਮ ਵਿਚ ਬਸੰਤੀ ਦੀ ਧੰਨੋ ਵੀ ਘੋੜੀ ਨਹੀਂ, ਗਧੀ ਹੋਵੇਗੀ, ਜੋ ਕੇਵਲ ਤਾਂ ਹੀ ਚੱਲੇਗੀ ਜੇਕਰ ਉਸਦੇ ਪਿੱਛੇ ਪਟਾਕੇ ਬੰਨ੍ਹ ਕੇ ਚਲਾਏ ਜਾਣਗੇ। ਬਸੰਤੀ ਦੀ ਮਾਸੀ ਵੀ ਕੇਵਲ 3.2 ਫੁੱਟ ਲੰਬੀ ਹੋਵੇਗੀ।

ਫ਼ਿਲਮ ਦੇ ਨਿਰਮਾਤਾ ਅਤੇ ਸਹਿ-ਨਿਰਮਾਤਾ ਰਿਆਜ਼ ਸ਼ੇਖ ਨੇ ਦੱਸਿਆ ਕਿ ਫ਼ਿਲਮ 'ਸ਼ੋਲੇ' ਆਪਣੇ ਰਿਲੀਜ਼ ਹੋਣ ਦੇ 35 ਸਾਲ ਬਾਅਦ ਵੀ ਭਾਰਤੀ ਸਿਨੇਮਾ ਦੇ ਦਰਸ਼ਕਾਂ ਦੇ ਮਨਾਂ 'ਤੇ ਰਾਜ ਕਰਦੀ ਹੈ। ਕਈ ਤਰ੍ਹਾਂ ਨਾਲ ਇਸ ਫ਼ਿਲਮ ਦੇ ਨਵੇਂ ਐਡੀਸ਼ਨ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਕੋਈ ਵੀ ਅਸਲ ਫ਼ਿਲਮ ਵਰਗੀ ਵਿਲੱਖਣ ਨਹੀਂ ਸੀ। ਰਿਆਜ਼ ਸ਼ੇਖ, "ਮੈਨੂੰ ਲਗਦਾ ਹੈ ਕਿ ਮੇਰੀ ਫ਼ਿਲਮ ਇਸ ਮਿੱਥ ਨੂੰ ਤੋੜ ਸਕੇਗੀ।"

# ਬਹੁਪੱਖੀ ਪ੍ਰਤਿਭਾ ਸੀ ਅਦਾਕਾਰਾ ਕਾਨਨ ਦੇਵੀ

ਮੂਕ ਫ਼ਿਲਮਾਂ ਦੇ ਜ਼ਮਾਨੇ ਵਿਚ ਇਕ ਕੁਸ਼ਲ ਅਭਿਨੇਤਰੀ ਦੇ ਨਾਲ-ਨਾਲ ਕੁਸ਼ਲ ਗਾਇਕਾ ਦੇ ਰੂਪ 'ਚ ਭਾਰਤੀ ਸਿਨੇਮਾ ਜਗਤ 'ਚ ਧੂਮ ਮਚਾਉਣ ਵਾਲੀ ਪਹਿਲੀ ਸੁਪਰ ਸਟਾਰ ਸੀ ਕਾਨਨ ਦੇਵੀ। ਹਿੰਦੀ ਫ਼ਿਲਮਾਂ ਦੇ ਨਾਲ-ਨਾਲ ਬੰਗਲਾ ਫ਼ਿਲਮਾਂ ਵਿਚ ਵੀ ਉਸ ਨੇ ਆਪਣੀ ਬਹੁਮੁਖੀ ਪ੍ਰਤਿਭਾ ਨਾਲ ਪ੍ਰਸਿਧੀ ਹਾਸਲ ਕੀਤੀ। ਸਿਨੇਮਾ ਜਗਤ 'ਚ ਵਿਸ਼ੇਸ਼ ਯੋਗਦਾਨ ਲਈ ਉਸ ਨੂੰ 1976 ਵਿਚ ਭਾਰਤ ਸਰਕਾਰ ਵਲੋਂ ਦਾਦਾ ਸਾਹਿਬ ਫਾਲਕੇ ਐਵਾਰਡ ਦਿੱਤਾ ਗਿਆ।

ਬੰਗਾਲ 'ਚ 1916 ਵਿਚ ਇਕ ਸੰਗੀਤ ਪ੍ਰੇਮੀ ਪਰਿਵਾਰ ਵਿਚ ਜੰਮੀ ਕਾਨਨ ਦੇਵੀ ਨੂੰ ਬਚਪਨ ਤੋਂ ਹੀ ਸੰਗੀਤ ਨਾਲ ਖਾਸ ਲਗਾਅ ਸੀ। ਉਸ ਦੇ ਮਾਤਾ-ਪਿਤਾ ਨੇ ਉਸ ਦੇ ਇਸ ਰੁਝਾਨ ਨੂੰ ਹੋਰ ਤੇਜ਼ ਕੀਤਾ ਜਿਸ ਨਾਲ ਉਹ ਇਕ ਗਾਇਕਾ ਦੇ ਰੂਪ ਵਿਚ ਵੀ ਸਫਲ ਹੋਈ। ਬਚਪਨ ਵਿਚ ਹੀ ਬਾਲ ਕਲਾਕਾਰ ਵਜੋਂ ਕਾਨਨ ਦੇਵੀ ਨੇ ਫ਼ਿਲਮਾਂ ਵਿਚ ਅਭਿਨੈ ਸ਼ੁਰੂ ਕਰ ਦਿੱਤਾ ਸੀ।

1926 ਵਿਚ ਸਿਰਫ 10 ਸਾਲ ਦੀ ਉਮਰ ਵਿਚ ਕਾਨਨ ਦੇਵੀ ਨੇ ਜਯੋਤਿਸ਼ ਬੈਨਰਜੀ ਨਿਰਦੇਸ਼ਿਤ 'ਜੈਦੇਵ' ਵਿਚ ਕੰਮ ਕੀਤਾ ਸੀ। ਇਸ ਤੋਂ ਬਾਦ ਉਸ ਨੇ ਦਰਜਨਾਂ ਫ਼ਿਲਮਾਂ ਵਿਚ ਬਾਲ ਕਲਾਕਾਰ ਦੀ ਭੂਮਿਕਾ ਨਿਭਾਈ ਅਤੇ ਫਿਰ ਉਹ ਫ਼ਿਲਮਾਂ ਵਿਚ ਅਜਿਹੀ ਛਾਈ ਕਿ ਚਾਰ ਦਹਾਕਿਆਂ ਤੱਕ ਉਸ ਦਾ ਡੰਕਾ ਵੱਜਦਾ ਰਿਹਾ। 1931 ਵਿਚ ਬਣੀ ਫ਼ਿਲਮ 'ਜ਼ੋਰ ਬਾਰਾਤ' ਕਾਨਨ ਦੇਵੀ ਦੀ ਪਹਿਲੀ ਬੋਲਦੀ ਫ਼ਿਲਮ ਸੀ। ਹਾਲਾਂਕਿ ਕੁਝ ਲੋਕ ਉਸ ਦੀ ਪਹਿਲੀ ਬੋਲਦੀ ਫ਼ਿਲਮ 'ਰਿਸ਼ੀ ਪ੍ਰੇਮ' ਨੂੰ ਮੰਨਦੇ ਹਨ ਪਰ ਕਾਨਨ ਦੇਵੀ ਨੂੰ ਲੋਕਪ੍ਰਿਯਤਾ ਮਿਲੀ ਰਾਧਾ ਕ੍ਰਿਤ 'ਮਾਨਮਈ ਗਰਲਸ ਸਕੂਲ' ਨਾਲ। ਫਿਰ ਉਸ ਨੇ ਨਿਊ ਥਿਏਟਰ ਜੁਆਇਨ ਕੀਤਾ। 'ਵਿਦਿਆਪਤੀ' ਫ਼ਿਲਮ ਵਿਚ ਉਸ ਨੇ ਨਾਇਕਾ ਦੇ ਨਾਲ ਗਾਇਕਾ ਦਾ ਵੀ ਕੰਮ ਕੀਤਾ ਤਾਂ ਉਨ੍ਹਾਂ ਦੇ ਗਾਏ ਗੀਤਾਂ ਅਤੇ ਸ਼ਾਨਦਾਰ ਅਭਿਨੈ ਨੇ ਉਨ੍ਹਾਂ ਨੂੰ ਰਾਤੋ-ਰਾਤ ਸਟਾਰ ਬਣਾ ਦਿੱਤਾ।

ਕਾਨਨ ਦੇਵੀ ਨੇ 'ਮੁਕਤੀ', 'ਚੰਦਰਸ਼ੇਖਰ', 'ਹਾਸਪਿਟਲ', 'ਸਾਥੀ', 'ਸਟ੍ਰੀਟ ਸਿੰਗਰ', 'ਪਰਿਚੈ', 'ਸ਼ੇਸ਼ ਉਤਰ', 'ਚਾਰ ਦਰਵੇਸ਼' ਆਦਿ ਫ਼ਿਲਮਾਂ ਵਿਚ ਆਪਣੀ ਸ਼ਾਨਦਾਰ ਅਦਾਕਾਰੀ ਦਾ ਲੋਹਾ ਮੰਨਵਾ ਲਿਆ। ਅਸਲ ਵਿਚ ਕਾਨਨ ਦੇਵੀ ਕਲਕੱਤਾ ਫ਼ਿਲਮ ਇੰਡਸਟਰੀ ਛੱਡ ਕੇ ਮੁੰਬਈ ਫ਼ਿਲਮ ਇੰਡਸਟਰੀ ਵਿਚ ਨਹੀਂ ਗਈ। ਫਿਰ ਵੀ ਉਸ ਦੇ ਨਾਂ ਅਤੇ ਕੰਮ ਦਾ ਅਜਿਹਾ ਜ਼ੋਰ ਸੀ ਕਿ ਮੁੰਬਈ ਦੇ ਬਹੁਤ ਸਾਰੇ ਨਿਰਮਾਤਾ ਉਸ ਨੂੰ ਸਾਈਨ ਕਰਨ ਕਲਕੱਤਾ ਪਹੁੰਚ ਜਾਂਦੇ ਸਨ। ਉਹ ਜ਼ਮਾਨਾ ਫ਼ਿਲਮਾਂ ਵਿਚ ਗਾਇਕਾ-ਅਭਿਨੇਤਰੀਆਂ ਦਾ ਸੀ ਅਤੇ ਕਾਨਨ ਦੇਵੀ ਉਸ ਸਮੇਂ ਦੀ ਸਭ ਤੋਂ ਵਧੀਆ ਕਲਾਕਾਰ ਸੀ। 1947 ਵਿਚ 'ਚੰਦਰਸ਼ੇਖਰ' ਨਾਂ ਦੀ ਫ਼ਿਲਮ ਵਿਚ ਕਾਨਨ ਦੇਵੀ ਨੇ ਅਸ਼ੋਕ ਕੁਮਾਰ ਦੇ ਨਾਲ ਮੁੱਖ ਭੂਮਿਕਾ ਨਿਭਾਈ। ਕਾਨਨ ਦੇਵੀ ਰਵਿੰਦਰ ਸੰਗੀਤ ਦੀ ਬਹੁਤ ਚੰਗੀ ਗਾਇਕਾ ਸੀ ਉਸ ਦੀ ਜੋੜੀ ਮੁੱਖ ਤੌਰ 'ਤੇ ਕੇ. ਐਲ. ਸਹਿਗਲ ਦੇ ਨਾਲ ਗੀਤ ਗਾਉਣ 'ਚ ਖੂਬ ਟਿਕੀ। ਉਸ ਦੀਆਂ ਜ਼ਿਆਦਾਤਰ ਫ਼ਿਲਮਾਂ 'ਨਿਊ ਥਿਏਟਰਜ਼' ਦੁਆਰਾ ਬਣਾਈਆਂ ਗਈਆਂ ਸਨ ਜੋ ਸੁਪਰਹਿਟ ਸਾਬਤ ਹੋਈਆਂ। 1949 ਵਿਚ ਉਸ ਨੇ ਖੁਦ ਦੀ ਇਕ ਕੰਪਨੀ 'ਸ਼੍ਰੀਮਤੀ ਪਿਕਚਰਜ਼' ਬਣਾਈ।



ਇਸ ਵਿਚ ਸ਼ਰਤ ਚੰਦਰ ਚਟੋਪਾਧਿਆਏ ਦੀ ਰਚਨਾ 'ਤੇ ਆਧਾਰਤ 'ਮੇਂਜੋ ਦੀਦੀ' ਸੁਪਰਹਿਟ ਸਾਬਤ ਹੋਈ। ਉਨ੍ਹਾਂ ਦੇ ਪਤੀ ਹਰੀਦਾਸ ਭੱਟਾਚਾਰੀਆ ਨੇ ਵੀ ਕੁਝ ਫ਼ਿਲਮਾਂ ਦਾ ਨਿਰਦੇਸ਼ਨ ਕੀਤਾ। ਕਾਨਨ ਦੇਵੀ ਸਮਾਜਿਕ ਜ਼ਿੰਮੇਦਾਰੀਆਂ ਨਾਲ ਵੀ ਜੁੜੀ ਰਹੀ। ਮਹਾਤਮਾ ਗਾਂਧੀ, ਸੀਮਾਂਤ ਗਾਂਧੀ, ਸਰੋਜਨਾ ਨਾਇਡੂ ਜਿਹੇ ਨੇਤਾਵਾਂ ਦਾ ਵੀ ਉਸ ਨੂੰ ਬਹੁਤ ਪਿਆਰ ਮਿਲਿਆ। ਉਸ ਨੇ 'ਮਹਿਲਾ ਸ਼ਿਲਪੀ ਮੰਡਲ' ਦੀ ਸਥਾਪਨਾ ਕੀਤੀ ਜੋ ਕੁਦਰਤੀ ਆਫਤਾਂ ਦੇ ਸਮੇਂ ਗਰੀਬ ਕਲਾਕਾਰਾਂ ਦੀ ਮਦਦ ਕਰਦਾ ਸੀ। 17 ਜੁਲਾਈ, 1992 ਨੂੰ ਇਸ ਮਹਾਨ ਅਦਾਕਾਰਾ ਦਾ ਦਿਹਾਂਤ ਹੋ ਗਿਆ।

*-ਪ੍ਰਭਾਤ ਕੁਮਾਰ ਸਿਨ੍ਹਾ*



ਚੌੜੀਆਂ ਹਿੱਕਾਂ ਭਰਮੇ ਜੁੱਸੇ ਵੇਖੋ ਮਰਦ ਦਲੇਰਾਂ ਦੇ, ਦੁਨੀਆਂ ਖੜ-ਖੜ ਵੇਖੂਗੀ, ਹੱਥ ਜੁੜਗੇ ਜਦੋਂ ਸ਼ੇਰਾਂ ਦੇ
ਬੇਕਰਸਫੀਲਡ ਕਬੱਡੀ ਕੱਪ
ਸਮੂਹ ਬੇਕਰਸਫੀਲਡ ਸੰਗਤਾਂ ਵਲੋਂ
31 ਅਕਤੂਬਰ 2010 ਦਿਨ ਐਤਵਾਰ
ਸਥਾਨ ▸ ਗੁਰਦੁਆਰਾ ਸ੍ਰੀ ਗੁਰੂ ਅੰਗਦ ਦਰਬਾਰ
8100, ਸਟਾਈਨ ਰੋਡ, ਬੇਕਰਸਫੀਲਡ
ਸਵੇਰੇ 9:00 ਤੋਂ ਸ਼ਾਮ 6:00 ਵਜੇ ਤੱਕ
ਇਹ ਟੂਰਨਾਮੈਂਟ "ਕੈਲੀਫੋਰਨੀਆਂ ਕਬੱਡੀ ਫੈਡਰੇਸ਼ਨ" ਦੇ ਨਿਯਮਾਂ ਮੁਤਾਬਿਕ ਹੋਵੇਗਾ ।
ਜੇਤੂ ਟੀਮਾਂ ਦਾ ਪਹਿਲਾ ਇਨਾਮ $ 5100, ਦੂਜਾ ਇਨਾਮ $ 4100
21 ਸਾਲ ਤੋਂ ਘੱਟ ਉਮਰ ਵਾਲੀਆਂ ਟੀਮਾਂ ਲਈ ਪਹਿਲਾ ਇਨਾਮ $ 2100 ਅਤੇ ਦੂਜਾ $ 1100
ਕਿਸੇ ਕਿਸਮ ਦੀ ਜਾਣਕਾਰੀ ਲਈ ਕਾਲ ਕਰ ਸਕਦੇ ਹੋ
ਜੱਸੀ ਗਿੱਲ 661.331.6766
ਬਲਜੀਤ ਸਿੰਘ ਧੂਤ 661.304.0087
ਹਰਜਾਪ ਸਿੰਘ (ਜਾਪੀ) 661.343.0940
ਲੱਕੀ 661.344.0393
ਇਸ ਕਬੱਡੀ ਟੂਰਨਾਮੈਂਟ ਵਿੱਚ ਫਰਿਜ਼ਨੋ, ਬੇ-ਏਰੀਆ, ਮੋਡਿਸਟੋ, ਯੂਬਾ ਸਿਟੀ, ਬੇਕਰਸਫੀਲਡ ਅਤੇ ਲੱਛਰ ਬਰਦ੍ਰਜ਼ ਦੀਆਂ ਟੀਮਾਂ ਬੜੀ ਹੁੰਮ ਹੁੰਮਾ ਕੇ ਪਹੁੰਚ ਰਹੀਆਂ ਹਨ ।
21 ਸਾਲ ਤੋਂ ਥੱਲੇ ਵਾਲੀਆਂ ਟੀਮਾਂ ਲੋਡਾਈ, ਯੂਬਾ ਸਿਟੀ, ਸਟਾਕਟਨ, ਬੇਕਰਸਫੀਲਡ, ਸੈਕਰਾਮੈਂਟੋ ਅਤੇ ਫਰਿਜ਼ਨੋ ਤੋਂ ਪਹੁੰਚ ਰਹੀਆਂ ਹਨ ।
ਇਸ ਟੂਰਨਾਮੈਂਟ ਦੀ ਕਮੈਂਟਰੀ ਰਾਜਵਿੰਦਰ ਸਿੰਘ ਰੰਡਿਆਲਾ ਕਰਨਗੇ
ਹਰ ਪਾਸੇ ਸਿਕਿਊਰਿਟੀ ਦਾ ਪੱਕਾ ਪ੍ਰਬੰਧ ਹੋਵੇਗਾ
Design & Print Quik Signs www.quiksigns.us *661-703-8795 *661-900-7357
singh_tanjit@yahoo.com or manmit5020@yahoo.com

## For Best Home Deals and Lowest Mortgage Rate, Contact:

# Golden State Realty

**Real Estate and Loans Under One Roof**

## Refinance Now

15 & 30 Yr Fixed Rates Are Getting Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**

CA DRE Lic.#01180969

# Short Sale Specialist

## We can sell your house in short sale at no cost to you.

If your house is in foreclosure due to not making payments and you have recieved trustee sale date,even than we can sell your house in short sale. Selling house in short sale damages your credit less than if you let it go to foreclosure.We can also sell your house in short sale If you are paying mortgage payments on time with difficulty and your house value is lot less than the loan.

Selling new and old Homes from San Jose to Sacramento

*2004 to 2006 Award Winner Top 1% Listing Realtor in Bay Area



Jaswinder Gill M.Sc (PAU)
CA DRE# 00966763
Broker/Owner/Notary

Fremont Office:
86 Pilgrim Loop
Fremont CA 94539
510-440-9292

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

E-mail: jassi@jassigill.com or
Visit us @ www.jassigill.com
for hot listings